ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

Free

Nawi Dunia



24 ਮਈ - ਜਨਮ ਦਿਨ
ਸ਼ਹੀਦ ਕਰਤਾਰ ਸਿੰਘ ਸਰਾਭਾ (1896)

ਸਾਲ: 1 ਅੰਕ: 5 Phone: 780 465 9118, 403 775 2100 Fax: 780 465 0661, e-mail: info@nawidunia.com ਮਈ –2010

ਪੰਜਾਬ ਦਾ ਖੇਤੀ ਸੈਕਟਰ ਸਫ਼ਾ 11 'ਤੇ



ਫਿਲਮਾਂ ਅਤੇ ਨਾਟਕਾਂ ਵਿੱਚ ਭਗਤ ਸਿੰਘ ਸਫ਼ਾ 15 'ਤੇ



ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਸਫ਼ਾ 28 'ਤੇ



ਕਿਰਤੀਆਂ ਦੇ ਪਹਿਲੇ ਰਾਜ ਦਾ ਬਾਨੀ- ਬੰਦਾ ਬਹਾਦਰ! ਸਫ਼ਾ 30 'ਤੇ



ਗੁੱਸਾ ਨਹੀਂ, ਪਿਆਰ ਨਾਲ ਬਣੂੰਗੀ ਗੱਲ ਸਫ਼ਾ 34 'ਤੇ



### ਬਰਤਾਨੀਆ 'ਚ ਗਠਜੋੜ ਸਰਕਾਰ ਦਾ ਦੌਰ ਸ਼ੁਰੂ

## ਕੈਮਰਾਨ ਪ੍ਰਧਾਨ ਮੰਤਰੀ ਬਣੇ, ਕਲੇਗ ਉਪ ਪ੍ਰਧਾਨ ਮੰਤਰੀ ਚੁਣੇ ਗਏ

**ਲੰਡਨ/ਨ.ਦ.ਬਿਊਰੋ**

ਲਿਬਰਲ ਡੈਮੋਕਰੇਟ ਦੇ ਨਾਲ ਸਮਝੌਤਾ ਹੋਣ ਮਗਰੋਂ ਕੰਜ਼ਰਵੇਟਿਵ ਪਾਰਟੀ ਦੇ ਆਗੂ ਡੇਵਿਡ ਕੈਮਰਾਨ ਬਰਤਾਨੀਆ ਦੇ ਨਵੇਂ ਪ੍ਰਧਾਨ ਮੰਤਰੀ ਬਣੇ ਹਨ, ਜਦਕਿ ਲਿਬਰਲ ਡੈਮੋਕਰੇਟ ਆਗੂ ਨਿਕ ਕਲੇਗ ਉਪ ਪ੍ਰਧਾਨ ਮੰਤਰੀ ਬਣੇ ਹਨ।



ਪਿਛਲੇ 70 ਸਾਲ ਵਿਚ ਪਹਿਲਾ ਮੌਕਾ ਹੈ, ਜਦ ਬਰਤਾਨੀਆ ਵਿਚ ਕੋਈ ਗਠਜੋੜ ਸਰਕਾਰ ਬਣ ਰਹੀ ਹੈ। ਇਸ ਦੇ ਨਾਲ ਹੀ 13 ਸਾਲ ਤੋਂ ਲਗਾਤਾਰ ਸੱਤਾਧਾਰੀ ਰਹੀ ਲੇਬਰ ਪਾਰਟੀ ਨੂੰ ਸੱਤਾ ਤੋਂ ਹਟਣਾ ਪਿਆ ਹੈ। ਕੈਮਰਾਨ ਇਸ ਗੱਦੀ 'ਤੇ ਉਦੋਂ ਬੈਠੇ ਜਦੋਂ ਮਹਾਰਾਣੀ ਐਲਿਜ਼ਾਬੈੱਥ ਦੂਜੀ ਨੇ ਗਾਰਡਨ ਬਰਾਉਨ ਦੇ ਅਸਤੀਫੇ ਤੋਂ ਬਾਅਦ ਕੈਮਰਾਨ ਨੂੰ ਨਵੀਂ ਸਰਕਾਰ ਦੇ ਗਠਨ ਲਈ ਸੱਦਾ ਦਿੱਤਾ। ਕਲੇਗ ਨੂੰ ਨਵੀਂ ਗਠਜੋੜ ਸਰਕਾਰ ਵਿਚ ਉਪ ਪ੍ਰਧਾਨ ਮੰਤਰੀ ਨਾਮਜ਼ਦ ਕੀਤਾ ਗਿਆ ਹੈ। ਦਰਅਸਲ, ਕੈਮਰਾਨ ਨੇ ਕਿਹਾ ਕਿ ਉਨ੍ਹਾਂ ਦੀ ਯੋਜਨਾ ਆਪਣੀ ਕੰਜ਼ਰਵੇਟਿਵ ਪਾਰਟੀ ਅਤੇ ਲਿਬਰਲ ਡੈਮੋਕਰੇਟ ਵਿਚਾਲੇ ਪੂਰਨ ਗਠਜੋੜ ਦੀ ਸਥਾਪਨਾ ਦੀ ਹੈ। ਬਕਿੰਘਮ ਪੈਲੇਸ ਤੋਂ ਜਾਰੀ ਇਕ ਬਿਆਨ ਵਿਚ ਦੱਸਿਆ ਗਿਆ ਹੈ ਕਿ ਮਹਾਰਾਣੀ ਨੇ 43 ਸਾਲਾ ਕੈਮਰਾਨ ਨੂੰ ਨਵੀਂ ਸਰਕਾਰ ਬਣਾਉਣ ਦਾ ਸੱਦਾ ਦਿੱਤਾ। ਰਾਈਟ ਆਨਰੇਬਲ ਡੇਵਿਡ ਕੈਮਰਾਨ ਨੇ ਮਹਾਰਾਣੀ ਦੀ ਪੇਸ਼ਕਸ਼ ਮਨਜ਼ੂਰ ਕਰ ਲਈ ਅਤੇ ਪ੍ਰਧਾਨ ਮੰਤਰੀ ਵਜੋਂ ਆਪਣੀ ਨਿਯੁਕਤੀ 'ਤੇ ਉਨ੍ਹਾਂ ਦੇ ਹੱਥਾਂ ਨੂੰ ਚੁੰਮਿਆ। ਕੈਮਰਾਨ ਪਿਛਲੇ ਤਕਰੀਬਨ ਦੋ ਸੌ ਸਾਲ ਵਿਚ ਦੇਸ਼ ਦੇ ਸਭ ਤੋਂ ਘੱਟ ਉਮਰ ਦੇ ਪ੍ਰਧਾਨ ਮੰਤਰੀ ਬਣੇ ਹਨ। ਇਸ ਤੋਂ ਪਹਿਲਾਂ ਲਾਰਡ ਲੀਵਰਪੂਲ ਨੇ 42 ਸਾਲ ਦੀ ਉਮਰ ਵਿਚ ਸੱਤਾ ਦੀ ਡੋਰ ਸੰਭਾਲੀ ਸੀ।

### ਥੈਂਕ ਯੂ ਐਂਡ ਗੁੱਡ ਬਾਏ

ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਮਗਰੋਂ ਭਾਵੁਕ ਦਿਖਾਈ ਦੇ ਰਹੇ ਗਾਰਡਨ ਬਰਾਉਨ ਨੇ ਆਪਣੇ ਸਮਰਥਕਾਂ ਤੇ ਪ੍ਰਸ਼ੰਸਕਾਂ ਨੂੰ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ, 'ਥੈਂਕ ਯੂ ਐਂਡ ਗੁੱਡ ਬਾਏ।' ਬਰਾਉਨ ਨੇ ਕਿਹਾ, 'ਪਤੀ ਅਤੇ ਪਿਤਾ ਬਣਨ ਤੋਂ ਬਾਅਦ ਪ੍ਰਧਾਨ ਮੰਤਰੀ ਬਣਨਾ ਮੇਰੇ ਲਈ ਦੂਸਰਾ ਸਭ ਤੋਂ ਮਹੱਤਵਪੂਰਨ ਸੀ।' ਡਾਉਨ ਸਟਰੀਟ 'ਤੇ ਆਖਰੀ ਵਾਰ ਇਥੇ ਖੜੇ ਬਰਾਉਨ ਪੂਰੀ ਤਰ੍ਹਾਂ ਭਾਵੁਕ ਹੋ ਗਏ। ਇਕ ਵਾਰ ਅਜਿਹਾ ਲੱਗਿਆ ਕਿ ਉਹ ਰੋ ਪੈਣਗੇ।



### ਪੰਜਾਬ 'ਚ ਵੀ ਆਨਰ ਕਿਲਿੰਗ

## ਧੀ ਤੇ ਸੱਸ ਦੀ ਹੱਤਿਆ, ਜਵਾਈ ਦੀ ਹਾਲਤ ਗੰਭੀਰ

**ਅੰਮ੍ਰਿਤਸਰ/ਨ.ਦ.ਬਿਊਰੋ**

ਇੱਜ਼ਤ ਖ਼ਾਤਰ ਕੀਤੇ ਜਾਂਦੇ ਕਤਲਾਂ ਦੇ ਇਕ ਹੋਰ ਮਾਮਲੇ ਵਿਚ ਤਰਨਤਾਰਨ ਜ਼ਿਲ੍ਹੇ ਵਿਚ ਕੁੜੀ ਦੇ ਪਰਿਵਾਰ ਨੇ ਨਵ-ਵਿਆਹੀ ਧੀ ਅਤੇ ਉਸ ਦੀ ਸੱਸ ਦੀ ਹੱਤਿਆ ਕਰ ਦਿੱਤੀ ਅਤੇ ਲਾੜੇ ਨੂੰ ਗੰਭੀਰ ਜ਼ਖਮੀ ਕਰ ਦਿੱਤਾ। ਗੁਰਵੀਨ ਕੌਰ (19) ਦੀ ਪਰਿਵਾਰ ਦੀ ਇੱਛਾ ਖਿਲਾਫ਼ ਅਮਰਪ੍ਰੀਤ (25) ਨਾਲ ਤਿੰਨ ਮਹੀਨੇ ਪਹਿਲਾਂ ਵਿਆਹ ਕੀਤਾ ਸੀ। ਇਸ ਤੋਂ ਖ਼ਫਾ ਉਸ ਦੇ ਪਰਿਵਾਰ ਨੇ ਬਹਿਮਣੀਵਾਲਾ ਵਿਚ ਜੋੜੇ ਦੇ ਘਰ ਬੀਤੇ ਦਿਨੀਂ ਦੇਰ ਰਾਤ ਹਮਲਾ ਕੀਤਾ। ਉਨ੍ਹਾਂ ਨੇ ਪਹਿਲਾਂ ਗੁਰਵੀਨ ਦੀ ਸੱਸ ਕੁਲਜੀਤ ਦੀ ਤੇਜ਼ਧਾਰ ਹਥਿਆਰਾਂ ਨਾਲ ਹੱਤਿਆ ਕੀਤੀ। ਅਮਰਪ੍ਰੀਤ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਉਸ ਨੂੰ ਵੀ ਦੌੜਾ ਕੇ ਗੋਲੀਆਂ ਮਾਰ ਦਿੱਤੀਆਂ। ਉਸ ਨੂੰ ਅੰਮ੍ਰਿਤਸਰ ਦੇ ਇਕ ਨਿੱਜੀ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਹਮਲੇ ਵੇਲੇ ਅਮਰਪ੍ਰੀਤ ਦੇ ਦਾਦਾ-ਦਾਦੀ ਵੀ ਘਰ ਵਿਚ ਹੀ ਸਨ, ਪਰ ਹਮਲਾਵਾਰਾਂ ਨੇ ਉਨ੍ਹਾਂ ਨੂੰ ਕੁਝ ਨਹੀਂ ਕਿਹਾ। ਐਸ.ਐਸ.ਪੀ. ਪ੍ਰੀਤਪਾਲ ਸਿੰਘ ਵਿਰਕ ਨੇ ਕਿਹਾ ਕਿ ਲੜਕੀ ਦਾ ਪਿਤਾ ਤਾਂ ਮੰਨ ਗਿਆ ਸੀ ਪਰ ਉਸ ਦਾ ਇਕ ਚਾਚਾ ਪ੍ਰੀਤਮ 'ਬਦਨਾਮੀ ਦਾ ਬਦਲਾ' ਲੈਣ ਦੀ ਜ਼ਿੱਦ 'ਤੇ ਅੜਿਆ ਹੋਇਆ ਸੀ। ਪੁਲੀਸ ਨੇ ਪ੍ਰੀਤਮ, ਮਹਿੰਦਰ, ਸੋਨੀ, ਦੇਬਾ, ਲਾਲ, ਖਿਲਾਫ ਮਾਮਲਾ ਦਰਜ ਕੀਤਾ ਹੈ। ਹਾਲੇ ਤੱਕ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ।

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700




JAS LONGOWAL
B.A, L.L.B., B.Ed, B.L.S, M.A.
Top Realtor 2007
ਕਿਸੇ ਵੀ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ
PROFESSIONAL REALITY GROUP
Always stands for you
Cell: (780) 993•0898
"Its time you hired a professional"
# 101, 6005 Gateway Blvd. Edmonton, AB T6H 2H3
Associate Realtor
Bus:(780) 439-9818



For All Your Real Estate Needs & Best Services
Just Contact Dan Sidhu
Your Real Estate Expert! Broker/Owner
ਨਵਾਂ ਜਾਂ ਪੁਰਾਣਾ ਘਰ ਜਾ ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ ਅੱਜ ਹੀ Dan Sidhu ਨੂੰ ਫੋਨ ਕਰੋ।
Each office individually owned and operated
Cell: 403 560 6300
Specialize in Residential/ Commercial & Investment Properties RE/MAX
110-300 Merganser Dr. West Chestermers, ABT1X 1L6
Bus: 403 569 2900 Fax: 403 207 1237



Sarbjeet Dodd REALTOR®
Contact For Buying & Selling of Residential & Commercial Property any where in Alberta
A.L.L. Stars Realty Ltd.
312 saddleback Rd. Edmonton, AB T6J 4R7
Bus: 780 434 4700 sarbjeetdodd@hotmail.com
Cell: 780 951 1590 Fax: 780 436 9902



Solutions of your all problems just a call away....
ਡਰਾਈਵਾਲ, ਫਲੋਰਿੰਗ ਤੇ ਇਲੈਕਟਰੀਕਲ ਦੇ ਸਾਰੇ ਕੰਮ ਹੁਣ ਤੁਸੀਂ ਇਕ ਹੀ ਫੋਨ ਕਾਲ ਨਾਲ ਕਰਵਾ ਸਕਦੇ ਹੋ।
ਹੋਟਲ, ਮੋਟਲ, ਬਿਜਨਿਸ, ਰੈਜ਼ੀਡੈਂਸ਼ੀਅਲ ਤੇ ਹਰ ਤਰ੍ਹਾਂ ਦੇ ਇੰਸੂਲੇਸ਼ਨ, ਡਰਾਈਵਾਲ, ਟੇਪਿੰਗ, ਟੈਕਸਚਰ ਦੇ ਕੰਮ ਲਈ
Flooring :
Beant : 403-616-2329,
Gurinder Dhillon : 780-340-2407
Drywall & Electrical :
Zoga : 780-245-5191,
Rana : 780-245-5192
A & K TILES AND DRYWALL LTD.

LUTHRA LAW OFFICE
Sarjan Luthra, B.Sc, LL.B, Barrister and Solicitor



Sarjan Luthra
* Corporate Commercial
* Real Estate Transactions
* Immigration Appeals
* ਕੰਪਨੀ ਮਾਮਲੇ
* ਰੀਅਲ ਇਸਟੇਟ
* ਇਮੀਗਰੇਸ਼ਨ ਅਪੀਲ
Services Also in Hindi, Punjabi, Urdu & Arabic
# 10, 3908-97 Street, Edmonton, AB, T6E 6N2
780 466 4660, 780 463 4205 luthralaw@canada.com

**Insurance & Financial Services**

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੋਰਟਗੇਜ
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ

*For All Insurance Needs*
Call: Shalu Badesha
Phone:780-660-3071



*Sponsor by Canada Life & Access to all Major Insurance Companies in Canada*



GREAT WEST
CHRYSLER DODGE JEEP

New & Used Vehicles Sales or Leasing
ਨਵੀਆਂ ਅਤੇ ਪੁਰਾਣੀਆਂ ਗੱਡੀਆਂ ਖਰੀਦਣ ਲਈ ਹਮੇਸ਼ਾ ਯਾਦ ਰੱਖੋ
ਸੇਵਾਵਾਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਉਪਲਬਧ ਹਨ



Toll Free: 1-800-363-4332
ਸੁਰਜੀਤ ਨਾਹਲ
NISSAN • ACURA
HONDA • MITSUBISHI
17817-Stoney Plain Rd, Edmonton AB
780•483•5337
www.greatwestchrysler.com



Surjeet (Sam Nahal)
Cell: 780 951 3814



EAGLE ROCK GOLF COURSE

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ,
ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ
ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895




50549, Range Road 234
Edmonton, AB

Catering
Wedding
Banquet
Birthday Parties
Ladies Sangeet
Golf Tournaments



ALPHA
Tent Rentals
All Events Big or Small
We are in this Business Since 2001



Ladies Sangeet Jago Equipment

**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment**, Coffee Brewers,
Food Warmers, Big Burners, Big Pots (Patila), Cutlery and Plates,
**Portable Bars**, Beer Tubs, Ice Boxes,
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week

Umrao Ghinger: 780 237 5556
Rana Pandher: 780 498 6375
Office: 780 490 5354
www.alphatentrentals.com







PASH
DRIVING SCHOOL LTD.
"Learn to drive for life...accident free with confidence"

- ✓Government Approved Insurance Reduction Course
- ✓Defensive Driving Course
- ✓Refresher Courses
- ✓Preparation for Class 7
- ✓Road Test Preparation
- ✓Package & Hourly Rates

*Car Available for Road Test
*Free Pick Up & Drop Off
Lady Instructor
7 Days A Week


Jas Badesha


Shalu

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ
ਵਿਚ ਸੇਵਾਵਾਂ ਹਾਜ਼ਰ ਹਨ।
Shalu Badesha 780-660-3071
Jas Badesha 780-908-2296
pashdrivingschool@ymail.com



Eat-In Take-Out

**Shan-E-Punjab**
**Sweets & Restaurant**

Speicializing in East Indian & Pakistani Sweets & Cuisine

* Puri Chole, Saag, Chicken, Biryani, Goat/Lamb Curry,
* Tandoori Chicken, Samosa, Papri Chat,Golgappey,
* Garlic, Chicken & Paneer Naan,Mixed Sweets,
* Gulab Jamun,Khoya Burfi, Rus-Gullas, Laddoo,
* Sev Chewra, Namak Para, Fish, Chicken &
* Veg. Pakora,Mango Shake & Lassi.

Seven Days a Week
Business Hours: 11am-9pm

Lunch Buffet & Dinner Buffet
9393-34 Avenue, Edmonton, AB.

Phone (780) 434-7373



Concept, Design and Installation
**Cambridge Windows Mfg. Inc.**

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਵਧੀਆ ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ
ਕੈਂਬਰਿਜ ਵਿੰਡੋ
780-436-0111
7941-Argyll Road Edmonton AB, T6C 4A9



www.cambridgewindow.com
Better Business Bureau ਦੇ ਮੈਂਬਰ

# ਬ੍ਰਿਟਿਸ਼ ਪੈਟਰੋਲੀਅਮ ਅਪਣੇ ਖ਼ਰਚੇ 'ਤੇ ਸਾਫ਼ ਕਰਾਏਗੀ ਗਲਫ ਸਪਿਲ

**ਟੋਰਾਂਟੋ/ਨ.ਦ.ਬਿਊਰੋ**

ਮੈਕਸਿਕੀ ਖਾੜੀ ਤੋਂ ਲਗਾਤਾਰ ਬਾਹਰ ਆ ਰਿਹਾ ਕੱਚਾ ਤੇਲ ਸਾਫ਼ ਕਰਨ ਵਿੱਚ ਸ਼ਾਇਦ ਕਈ ਮਹੀਨੇ ਲੱਗ ਜਾਣ ਅਤੇ ਇਸ ਦੇ ਬਾਹਰ ਆਉਣ ਦਾ ਸਿਲਸਿਲਾ ਅਜੇ ਇੱਕ ਹਫ਼ਤਾ ਹੋਰ ਰੁਕਦਾ ਨਜ਼ਰ ਨਹੀਂ ਆ ਰਿਹਾ।

ਉਧਰ ਅਮਰੀਕਨ ਬਰੌਡਕਾਸਟਿੰਗ ਕਾਰਪੋਰੇਸ਼ਨ ਦੇ ਪ੍ਰੋਗਰਾਮ ਗੁੱਡ ਮੌਰਨਿੰਗ ਅਮੈਰਿਕਾ ਦੌਰਾਨ ਬੋਲਦਿਆਂ ਬੀ.ਪੀ ਐਲ.ਸੀ ਦੇ ਮੁਖ ਕਾਰਜਕਾਰੀ ਟੋਨੀ ਹੇਵਰਡ ਨੇ ਆਖਿਆ ਕਿ ਜਿਸ ਮਸ਼ੀਨਰੀ ਵਿੱਚ ਆਈ ਖਰਾਬੀ ਕਾਰਣ ਇਹ ਸਭ ਕੁਝ ਵਾਪਰਿਆ ਹੈ ਉਹ ਬੀ.ਪੀ. ਦੀ ਨਹੀਂ, ਸਗੋਂ ਟ੍ਰਾਂਸਓਸ਼ਨ ਲਿਮਿਟਡ ਦੀ ਹੈ।

ਪਰ ਫੇਰ ਵੀ ਕੰਪਨੀ ਇਸ ਘਟਨਾ ਕਾਰਣ ਲੋਕਾਂ ਦੀ ਸਪੰਤੀ, ਪੈਸੇ ਅਤੇ ਨਿੱਜੀ ਪੱਧਰ 'ਤੇ ਜੋ ਵੀ ਨੁਕਸਾਨ ਹੋਇਆ ਹੈ, ਉਸ ਵਾਸਤੇ ਹਰਜਾਨਾ ਦੇਵੇਗੀ। ਬੀ.ਪੀ ਵਲੋਂ ਸਮੱਸਿਆ ਨਾਲ ਨਜਿੱਠਣ ਲਈ ਨਵੀਂ ਤਕਨੀਕ ਦਾ ਸਹਾਰਾ ਲਿਆ ਜਾ ਰਿਹਾ ਹੈ। ਇਸ ਤਹਿਤ 74 ਟਨ ਭਾਰੇ ਧਾਤੂ ਨਾਲ ਬਣੇ ਬਕਸੇ ਪਾਣੀ ਹੇਠਾਂ ਉਤਾਰੇ ਜਾ ਰਹੇ ਹਨ ਜੋ ਪਾਣੀ ਹੇਠਾਂ ਫੈਲ ਰਹੇ ਤੇਲ ਨੂੰ ਕਾਬੂ ਕਰਕੇ ਬਾਹਰ ਲਿਆਉਣਗੇ।

ਉਧਰ ਫਲੌਰਿਡਾ ਦੇ ਰਾਜਪਾਲ ਚਾਰਲੀ ਕ੍ਰਿਸਟਨੇ, ਜੋ ਇਲਾਕੇ ਦਾ ਦੌਰਾ ਕਰਕੇ ਆਏ ਹਨ, ਨੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਤੇਲ ਬਹੁਤ ਤੇਜ਼ੀ ਨਾਲ ਬਾਹਰ ਆ ਰਿਹਾ ਹੈ ਤੇ ਹਰ ਪਾਸੇ ਫੈਲਦਾ ਜਾ ਰਿਹਾ ਹੈ। ਹਾਲਾਤ ਬੇਕਾਬੂ ਹੋਣ ਕਾਰਨ ਇਲਾਕੇ ਦੇ ਮਛੇਰਿਆਂ ਨੂੰ ਵੀ ਭਾਰੀ ਪਰੇਸ਼ਾਨੀ ਪੇਸ਼ ਆ ਰਹੀ ਹੈ। ਮੱਛੀਆਂ ਫੜ੍ਹਨ ਯੋਗ 6,800 ਸਕੇਅਰ ਸੀਲ ਇਲਾਕਾ ਬੰਦ ਕਰ ਦਿੱਤਾ ਗਿਆ ਹੈ।

ਜੇਕਰ ਤੇਲ ਦਾ ਬਾਹਰ ਆਉਣਾ ਇਕ ਹਫ਼ਤੇ ਵਿੱਚ ਬੰਦ ਵੀ ਹੋ ਜਾਵੇ ਤਾਂ ਇਹ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ ਕਿ ਖਾੜੀ ਦੇ ਮੁੜ ਸੁਭਾਵਿਕ ਰੂਪ ਵਿੱਚ ਆਉਣ ਨੂੰ ਕਿੰਨਾ ਸਮਾਂ ਲੱਗ ਜਾਵੇਗਾ। ਅਜੇ ਤੱਕ ਇੰਜੀਨੀਅਰਾਂ ਵਲੋਂ ਅਪਣਾਏ ਗਏ ਸਾਰੇ ਤਰੀਕੇ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੇ ਹਨ।

ਜੇਕਰ ਅਗਲਾ ਤਰੀਕਾ ਵੀ ਨਾਕਾਮਯਾਬ ਰਿਹਾ ਤਾਂ ਹੋ ਸਕਦਾ ਹੈ ਨਵਾਂ ਖੂਹ ਖੋਦਣ ਤੱਕ ਪੁਰਾਣੇ ਵਿੱਚੋਂ ਤੇਲ ਨਿਕਲਣਾ ਕਈ ਮਹੀਨਿਆਂ ਤੱਕ ਇਸੇ ਤਰ੍ਹਾਂ ਜਾਰੀ ਰਹੇ। ਇਸ ਸੰਕਟ ਕਾਰਣ ਇਸ ਰਾਹ ਤੋਂ ਹੋ ਕੇ ਗੁਜ਼ਰਦੇ ਸਮੁੰਦਰੀ ਜਹਾਜ਼ਾਂ ਨੂੰ ਅਪਣਾ ਰਸਤਾ ਬਦਲਨਾ ਪੈ ਰਿਹਾ ਹੈ ਅਤੇ ਖਾਣ ਪੀਣ ਦੀਆਂ ਅਤੇ ਹੋਰ ਚੀਜ਼ਾਂ ਦੀਆਂ ਸ਼ਿਪਮੈਂਟਾਂ ਤੇ ਮਾੜਾ ਅਸਰ ਪੈ ਰਿਹਾ ਹੈ। ਨਤੀਜੇ ਵਜੋਂ ਇਹਨਾਂ ਚੀਜ਼ਾਂ ਦੀਆਂ ਕੀਮਤਾਂ ਵਿੱਚ ਵਾਧਾ ਹੋ ਸਕਦਾ ਹੈ।

ਕੋਸਟ ਗਾਰਡ ਅਤੇ ਬ੍ਰਿਟਿਸ਼ ਪੈਟ੍ਰੋਲੀਅਮ ਦਾ ਕਹਿਣਾ ਹੈ ਕਿ ਇਹ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ ਕਿ ਧਮਾਕੇ ਮਗਰੋਂ ਹੁਣ ਤੱਕ ਕਿੰਨਾਂ ਤੇਲ ਖਾੜੀ ਵਿੱਚ ਫੈਲ ਚੁੱਕਿਆ ਹੈ। ਅੰਦਾਜ਼ਾ ਹੈ ਕਿ ਹਰ ਰੋਜ਼ 2 ਲੱਖ ਗੈਲਨ ਬਰਬਾਦ ਹੋ ਰਿਹਾ ਹੈ।

# ਤੇਲ ਰਿਸਣ ਦੇ ਮਾਮਲੇ 'ਤੇ ਕੈਨੇਡੀਅਨ ਪਾਰਟੀਆਂ ਦਾ ਪ੍ਰਤੀਕ੍ਰਮ

**ਉਟਾਵਾ/ਨ.ਦ.ਬਿਊਰੋ**

ਕੇਂਦਰੀ ਸਰਕਾਰ ਉਪਰ ਵਿਰੋਧੀ ਪਾਰਟੀਆਂ ਦਾ ਦਬਾਅ ਰਿਸ ਰਹੇ ਤੇਲ ਦੇ ਫੈਲਾਅ ਨੂੰ ਰੋਕਣ ਉਪਰ ਲਗਾਤਾਰ ਵੱਧਦਾ ਜਾ ਰਿਹਾ ਹੈ। ਮੈਕਸੀਕੋ ਦੀ ਖਾੜੀ ਵਿੱਚੋਂ ਲਗਾਤਾਰ ਰਿਸ ਰਿਹਾ ਤੇਲ ਕੈਨੇਡਾ ਦੇ ਆਰਕਟਿਕ ਇਲਾਕੇ ਨੂੰ ਵੀ ਅਪਣੀ ਲਪੇਟ ਵਿੱਚ ਲੈ ਰਿਹਾ ਹੈ। ਫੈਡਰਲ ਐਨ.ਡੀ.ਪੀ ਲੀਡਰ ਜੈਕ ਲੇਟਨ ਨੇ ਆਖਿਆ ਹੈ ਕਿ ਇਸ ਹਫ਼ਤੇ ਦੌਰਾਨ ਸਰਕਾਰ ਕੌਮਨਜ਼ ਨੈਚੁਰਲ ਰਿਸੋਰਸਿਸ ਕਮੇਟੀ ਤੋਂ ਤਜਵੀਜ਼ਾਂ ਮੰਗੇਗੀ ਕਿ ਉਤਰੀ ਭਾਗ ਵਿੱਚ ਹੋ ਰਹੀਆਂ ਗਤੀਵਿਧੀਆਂ ਨੂੰ ਕਾਬੂ ਵਿੱਚ ਰੱਖਣ ਵਾਸਤੇ ਕੀ ਕਰੜੀਆਂ ਨੀਤੀਆਂ ਅਪਨਾਈਆਂ ਜਾਣ। ਲੇਟਨ ਮੁਤਾਬਿਕ ਖਾੜੀ ਵਿੱਚ ਜੋ ਕੁਝ ਵਾਪਰ ਰਿਹਾ ਹੈ ਸਾਨੂੰ ਉਸ ਤੋਂ ਸਬਕ ਲੈਣ ਦੀ ਲੋੜ ਹੈ ਤਾਂ ਜੋ ਕੈਨੇਡੀਅਨ ਜਲ ਸੋਮਿਆਂ ਵਿੱਚ ਅਜਿਹੀ ਗੜਬੜੀ ਪੈਦਾ ਨਾ ਹੋ ਸਕੇ।

ਮੈਕਸੀਕੋ ਖਾੜੀ ਵਿਖੇ ਜਿਹਨਾਂ ਤੇਲ ਖੂਹਾਂ 'ਚੋਂ ਤੇਲ ਬਾਹਰ ਆ ਰਿਹਾ ਹੈ, ਉਹਨਾਂ ਵਿੱਚੋਂ ਇੱਕ ਤੇਲ ਖੂਹ ਬ੍ਰਿਟਿਸ਼ ਪੈਟਰੋਲੀਅਮ ਦਾ ਵੀ ਹੈ।

ਲਿਬਰਲ ਐਨਵਾਇਰਮੈਂਟ ਐਨਰਜੀ ਮੰਤਰੀ ਡੇਵਿਡ ਮੈਕਗਿੰਟੀ ਮੁਤਾਬਿਕ ਬੜੇ ਦੁੱਖ ਦੀ ਗੱਲ ਹੈ ਕਿ ਸਰਕਾਰ ਨੇ ਇਸ ਸੰਭਾਵਨਾ ਬਾਰੇ ਕਦੀ ਸੋਚਿਆ ਹੀ ਨਹੀਂ।

ਮੌਜੂਦਾ ਫੈਡਰਲ ਨਿਯਮਾਂ ਮੁਤਬਿਕ, ਐਨਰਜੀ ਕੰਪਨੀਆਂ ਵਾਸਤੇ 'ਰਿਲੀਫ਼ ਵੈੱਲ' ਪੂਰਾ ਕਰਨਾ ਲਾਜ਼ਮੀ ਹੁੰਦਾ ਹੈ। ਇਹ ਇੱਕ ਅਜਿਹੀ ਤਕਨੀਕ ਹੈ ਜਿਸ ਰਾਹੀਂ ਤੇਲ ਲੀਕ ਹੋਣ ਤੋਂ ਰੋਕਿਆ ਜਾ ਸਕੇ। ਕਈ ਆਰਕਟਿਕ ਮੁਲਕਾਂ, ਜਿਵੇਂ ਅਮਰੀਕਾ, ਨੌਰਵੇ ਅਤੇ ਗ੍ਰੀਨਲੈਂਡ ਆਦਿ ਨੇ ਅਜਿਹੇ ਰਿਲੀਫ਼ ਵੈੱਲ ਪਹਿਲਾਂ ਹੀ ਖੋਦੇ ਹੋਏ ਨੇ। ਬੀਤੇ ਸਾਲ ਕੈਨੇਡਾ ਵਿਚਲੀਆਂ ਕੁਝ ਕੰਪਨੀਆਂ ਨੇ ਨੈਸ਼ਨਲ ਐਨਰਜੀ ਬੋਰਡ ਉਪਰ ਦਬਾਅ ਪਾਉਂਦਿਆਂ ਬਿਊਫ਼ੋਰਟ ਸੀ ਵਿਖੇ ਹੋਰ ਨਵੇਂ ਡੂੰਘੇ ਖੂਹ ਪੁੱਟਣ ਲਈ ਕਿਹਾ ਸੀ। ਇਹਨਾਂ ਨੂੰ ਖੋਦਣ ਵਿੱਚ 2 ਤੋਂ 3 ਸਾਲ ਲੱਗਣਗੇ ਅਤੇ ਉਸ ਦੌਰਾਨ ਕੋਈ ਰਿਲੀਫ਼ ਵੈੱਲ ਖੋਦਿਆ ਨਹੀਂ ਜਾ ਸਕੇਗਾ।



ਲੇਟਨ ਦਾ ਕਹਿਣਾ ਹੈ ਕਿ ਬਿਊਫੋਰਟ ਸੀ ਵਿਖੇ ਹੋਰ ਖੁਦਾਈ ਕਰਨੀ ਚਾਹੀਦੀ ਹੈ ਜਾਂ ਨਹੀਂ ਇਸ ਮੁੱਦੇ ਉਪਰ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ।

# ਆਇਲਸੈਂਡਜ ਸਾਹਮਣੇ ਆ ਰਿਹਾ ਹੈ ਜੇਤਾ ਦੇ ਰੂਪ ਵਿੱਚ

**ਐਡਮਿੰਟਨ/ਨ.ਦ.ਬਿਊਰੋ**

ਅੰਤਰਰਾਸ਼ਟਰੀ ਆਰਥਕ ਜਗਤ ਐਸ ਵੇਲੇ ਦੋ ਮੁੱਖ ਸਵਾਲਾਂ ਦਾ ਜਵਾਬ ਲੱਭਣ ਵਿੱਚ ਫਸਿਆ ਹੋਇਆ ਹੈ ਕਿ, ਕੀ ਬਰਤਾਨੀਆ ਦੇ ਪੈਟਰੋਲੀਅਮ ਆਇਲ ਸਪਿਲ ਨੂੰ ਮੈਕਸੀਕੋ ਦੀ ਖਾੜੀ ਵਿਖੇ ਸੰਭਾਲਿਆ ਜਾ ਸਕਦਾ ਹੈ? ਤੇ ਦੂਜਾ ਇਹ ਹੈ ਕਿ, ਕੀ ਉਧਾਰ ਚੁਕਤਾ ਕਰਨ ਦਾ ਸੰਕਟ ਜੋ ਪੈਦਾ ਹੋਇਆ ਹੈ ਉਹ ਗਰੀਸ ਉਪਰ ਪਾ ਦਿੱਤਾ ਜਾਵੇ। ਬੀ.ਐਮ.ਓ ਮਾਰਕਿਟ ਕੈਪੀਟਲ ਦੇ ਸਟ੍ਰੇਟਿਜੀ ਅਡਵਾਈਜ਼ਰ ਡੌਨ ਕੋਕਸ ਦਾ ਕਹਿਣਾ ਹੈ ਕਿ ਇਸ ਤੇਲ ਲੀਕ ਨਾਲ ਲੋਕਾਂ ਉਪਰ ਕੋਈ ਬਹੁਤਾ ਫਰਕ ਨਹੀਂ ਪਵੇਗਾ। ਅਜਿਹੀ ਸਥਿੱਤੀ 1979 ਵਿੱਚ ਪੈਨਸਿਲਵੇਨੀਆ ਵਿਖੇ ਰੇਡੀਓ ਐਕਟਿਵ ਗੈਸਾਂ ਦੇ ਰਿਲੀਜ਼ ਵੇਲੇ ਵੀ ਹੋਈ ਸੀ। ਖਾੜੀ ਵਿਖੇ ਤੇਲ ਲੀਕ ਮਗਰੋਂ ਵੀ ਕੀਮਤਾਂ ਤੇ ਬਹੁਤਾ ਪ੍ਰਭਾਵ ਨਹੀਂ ਪਵੇਗਾ।



ਉਧਰ ਅਮਰੀਕੀ ਰਾਸ਼ਟਰਪਤੀ ਓਬਾਮਾ ਨੇ ਵੀ ਇਸ ਤੇਲ ਲੀਕ ਦੇ ਮਾਮਲੇ ਦੀ ਜਾਂਚ ਰਿਪੋਰਟ ਆਉਣ ਤੱਕ ਕੋਈ ਨਵਾਂ ਪ੍ਰੋਜੈਕਟ ਸ਼ੁਰੂ ਨਾ ਕਰਨ ਦਾ ਫੈਸਲਾ ਕੀਤਾ ਹੈ।

ਅਮਰੀਕਾ ਨੂੰ ਮੈਕਸੀਕੋ ਖਾੜੀ ਤੋਂ ਅਪਣੀ ਕੁੱਲ ਤੇਲ ਖਪਤ ਦਾ 30 ਫੀਸਦੀ ਤੇ ਕੁਦਰਤੀ ਗੈਸ ਦਾ 15 ਫੀਸਦੀ ਹਿੱਸਾ ਪ੍ਰਾਪਤ ਹੁੰਦਾ ਹੈ। ਇਸ ਸਾਰੇ ਘਟਨਾ ਚੱਕਰ ਦਾ ਸਭ ਤੋਂ ਵੱਧ ਲਾਭ ਉਹਨਾਂ ਨੂੰ ਹੋਵੇਗਾ ਜੋ ਮਿੱਟੀ ਵਿੱਚੋਂ ਰਿਸ ਰਹੇ ਇਸ ਕੱਚੇ ਤੇਲ ਨੂੰ ਵੇਚਣਗੇ। ਹਾਲਾਂਕਿ ਹੁਣ ਤੱਕ ਇਸ ਤੇਲ ਨੂੰ ਇਸਤੇਮਾਲ ਵਿੱਚ ਲਿਆਉਣਾ ਚੰਗਾ ਨਹੀਂ ਸੀ ਸਮਝਿਆ ਜਾਂਦਾ। ਬਾਜ਼ਾਰ ਨੂੰ ਇਸ ਦਾ ਫ਼ਾਇਦਾ ਇਹ ਹੋਵੇਗਾ ਕਿ ਹੁਣ ਤੇਲ ਵੇਚਣ ਵਾਲੀਆਂ ਕੰਪਨੀਆਂ ਦੀ ਸੰਖਿਆ ਵੱਧ ਜਾਵੇਗੀ ਅਤੇ ਮੁਕਾਬਲਾ ਹੋਰ ਸਖ਼ਤ ਹੋ ਜਾਵੇਗਾ। ਆਇਲਸੈਂਡਜ ਪ੍ਰੋਜੈਕਟ ਵਿੱਚ ਪੈਸਾ ਲਾਉਣ ਵਾਲੀਆਂ ਕੰਪਨੀਆਂ ਨੂੰ ਕਾਫ਼ੀ ਫਾਇਦਾ ਹੋਣ ਦੀ ਉਮੀਦ ਹੈ। ਇਹਨਾਂ ਵਿੱਚ ਸੰਕਰ ਐਂਡ ਕੈਨੇਡੀਅਨ ਔਇਲ ਸੈਂਡਜ ਵੀ ਸ਼ਾਮਿਲ ਹਨ। ਉਧਰ ਗਰੀਸ ਦੀਆਂ ਉਧਾਰ ਸਬੰਧੀ ਮੁਸ਼ਕਿਲਾਂ ਹੋਰ ਵੱਧ ਸ ਕਦੀਆਂ ਹਨ ਅਤੇ ਪੁਰਤਗਾਲ ਅਤੇ ਸਪੇਨ ਵੀ ਇਸ ਦੀ ਲਪੇਟ ਵਿੱਚ ਆ ਸਕਦੇ ਹਨ।

# ਕੰਪਨੀ ਹਿੱਤਾਂ ਦੀ ਪੈਰਵੀ ਕਰਨ ਕਰਕੇ ਸਿਹਤ ਪੈਨਲ 'ਚੋਂ ਬਾਹਰ

**ਐਡਮਿੰਟਨ/ਨ.ਦ.ਬਿਊਰੋ**

ਵਿਰੋਧੀ ਪਾਰਟੀਆਂ ਦੇ ਦਬਾਅ ਅੱਗੇ ਝੁਕਦਿਆਂ ਦਵਾਈਆਂ ਬਣਾਉਣ ਵਾਲੀ ਕੰਪਨੀ ਦੇ ਹਿੱਤਾਂ ਨੂੰ ਅੱਗੇ ਰੱਖਣ ਕਰਕੇ ਪੈਟਰੇਸ਼ੀਆ ਬੇਨ ਨੂੰ ਸਰਕਾਰੀ ਸਿਹਤ ਸਲਾਹਕਾਰ ਕਮੇਟੀ 'ਚੋਂ ਕੱਢ ਦਿੱਤਾ ਗਿਆ। ਐਨ.ਡੀ.ਪੀ ਲੀਡਰ ਬਰਾਇਨ ਮੇਸਨ ਨੇ ਸਰਕਾਰ ਤੇ ਸੰਗੀਨ ਦੋਸ਼ ਲਾਉਂਦਿਆਂ ਕਿਹਾ ਕਿ ਵੱਡੀਆਂ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦੇ ਹਿੱਤਾਂ ਲਈ ਕੰਮ ਕਰਨ ਵਾਲਿਆਂ ਨੂੰ ਇਸ ਕਰਕੇ ਕਮੇਟੀ 'ਚ ਲੈਣਾ ਇੱਕ ਗ਼ੈਰ ਵਾਜਬ ਨਿਯੁਕਤੀ ਹੋਣ ਦੇ ਨਾਲ ਹਿੱਤਾਂ ਦੇ ਵਿਰੋਧ ਦਾ ਮਾਮਲਾ ਹੈ। ਕਮੇਟੀ ਦੇ ਮੁਖੀ ਤੇ ਐਡਮਿੰਟਨ ਤੋਂ ਟੋਰੀ ਐਮ ਐਲ ਏ ਫਰੈਡ ਹੌਰਨ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਹੁਣ ਅਸੀਂ ਬੇਨ ਦੇ ਲੰਮੇ ਤਜ਼ਰਬੇ ਤੋਂ ਫਾਇਦਾ ਨਹੀਂ ਉਠਾ ਸਕਾਂਗੇ। ਵਰਣਨਯੋਗ ਹੈ ਕਿ ਸਤੰਬਰ 2010 ਤੱਕ ਇਸ ਕਮੇਟੀ ਦੀਆਂ ਸਿਫਾਰਸ਼ਾਂ 'ਅਲਬਰਟਾ ਹੈਲਥ ਐਕਟ' ਬਣਾਉਣ ਲਈ ਰਾਜ ਦੇ ਸਿਹਤ ਮੰਤਰੀ ਸ੍ਰੀ ਜੀਨ ਜ਼ਵਡੈਸਕੀ ਨੂੰ ਪੇਸ਼ ਕੀਤੀਆਂ ਜਾ ਰਹੀਆਂ ਹਨ।

ਬੇਨਜ ਟੋਰਾਂਟੋ ਦੀ ਦਵਾਈਆਂ ਬਣਾਉਣ ਵਾਲੀ ਕੰਪਨੀ ਈਲੀ-ਲਿਲੀ ਦੀ ਪਾਲਿਸੀ ਮੈਨੇਜਰ ਦੇ ਅਹੁਦੇ 'ਤੇ ਕੰਮ ਕਰਦੀ ਹੈ।

# ਕੀ ਨਤੀਜਾ ਹੋ ਸਕਦਾ ਹੈ ਅੰਤਹੀਣ ਲਾਲਚ ਦਾ

**ਲੂਈਜ਼ਿਆਨਾ/ਨ.ਦ.ਬਿਊਰੋ**

ਅਮਰੀਕਾ ਦੇ ਸੂਬੇ ਲੂਈਜ਼ਿਆਨਾ ਦੇ ਸਮੁੰਦਰੀ ਕਿਨਾਰੇ ਵੱਲ ਤੇਲ ਦਾ ਇੱਕ ਵਿਸ਼ਾਲ ਸੰਗ੍ਰਹਿ ਵੱਧਦਾ ਆ ਰਿਹਾ ਹੈ। ਜਿਸ ਦਾ ਆਕਾਰ ਸ਼ਾਇਦ ਬੈਲਜ਼ੀਅਨ ਦੇ ਬਰਾਬਰ ਹੋ ਗਿਆ ਹੈ। ਇਹ ਅਮਰੀਕਾ ਦਾ ਉਹ ਸੂਬਾ ਹੈ ਜਿਸ ਕੋਲ ਸੁਲਝਾਉਣ ਲਈ ਪਹਿਲਾਂ ਹੀ ਕਈ ਸਮੱਸਿਆਵਾਂ ਮੌਜੂਦ ਹਨ। ਬ੍ਰਿਟਿਸ਼ ਪੈਟਰੋਲੀਅਮ ਵਾਰ ਵਾਰ ਕਹਿ ਰਹੀ ਹੈ ਕਿ ਰਿਲੀਫ਼ ਵੈੱਲ ਖੋਦਿਆ ਜਾਵੇਗਾ। ਪਰ ਇਸ ਦਾ ਕੰਮ ਮੁਕੰਮਲ ਹੋਣ ਵਿੱਚ 3 ਮਹੀਨੇ ਲੱਗ ਜਾਣਗੇ।

ਉਮੀਦ ਹੈ ਕਿ ਤੇਲ ਦੇ ਖੂਹ ਪੁੱਟਣ ਦੀ ਅੰਨ੍ਹੀ ਦੌੜ ਵਿੱਚ ਲੱਗੀਆਂ ਕੰਪਨੀਆਂ ਇਸ ਤੋਂ ਕੁਝ ਸਬਕ ਸਿੱਖਣਗੀਆਂ।

ਬ੍ਰਿਟਿਸ਼ ਪੈਟਰੋਲੀਅਮ ਨੇ ਮੈਕਸੀਕੋ ਦੀ ਖਾੜੀ ਦਾ ਉਹੀ ਹਾਲ ਕੀਤਾ ਹੈ ਜੋ ਗੋਲਡਮੈਨ ਸੈਸ਼ ਅਤੇ ਸਿਟੀ ਗਰੁੱਪ ਨੇ ਵਿਸ਼ਵ ਦੀ ਅਰਥ ਵਿਵਸਥਾ ਦਾ ਕੀਤਾ।

ਇਹ ਉਮੀਦ ਨਾ ਕੀਤੀ ਜਾਵੇ ਕਿ ਬੀ.ਪੀ ਅਤੇ ਉਸਦੇ ਸਾਥੀ ਇਸਦੀ ਸਫ਼ਾਈ ਦਾ ਜ਼ਿੰਮਾ ਲੈਣਗੇ। ਇਸ ਉਪਰ ਆਉਣ ਵਾਲਾ ਖ਼ਰਚ ਸਾਡੇ ਬੱਚੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਭਰਨਗੀਆਂ।

ਉਧਰ ਸਾਰੇ ਮਾਮਲੇ ਨੂੰ ਸਿਆਸੀ ਰੰਗਤ ਦੇ ਕੇ ਅਪਣੇ ਨਿੱਜੀ ਸੁਆਰਥਾਂ ਦੀ ਪੂਰਤੀ ਕਰਨ ਦਾ ਮੌਕਾ ਲੱਭਦੇ ਅਮਰੀਕੀ ਰਿਪਬਲੀਕਨ ਇਸ ਵਾਸਤੇ ਬਰਾਕ ਓਬਾਮਾ ਨੂੰ ਜ਼ਿੰਮੇਵਾਰ ਦੱਸ ਰਹੇ ਹਨ।




Nawi Dunia and people associated with it are not responsible for any claims made by the advertisers and do not endorse any product or services advertised in the Nawi Dunia. The contents of Nawi Dunia may not be reproduced without the written consent of the Publisher. The Publisher and/or Editor shall not be liable for any of the views expressed by the authors of articles or letters published in the Nawi Dunia, nor shall these opinions necessarily reflect those of the Published and/or Editor. Letters to the Editor become the property of Nawi Dunia, and may be Edited.

ਲੇਖਕਾਂ ਦੀਆਂ ਰਚਨਾਵਾਂ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਕਾਲੀਆਂ ਤੋਂ ਪਾਈ-ਪਾਈ ਦਾ ਹਿਸਾਬ ਲਵਾਂਗਾ-ਕੈਪਟਨ ਅਮਰਿੰਦਰ ਸਿੰਘ

ਪਟਿਆਲਾ, ਰਾਣਾ ਰਣਧੀਰ

ਸੁਪਰੀਮ ਕੋਰਟ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੀ ਵਿਧਾਨ ਸਭਾ ਦੀ ਮੈਂਬਰਸ਼ਿਪ ਬਹਾਲ ਕਰਨ ਤੋਂ ਬਾਅਦ ਸਭ ਤੋਂ ਜ਼ਿਆਦਾ ਅਸਰ ਪਟਿਆਲਾ ਵਾਸੀਆਂ ‘ਤੇ ਪਿਆ ਹੈ। ਪਟਿਆਲਾ ਦੇ ਲੋਕਾਂ ਦਾ ਦੁੱਖ-ਦਰਦ ਅਤੇ ਉਨ੍ਹਾਂ ਦੀਆਂ ਸਮਸਿਆਵਾਂ ਸਰਕਾਰ ਅੱਗੇ ਰੱਖਣ ਲਈ ਉਨ੍ਹਾਂ ਨੂੰ ਆਪਣਾ ਚੁਣਿਆ ਹੋਇਆ ਪ੍ਰਤੀਨਿਧ ਮੁੜ ਮਿਲ ਗਿਆ ਹੈ।

ਕੈਪਟਨ ਪਟਿਆਲਾ ਨਾਲ ਹੋ ਰਹੇ ਵਿਤਕਰੇ ਤੋਂ ਬੇਹੱਦ ਦੁਖੀ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਰਹਿੰਦਿਆਂ ਜਿੰਨਾ ਕੰਮ ਪਟਿਆਲਾ ਲਈ ਉਨ੍ਹਾਂ ਨੇ ਕੀਤਾ ਹੈ, ਸ਼ਾਇਦ ਕੋਈ ਦੂਸਰਾ ਨਹੀਂ ਕਰ ਸਕਦਾ।

ਅਕਾਲੀਆਂ ਨੇ ਤਾਂ ਜਾਣਬੁੱਝ ਕੇ ਪਟਿਆਲਾ ਨਾਲ ਸੌਤੇਲਾ ਵਿਹਾਰ ਕੀਤਾ। ਅਕਾਲੀਆਂ ਦੀ ਸਿਆਸਤ ਦੇ ਚਲਦਿਆਂ ਪਟਿਆਲਾ ਦੇ ਕਈ ਪ੍ਰਾਜੈਕਟ ਲਟਕ ਗਏ ਹਨ। ਕੈਪਟਨ ਨੇ ਪਟਿਆਲਾ ਦੇ ਲੋਕਾਂ ਨੂੰ ਕਿਹਾ ਕਿ ਹੁਣ ਉਹ ਘਰਾਉਣ ਨਾ। ਸ਼ਹਿਰ ਦੇ ਮੁੱਖ ਮੁੱਦਿਆਂ ਦੀ ਉਨ੍ਹਾਂ ਨੂੰ ਸਾਰੀ ਜਾਣਕਾਰੀ ਹੈ, ਅਤੇ ਸਮਾਂ ਆਉਣ ‘ਤੇ ਉਹ ਇਸਦਾ ਅਕਾਲੀਆਂ ਤੋਂ ਪਾਈ ਪਾਈ ਦਾ ਹਿਸਾਬ ਲੈਣਗੇ।



*ਚੰਡੀਗੜ੍ਹ, ਇੰਦਰਪ੍ਰੀਤ ਸਿੰਘ*- ਅਮਰਿੰਦਰ ਸਿੰਘ ਦੇ ਵਿਦੇਸ਼ ਦੌਰੇ ਅਤੇ ਉਨ੍ਹਾਂ ਵੱਲੋਂ ਕੀਤੇ ਗਏ ਰੋਡ ਸ਼ੋਅ ਨਾਲ ਹਾਕਮ ਧਿਰ ਬੁਖਲਾ ਗਈ ਹੈ। ਹਾਲਾਂਕਿ ਅਕਾਲੀ ਤੇ ਭਾਜਪਾ ਦੇ ਆਗੂ ਸਿੱਧੇ ਤੌਰ ‘ਤੇ ਇਹ ਨਹੀਂ ਕਹਿ ਰਹੇ ਹਨ ਕਿ ਰੋਡ ਸ਼ੋਅ ਫਲਾਪ ਸੀ। ਮੀਡੀਆ ਕਰਮਚਾਰੀਆਂ ਵਲੋਂ ਉਨ੍ਹਾਂ ਦੇ ਰੋਡ ਸ਼ੋਅ ਦਾ ਜਿਸ ਢੰਗ ਨਾਲ ਅੰਦਾਜ਼ਾ ਲਾਇਆ ਜਾ ਰਿਹਾ ਹੈ ਉਸ ਤੋਂ ਸਾਫ ਜ਼ਾਹਰ ਹੈ ਕਿ ਕਿਤੇ ਨਾ ਕਿਤੇ ਅਕਾਲੀ ਦਲ ਦੇ ਮਨ ਵਿਚ ਇਹ ਡਰ ਹੈ ਕਿ ਇਸ ਸ਼ਕਤੀ ਪ੍ਰਦਰਸ਼ਨ ਤੋਂ ਪ੍ਰਭਾਵਤ ਹੋ ਕੇ ਕਾਂਗਰਸ ਹਾਈ ਕਮਾਂਡ ਕੈਪਟਨ ਨੂੰ ਜੁਲਾਈ ਵਿਚ ਕਾਂਗਰਸ ਪ੍ਰਧਾਨ ਨਾ ਬਣਾ ਦਏ।

ਸੁਪਰੀਮ ਕੋਰਟ ਤੋਂ ਵਿਧਾਨ ਸਭਾ ਦੀ ਮੈਂਬਰਸ਼ਿੱਪ ਦਾ ਕੇਸ ਜਿੱਤਣ ਦੇ ਦਸ ਦਿਨ ਬਾਅਦ ਵਿਦੇਸ਼ ਦੌਰ ਤੋਂ ਪਰਤੇ ਕੈਪਟਨ ਦਾ ਕਾਂਗਰਸੀਆਂ ਨੇ ਅਮ੍ਰਿਤਸਰ ਵਿਚ ਜ਼ੋਰਦਾਰ ਸਵਾਗਤ ਕੀਤਾ। ਰੋਡ ਸ਼ੋਅ ਵਿਚ ਕਿੰਨੇ ਹਜ਼ਾਰ ਵਿਅਕਤੀ ਸ਼ਾਮਲ ਹੋਏ ਇਸ ਦਾ ਤਾਂ ਸਾਰੇ ਅੰਦਾਜ਼ਾ ਹੀ ਲਗਾ ਰਹੇ ਹਨ ਪਰ ਅਕਾਲੀ ਦਲ ਦਾ ਕਹਿਣਾ ਹੈ ਕਿ ਜੇਕਰ 50 ਹਜ਼ਾਰ ਲੋਕ ਵੀ ਹੋਣ ਤਾਂ 20-22 ਹਲਕਿਆਂ ਵੱਲੋਂ ਮਿਲਕੇ ਜੁਟਾਈ ਭੀੜ ਕੋਈ ਜ਼ਿਆਦਾ ਨਹੀਂ ਹੈ। ਉਹ ਤਾਂ ਇਸ ਤੋਂ ਕਿਤੇ ਜ਼ਿਆਦਾ ਦਾ ਅਨੁਮਾਨ ਲਗਾ ਰਹੇ ਸਨ। ਦਲ ਦੇ ਆਗੂਆਂ ਦਾ ਇਹ ਵੀ ਮੰਨਣਾ ਹੈ ਕਿ ਮੀਡੀਆ ਨੇ ਵੀ ਕੈਪਟਨ ਦੇ ਰੋਡ ਸ਼ੋਅ ਨੂੰ ਜ਼ਿਆਦਾ ਤਰਜੀਹ ਨਹੀਂ ਦਿੱਤੀ ਹੈ। ਜਦਕਿ ਇਸ ਤੋਂ ਕਿਤੇ ਜ਼ਿਆਦਾ ਤਰਜੀਹ ਤਾਂ ਵਿਕਾਸ ਯਾਤਰਾ ਦੌਰਾਨ ਮਿਲ ਗਈ ਸੀ। ਦਰਅਸਲ, ਦਲ ਦੇ ਨੇਤਾ ਕੈਪਟਨ ਦੇ ਸ਼ਕਤੀ ਪ੍ਰਦਰਸ਼ਨ ਨੂੰ ਹਜ਼ਮ ਨਹੀਂ ਕਰ ਪਾ ਰਹੇ। ਮੀਡੀਆ ਵਿਚ ਜਿਸ ਤਰ੍ਹਾਂ ਦੀ ਕਵਰੇਜ ਹੋਈ ਹੈ ਉਸ ਤੋਂ ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਕਹਿਣਾ ਸਹੀ ਨਹੀਂ ਹੋਵੇਗਾ ਕਿ ਰੋਡ ਸ਼ੋਅ ਫਲਾਪ ਸੀ। ਇਸ ਲਈ ਬੇਹਤਰ ਹੈ ਕਿ ਇਸ ਮੁੱਦੇ ‘ਤੇ ਚੁੱਪੀ ਧਾਰ ਲਈ ਜਾਵੇ। ਗੌਰਤਲਬ ਹੈ ਕਿ ਆਮ ਚੋਣਾਂ ਨੂੰ ਹੁਣ ਸਿਰਫ਼ ਪੌਣੇ ਦੋ ਸਾਲ ਦਾ ਵਕਤ ਰਹਿ ਗਿਆ ਹੈ ਅਤੇ ਸਿਆਸੀ ਲੜਾਈ ਦਾ ਸਾਰਾ ਦਾਰੋ-ਮਦਾਰ ਇਸ ਗੱਲ ‘ਤੇ ਨਿਰਭਰ ਕਰਦਾ ਹੈ ਕਿ ਕਾਂਗਰਸ ਦੀ ਟੀਮ ਦਾ ਕੈਪਟਨ ਕੌਣ ਹੋਵੇਗਾ। ਅਕਾਲੀ ਦਲ ਦਾ ਮੰਨਣਾ ਹੈ ਕਿ ਜੇਕਰ ਕੈਪਟਨ ਨੂੰ ਅੱਗੇ ਨਹੀਂ ਲਿਆਂਦਾ ਗਿਆ ਤਾਂ ਉਨ੍ਹਾਂ ਦਾ ਚੋਣਾਂ ਜਿੱਤਣਾ ਆਸਾਨ ਹੋਵੇਗਾ।

ਇਕ ਕਾਂਗਰਸੀ ਆਗੂ ਦੀ ਇਹ ਟਿੱਪਣੀ ਕਾਫੀ ਸਟੀਕ ਹੈ ਕਿ ਪਾਰਟੀ ਵਿਚ ਹੁਣ ਲੜਾਈ ਪ੍ਰਧਾਨਗੀ ਨੂੰ ਲੈ ਕੇ ਨਹੀਂ ਬਲਕਿ ਸੀ.ਐਮ. ਦੇ ਅਹੁਦੇ ਨੂੰ ਲੈਕੇ ਹੈ। ਪ੍ਰਧਾਨਗੀ ਦੀ ਦੌੜ ਵਿਚ ਜੁਟੇ ਸਾਰੇ ਆਗੂਆਂ ਨੂੰ ਯਕੀਨ ਹੈ ਕਿ ਪੌਣੇ ਦੋ ਸਾਲ ਬਾਅਦ ਕਾਂਗਰਸ ਸੱਤਾ ਸੰਭਾਲੇਗੀ, ਅਜਿਹੇ ਮੌਕੇ ਮੁੱਖ ਮੰਤਰੀ ਦੇ ਅਹੁਦੇ ਦਾ ਦਾਅਵੇਦਾਰ ਉਹ ਹੋਵੇਗਾ, ਜੋ ਉਸ ਸਮੇਂ ਪਾਰਟੀ ਦਾ ਪ੍ਰਧਾਨ ਹੋਵੇਗਾ।

# ਬੀਟੀ ਕੱਟਨ ਦੀ ਖਲ਼ ਪੀ ਰਹੀ ਹੈ ਪੰਜਾਬ ਦਾ ਦੁੱਧ

ਮਨੋਜ ਤ੍ਰਿਪਾਠੀ- ਲੁਧਿਆਣਾ

**ਬੀਟੀ** ਬੈਂਗਣ ਦੇ ਨਫਾ-ਨੁਕਸਾਨ ਉਪਰ ਤਾਂ ਬਹਿਸ ਛਿੜੀ ਹੀ ਹੋਈ ਹੈ ਪਰ ਕੁਝ ਸਮੇਂ ਤੋਂ ਪ੍ਰਚੱਲਿਤ ਬੀਟੀ ਕੱਟਨ ਦਾ ਪ੍ਰਭਾਵ ਪੰਜਾਬ ਵਿਚ ਨਜ਼ਰ ਆਉਣ ਲੱਗਾ ਹੈ। ਦੁੱਧ-ਲੱਸੀ ਦੇ ਲਈ ਮਸ਼ਹੂਰ ਇਸ ਸੂਬੇ ਦਾ ਲੱਗਭਗ 15 ਫੀਸਦੀ ਤੋਂ ਜ਼ਿਆਦਾ ਦੁੱਧ ਬੀਟੀ ਕੱਟਨ ਪੀ ਰਿਹਾ ਹੈ। ਇਹ ਪੜ੍ਹ ਕੇ ਹੈਰਾਨ ਹੋ ਗਏ ਨਾ ਤੁਸੀਂ! ਲੁਧਿਆਣਾ ਸਥਿਤ ਗੁਰੂ ਅੰਗਦ ਦੇਵ ਯੂਨੀਵਰਸਿਟੀ ਆੱਫ ਵੈਟਨਰੀ ਅਤੇ ਐਨੀਮਲ ਸਾਇੰਸ (ਗਡਬਾਸੂ) ਦੇ ਵਿਗਿਆਨਕ ਪ੍ਰਯੋਗ ਵਿਚ ਇਹ ਗੱਲ ਸਾਹਮਣੇ ਆਈ ਹੈ।

ਪ੍ਰਦੇਸ਼ ਵਿਚ ਪਸ਼ੂ ਚਾਰੇ ਦੀ ਬਹੁਤ ਘਾਟ ਹੈ। ਇਸ ਨਾਲ ਪਸ਼ੂ ਵਿਗਿਆਨੀ ਵੀ ਜ਼ਿਆਦਾ ਪਰੇਸ਼ਾਨ ਹਨ। ਕਿਸਾਨਾਂ ਨੇ ਇਸ ਸਮੱਸਿਆ ਨਾਲ ਨਿਪਟਣ ਲਈ ਬੀਟੀ ਕੱਟਨ ਦੀ ਖਲ਼ ਦਾ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ ਹੈ। ਮੁਸ਼ਕਿਲ ਇਥੇ ਹੀ ਸ਼ੁਰੂ ਹੁੰਦੀ ਹੈ। ਗਡਬਾਸੂ ਦੇ ਨਿਰਦੇਸ਼ਕ (ਪ੍ਰਸਾਰ ਸਿੱਖਿਆ) ਡਾ. ਓ.ਐਸ. ਪਰਮਾਰ ਦੇ ਅਨੁਸਾਰ, ਇਸ ਖਲ਼ ਨੂੰ ਖਾਣ ਨਾਲ ਪਸ਼ੂਆਂ ਨੂੰ ਕਈ ਕਿਸਮ ਦੀਆਂ ਬਿਮਾਰੀਆਂ ਲੱਗ ਰਹੀਆਂ ਹਨ। ਉਹਨਾਂ ਵਿਚ ਬਾਂਝਪਨ ਵੱਧ ਰਿਹਾ ਹੈ। ਕੱਟਨ ਦੀ ਖਲ ਖਾਣ ਕਾਰਨ ਜ਼ਿਆਦਾਤਰ ਪਸ਼ੂ ਆਹਾਰ ਲੈਣਾ ਬੰਦ ਕਰ ਦਿੰਦੇ ਹਨ। ਦੁਧਾਰੂ ਪਸ਼ੂ ਬੀਟੀ ਕੱਟਨ ਦੇ ਖੇਤਾਂ ਵਿਚ ਚਰਨ ਦੇ ਬਾਵਜੂਦ ਭੁੱਖੇ ਰਹਿ ਜਾਂਦੇ ਹਨ। ਇਸ ਤੋਂ ਇਲਾਵਾ ਬੀਟੀ ਕੱਟਨ ਦਾ ਕੱਚਾ ਬਿਨੋਲਾ ਖਾਣ ਨਾਲ ਪਸ਼ੂਆਂ ਨੂੰ ਦਸਤ ਲੱਗ ਜਾਂਦੇ ਹਨ, ਜਿਸ ਨਾਲ ਉਹ ਕਮਜ਼ੋਰ ਹੋ ਜਾਂਦੇ ਹਨ। ਇਸ ਦੀਆਂ ਗਡਬਾਸੂ ਨੂੰ ਲਗਾਤਾਰ ਸ਼ਿਕਾਇਤਾਂ ਵੀ ਮਿਲ ਰਹੀਆਂ ਹਨ।




ਦੇਖਣ ਵਿਚ ਆਇਆ ਹੈ ਕਿ ਬੀਟੀ ਕੱਟਨ ਦੀ ਖਲ ਖਾਣ ਵਾਲੇ ਪਸ਼ੂਆਂ ਦੀ ਦੁੱਧ ਦੀ ਕੁਆਇਲਟੀ ਵੀ ਵਧੀਆ ਨਹੀਂ ਹੁੰਦੀ। ਦੁੱਧ ਵਿਚ ਪ੍ਰੋਟੀਨ, ਫੈਟ, ਕਾਰਬੋਹਾਈਡ੍ਰੇਟਸ, ਵਿਟਾਮਿਨ ਏ, ਵਿਟਾਮਿਨ ਸੀ, ਆਇਰਨ ਜਿਹੇ ਮੁੱਖ ਤੱਤ ਹੁੰਦੇ ਹਨ, ਜਿਹੜੇ ਕਿ ਮਨੁੱਖੀ ਸਿਹਤ ਲਈ ਬੇਹੱਦ ਜ਼ਰੂਰੀ ਹੁੰਦੇ ਹਨ। ਗਡਬਾਸੂ ਵਿਗਿਆਨੀ ਕਹਿੰਦੇ ਹਨ ਕਿ ਕੱਟਨ ਦੀ ਖਲ ਦੇ ਇਸਤੇਮਾਲ ਕਰਨ ਨਾਲ ਦੁੱਧ ਵਿਚ ਫੈਟ ਜ਼ਰੂਰ ਵੱਧ ਜਾਂਦੀ ਹੈ ਪਰ ਵਿਟਾਮਿਨ ਏ ਦੀ ਕਮੀ ਵੀ ਹੋ ਜਾਂਦੀ ਹੈ। ਅਪੋਲੋ ਹਸਪਤਾਲ, ਲੁਧਿਆਣਾ ਦੇ ਮੈਡੀਸਨ ਵਿਭਾਗ ਦੇ ਮਾਹਿਰ ਡਾ. ਗੌਤਮ ਅਗਰਵਾਲ ਦੇ ਅਨੁਸਾਰ ਅਜਿਹਾ ਦੁੱਧ ਇਸਤੇਮਾਲ ਕਰਨ ਵਾਲੇ ਲੋਕਾਂ ਅਤੇ ਖਾਸ ਕਰਕੇ ਬੱਚਿਆਂ ਦੀ ਨਜ਼ਰ ਕਮਜ਼ੋਰ ਹੋ ਸਕਦੀ ਹੈ। ਆਇਰਨ ਦੀ ਕਮੀ ਨਾਲ ਸਰੀਰ ਵਿਚ ਖੂਨ ਦੀ ਘਾਟ ਵੀ ਹੋ ਸਕਦੀ ਹੈ। ਵਿਟਾਮਿਨ ਸੀ ਦੀ ਕਮੀ ਨਾਲ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਕਮਜ਼ੋਰ ਪੈ ਜਾਂਦੀ ਹੈ ਅਤੇ ਸਭ ਤੋਂ ਜ਼ਿਆਦਾ ਮਾੜਾ ਪ੍ਰਭਾਵ ਗਰਭਵਤੀ ਔਰਤਾਂ ਉਪਰ ਹੁੰਦਾ ਹੈ।

ਪਤਾ ਲੱਗਿਆ ਹੈ ਕਿ ਪਸ਼ੂ ਪਾਲਕ ਹੀ ਨਹੀਂ ਸਗੋਂ ਡੇਅਰੀ ਫਾਰਮਰ ਵੀ ਕੱਟਨ ਦੀ ਖਲ ਦਾ ਇਸਤੇਮਾਲ ਦੁੱਧ ਦੀ ਫੈਟ ਵਧਾਉਣ ਲਈ ਕਰ ਰਹੇ ਹਨ। ਪਸ਼ੂ ਵਿਗਿਆਨੀਆਂ ਦਾ ਕਹਿਣਾ ਹੈ ਕਿ ਅਜਿਹੀ ਖਲ ਵਿਚ ਮੌਜੂਦ ਰਸਾਇਣਾਂ ਦਾ ਮਾੜਾ ਪ੍ਰਭਾਵ ਪਸ਼ੂਆਂ ਦੀ ਪ੍ਰਜਣਨ ਸ਼ਕਤੀ ਉੱਤੇ ਪੈਂਦਾ ਹੈ। ਉਹ ਛੇਤੀ ਹੀ ਗਰਮੀ ਵਿਚ ਨਹੀਂ ਆਉਂਦੇ। ਪ੍ਰਦੇਸ਼ ਵਿਚ ਦੁਧਾਰੂ ਪਸ਼ੂਆਂ ਦੇ ਅੰਕੜੇ ਇਸ ਦੀ ਪੁਸ਼ਟੀ ਕਰਨ ਲੱਗਦੇ ਹਨ। ਰਾਜ ਵਿਚ ਪਸ਼ੂ ਗਣਨਾ (ਐਨੀਮਲ ਸੈਂਸਜ਼) ਦੇ ਅਨੁਸਾਰ, ਸਾਲ 1997 ਵਿਚ ਇੱਥੇ ਦੁਧਾਰੂ ਗਾਵਾਂ ਅਤੇ ਮੱਝਾਂ ਦੀ ਕੁੱਲ ਸੰਖਿਆ 84 ਲੱਖ ਸੀ, ਉਥੇ ਹੀ 2005 ਵਿਚ ਇਹ ਘੱਟ ਹੋ ਕੇ 80 ਲੱਖ ਤੀਹ ਹਜ਼ਾਰ ਰਹਿ ਗਈ। ਮੌਜੂਦਾ ਸਮੇਂ ਵਿਚ ਇਹ ਹੋਰ ਵੀ ਘੱਟ ਕੇ 65 ਲੱਖ 62 ਹਜ਼ਾਰ 694 ਰਹਿ ਗਈ। ਭਾਵ ਲੱਗਭਗ 15 ਫੀਸਦੀ ਦੀ ਗਿਰਾਵਟ ਆਈ। ਜ਼ਾਹਿਰ ਹੈ ਕਿ ਹੁਣ ਇਸ ਨਾਲ ਉਤਪਾਦਨ ਵਿਚ ਹੇਠਾਂ ਡਿੱਗ ਸਕਦਾ ਹੈ।

ਬੀਟੀ ਕੱਟਨ ਨਾਲ ਹੋਣ ਵਾਲੇ ਨੁਕਸਾਨ ਦਾ ਸਹੀ ਪਤਾ ਲਾਉਣ ਅਤੇ ਬਚਾਅ ਲਈ ਉਪਾਅ ਖੋਜਣ ਵਾਸਤੇ ਗਡਬਾਸੂ ਨੇ ਦੋ ਸਾਲ ਪਹਿਲਾਂ ਪੀ.ਏ.ਯੂ (ਪੰਜਾਬ ਐਗਰੀਕਲਚਰ ਯੂਨੀਵਰਸਿਟੀ), ਲੁਧਿਆਣਾ ਦੇ ਨਾਲ ਰਿਸਰਚ ਪ੍ਰੋਜੈਕਟ ਤਿਆਰ ਕਰਨ ਦਾ ਵਿਚਾਰ ਕੀਤਾ ਸੀ। ਗਡਬਾਸੂ ਦੇ ਰਿਸਰਚ ਡਾਇਰੇਕਟਰ ਡਾ. ਏ.ਐਸ. ਨੰਦਾ ਕਹਿੰਦੇ ਹਨ ਕਿ ਰਿਸਰਚ ਪ੍ਰੋਗਰਾਮ ਦੇ ਲਈ ਪੀ.ਏ.ਯੂ ਕੰਮ ਕਰੇਗੀ। ਇਸ ਲਈ ਸਹੀ ਤੱਤ ਖੋਜ ਦੇ ਬਾਅਦ ਹੀ ਮਿਲ ਸਕਣਗੇ।

**ਚਰਚਾ ‘ਚ**

ਪੰਜਾਬ ਪਾਲ

## ਕਬੱਡੀ, ਕਬੱਡੀ, ਕਬੱਡੀ

**‘ਸਟੱਡੀ,** ਸਟੱਡੀ, ਸਟੱਡੀ ਵਿਚ ਪੇਂਡੂ ਪੰਜਾਬ ਬਹੁਤ ਪਛੜ ਗਿਆ ਹੈ। ਇਕ ਤਾਜ਼ਾ ਸਰਵੇਖਣ ਅਨੁਸਾਰ ਪਿੰਡਾਂ ਵਿਚ ਵਸਦੇ ਪੰਜਾਬ ਦੇ ਕੇਵਲ ਚਾਰ ਫ਼ੀਸਦੀ ਵਿਦਿਆਰਥੀ ਹੀ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਯੂਨੀਵਰਸਿਟੀਆਂ ਆਦਿ ਵਿਚ ਜਾਂਦੇ ਹਨ। ਪੇਂਡੂ ਪੰਜਾਬ ਦੇ ਇਹਨਾਂ ਨੌਜਵਾਨਾਂ ਨੂੰ ਵੀ ਤਾਂ ਆਖਰ ਕਿਸੇ ਆਹਰ ਲਾਉਣਾ ਹੀ ਹੈ। ਬੀਤੇ ਦਿਨੀਂ ‘ਸਟੱਡੀ, ਸਟੱਡੀ, ਸਟੱਡੀ.....’ ਤੋਂ ਵੰਚਿਤ ਹੋਏ ਪੇਂਡੂ ਨੌਜਵਾਨਾਂ ਨੂੰ ‘ਕਬੱਡੀ, ਕਬੱਡੀ, ਕਬੱਡੀ.....’ਦੀ ਮੁਹਾਰਨੀ ਰਟਾਈ ਗਈ। ਇਸਦਾ ਸਾਧਨ ਬਣਾਇਆ ਗਿਆ ਵਿਸ਼ਵ ਕਬੱਡੀ ਕੱਪ ਦੇ ਆਯੋਜਨ ਨੂੰ ਤੇ ਇਸ ਦੇ ਧੂੰਆਂ ਧਾਰ ਪ੍ਰਚਾਰ ਨੂੰ। ਪ੍ਰਚਾਰ ਦਾ ਧੂੰਆਂ ਏਨਾ ਸੰਘਣਾ ਸੀ ਕਿ ਕੁੱਝ ਦਿਨ ਤਾਂ ਇਸਨੇ ਪੰਜਾਬੀਆਂ ਦੀ ਹੋਸ਼ ਹੀ ਭੁਲਾਈ ਰੱਖੀ। ਉਹਨਾਂ ਨੂੰ ਇਉਂ ਮਹਿਸੂਸ ਹੁੰਦਾ ਰਿਹਾ ਹੈ ਕਿ ਹੁਣ ਤੱਕ ਤਾਂ ‘ਮਾਂ ਖੇਡ’ ਕਬੱਡੀ ਦੀ ਕਿਸੇ ਨੇ ਸਾਰ ਹੀ ਨਹੀਂ ਲਈ ਤੇ ਇਸਦੀ ਸਾਰ ਲੈਣ ਦਾ ਫੁਰਨਾ ਕੇਵਲ ਪੰਜਾਬ ਦੇ ਵਰਤਮਾਨ ਹਾਕਮਾਂ ਨੂੰ ਹੀ ਫੁਰਿਆ ਹੈ ਤੇ ਇਹਨਾਂ ਵਿਚੋਂ ਵੀ ਕੇਵਲ ਸੁਖਬੀਰ ਬਾਦਲ। ਟੂਰਨਾਮੈਂਟ ਦੇ ਕੁਮੈਂਟਟੇਟਰਾਂ ਨੇ ‘ਕਬੱਡੀ, ਕਬੱਡੀ, ਕਬੱਡੀ.....’ ਦੇ ਨਾਲ-ਨਾਲ ‘ਬਾਦਲ, ਬਾਦਲ, ਬਾਦਲ.....’ਦਾ ਅਲਾਪ ਵੀ ਬੁਲੰਦ ਕਰੀ ਰੱਖਿਆ।



‘ਵਿਸ਼ਵ ਕਬੱਡੀ ਕੱਪ’ ਅਪਣੇ ਪਿੱਛੇ ਬਹੁਤ ਸਾਰੇ ਤਿੱਖੇ ਸਵਾਲ ਛੱਡ ਗਿਆ ਹੈ। ਪਹਿਲਾ ਸਵਾਲ ਤਾਂ ਇਹ ਹੈ ਕਿ ਇਕ-ਅੱਧ ਟੀਮ ਨੂੰ ਛੱਡ ਕੇ, ਵੱਖ-ਵੱਖ ਦੇਸ਼ਾਂ ਵਲੋਂ ਖੇਡੇ ਗਏ ਦਰਜਨਾਂ ਕੁ ਪੰਜਾਬ ਦੇ ਹੀ ਕਬੱਡੀ ਖਿਡਾਰੀਆਂ ਦੀ ਸ਼ਮੂਲੀਅਤ ਨਾਲ ਕੀ ਇਹ ਟੂਰਨਾਮੈਂਟ ਵਿਸ਼ਵ ਕਬੱਡੀ ਕੱਪ ਮੁਕਾਬਲਾ ਅਖਵਾਉਣ ਦਾ ਹੱਕਦਾਰ ਵੀ ਸੀ? ਨਿਸ਼ਚੇ ਹੀ ਇਸ ਸਵਾਲ ਦਾ ਜਵਾਬ ਨਾਂਹ ਵਿਚ ਹੀ ਹੋਵੇਗਾ। ਦੂਜਾ ਸਵਾਲ ਇਹ ਹੈ ਕਿ ਆਰਥਿਕ ਸਮੱਸਿਆਵਾਂ ਨਾਲ ਜੂਝ ਰਹੇ ਤੇ ਬੁਰੀ ਤਰ੍ਹਾਂ ਟੁੱਟੇ ਹੋਏ ਪੇਂਡੂ ਪੰਜਾਬ ਦੀ ਇਹ ਖੇਡ ਸਹੀ ਅਰਥਾਂ ’ਚ ਨੁਮਾਇੰਦਗੀ ਵੀ ਕਰਦੀ ਹੈ? ਜਵਾਨੀ ਨੂੰ ਕਬੱਡੀ ਕੱਪ ਦੀ ਤਰਜ਼ ’ਤੇ ਪਾਲਣਾ ਹੁਣ ਪੰਜਾਬੀਆਂ ਦੇ ਵੱਸ ਦਾ ਰੋਗ ਨਹੀਂ ਰਿਹਾ। ਤੀਸਰਾ ਸਵਾਲ ਹੈ ਕਿ ਇਹ ਟੂਰਨਾਮੈਂਟ ਮਹਿਜ਼ ਹੱਲਾ-ਗੁੱਲਾ ਸ਼ੋਰ-ਸ਼ਰਾਬਾ ਜਾਂ ਸ਼ੁਗਲ ਮਾਤਰ ਨਹੀਂ ਸੀ? ਇਸ ਸਵਾਲ ਦਾ ਜਵਾਬ ਹਾਂ ਵਿਚ ਹੋ ਸਕਦਾ ਹੈ, ਕਿਉਂਕਿ ਸਮੁੱਚੇ ਟੂਰਨਾਮੈਂਟ ਦੌਰਾਨ ਮਾਹੌਲ ਲਗਭੱਗ ਇਹੋ ਜਿਹਾ ਹੀ ਬਣਿਆ ਰਿਹਾ।

ਚੰਗੇਰੇ ਜੀਵਨ ਮਿਆਰ ਤੇ ਸਿਹਤ ਸਬੰਧੀ ਚੇਤਨਾ ਤੋਂ ਟੁੱਟੀਆਂ ਹੋਈਆਂ ਖੇਡਾਂ ਕੇਵਲ ਆਯੋਜਕਾਂ ਦਾ ਪ੍ਰਪੰਚ ਮਾਤਰ ਹੀ ਹੁੰਦੀਆਂ ਹਨ। ‘ਵਿਸ਼ਵ ਕਬੱਡੀ ਕੱਪ’ ਵੀ ਕੁਝ ਇਹੋ ਜਿਹਾ ਪ੍ਰਭਾਵ ਹੀ ਛੱਡ ਕੇ ਗਿਆ ਹੈ।

## ਬਿਜਲੀ ਬੋਰਡ ਦਾ ਨਿਗਮੀਕਰਣ।

ਪੰਜਾਬ ਰਾਜ ਦੇ ਬਿਜਲੀ ਬੋਰਡ ਦੇ ਸਮੂਹ ਕਰਮਚਾਰੀਆਂ ਤੇ ਕਿਰਤੀ-ਕਿਸਾਨ ਜੱਥੇਬੰਦੀਆਂ ਦੇ ਸਖ਼ਤ ਵਿਰੋਧ ਦੀ ਪਰਵਾਹ ਨਾ ਕਰਦਿਆਂ ਆਖਰ ਪੰਜਾਬ ਸਰਕਾਰ ਨੇ ਪੰਜਾਬ ਰਾਜ ਬਿਜਲੀ ਬੋਰਡ ਦਾ ਨਿਗਮੀਕਰਣ ਕਰ ਹੀ ਦਿੱਤਾ। ਹੁਣ ਇਹ ਅਦਾਰਾ ਨਿੱਜੀਕਰਣ ਤੋਂ ਕੇਵਲ ਇਕ ਕਦਮ ਹੀ ਪਿੱਛੇ ਰਹਿ ਗਿਆ ਹੈ। ਨਿਗਮੀਕਰਣ ਦੇ ਮੁੱਦੇ ‘ਤੇ ਰਾਜ ਸਰਕਾਰ ਦੀ ਹਮਾਇਤ ਵਿਚ, ਕਿਸਾਨ ਹਿੱਤਾਂ ਨਾਲ ਨੰਗਾ-ਚਿੱਟਾ ਧ੍ਰੋਹ ਕਮਾਉਂਦੇ ਹੋਏ ਕੇਵਲ ਅਜਮੇਰ ਸਿੰਘ ਲੱਖੋਵਾਲ ਅਤੇ ਬਲਬੀਰ ਸਿੰਘ ਰਾਜੇਵਾਲ ਹੀ ਨਿੱਤਰੇ। ਸ਼ਇਦ ਅਜਿਹਾ ਇਹਨਾਂ ਨੂੰ ਕਰਨਾ ਹੀ ਪੈਣਾ ਸੀ ਕਿਉਂਕਿ ਇਹ ‘ਨੇਤਾ‘ ਕਿਸਾਨੀ ਦੀ ਉਸ ਪਰਤ ਦਾ ਹਿੱਸਾ ਹਨ, ਜਿਹੜੀ ਰਾਜਪਾਟ ਦਾ ਸੁੱਖ ਭੋਗ ਰਹੀ ਹੈ। ਆਰਥਿਕ ਬੋਝ ਥੱਲੇ ਦੱਬੇ ਹੋਏ ਕਿਸਾਨਾਂ ਪ੍ਰਤੀ ਨਾ ਇਹਨਾਂ ਦੀ ਕੋਈ ਹਮਦਰਦੀ ਹੈ ਤੇ ਨਾ ਹੀ ਜਵਾਬਦੇਹੀ।

ਪੰਜਾਬ ਰਾਜ ਬਿਜਲੀ ਬੋਰਡ ਨੂੰ ਦੋ ਕੰਪਨੀਆਂ ਪਾਵਰਕੋਮ ਅਤੇ ਟਰਾਂਸਕੋਮ ਵਿਚ ਵੰਡ ਦਿੱਤਾ ਗਿਆ। ਦੋਵਾਂ ਨੂੰ ਕਲੀਨ ਬੈਲੇਂਸ ਸ਼ੀਟਾਂ ਦਿੱਤੀਆਂ ਗਈਆਂ ਹਨ ਤੇ ਦੋਵਾਂ ਵਿਚ ਪੰਜਾਬ ਸਰਕਾਰ ਦੇ ਬਿਜਲੀ ਮੁਲਾਜ਼ਮ ਡੈਪੂਟੇਸ਼ਨ ‘ਤੇ ਹਨ। ਬਿਜਲੀ ਪੈਦਾਵਾਰ ਅਤੇ ਬਿਜਲੀ ਵਿਤਰਣ ਨੂੰ ਦੇਖਣ ਵਾਲੀਆਂ ਇਹ ਦੋਵੇਂ ਕੰਪਨੀਆਂ ਹਾਲ ਦੀ ਘੜੀ ਰਾਜ ਸਰਕਾਰ ਅਧੀਨ ਹੀ ਰਹਿਣਗੀਆਂ। ਭਵਿੱਖ ਵਿਚ ਕੀ ਹੋਵੇਗਾ? ਉਸ ਬਾਰੇ ਕੋਈ ਗਾਰੰਟੀ ਨਹੀਂ ਦਿੱਤੀ ਗਈ, ਉਂਝ ਇਹ ਸਮਝਣ ਵਿਚ ਕੋਈ ਔਖਿਆਈ ਨਹੀਂ ਕਿ ਆਉਣ ਵਾਲੇ ਸਮੇਂ ਦੌਰਾਨ ਇਹਨਾਂ ਕੰਪਨੀਆਂ ਵਿਚ ਵੀ ਅੱਪਨਿਵੇਸ਼ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ। ਬਿਜਲੀ ਬੋਰਡ ਦੇ ਨਿਗਮੀਕਰਣ ਦਾ ਪਾਵਰ ਸੈਕਟਰ ਤੇ ਬਿਜਲੀ ਖਪਤਕਾਰਾਂ ‘ਤੇ ਕੀ ਪ੍ਰਭਾਵ ਪਵੇਗਾ ਇਸ ਬਾਰੇ ਫ਼ਿਲਹਾਲ ਤਾਂ ਬਹੁਤਾ ਕੁੱਝ ਕਹਿਣ ਲਈ ਉਹੀ ਹੈ ਜੋ ਖ਼ਦਸ਼ਿਆਂ ਦੇ ਰੂਪ ਵਿਚ ਵਾਰ-ਵਾਰ ਦੁਹਰਾਇਆ ਜਾ ਰਿਹਾ ਹੈ ਕਿ ਹਾਲਾਤ ਬਦ ਤੋਂ ਬਦਤਰ ਹੀ ਹੋਣਗੇ।



ਨਿਗਮੀਕਰਣ ਤੋਂ ਬਾਅਦ ਪਾਵਰ ਸੈਕਟਰ ਨੇ ਜੋ ਤਾਜ਼ਾ ਸੰਕੇਤ ਦਿੱਤੇ ਹਨ, ਉਹ ਵੀ ਇਹਨਾਂ ਖ਼ਦਸ਼ਿਆਂ ਦੀ ਹੀ ਪੁਸ਼ਟੀ ਕਰਦਾ ਹੈ। ਨਿਗਮੀਕਰਣ ਤੋਂ ਬਾਅਦ ਬਿਜਲੀ ਮਹਿੰਗੀ ਕਰ ਦਿੱਤੀ ਗਈ ਹੈ ਤੇ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਬਿਜਲੀ ਦੀ ਸਪਲਾਈ ਪਹਿਲਾਂ ਨਾਲੋਂ ਘਟੀ ਹੈ।

## ਬਿੱਲੂ ਗੀਤਕਾਰ

**ਜਿਉਂ-ਜਿਉਂ** ਗੀਤਾਂ ਦੀ ਚੋਰੀ ਦੇ ਮਾਮਲੇ ਪਰਤ-ਦਰ-ਪਰਤ ਸਾਹਮਣੇ ਆ ਰਹੇ ਹਨ ਤਿਉਂ-ਤਿਉਂ ਇਹਨਾਂ ਸਤਰਾਂ ਦੇ ਲੇਖਕ ਨੂੰ ਬਿੱਲੂ ਗੀਤਕਾਰ (ਕਲਪਿਤ ਨਾਂ) ਯਾਦ ਆ ਰਿਹਾ ਹੈ। ਪੜ੍ਹਾਈ ਵਿਚਾਲਿਓਂ ਛੱਡ ਕੇ ਬਿੱਲੂ ਨੇ ਗੀਤਕਾਰੀ ਨੂੰ ਪੇਸ਼ੇ ਵਜੋਂ ਹੀ ਅਪਣਾ ਲਿਆ ਜਾਪਦਾ ਸੀ, ਕਿਉਂਕਿ ਇਕ ਦਿਨ ਉਸਦੇ ਬਾਪ ਨੇ ਵੀ ਕਿਹਾ ਸੀ ਮੁੰਡਾ ‘ ਗਰੇਆਲ’ ਨਾਲ ਰਹਿੰਦੈ, ਇਹੀ ਕੰਮ ਕਰਦੈ। ਕੋਲੋਂ ਕਿਸੇ ਨੇ ਕਿਹਾ ਕਿ ਇਹ ਕਿਹੜਾ ਕੰਮਾਂ ’ਚੋਂ ਕੰਮ ਹੋਇਐ, ਤਾਂ ਉਸ ਨੇ ‘ਨਹੀਂ-ਨਹੀਂ....ਠੀਕ ਆ ਕਹਿ ਕੇ’ ਅਪਣੇ ਮੁੰਡੇ ਦੀ ਕਿੱਤਾ ਚੋਣ ਦੀ ਪ੍ਰੋੜਤਾ ਕੀਤੀ। ਇਹਨਾਂ ਸਤਰਾਂ ਦੇ ਲੇਖਕ ਕੋਲ ਵੀ ਬਿੱਲੂ ਦਾ ਆਥਣ--ਸਵੇਰ ਗੇੜਾ ਲੱਗਣ ਲੱਗ ਪਿਆ।

ਬਿੱਲੂ ਜਦੋਂ ਵੀ ਆਉਂਦਾ ਕੋਈ ਨਾ ਕੋਈ ਕਵਿਤਾ ਦੀ ਕਿਤਾਬ ਲੈ ਜਾਂਦਾ। ਮਨ ਨੂੰ ਖੁਸ਼ੀ ਮਿਲਦੀ ਕਿ ਨੌਜਵਾਨ ਨੂੰ ਕਵਿਤਾ ਪੜ੍ਹਨ ਦੀ ਚੇਟਕ ਲੱਗ ਗਈ ਹੈ। ਇਕ ਦਿਨ ਸੁਭਾਵਿਕ ਹੀ ਇਹ ਪੁੱਛਣ ‘ਤੇ ‘ਕਿਤਾਬਾਂ ਕਿਹੋ ਜਿਹੀਆਂ ਲੱਗਦੀਆਂ‘ ਬਿੱਲੂ ਨੇ ਜਵਾਬ ਦਿੱਤਾ, ’’ਬਹੁਤ ਕੰਮ ਦੀਆਂ, ਇਹਨਾਂ ‘ਚੋਂ ਗੀਤਾਂ ਦੇ ਮੁੱਖੜੇ ਬਹੁਤ ਮਿਲ ਜਾਂਦੇ ਆ,‘‘ ਉਹਦਾ ਜਵਾਬ ਸੁਣ ਕੇ ਹੱਥ ਮੱਲੋ-ਮੱਲੀ ਮੱਥੇ ‘ਤੇ ਜਾ ਲੱਗਾ। ਉਹਨੇ ਤਾਂ ਇਹ ਵੀ ਦੱਸਿਆ ਕਿ ਉਸਦਾ ਉਸਤਾਦ (ਇਕ ਨਾਮੀਂ ਗੀਤਕਾਰ) ਵੀ ਇਵੇਂ ਹੀ ਕਰਦੈ। ਖੈਰ ਇਹਨਾਂ ਸਤਰਾਂ ਦੇ ਲੇਖਕ ਲਈ ਇਹ ਮਾਮਲਾ ਸਾਹਿਤਕ ਚੋਰੀ ਦਾ ਸੀ। ਉਂਝ ਬਿੱਲੂ ਨੇ ਜੋ ਕੁਝ ਕਿਹਾ ਸੀ, ਉਹ ਸਭ ਕੁੱਝ ਸੱਚ ਸੀ।

ਪਿਛਲੇ ਦਿਨੀਂ ਗੀਤਕਾਰ ਸ਼ਮਸ਼ੇਰ ਸੰਧੂ ਨੇ ਇਕ ਰੋਜ਼ਾਨਾਂ ਪੰਜਾਬੀ ਅਖਬਾਰ ਵਿਚ ਅਪਣੇ ਲੇਖ ਰਾਹੀਂ ਅਨੇਕਾਂ ਅਜਿਹੇ ਗੀਤਾਂ ਦਾ ਜ਼ਿਕਰ ਕੀਤਾ ਹੈ, ਜਿਹਨਾਂ ਦਾ ਲੇਖਕ ਕੋਈ ਹੋਰ ਹੈ ਤੇ ਜਿਹਨਾਂ ਦੇ ਸਿਰ ‘ਤੇ ਗੀਤਕਾਰ ਕੋਈ ਹੋਰ ਬਣਿਆ ਫਿਰਦਾ ਹੈ।

ਦਰਅਸਲ ਉਹ ਜ਼ਮਾਨੇ ਲੱਦ ਗਏ, ਜਦੋਂ ਗੀਤ ਰਚੇ ਜਾਂਦੇ ਸਨ, ਸਿਰਜੇ ਜਾਂਦੇ ਸਨ ਤੇ ਸਦੀਆਂ ਬੀਤਣ ‘ਤੇ ਵੀ ਸੱਜਰੇ ਰਹਿੰਦੇ ਸਨ। ਹੁਣ ਤਾਂ ਗੀਤ ਘੜੇ ਜਾਂ ਬਣਾਏ ਜਾਂਦੇ ਹਨ, ਬਿਲਕੁਲ ਉਵੇਂ ਜਿਵੇਂ ਬਿੱਲੂ ਗੀਤਕਾਰ ਬਣਾਉਂਦਾ । ਇਹ ਗੀਤ ਕਿੰਨੀ ਕੁ ਉਮਰ ਹੰਢਾਉਂਦੇ ਹਨ ਅਸੀਂ ਸਭ ਜਾਣਦੇ ਹੀ ਹਾਂ।

# ਪੰਜਾਬ ਅੱਜ-ਕੱਲ੍ਹ

## ਸ਼ਾਵਾ ! ਕਣਕ ਸੈਂਟਰ ਦੀ, ਮਸ਼ਹੂਰੀ ਬਾਦਲ ਦੀ

**ਬਠਿੰਡਾ/ਨ.ਦ.ਬਿਊਰੋ**

ਗਰੀਬਾਂ ਨੂੰ ਘੱਟ ਕੀਮਤ 'ਤੇ ਆਟਾ-ਦਾਲ ਦੇਣ ਦੀ ਯੋਜਨਾ ਦਾ ਲਾਭ ਲੈਣ ਵਾਲੀ ਸੂਬਾ ਸਰਕਾਰ ਅਸਲ ਵਿਚ ਕੇਂਦਰ ਸਰਕਾਰ ਦੇ ਅਨਾਜ 'ਤੇ ਮੁਫ਼ਤ ਦੇ ਪ੍ਰਚਾਰ ਦਾ ਲਾਭ ਲੈ ਰਹੀ ਹੈ। ਇਸ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਪੰਜਾਬ ਵਿਚ ਪਿਛਲੇ ਤਿੰਨ ਸਾਲ ਤੋਂ ਆਟਾ-ਦਾਲ ਸਕੀਮ ਵਿਚ ਸਟੇਟ ਪੂਲ ਦੀ ਬਜਾਏ ਕੇਂਦਰ ਸਰਕਾਰ ਦੀ ਏ.ਪੀ.ਐਲ. ਯੋਜਨਾ ਦੇ ਅਨਾਜ ਦੀ ਵਰਤੋਂ ਹੋ ਰਹੀ ਹੈ। ਹਾਲਾਂਕਿ ਦਿਖਾਵੇ ਵਜੋਂ ਹਰ ਸਾਲ ਸਟੇਟ ਪੂਲ ਵਿਚ ਆਟਾ-ਦਾਲ ਯੋਜਨਾ ਤਹਿਤ ਹਜ਼ਾਰਾਂ ਟਨ ਅਨਾਜ ਦੀ ਖਰੀਦ ਕੀਤੀ ਜਾਂਦੀ ਰਹੀ ਹੈ ਪਰ ਵਰਤੋਂ ਕੇਂਦਰ ਸਰਕਾਰ ਤੋਂ ਏ.ਪੀ.ਐਲ. ਲਈ ਆਉਣ ਵਾਲੇ ਅਨਾਜ ਦੀ ਕੀਤੀ ਜਾਂਦੀ ਰਹੀ। ਅਜਿਹੇ ਸਮੇਂ ਸਟੇਟ ਪੂਲ ਦੇ ਗੋਦਾਮ ਅਨਾਜ ਨਾਲ ਨਕੋ-ਨੱਕ ਭਰੇ ਪਏ ਹਨ। ਹੁਣ ਇਹ ਅਨਾਜ ਖਰਾਬ ਨਾ ਹੋ ਜਾਏ, ਇਸ ਲਈ ਇਸ ਵਾਰ ਬਾਦਲ ਸਰਕਾਰ ਨੇ ਆਟਾ-ਦਾਲ ਯੋਜਨਾ ਲਈ ਸਟੇਟ ਪੂਲ ਵਿਚ ਅਨਾਜ ਦਾ ਇਕ ਦਾਣਾ ਵੀ ਨਹੀਂ ਖਰੀਦਿਆ। ਤਿੰਨ ਸਾਲ ਪਹਿਲਾਂ ਸ਼ੁਰੂ ਹੋਈ ਸੀ ਸਕੀਮ-

*ਕੇਂਦਰ ਦੇ ਅਨਾਜ ਨਾਲ ਭਰਿਆ ਪੰਜਾਬ ਦੀ ਆਟਾ-ਦਾਲ ਯੋਜਨਾ ਦਾ ਪੇਟ,*
*ਤਿੰਨ ਸਾਲ ਤੋਂ ਸਟੇਟ ਪੂਲ ਦੇ ਅਨਾਜ ਦੀ ਹੋ ਰਹੀ ਹੈ ਨਾਮਾਤਰ ਵਰਤੋਂ*

ਗਰੀਬਾਂ ਨੂੰ ਸਸਤਾ ਆਟਾ-ਦਾਲ ਦੇਣ ਦੇ ਨਾਂ 'ਤੇ ਪਿਛਲੀਆਂ ਵਿਧਾਨ ਸਭਾ ਚੋਣ ਲੜਨ ਵਾਲੀ ਅਕਾਲੀ-ਭਾਜਪਾ ਸਰਕਾਰ ਨੇ 15 ਅਗਸਤ 2007 ਨੂੰ ਆਟਾ-ਦਾਲ ਸਕੀਮ ਸ਼ੁਰੂ ਕੀਤੀ ਸੀ। ਸੂਤਰਾਂ ਅਨੁਸਾਰ ਇਸ ਯੋਜਨਾ ਤਹਿਤ ਹਜ਼ਾਰਾਂ ਟਨ ਅਨਾਜ ਦੀ ਖਰੀਦ ਕੀਤੀ। ਇਸ ਵਿਚ 15,400 ਟਨ ਅਨਾਜ ਇਕਲੇ ਪਨਸਪ ਨੇ ਖਰੀਦਿਆ ਪਰ ਇਸ ਵਿਚੋਂ ਸਿਰਫ਼ 6,714 ਟਨ ਅਨਾਜ ਦੀ ਵਰਤੋਂ ਆਟਾ-ਦਾਲ ਸਕੀਮ ਵਿਚ ਹੋਈ, ਜਦਕਿ ਬਾਕੀ ਦੀ ਪੂਰਤੀ ਕੇਂਦਰ ਸਰਕਾਰ ਦੇ ਏ.ਪੀ.ਐਲ. ਅਨਾਜ ਨਾਲ ਕਰ ਦਿੱਤੀ ਗਈ। ਅਜਿਹੇ ਸਮੇਂ ਸਕੀਮ ਲਈ ਖਰੀਦੇ 8,686 ਟਨ ਅਨਾਜ ਦੀ ਵਰਤੋਂ ਨਹੀਂ ਹੋਈ, ਜਿਸ ਨੂੰ ਬਾਅਦ ਵਿਚ ਕੇਂਦਰੀ ਪੂਲ ਵਿਚ ਮਰਜ ਕਰ ਦਿੱਤਾ ਗਿਆ। ਇਸੇ ਤਰ੍ਹਾਂ ਸਾਲ 2008-09 ਵਿਚ ਯੋਜਨਾ ਤਹਿਤ ਪੰਜਾਬ ਸਰਕਾਰ ਨੇ ਸਟੇਟ ਪੂਲ ਵਿਚ ਪਨਸਪ, ਮਾਰਕਫੈੱਡ, ਪੰਜਾਬ ਐਗਰੋ ਤੇ ਵੇਅਰਹਾਊਸ ਦੇ ਜ਼ਰੀਏ ਕੁੱਲ 18, 440 ਮੀਟ੍ਰਿਕ ਟਨ ਅਨਾਜ ਦੀ ਖਰੀਦ ਕੀਤੀ। ਪਰ ਇਸ ਵਿਚੋਂ ਸਿਰਫ਼ 11,590 ਮੀਟ੍ਰਿਕ ਟਨ ਅਨਾਜ ਦੀ ਹੀ ਵਰਤੋਂ ਸਕੀਮ ਲਈ ਕੀਤੀ। ਜਦਕਿ ਬਾਕੀ ਪੂਰਤੀ ਕੇਂਦਰ ਦੇ ਏ.ਪੀ.ਐਲ. ਅਨਾਜ ਤੋਂ ਕਰ ਦਿੱਤੀ ਗਈ। ਇਸ ਤੋਂ ਪਹਿਲਾਂ 2008 ਵਿਚ ਵੀ ਸਕੀਮ ਲਈ ਖਰੀਦਿਆ ਗਿਆ 6,858 ਮੀਟ੍ਰਿਕ ਟਨ ਅਨਾਜ ਇਸਤੇਮਾਲ ਨਹੀਂ ਹੋਇਆ। ਸਾਲ 2009-10 ਵਿਚ ਸਰਕਾਰ ਨੇ ਸਕੀਮ ਲਈ ਸਟੇਟ ਪੂਲ ਤੋਂ 14,833 ਮੀਟ੍ਰਿਕ ਟਨ ਅਨਾਜ ਦੀ ਖਰੀਦ ਕੀਤੀ ਪਰ ਇਸ ਨਾਲ ਮਾਤਰ 10 ਫੀਸਦੀ ਭਾਵ 1,672 ਮੀਟ੍ਰਿਕ ਟਨ ਅਨਾਜ ਦੀ ਵਰਤੋਂ ਸਕੀਮ ਲਈ ਹੋਈ। ਭਾਵ ਪੂਰੇ ਸਾਲ ਵਿਚ ਸਿਰਫ਼ ਦੋ ਮਹੀਨੇ ਹੀ ਸੂਬਾ ਸਰਕਾਰ ਨੇ ਆਟਾ-ਦਾਲ ਸਕੀਮ ਵਿਚ ਆਪਣੇ ਵੱਲੋਂ ਅਨਾਜ ਦਿੱਤਾ। 2009 ਵਿਚ ਵੀ ਯੋਜਨਾ ਲਈ ਖਰੀਦੇ ਅਨਾਜ ਵਿਚੋਂ 13,161 ਮੀਟ੍ਰਿਕ ਟਨ ਅਨਾਜ ਬਚ ਗਿਆ। ਇਸ ਦੇ ਪਿੱਛੇ ਕੀ ਕਾਰਨ ਹਨ ਕਿ ਸੂਬਾ ਸਰਕਾਰ ਕੇਂਦਰ ਸਰਕਾਰ ਦੇ ਅਨਾਜ 'ਤੇ ਹੀ ਆਪਣੀ ਆਟਾ-ਦਾਲ ਯੋਜਨਾ ਚਲਾ ਕੇ ਮੁਫ਼ਤ ਦੀ ਪਬਲਿਸਿਟੀ ਲੈਂਦੀ ਰਹੀ।

## ਸਾਹਿਤ ਅਕਾਦਮੀ ਲੁਧਿਆਣਾ ਦੀਆਂ ਚੋਣਾਂ ਪ੍ਰੋ. ਗਿੱਲ ਪ੍ਰਧਾਨ ਤੇ ਡਾ. ਸਿਰਸਾ ਜਨਰਲ ਸਕੱਤਰ ਬਣੇ

**ਲੁਧਿਆਣਾ/ਨ.ਦ.ਬਿਊਰੋ**

ਪਿਛਲੇ ਦਿਨੀਂ ਲੁਧਿਆਣਾ ਵਿਚ ਹੋਈਆਂ ਪੰਜਾਬੀ ਸਾਹਿਤ ਅਕਾਦਮੀ ਦੀਆਂ ਚੋਣਾਂ ਵਿਚ ਸੁਰਜੀਤ ਪਾਤਰ ਦੀ ਹਮਾਇਤ ਵਾਲੇ ਪ੍ਰੋ. ਗੁਰਭਜਨ ਗਿੱਲ ਦੇ ਪੈਨਲ ਤੇ ਐਸ.ਤਰਸੇਮ ਤੇ ਸੁਖਦੇਵ ਸਿਰਸਾ ਦੇ ਪੈਨਲ ਵਿਚਾਲੇ ਬਰਾਬਰ ਦੀ ਟੱਕਰ ਰਹੀ। ਪ੍ਰੋ. ਗੁਰਭਜਨ ਗਿੱਲ ਪ੍ਰਧਾਨ ਚੁਣੇ ਗਏ ਜਦਕਿ ਡਾ. ਸੁਖਦੇਵ ਸਿਰਸਾ ਜਨਰਲ ਸਕੱਤਰ ਚੁਣੇ ਗਏ। ਡਾ. ਸੁਖਦੇਵ ਸਿਰਸਾ ਦੇ ਮੁਕਾਬਲੇ ਜਸਵੰਤ ਜ਼ਫ਼ਰ 14 ਵੋਟਾਂ ਨਾਲ ਹਾਰ ਗਏ। ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਲਈ ਕਹਾਣੀਕਾਰ ਸੁਖਜੀਤ ਚੋਣ ਜਿੱਤ ਗਏ। ਚੁਣੇ ਗਏ ਪੰਜ ਮੀਤ ਪ੍ਰਧਾਨਾਂ ਵਿਚੋਂ ਸੁਖਦੇਵ ਸਿਰਸਾ ਪੈਨਲ ਦੇ ਸੁਸ਼ੀਲ ਦੁਸਾਂਝ (471), ਡਾ. ਜੋਗਿੰਦਰ ਨਿਰਾਲਾ (466), ਸੁਰਿੰਦਰ ਕੈਲੇ (414) ਵੋਟਾਂ ਨਾਲ ਜੇਤੂ ਰਹੇ ਜਦਕਿ ਪਹਿਲਾਂ ਦੋਵਾਂ ਪੈਨਲਾਂ ਵਿਚ ਬੋਲਦੇ ਰਹੇ ਤੇ ਫੇਰ ਆਖਰੀ ਵੇਲੇ ਪ੍ਰੋ. ਗਿੱਲ ਪੈਨਲ ਚ ਜਾ ਵੜੇ ਡਾ. ਅਨੂਪ ਸਿੰਘ (538) ਤੇ ਡਾ. ਲਾਭ ਸਿੰਘ ਖੀਵਾ (463) ਵੋਟਾਂ ਨਾਲ ਜੇਤੂ ਰਹੇ। ਅੰਤ੍ਰਿਗ ਬੋਰਡ ਦੇ ਪੰਦਰਾਂ ਮੈਂਬਰਾਂ ਵਿਚੋਂ ਗਿੱਲ-ਪਾਤਰ ਪੈਨਲ ਦੇ 7 ਉਮੀਦਵਾਰ ਜਦਕਿ ਤਰਸੇਮ-ਸਿਰਸਾ ਪੈਨਲ ਦੇ 8 ਉਮੀਦਵਾਰ ਜੇਤੂ ਰਹੇ। ਇਨ੍ਹਾਂ ਵਿਚ ਗੁਰਚਰਨ ਕੌਰ ਕੋਚਰ (465), ਗੁਲਜ਼ਾਰ ਸਿੰਘ ਸੌਂਕੀ (431), ਡਾ. ਨਿਰਮਲ ਸਿੰਘ ਜੋੜਾ (416), ਤਰਲੋਚਨ ਲੋਚੀ (403), ਸੁਰਿੰਦਰ ਰਾਮਪੁਰੀ (389), ਸੀ. ਮਾਰਕੰਡਾ (384), ਡਾ. ਸਵਰਨਜੀਤ ਕੌਰ ਗਰੇਵਾਲ (384), ਡਾ. ਸਰੂਪ ਸਿੰਘ ਅਲੱਗ (347), ਕੁਲਦੀਪ ਸਿੰਘ ਬੇਦੀ (388), ਡਾ.ਬਲਕਾਰ ਸਿੰਘ ਮੁਕਤਸਰ (284), ਸੁਦਰਸ਼ਨ ਗਾਸੋ (376) ਅਤੇ ਡਾ. ਸੁਰਜੀਤ ਕੌਰ (279) ਜੇਤੂ ਰਹੇ।

### 'ਨਵੀਂ ਦੁਨੀਆ' ਦੇ ਸੰਪਾਦਕ ਸੁਸ਼ੀਲ ਦੁਸਾਂਝ ਮੀਤ ਪ੍ਰਧਾਨ ਚੁਣ ਗਏ

ਪੰਜਾਬੀ ਸ਼ਾਇਰ ਤੇ 'ਨਵੀਂ ਦੁਨੀਆ' ਦੇ ਸੰਪਾਦਕ ਸੁਸ਼ੀਲ ਦੁਸਾਂਝ ਪੰਜਾਬੀ ਸਾਹਿਤ ਅਕਾਦਮੀ ਦੀਆਂ ਚੋਣਾਂ ਵਿਚ ਸਿਰਸਾ-ਤਰਸੇਮ ਧਿਰ ਵਲੋਂ ਸਭ ਤੋਂ ਵੱਧ ਵੋਟਾਂ ਲੈ ਕੇ ਚੋਣ ਜਿੱਤ ਗਏ ਹਨ। ਯਾਦ ਰਹੇ ਕਿ ਉਹ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਵੀ ਲਗਾਤਾਰ ਚਾਰ ਵਾਰ ਮੀਤ ਪ੍ਰਧਾਨ ਚੁਣੇ ਜਾ ਚੁੱਕੇ ਹਨ। ਪੰਜਾਬੀ ਸਾਹਿਤ ਅਕਾਦਮੀ ਦੀਆਂ ਚੋਣਾਂ ਵਿਚ ਉਹ ਪਹਿਲੀ ਵਾਰ ਹੀ ਮੈਦਾਨ ਚ ਆਏ ਸਨ।

## ਅਫ਼ਸਰ ਉਡਾ ਰਹੇ ਨੇ ਪੰਜਾਬੀ ਐਕਟ ਦੀਆਂ ਧੱਜੀਆਂ

**ਪਟਿਆਲਾ/ਨ.ਦ.ਬਿਊਰੋ**

ਮਾਂ ਬੋਲੀ ਪੰਜਾਬੀ ਦੇ ਪ੍ਰਸਾਰ ਲਈ ਸਰਕਾਰ ਵਲੋਂ ਭਾਵੇਂ ਅਪਣੇ ਸਮੂਹ ਦਫ਼ਤਰਾਂ ਅੰਦਰ ਕੰਮ ਪੰਜਾਬੀ ਵਿੱਚ ਕਰਨ ਨੂੰ ਯਕੀਨੀ ਬਣਾਉਣ ਲਈ ਨਵਾਂ ਕਾਨੂੰਨ ਬਣਾਇਆ ਗਿਆ ਹੈ। ਪਰ ਇਸ ਦੇ ਬਾਵਜੂਦ ਕੁੱਝ ਅਧਿਕਾਰੀਆਂ ਵਲੋਂ ਕਾਨੂੰਨ ਦੀਆਂ ਮੱਦਾਂ ਦੀਆਂ ਸ਼ਰ੍ਹੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

'ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ' ਦੀ ਤਰਫੋਂ ਰਾਜ ਅੰਦਰ ਬਿਜਲੀ ਦਰਾਂ ਵਿੱਚ ਵਾਧਾ ਕਰਨ ਸਬੰਧੀ ਜੋ 2210 ਨੰਬਰ ਸਰਕੂਲਰ ਜਾਰੀ ਕੀਤਾ ਗਿਆ ਹੈ, ਉਹ ਅੰਗਰੇਜ਼ੀ ਵਿੱਚ ਹੈ। ਬਿਜਲੀ ਬੋਰਡ ਭੰਗ ਹੋਣ 'ਤੇ ਨਵੀਆਂ ਕੰਪਨੀਆਂ ਗਠਿਤ ਹੋਣ ਮਗਰੋਂ ਜਾਰੀ ਕੀਤਾ ਗਿਆ ਇਹ ਪਲੇਠਾ ਸਰਕੂਲਰ ਹੈ।

ਯਾਦ ਰਹੇ ਕਿ ਐਕਟ ਅਧੀਨ ਸਰਕਾਰ ਵਲੋਂ ਅਪਣੇ ਹਰ ਤਰ੍ਹਾਂ ਦੇ ਅਦਾਰਿਆਂ ਅੰਦਰ ਪੰਜਾਬੀ ਵਿੱਚ ਕੰਮ ਕਰਨ ਦੇ ਸਖ਼ਤ ਆਦੇਸ਼ ਜਾਰੀ ਕਰਦਿਆਂ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਦੀ ਚਿਤਾਵਨੀ ਵੀ ਦਿੱਤੀ ਹੋਈ ਹੈ, ਪਰ ਇਸਦੀ ਪ੍ਰਵਾਹ ਨਾ ਕਰਦਿਆਂ ਬਹੁਤੇ ਅਧਿਕਾਰੀਆਂ ਵਲੋਂ ਅਪਣੇ ਕੰਮ ਅੰਗਰੇਜ਼ੀ ਵਿੱਚ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ। ਦੱਸਣਯੋਗ ਹੈ ਕਿ ਬਿਜਲੀ ਬੋਰਡ ਨੂੰ ਭੰਗ ਕਰਨ ਅਤੇ ਇਸ ਦੀ ਜਗ੍ਹਾ ਦੋ ਗਠਿਤ ਕੀਤੀਆਂ ਗਈਆਂ ਕੰਪਨੀਆਂ ਦਾ ਪ੍ਰਬੰਧ ਚਲਾਉਣ ਲਈ ਬਣਾਈ ਗਈ ਪ੍ਰਬੰਧਕੀ ਕਮੇਟੀ ਸਬੰਧੀ ਜਾਰੀ ਕੀਤਾ ਗਿਆ ਨੋਟੀਫਿਕੇਸ਼ਨ ਵੀ ਅੰਗਰੇਜ਼ੀ ਵਿੱਚ ਹੀ ਸੀ।

ਜ਼ਿਕਰਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਵਿਖੇ ਹੋਈ ਸਰਬ ਭਾਰਤੀ ਪੰਜਾਬੀ ਕਾਨਫਰੰਸ ਦੌਰਾਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਲੋਂ ਇਹ ਗੱਲ ਬੜੇ ਮਾਣ ਨਾਲ ਦੱਸੀ ਗਈ ਸੀ ਕਿ ਉਹਨਾਂ ਦੀ ਸਰਕਾਰ ਨੇ ਸਰਕਾਰੀ ਅਦਾਰਿਆਂ ਅੰਦਰ ਹਰ ਕੰਮ ਪੰਜਾਬੀ ਵਿੱਚ ਕੀਤੇ ਜਾਣ ਸਬੰਧੀ ਐਕਟ ਬਣਾਉਣ ਸਮੇਤ ਚੰਡੀਗੜ੍ਹ ਅਤੇ ਹੋਰਨਾਂ ਰਾਜਾਂ ਵਿੱਚ ਵੀ ਪੰਜਾਬੀ ਲਾਗੂ ਕਰਵਾਉਣ ਲਈ ਯਤਨ ਜਾਰੀ ਰੱਖੇ ਹੋਏ ਹਨ।


# Children's Education Funds Inc.

**ਕੀ ਤੁਸੀਂ ਜਾਣਦੇ ਹੋ?**

* ਕਿ ਕੈਨੇਡੀਅਨ ਗੌਰਮਿੰਟ ਨੇ 0 ਤੋਂ 6 ਸਾਲ ਦੀ ਉਮਰ ਦੇ ਬੱਚਿਆਂ ਨੂੰ ਹਰ ਮਹੀਨੇ 100 ਡਾਲਰ ਦੇਣ ਦਾ ਐਲਾਨ ਕੀਤਾ ਹੈ।
* ਕਿ ਇਹ 100 ਡਾਲਰ ਜੁਲਾਈ 2006 ਤੋਂ ਮਿਲਣਾ ਸ਼ੁਰੂ ਹੋਇਆ ਹੈ।
* ਕਿ ਤੁਸੀਂ ਜੇਕਰ ਇਹੀ 100 ਡਾਲਰ RESP ਪਲੈਨ ਵਿਚ ਪਾਉਂਦੇ ਹੋ ਤਾਂ ਤੁਹਾਨੂੰ ਫੈਡਰਲ ਅਤੇ ਪ੍ਰੋਵਿੰਸ਼ੀਅਲ ਗਰਾਂਟਾਂ ਮਿਲ ਸਕਦੀਆਂ ਹਨ।
* ਕਿ ਭਾਵੇਂ ਤੁਸੀਂ ਪਹਿਲਾਂ ਵੀ RESP ਪੀ ਕੀਤੀ ਹੋਈ ਹੋਵੇ ਤਾਂ ਇਸ 100 ਡਾਲਰਾਂ ਦੀ ਇਕ ਹੋਰ RESP ਲੈ ਸਕਦੇ ਹੋ।ਜਦੋਂ ਤਕ ਤੁਸੀਂ ਇਕ ਬੱਚੇ ਦਾ ਉਮਰ ਭਰ ਵਿਚ 50,000 ਡਾਲਰ ਤੋਂ ਵੱਧ ਨਾ ਪਾਉਂਦੇ ਹੋਵੇ।
* ਕਿ ਜੇਕਰ ਤੁਸੀਂ ਇਹੀ 100 ਡਾਲਰ ਦੀ ਪੰਜ ਸਾਲਾ CET ਦੀ ਪਲੈਨ ਲੈਂਦੇ ਹੋ ਅਤੇ ਪੰਜ ਸਾਲ ਤੋਂ ਬਾਦ ਕੁਝ ਵੀ ਨਹੀਂ ਪਾਉਂਦੇ ਤਾਂ ਤਕਰੀਬਨ 31,000 ਡਾਲਰ ਬੱਚੇ ਦੀ ਕਾਲਜ ਜਾਂ ਯੂਨੀਵਰਸਿਟੀ ਦੀ ਪੜ੍ਹਾਈ ਸਮੇ ਮਿਲ ਸਕਦਾ ਹੈ।
* ਸੈਨਟੇਨੀਅਲ ਗਰਾਂਟ (800 ਡਾਲਰ) ਬੱਚੇ ਦੇ 2 ਸਾਲ ਦਾ ਹੋਣ ਤੋਂ ਪਹਿਲਾਂ ਹੀ ਲੈ ਸਕਦੇ ਹੋ।

**Did You Know?**

* That Canadian Government announced to give $100 for every child up to 6 years of age?
* That this $100 will be coming to every parent for every child under 6 year of age starting the month of July 2006?
* That of you save money in your RESP, you can get all the Federal and Provincial Grants from the Government?
* That you can have as many RESP's as you want as long as total life time contribution per child is not over $50,000?
* That if you save $100 only for 5 years in CET Group Plan, it could add up to approximately $31,000* after 18 years?

*ਗੌਰਮਿੰਟ ਦੇ ਹੀ ਪੈਸਿਆਂ ਨੂੰ RESP ਵਿਚ ਪਾਕੇ ਗੌਰਮਿੰਟ ਦੀਆਂ ਹੀ ਫਰੀ ਗਰਾਂਟਾਂ ਦਾ ਫਾਇਦਾ ਉਠਾਓ।*

**Save New Free Money From Government For Your Child's Education Plan & Get Grants From Government**

*Want to know more about above all, please call today for FREE information* **JESSIE SINGH C.A.I.B.**
*(Branch Manager) of Children Education Funds Inc.*

**403-830-7007**


Jessie Singh C.A.I.B.

Based on post performance & actual educational assistance paid. This amount includes CESG, Enhanced CESG, CLB and ACES. This amount is not intended to reflect future results. Discretionary Enhancements are included in the value. The rate of return is not intended to reflect future values or returns on investments. Please refer to our prospectus for further details.

# ਭਾਰਤ ਅੱਜ-ਕੱਲ੍ਹ

## ਰਾਜ ਸਭਾ ਵਿਚ 100 ਕਰੋੜਪਤੀ, ਬਜਾਜ ਸਭ ਤੋਂ ਧਨੀ

ਨਵੀਂ ਦਿੱਲੀ /ਨ ਦ ਬਿਊਰੋ

**ਸੰਸਦ** ਦੇ ਉੱਚ ਸਦਨ ਰਾਜਸਭਾ ਦੇ ਬਾਰੇ ਵਿਚ ਇਹ ਧਾਰਨਾ ਰਹੀ ਹੈ ਕਿ ਬੁੱਧੀਜੀਵੀ-ਵਿਚਾਰਕ, ਕਲਾਕਾਰ, ਸਮਾਜਕ ਕਾਰਜਕਰਤਾ ਅਤੇ ਅਪਣੇ-ਅਪਣੇ ਖੇਤਰ ਦੇ ਨਾਮੀ ਲੋਕ ਇਸਦੇ ਮੈਂਬਰ ਹੁੰਦੇ ਹਨ, ਪਰ ਹੁਣ ਅਜਿਹਾ ਨਹੀਂ ਰਿਹਾ। ਹੁਣ ਤਾਂ ਸਦਨ ਦੌਲਤਮੰਦਾਂ ਦਾ ਹੋ ਗਿਆ ਹੈ। ਇਸ ਸਦਨ ਦੇ 100 ਦੇ ਕਰੀਬ ਸਾਂਸਦ ਕਰੋੜਪਤੀ ਹਨ। ਇਸ ਵਿਚ ਮਸ਼ਹੂਰ ਉਦਯੋਗਪਤੀ ਅਤੇ ਆਜ਼ਾਦ ਐਪੀ ਰਾਹੁਲ ਬਜਾਜ ਸਭ ਤੋਂ ਅਮੀਰ ਹਨ। ਮਹਾਰਾਸ਼ਟਰ ਤੋਂ ਚੁਣ ਕੇ ਆਏ ਬਜਾਜ ਦੀ ਚੱਲ-ਅਚੱਲ ਜਾਇਦਾਦ 300 ਕਰੋੜ ਹੈ। ਇਸ ਦੇ ਉਲਟ ਦੋ ਸੰਸਦ ਮੈਂਬਰ ਅਜਿਹੇ ਵੀ ਹਨ, ਜਿਹਨਾਂ ਕੋਲ ਕੋਈ ਜਾਇਦਾਦ ਨਹੀਂ। ਵਿਸ਼ਵ ਭਰ ਦੇ ਕਰੀਬ 1200 ਐਨ.ਜੀ.ਓ ਦੀ ਨੁਮਾਇੰਦਗੀ ਕਰਨ ਵਾਲੇ ਐਸੋਸੀਏਸ਼ਨ ਆੱਫ ਡੈਮੋਕਰੇਟਿਕ ਰਿਫੱਮਰਸ ਅਤੇ ਨੈਸ਼ਨਲ ਇਲੈਕਸ਼ਨ ਬੱਚ ਨੇ ਸੂਚਨਾ ਅਧਿਕਾਰ ਦੇ ਤਹਿਤ ਮਿਲੀ ਜਾਣਕਾਰੀ ਦੀ ਪੁਸ਼ਟੀ ਵਿਚ ਪਤਾ ਕੀਤਾ ਗਿਆ ਹੈ ਕਿ ਜਿਹਨਾਂ 219 ਅਪੀਜ਼ ਨੇ ਚੋਣਾਂ ਦੇ ਸਮੇਂ ਅਪਣੀ ਜਾਇਦ ਐਲਾਨੀ ਸੀ ਉਹਨਾਂ ਵਿਚੋਂ ਕਰੀਬ ਸੌ ਲੋਕਾਂ ਦੀ ਜਾਇਦਾਦ ਇਕ ਕਰੋੜ ਤੋਂ ਜ਼ਿਆਦਾ ਹੈ। ਬਜਾਜ ਤੋਂ ਬਾਅਦ ਜਨਤਾ ਦਲ ਸੈਕੁਲਰ ਦੇ ਐਪੀ ਐਮ.ਏ.ਐਮ ਰਾਮਾਸਵਾਮੀ ਨੇ 278 ਕਰੋੜ ਰੁਪਏ ਅਤੇ ਕਾਂਗਰਸ ਦੇ ਟੀ. ਸੁੱਬਾਰੈਡੀ ਨੇ 272 ਕਰੋੜ ਰੁਪਏ ਦੀ ਜਾਇਦਾਦ ਐਲਾਨੀ ਸੀ।



ਦੋ ਮੈਂਬਰਾਂ ਕੋਲ ਕੁਝ ਨਹੀਂ ਹੈ- ਦਿਲਚਸਪ ਗੱਲ ਇਹ ਹੈ ਕਿ ਦੋ ਮੈਂਬਰਾਂ ਕੋਲ ਕੋਈ ਵੀ ਜਾਇਦਾਦ ਨਹੀਂ ਹੈ। ਸੀਪੀਆਈ ਦੇ ਡੀ. ਰਾਜਾ ਅਤੇ ਸੀਪੀਐਮ ਦੇ ਸਮਨ ਪਾਠਕ ਨੇ ਅਪਣੀ ਜਾਇਦਾਦ ਜ਼ੀਰੋ ਐਲਾਨੀ ਹੈ। ਪੱਛਮੀ ਬੰਗਾਲ ਦੀ ਮੈਂਬਰ ਬਰਿੰਦਾ ਕਰਤ ਨੇ ਅਪਣੀ ਜਾਇਦਾਦ 74 ਹਜ਼ਾਰ ਰੁਪਏ ਅਤੇ ਰਿਬੋਲਿਊਸ਼ਨਰੀ ਪਾਰਟੀ ਦੇ ਅੱਬਨੀ ਰਾਏ ਨੇ ਅਪਣੀ ਜਾਇਦਾਦ 72 ਹਜ਼ਾਰ ਰੁਪਏ ਐਲਾਨੀ ਹੈ।

37 ਐਪੀਜ਼ ਉੱਪਰ ਅਪਰਾਧਿਕ ਕੇਸ- 37 ਐਪੀਜ਼ ਦੇ ਖਿਲਾਫ਼ ਅਪਰਾਧਿਕ ਮਾਮਲੇ ਦਰਜ ਹਨ। ਇਸ ਵਿਚ ਸਭ ਤੋਂ ਜ਼ਿਆਦਾ ਕਾਂਗਰਸ ਦੇ 7, ਭਾਜਪਾ ਦੇ 6, ਬਸਪਾ ਦੇ 4 ਅਤੇ ਸ਼ਿਵਸੈਨਾ ਦੇ 4 ਐਪੀਜ਼ ਹਨ।

ਸਭ ਤੋਂ ਜ਼ਿਆਦਾ ਕਰੋੜਪਤੀ ਕਾਂਗਰਸ ਤੋਂ ਹਨ। ਇਸ ਤੋਂ ਬਾਅਦ 21 ਭਾਜਪਾ ਅਤੇ 7 ਸਮਾਜਵਾਦੀ ਪਾਰਟੀ ਤੋਂ ਹਨ। ਸਮਾਜਵਾਦੀ ਪਾਰਟੀ ਦੀ ਜਯਾ ਬੱਚਨ ਦੇ ਕੋਲ 215 ਕਰੋੜ ਰੁਪਏ ਦੀ ਜਾਇਦਾਦ ਹੈ ਜਦੋਂ ਕਿ ਸਮਾਜਵਾਦੀ ਪਾਰਟੀ ਵਿਚੋਂ ਕੱਢੇ ਗਏ ਅਮਰ ਸਿੰਘ ਦੀ ਜਾਇਦਾਦ 79 ਕਰੋੜ ਦੀ ਹੈ।

## ਕਹਾਂ ਚਲੇ ਗਏ ਅਰੇ ਓ ਸਾਂਭਾ!

### ਡਾਇਲਾਗ ਜੋ ਪਛਾਣ ਬਣ ਗਿਆ

ਮੁੰਬਈ / ਨ ਦ ਬਿਊਰੋ

ਬਲਾਕਬਸਟਰ ਫਿਲਮ 'ਸ਼ੋਲੇ' ਵਿਚ ਡਾਕੂ ਗੱਬਰ ਸਿੰਘ ਨਾਲ 'ਸਾਂਭਾ' ਦਾ ਕਿਰਦਾਰ ਨਿਭਾਉਣ ਵਾਲੇ ਮੈਕ ਮੋਹਨ ਨੇ ਬੀਤੇ ਦਿਨੀਂ ਆਪਣੀਆਂ ਅੱਖਾਂ ਹਮੇਸ਼ਾਂ ਲਈ ਬੰਦ ਕਰ ਲਈਆਂ। ਜ਼ਿਆਦਾਤਰ ਫਿਲਮਾਂ ਵਿਚ ਨਾਕਾਰਾਤਮਕ ਕਿਰਦਾਰ ਨਿਭਾਉਣ ਵਾਲੇ ਮੈਕ ਨੂੰ ਕੈਂਸਰ ਸੀ ਅਤੇ ਉਨ੍ਹਾਂ ਆਖ਼ਰੀ ਸਾਹ ਮੁੰਬਈ ਦੇ ਕੋਕਿਲਾਬੇਨ ਧੀਰੂਭਾਈ ਅੰਬਾਨੀ ਹਸਪਤਾਲ ਵਿਚ ਲਿਆ।



ਮੁੰਬਈ-ਮੈਕ ਦਾ ਫਿਲਮੀ ਸਫਰ ਉਂਜ ਤਾਂ 1964 ਵਿਚ ਆਈ ਫਿਲਮ 'ਹਕੀਕਤ' ਨਾਲ ਸ਼ੁਰੂ ਹੋਇਆ ਸੀ ਪਰ ਉਨ੍ਹਾਂ ਨੂੰ ਅਸਲੀ ਪਛਾਣ1975 ਵਿਚ ਆਈ ਰਮੇਸ਼ ਸਿੱਪੀ ਦੀ ਫਿਲਮ 'ਸ਼ੋਲੇ' ਤੋਂ ਮਿਲੀ। ਇਸ ਫਿਲਮ ਦੀ ਸਫਲਤਾ ਕਈ ਮਾਇਨਿਆਂ ਵਿਚ ਲਾਹੇਵੰਦ ਸਿੱਧ ਹੋਈ। ਇਸ ਨੇ ਜੈਯ-ਵੀਰੂ ਦੀ ਦੋਸਤੀ ਨੂੰ ਹੀ ਅਮਰ ਨਹੀਂ ਬਣਾਇਆ 'ਸਾਂਭਾ' ਵਰਗੇ ਕਿਰਦਾਰ ਨੂੰ ਵੀ ਸਦਾ ਲਈ ਅਮਰ ਕਰ ਦਿੱਤਾ। ਇਸ ਫਿਲਮ ਦੇ ਆਪਣੇ ਕਿਰਦਾਰ ਬਾਰੇ ਖੁਦ ਉਨ੍ਹਾਂ ਦਾ ਕਹਿਣਾ ਸੀ ਕਿ ਇਹ ਉਨ੍ਹਾਂ ਦੇ ਦਿਲ ਦੇ ਬੇਹੱਦ ਕਰੀਬ ਹੈ। ਉਨ੍ਹਾਂ ਦੇ ਕੈਰੀਅਰ ਦੀਆਂ ਕੁੱਝ ਯਾਦਗਾਰ ਫਿਲਮਾਂ ਵਿਚ ਜੰਜੀਰ, ਮਜਬੂਰ, ਰਫੂ ਚੱਕਰ ਡਾਨ, ਸ਼ਾਨ ਅਤੇ ਸੱਤੇ ਪੇ ਸੱਤਾ ਹਨ। ਜਰਨੀ ਬਾਂਬੇ ਟੂ ਗੋਵਾ-ਲਾਫਟਰ ਅਨਲਿਮਟਿਡ ਉਨ੍ਹਾਂ ਦੀ ਆਖਰੀ ਰਿਲੀਜ਼ ਫਿਲਮ ਸੀ। ਇਸ ਸਾਲ ਵੀ ਉਨ੍ਹਾਂ ਦੀਆਂ ਕੁੱਝ ਫਿਲਮਾਂ, ਐ ਦਿਲੇ ਨਾਦਾਨ, ਪਹਿਚਾਨ ਅਤੇ ਮੁਮਤਾਜ ਨਿਰਮਾਣ ਅਧੀਨ ਸਨ। ਮੈਕ ਨਾਇਕਾ ਰਵੀਨਾ ਟੰਡਨ ਦੇ ਮਾਮਾ ਸਨ। ਤਕਰੀਬਨ ਸਾਢੇ ਚਾਰ ਦਹਾਕੇ ਦੇ ਫਿਲਮੀ ਕੈਰੀਅਰ ਵਿਚ ਉਨ੍ਹਾਂ ਨੇ 200 ਫਿਲਮਾਂ ਵਿਚ ਕੰਮ ਕੀਤਾ।

ਮੈਕ ਦੀ ਅਦਾਕਾਰੀ ਤੇ ਸੰਵਾਦ ਅਦਾਇਗੀ ਨੇ ਛੋਟੇ ਜਿਹੇ ਰੋਲ ਨੂੰ ਵੀ ਖਾਸ ਬਣਾ ਦਿੱਤਾ ਸੀ। ਇਹ ਸਿਰਫ ਮੈਕ ਹੀ ਕਰ ਸਕਦੇ ਸਨ। *ਜਾਵੇਦ ਅਖ਼ਤਰ*

ਸਾਂਭਾ ਦੇ ਰੋਲ ਵਿਚ ਮੈਕ ਨੇ ਆਪਣੀ ਅਦਾਕਾਰੀ ਨਾਲ ਜਾਨ ਪਾ ਦਿੱਤੀ ਸੀ। *ਰਮੇਸ਼ ਸਿੱਪੀ*

## ਸੰਸਦ ਮੈਂਬਰਾਂ ਦੀਆਂ ਤਨਖਾਹਾਂ ਵਿਚ ਹੋਵੇਗਾ ਪੰਜ ਗੁਣਾਂ ਵਾਧਾ

ਨਵੀਂ ਦਿੱਲੀ/ਨ ਦ ਬਿਊਰੋ

ਸੰਸਦ ਮੈਂਬਰਾਂ ਨੂੰ ਮੋਟੀਆਂ ਤਨਖਾਹਾਂ ਦਾ ਤੋਹਫ਼ਾ ਲੈਣ ਲਈ ਮੌਨਸੂਨ ਸੈਸ਼ਨ ਦੀ ਉਡੀਕ ਕਰਨੀ ਪਵੇਗੀ। ਸੰਸਦ ਮੈਂਬਰਾਂ ਦੀ ਤਨਖਾਹ ਵਿਚ ਪੰਜ ਗੁਣਾ ਅਤੇ ਦੂਸਰੇ ਭੱਤਿਆਂ ਵਿਚ ਵੀ ਭਾਰੀ ਵਾਧੇ ਦੀ ਜ਼ਮੀਨ ਤਿਆਰ ਹੋ ਚੁੱਕੀ ਹੈ। ਹਾਲਾਂਕਿ, ਇਸੇ ਬਜਟ ਸੈਸ਼ਨ ਵਿਚ ਰਹਿਮਤਾਂ ਦੀ ਫਸਲ ਕੱਟਣ ਦੀਆਂ ਕਈ ਸੰਸਦ ਮੈਂਬਰਾਂ ਦੀਆਂ ਕੋਸ਼ਿਸ਼ਾਂ ਨੂੰ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਵਿਰਾਮ ਦੇ ਦਿੱਤਾ ਹੈ। ਸਮਾਜਵਾਦੀ ਪਾਰਟੀ ਮੁਖੀ ਮੁਲਾਇਮ ਸਿੰਘ ਯਾਦਵ ਅਤੇ ਰਾਸ਼ਟਰੀ ਜਨਤਾ ਦਲ ਦੇ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਨੂੰ ਵਿੱਤ ਮੰਤਰੀ ਨੇ ਸਾਫ ਕਹਿ ਦਿੱਤਾ ਹੈ ਕਿ ਮੌਜੂਦਾ ਸੈਸ਼ਨ ਵਿਚ ਸੰਸਦ ਮੈਂਬਰਾਂ ਦੇ ਤਨਖਾਹ ਭੱਤੇ ਵਧਾਉਣ ਦੀ ਪ੍ਰਕਿਰਿਆ ਪੂਰੀ ਕਰਨੀ ਸੰਭਵ ਨਹੀਂ ਹੋਵੇਗੀ। ਸੰਸਦ ਮੈਂਬਰਾਂ ਦੀ ਸੰਸਦੀ ਕਮੇਟੀ ਦੀਆਂ ਸਿਫਰਾਸ਼ਾਂ ਨੂੰ ਸਰਕਾਰ ਗੈਰ-ਵਾਜਬ ਨਹੀਂ ਮੰਨ ਰਹੀ ਹੈ। ਕਮੇਟੀ ਨੇ ਸਕੱਤਰ ਪੱਧਰ ਦੇ ਸੀਨੀਅਰ ਨੌਕਰਸ਼ਾਹਾਂ ਦੀ ਤਨਖਾਹ ਦੇ ਮੁਕਾਬਲੇ ਸੰਸਦ ਮੈਂਬਰਾਂ ਨੂੰ ਘੱਟੋ-ਘੱਟ ਇਕ ਰੁਪਏ ਜ਼ਿਆਦਾ ਦੇਣ ਦੀ ਸਿਫਾਰਸ਼ ਕੀਤੀ ਹੈ। ਇਸ ਲਿਹਾਜ ਨਾਲ ਸੰਸਦ ਮੈਂਬਰਾਂ ਦੀ ਤਨਖਾਹ ਵਿਚ ਘੱਟੋ-ਘੱਟ ਪੰਜ ਗੁਣਾ ਵਾਧਾ ਕਰਨਾ ਪਵੇਗਾ।

ਲੋਕ ਸਭਾ ਸਪੀਕਰ ਮੀਰਾ ਕੁਮਾਰ ਸਾਹਮਣੇ ਰੱਖੀ ਰਿਪੋਰਟ ਵਿਚ ਸਾਂਝੀ ਸੰਸਦੀ ਕਮੇਟੀ ਨੇ ਇਸ ਤੱਥ ਵੱਲ ਇਸ਼ਾਰਾ ਕਰਦਿਆਂ ਸੰਸਦ ਮੈਂਬਰਾਂ ਨੂੰ ਸਭ ਤੋਂ ਪਹਿਲਾਂ ਸਕੱਤਰ ਪੱਧਰ ਦੇ ਅਧਿਕਾਰੀ ਤੋਂ ਜ਼ਿਆਦਾ ਤਨਖਾਹ ਦੀ ਸਿਫਾਰਸ਼ ਕੀਤੀ ਹੈ। ਮਤਲਬ ਸਕੱਤਰ ਨੂੰ 80000 ਰੁਪਏ ਮਿਲਦੇ ਹਨ ਤਾਂ ਇਸ ਤੋਂ ਇਕ ਰੁਪਇਆ ਹੀ ਜ਼ਿਆਦਾ ਸਹੀ, ਪਰ ਸੰਸਦ ਮੈਂਬਰਾਂ ਦੀ ਤਨਖਾਹ ਉਨ੍ਹਾਂ ਨਾਲੋਂ ਵੱਧ ਰੱਖੇ ਜਾਣ ਦੀ ਸਿਫਾਰਸ਼ ਹੈ। ਸੂਤਰਾਂ ਅਨੁਸਾਰ ਭੱਤਿਆਂ ਨੂੰ ਵੀ ਦੋਗੁਣੇ ਤੋਂ ਜ਼ਿਆਦਾ ਵਧਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਸੂਤਰਾਂ ਮੁਤਾਬਕ ਸਰਕਾਰ ਇਨ੍ਹਾਂ ਸਿਫਾਰਸ਼ਾਂ ਤੋਂ ਮੋਟੇ ਤੌਰ 'ਤੇ ਸਹਿਮਤ ਹੀ ਹੈ।

## ਯੂ.ਪੀ. ਵਿਚ ਫੈਲ ਰਿਹਾ ਹੈ ਜਾਅਲੀ ਨੋਟਾਂ ਦਾ ਕਾਰੋਬਾਰ

ਨਵੀਂ ਦਿੱਲੀ / ਨ ਦ ਬਿਊਰੋ

ਜਾਅਲੀ ਨੋਟ ਬਰਾਮਦਗੀ ਦੇ ਮਾਮਲੇ ਵਿਚ ਉਤਰ ਪ੍ਰਦੇਸ਼ ਨੇ ਦੇਸ਼ ਦੇ ਸਾਰੇ ਸੂਬਿਆਂ ਨੂੰ ਪਿਛੇ ਛੱਡ ਦਿੱਤਾ ਹੈ। ਸਰਕਾਰੀ ਏਜੰਸੀਆਂ ਨੇ ਸਾਲ 2009 ਵਿਚ ਸੂਬੇ ਤੋਂ ਦੋ ਕਰੋੜ ਰੁਪਏ ਤੋਂ ਵੱਧ ਦੀ ਜਾਅਲੀ ਭਾਰਤੀ ਮੁਦਰਾ ਬਰਾਮਦ ਕੀਤੀ ਹੈ, ਇਹ ਦੇਸ਼ ਭਰ ਵਿਚ ਸਭ ਤੋਂ ਵੱਧ ਹੈ। ਇਸ ਤੋਂ ਬਾਅਦ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਦਿੱਲੀ, ਤਾਮਿਲਨਾਡੂ ਅਤੇ ਯੂ.ਟੀ. ਚੰਡੀਗੜ੍ਹ ਦਾ ਸਥਾਨ ਆਉਂਦਾ ਹੈ । ਅਧਿਕਾਰਤ ਅੰਕੜਿਆਂ ਮੁਤਾਬਕ ਉਤਰ ਪ੍ਰਦੇਸ਼ ਤੋਂ 2009 ਦੌਰਾਨ 88,287 ਜਾਅਲੀ ਨੋਟ ਬਰਾਮਦ ਕੀਤੇ ਗਏ, ਜਿਸ ਵਿਚ 1000 ਦੇ 2,732 ਨੋਟ, 500 ਦੇ 28,973 ਨੋਟ ਤੇ 100 ਦੇ 48,326 ਨੋਟਾਂ ਤੋਂ ਇਲਾਵਾ ਹੋਰ ਛੋਟੇ ਨੋਟ ਸ਼ਾਮਲ ਸਨ। ਇਨ੍ਹਾਂ ਦਾ ਕੁੱਲ ਮੁੱਲ 2.23 ਕਰੋੜ ਰੁਪਏ ਦੇ ਕਰੀਬ ਬਣਦਾ ਸੀ। ਆਂਧਰਾ ਪ੍ਰਦੇਸ਼ ਤੋਂ 2.38 ਕਰੋੜ ਰੁਪਏ ਮੁੱਲ ਦੇ 60,922 ਨੋਟ ਬਰਾਮਦ ਕੀਤੇ ਗਏ।


**Asian Western Grocery Store**
**8324 - 160 Ave. Edmonton, AB. T5Z 3P1**

NOW OPEN

*All indian, Fijian, South African Grocery*

**ਏਸ਼ੀਅਨ ਵੈਸਟ੍ਰਨ ਗਰ੍ਰੋਸਰੀ ਐਂਡ ਮੂਵੀ ਸਟੋਰ**

ਸਾਫ ਸੁਥਰੀ ਅਤੇ ਵਧੀਆ ਗਰ੍ਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











For more information call
Balraj @
780-756-2225
780-660-2061

# ਵਿਸ਼ਵ ਅੱਜ-ਕੱਲ੍ਹ

## ਆਨੰਦ ਮੈਰਿਜ ਐਕਟ ਬਾਰੇ ਆਰਡੀਨੈਂਸ ਛੇਤੀ

**ਨਵੀਂ ਦਿੱਲੀ/ਨ.ਦ.ਬਿਊਰੋ**

ਕੇਂਦਰੀ ਕਾਨੂੰਨ ਮੰਤਰੀ ਵੀਰੱਪਾ ਮੋਇਲੀ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਕ ਉਚ ਪੱਧਰੀ ਵਫ਼ਦ ਨੂੰ ਦੱਸਿਆ ਕਿ ਯੂ.ਪੀ.ਏ. ਸਰਕਾਰ ਦੀ ਚੇਅਰਪਰਸਨ ਸੋਨੀਆ ਗਾਂਧੀ ਦੀ ਦਿਲਚਸਪੀ ਸਦਕਾ ਸਿੱਖਾਂ ਦੀ ਚਿਰੋਕਣੀ ਆਨੰਦ ਕਾਰਜ ਐਕਟ ਬਣਾਉਣ ਦੀ ਮੰਗ ਮੰਨ ਲਈ ਗਈ ਹੈ ਤੇ ਜਲਦੀ ਹੀ ਇਸ ਬਾਰੇ ਆਰਡੀਨੈਂਸ ਜਾਰੀ ਕੀਤਾ ਜਾਵੇਗਾ। ਇਸ ਵਫ਼ਦ ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ ਕੇਂਦਰੀ ਮੰਤਰੀ ਨਾਲ ਮੁਲਾਕਾਤ ਮਗਰੋਂ ਇਹ ਜਾਣਕਾਰੀ ਦਿੱਤੀ। ਸ੍ਰੀ ਸਰਨਾ ਨੇ ਦੱਸਿਆ ਕਿ ਮੋਨੀਆ ਗਾਂਧੀ ਤੇ ਡਾ. ਨਮੋਹਨ ਸਿੰਘ ਦਰਮਿਆਨ ਵੀ ਇਸ ਐਕਟ ਬਾਰੇ ਚਰਚਾ ਹੋਈ ਸੀ। ਯੂ.ਪੀ.ਏ. ਸਰਕਾਰ ਵੱਲੋਂ ਸਿੱਖਾਂ ਦੇ ਵਿਆਹਾਂ ਨਾਲ ਸਬੰਧਤ ਇਸ ਐਕਟ ਦੀ ਮੰਗ ਨੂੰ ਜਾਇਜ਼ ਮੰਨਦਿਆਂ ਮਨਜ਼ੂਰ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਕਾਨੂੰਨ ਮੰਤਰਾਲੇ ਵੱਲੋਂ ਅਫ਼ਗਾਨੀ ਸ਼ਰਨਾਰਥੀ ਸਿੱਖਾਂ ਨੂੰ ਭਾਰਤ ਦੀ ਨਾਗਰਿਕਤਾ ਦੇਣ ਬਾਰੇ ਵੀ ਚੰਗਾ ਰੁਖ਼ ਅਖਤਿਆਰ ਕਰਦੇ ਹੋਏ ਜਲਦੀ ਹੀ ਇਸ ਮੰਗ ਨੂੰ ਵੀ ਮੰਨ ਲਿਆ ਜਾਵੇਗਾ। ਇਸ ਵਫ਼ਦ ਵਿਚ ਸ੍ਰੀ ਸਰਨਾ ਤੋਂ ਆਲਾਵਾ ਹਰਵਿੰਦਰ ਸਿੰਗ ਸਰਨਾ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਸ਼ੰਟੀ, ਮੀਤ ਪ੍ਰਧਾਨ ਭਜਨ ਸਿੰਘ ਵਾਲੀਆ, ਜਸਟਿਸ ਦੋਆਬੀਆ, ਪੱਤਰਕਾਰ ਮਨਜੀਤ ਸਿੰਘ ਸਰਨਾ, ਕਰਤਾਰ ਸਿੰਘ ਕੋਚੜ ਤੇ ਰਘੁਬੀਰ ਸਿੰਘ ਜੌੜਾ ਵੀ ਸ਼ਾਮਲ ਸਨ। ਵਫ਼ਦ ਨੇ ਕਾਨੂੰਨ ਮੰਤਰੀ ਦੇ ਸਲਾਹਕਾਰ ਨਾਲ ਵੀ ਮੁਲਾਕਾਤ ਕੀਤੀ ਤੇ ਇਹ ਸਾਰੀ ਮੁਲਾਕਾਤ ਕਰੀਬ 45 ਮਿੰਟ ਚੱਲੀ। ਸ੍ਰੀ ਹਰਵਿੰਦਰ ਸਰਨਾ ਨੇ ਕਿਹਾ ਕਿ ਲੰਘੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਹ (ਸਰਨਾ ਭਰਾ) ਸੋਨੀਆ ਗਾਂਧੀ ਨੂੰ ਮਿਲੇ ਸਨ ਤੇ ਆਨੰਦ ਕਾਰਜ ਐਕਟ ਦੀ ਲੋੜ ਬਾਰੇ ਦੱਸਿਆ ਸੀ। ਸੋਨੀਆ ਗਾਂਧੀ ਨੂੰ ਸਿੱਖਾਂ ਲਈ ਇਸ ਐਕਟ ਦੀ ਮਹੱਤਤਾ ਬਾਰੇ ਦੱਸਿਆ ਗਿਆ ਸੀ।



ਉਨ੍ਹਾਂ ਕਿਹਾ ਕਿ ਇਹ ਐਕਟ ਤੇ ਅਫ਼ਗਾਨੀ ਸਿੱਖਾਂ ਦੀ ਸਮੱਸਿਆ, ਉਨ੍ਹਾਂ ਦੀਆਂ ਮੰਗਾਂ ਵਿਚੋਂ ਇਕ ਸਨ। ਸਿੱਖਾਂ ਦੇ ਵਿਸ਼ਵ ਭਰ ਵਿਚ ਸਥਾਪਤ ਹੋਣ ਮਗਰੋਂ ਉਨ੍ਹਾਂ ਦੇ ਵਿਆਹਾਂ ਦੇ ਪੰਜੀਕਰਨ ਦੀ ਲੋੜ ਨੂੰ ਇਹ ਐਕਟ ਪੂਰਾ ਕਰੇਗਾ।

## ਭਾਰਤੀ ਪਰਵਾਸੀਆਂ ’ਤੇ ਟੋਰੀਜ਼ ਟੈਰੱਰ

**ਨਵੀਂ ਦਿੱਲੀ/ਨ.ਦ.ਬਿਊਰੋ**

ਬਰਤਾਨੀਆ ਦੀ ਟੋਰੀਜ਼ ਅਤੇ ਲਿਬਰਲ ਡੈਮੋਕਰੇਟ ਦੀ ਮਿਲੀਜੁਲੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਭਾਰਤ ਦੇ ਪ੍ਰੋਫੈਸ਼ਨਲਜ਼ ਅਤੇ ਸਟੂਡੈਂਟਸ ਦਾ ਬਰਤਾਨੀਆ ਜਾਣ ਦਾ ਰਸਤਾ ਔਖਾ ਹੋ ਜਾਵੇਗਾ। ਕੰਜ਼ਰਵੇਟਿਵ ਪਾਰਟੀ ਦੀ ਪਰਵਾਸੀਆਂ ਸਬੰਧੀ ਨੀਤੀ ਅਤੇ ਚੋਣ ਪ੍ਰਚਾਰ ਦੌਰਾਨ ਕੀਤੇ ਗਏ ਐਲਾਨਾਂ ਮੁਤਾਬਕ ਟੋਰੀਜ਼ ਦੀ ਅਗਵਾਈ ਵਾਲੀ ਸਰਕਾਰ ਹਰ ਸਾਲ ਬਰਤਾਨੀਆ ਆਉਣ ਵਾਲੇ ਪਰਵਾਸੀਆਂ ਦੀ ਤਾਦਾਦ ਵਿਚ ਕਮੀ ਲਿਆਏਗੀ ਅਤੇ ਗੈਰ ਕਾਨੂੰਨੀ ਤੌਰ ‘ਤੇ ਬਰਤਾਨੀਆ ਵਿਚ ਰਹਿ ਰਹੇ ਵਿਦੇਸ਼ੀਆਂ ‘ਤੇ ਸਖ਼ਤੀ ਵਰਤੀ ਜਾਵੇਗੀ। ਭਾਰਤ ਤੋਂ ਵਰਕਿੰਗ ਵੀਜ਼ੇ ‘ਤੇ ਅਤੇ ਪੜ੍ਹਾਈ ਲਈ ਬਰਤਾਨੀਆ ਜਾਣ ਵਾਲਿਆਂ ਦੀ ਵੱਡੀ ਗਿਣਤੀ ਹੁੰਦੀ ਹੈ। ਪਰ ਕੈਮਰਾਨ ਸਰਕਾਰ ਦੇ ਸਟੂਟਡੈਂਟ ਅਤੇ ਵਰਕਿੰਗ ਵੀਜ਼ਾ ਨਿਯਮਾਂ ਨੂੰ ਸਖ਼ਤ ਕਰਨ ਦੀ ਨੀਤੀ ਨਾਲ ਭਾਰਤ ਦੇ ਪ੍ਰੋਫੈਸ਼ਨਲ ਅਤੇ ਸਟੂਡੈਂਟਸ ਨੂੰ ਝਟਕਾ ਲੱਗ ਸਕਦਾ ਹੈ। ਕੈਮਰਾਨ ਦਾ ਰਵੱਈਆ ਇਸ ਬਾਰੇ ਸਾਫ ਹੈ ਕਿ ਪਰਵਾਸੀਆਂ ਦੀ ਵੱਧਦੀ ਸੰਖਿਆ ਦੇ ਚਲਦਿਆਂ ਬਰਤਾਨੀਆ ਦੀਆਂ ਜਨਤਕ ਸੇਵਾਵਾਂ ਕਾਫੀ ਬਦਹਾਲ ਹੋਈਆਂ ਹਨ ਅਤੇ ਦੇਸ਼ ਵਿਚ ਆਉਣ ਵਾਲੇ ਆਰਥਕ ਪਰਵਾਸੀਆਂ ਨਾਲ ਨਿਯਮ ਸਖ਼ਤ ਕੀਤੇ ਜਾਣਗੇ।

ਲਿਬਰਲ ਡੈਮੋਕਰੇਟ ਦੇ ਵੀ ਸੱਤਾ ਵਿਚ ਸਾਂਝੇਦਾਰੀ ਕਾਰਨ ਮਾਹਰ ਮੰਨ ਰਹੇ ਸਨ ਕਿ ਗਠਜੋੜ ਸਰਕਾਰ ਦਾ ਰਵੱਈਆ ਇਸ ਮਾਮਲੇ ਵਿਚ ਨਰਮ ਹੋ ਸਕਦਾ ਹੈ ਪਰ ਲਿਬਰਲ ਡੈਮੋਕਰੇਟ ਆਗੂ ਨਿਕ ਕਲੇਗ ਨਾਲ ਬਣੀ ਕੰਜ਼ਰਵੇਟਿਵ ਪਾਰਟੀ ਦੀ ਸਹਿਮਤੀ ਵਿਚ ਪਰਵਾਸੀਆਂ ਸਬੰਧੀ ਟੋਰੀਜ਼ ਦੀਆਂ ਨੀਤੀਆਂ ‘ਤੇ ਮੋਹਰ ਲਗਾ ਦਿੱਤੀ ਗਈ ਹੈ। ਟੋਰੀਜ਼ ਆਗੂ ਬਰਤਾਨੀਆ ਵਿਚ ਪਰਵਾਸੀਆਂ ਦੀ ਸੰਖਿਆ ਨੂੰ 1990 ਦੇ ਪੱਧਰ ‘ਤੇ ਲਿਆਉਣਾ ਚਾਹੁੰਦੇ ਹਨ। ਕੰਜ਼ਰਵੇਟਿਵ ਪਾਰਟੀ ਹਰ ਸਾਲ 1000 ਲੋਕਾਂ ‘ਤੇ 10 ਪਰਵਾਸੀਆਂ ਨੂੰ ਆਗਿਆ ਦੇਣ ਦੇ ਪੱਖ ਵਿਚ ਹੈ ਜਦਕਿ ਸਾਬਕਾ ਸਰਕਾਰ 1000 ‘ਤੇ 100 ਪਰਵਾਸੀਆਂ ਦੀ ਨੀਤੀ ‘ਤੇ ਚੱਲਦੀ ਸੀ।

## ਲਿਬੀਆ ਦਾ ਜਹਾਜ਼ ਹਾਦਸੇ ਦਾ ਸ਼ਿਕਾਰ, 103 ਹਲਾਕ

**ਤ੍ਰਿਪੋਲੀ/ਨ.ਦ.ਬਿਊਰੋ**

ਲਿਬੀਆ ਦੇ ਜਹਾਜ਼ ਨੂੰ ਵਾਪਰੇ ਹਾਦਸੇ ਵਿਚ 103 ਵਿਅਕਤੀਆਂ ਦੀ ਮੌਤ ਹੋ ਗਈ ਹੈ ਪਰ ਇਕ ਬੱਚਾ ਬਚ ਗਿਆ ਹੈ। ਜਹਾਜ਼ ਦੱਖਣੀ ਅਫਰੀਕਾ ਤੋਂ ਆ ਰਿਹਾ ਸੀ ਤੇ ਹਵਾਈ ਅੱਡੇ ‘ਤੇ ਉਤਰਨ ਤੋਂ ਪਹਿਲਾਂ ਹਾਦਸੇ ਦਾ ਸ਼ਿਕਾਰ ਹੋ ਗਿਆ। ਜਹਾਜ਼ ‘ਤੇ 93 ਯਾਤਰੀ ਅਤੇ 11 ਚਾਲਕ ਦਲ ਦੇ ਮੈਂਬਰ ਸਵਾਰ ਸਨ। ਹਾਦਸੇ ਵਿਚ ਬਚਣ ਵਾਲਾ ਬੱਚਾ ਹਾਲੈਂਡ ਤੋਂ ਹੈ। ਸਰਕਾਰੀ ਅਧਿਕਾਰੀ ਅਨੁਸਾਰ ਹਾਦਸੇ ਦੇ ਕਾਰਨਾਂ ਦਾ ਫਿਲਹਾਲ ਕੋਈ ਪਤਾ ਨਹੀਂ ਲੱਗ ਸਕਿਆ। ਅਫਰੀਕੀ ਏਅਰਵੇਜ਼ ਦੇ ਜਹਾਜ਼ ਨੇ ਜੌਹਨਸਬਰਗ ਤੋਂ ਉਡਾਣ ਭਰੀ ਸੀ। ਇਸ ਹਾਦਸੇ ਬਾਰੇ ਇਸ ਹਵਾਈ ਸੇਵਾ ਵੱਲੋਂ ਆਪਣੀ ਵੈਬਸਾਈਟ ‘ਤੇ ਜਾਣਕਾਰੀ ਦਿੱਤੀ ਜਾ ਰਹੀ ਹੈ। ਕੰਪਨੀ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਜਵਾਲਾਮੁਖੀ ਦੀ ਰਾਖ਼ ਕਾਰਨ ਕੁਝ ਚਿਰ ਕੰਪਨੀ ਨੇ ਉਡਾਣਾਂ ਬੰਦ ਕਰ ਦਿੱਤੀਆਂ ਸਨ ਪਰ ਹੁਣ ਮੁੜ ਹਵਾਈ ਸੇਵਾ ਜਾਰੀ ਕੀਤੀ ਸੀ।

ਹਾਲੈਂਡ ਦੀ ਮੋਟਰਿਸਟ ਐਸੋਸੀਏਸ਼ਨ ਏ.ਐਨ.ਬੀ.ਡਬਲਿਊ. ਨੇ ਦੱਸਿਆ ਕਿ ਹਾਦਸੇ ਵਿਚ ਮਾਰੇ ਗਏ ਯਾਤਰੀਆਂ ਵਿਚ 61 ਜਣੇ ਹਾਲੈਂਡ ਤੋਂ ਸਨ। ਲਿਬੀਆ ਦੇ ਟਰਾਂਸਪੋਰਟ ਮੰਤਰੀ ਮੁਹੰਮਦ ਜ਼ਿਾਦਨ ਨੇ ਦੱਸਿਆ ਕਿ 10 ਸਾਲਾ ਬੱਚਾ ਹਾਦਸੇ ਵਿਚ ਬਚ ਗਿਆ ਹੈ। ਉਸ ਦਾ ਹਸਪਤਾਲ ਵਿਚ ਮੁਆਇਨਾ ਕੀਤਾ ਜਾ ਰਿਹਾ ਹੈ ਪਰ ਉਹ ਬਿਲਕੁਲ ਠੀਕ-ਠਾਕ ਹੈ। ਉਨ੍ਹਾਂ ਕਿਹਾ ਕਿ ਹਾਦਸੇ ਦੇ ਕਾਰਨਾਂ ਦੀ ਜਾਂਚ ਕਰਵਾਈ ਜਾਵੇਗੀ ਪਰ ਉਨ੍ਹਾਂ ਅਤਿਵਾਦੀਆਂ ਦਾ ਹੱਥ ਹੋਣ ਤੋਂ ਇਨਕਾਰ ਕੀਤਾ।

## ਜੰਮੇ ਭਾਰਤ ਵਿੱਚ ਅਤੇ ਬਰਤਾਨੀਆ ਵਿੱਚ ਬਣੇ ਐਮ ਪੀ

**ਲਡੰਨ/ਨ.ਦ.ਬਿਊਰੋ**

ਬਰਤਾਨੀਆ ਵਿੱਚ ਚੋਣਾਂ ਤੋਂ ਬਾਅਦ ਗਠਜੋੜ ਸਰਕਾਰ ਦੀ ਤਸਵੀਰ ਸਾਹਮਣੇ ਆਈ ਹੈ ਪਰ ਭਾਰਤੀ ਵਰਗ ਦੇ ਲੋਕਾਂ ਦਾ ਝੰਡਾ ਜ਼ਰੂਰ ਉਚਾ ਹੋ ਗਿਆ ਹੈ।

ਇਹ ਉਹ ਭਾਰਤੀ ਹਨ ਜਿਹਨਾਂ ਦੇ ਬਾਪ-ਦਾਦੇ ਕਦੇ ਚੰਗੇ ਕੰਮਾਂ ਦੀ ਤਲਾਸ਼ ਲਈ ਇਹਨਾਂ ਮੁਲਕਾਂ ਵਿੱਚ ਆ ਵਸੇ ਸਨ। ਇਸ ਲਈ ਇਹਨਾਂ ਦੀ ਜਿੱਤ ਨੇ ਅਪਣੇ ਅਸਲੀ ਵਤਨ ਦੀ ਮਿੱਟੀ ਵਿੱਚ ਵੀ ਖੁਸ਼ੀਆਂ ਦਾ ਛੱਟਾ ਦੇ ਦਿੱਤਾ ਹੈ। ਬ੍ਰਿਟੇਨ ਦੀਆਂ ਚੋਣਾਂ ਵਿੱਚ 89 ਏਸ਼ੀਆਈ ਵਰਗ ਦੇ ਲੋਕਾਂ ਨੇ ਅਪਣੀ ਕਿਸਮਤ ਅਜਮਾਈ ਸੀ, ਜਿਸ ਵਿੱਚੋਂ ਰਿਕਾਰਡ 18 ਲੋਕਾਂ ਨੇ ਜਿੱਤ ਹਾਸਿਲ ਕੀਤੀ, ਜਿਹਨਾਂ ਵਿੱਚੋਂ ਅੱਠ ਭਾਰਤੀ ਹਨ। ਜਿੱਤਣ ਵਾਲੇ ਭਾਰਤੀ ਲੇਬਰ ਪਾਰਟੀ ਤੋਂ ਵੀ ਹਨ ਅਤੇ ਕੰਜਰਵੇਟਿਵ ਨਾਲ ਵੀ ਜੁੜੇ ਹੋਏ ਹਨ।

> **ਭਾਰਤੀ ਮੂਲ ਦੇ ਐਮ ਪੀ**
> ਕੀਥ ਵਾਜ, ਅਲੋਕ ਸ਼ਰਮਾ
> ਵੈਲੇਰੀਆ ਵਾਜ ,ਪਰੀਤੀ ਪਟੇਲ
> ਵੀਰੇਂਦਰ ਸ਼ਰਮਾ, ਪਾਲ ਉੱਪਾ
> ਸ਼ੈਲੇਸ਼ ਵਾਰਾ, ਮਾਰਸਾ ਸਿੰਘ

6 ਵਾਰ ਤੋਂ ਲੀਸੇਸਟਰ ਈਸਟ ਦੇ ਸੰਸਦ ਮੈਂਬਰ ਕੀਥ ਦੇ ਪੇਰੇਂਟਰਸ 1965 ਵਿੱਚ ਗੋਆ ਤੋਂ ਬ੍ਰਿਟੇਨ ਗਏ ਸੀ। ਉਹਨਾਂ ਦੀ ਪੜ੍ਹਾਈ ਉੱਥੇ ਹੀ ਪੂਰੀ ਹੋਈ। 1987 ਵਿੱਚ ਉਹ ਪਹਿਲੀ ਵਾਰ ਐਮ ਪੀ ਬਣੇ। ਉਦੋਂ ਤੋਂ ਲੈ ਕੇ ਉਹ ਲਗਾਤਾਰ ਜਿੱਤ ਰਹੇ ਹਨ।

## ਧੱਕੇ ਨਾਲ ਬੁਰਕਾ ਪਹਿਨਾਇਆ ਤਾਂ ਜੇਲ੍ਹ ਵਿੱਚ ਗੁਜ਼ਰੇਗਾ ਸਾਲ

### ਫਰਾਂਸ ਦੇ ਬੁਰਕਾ ਵਿਰੋਧੀ ਕਾਨੂੰਨ ਵਿੱਚ ਭਾਰੀ ਜ਼ੁਰਮਾਨਾ ਲਾਉਣ ਦਾ ਵੀ ਪ੍ਰਸਤਾਵ

**ਪੈਰਿਸ/ਨ.ਦ.ਬਿਊਰੋ**

**ਤਾਲਿਬਾਨ** ਦੀ ਨਜ਼ਰ ਵਿੱਚ ਸ਼ਾਬਾਸ਼ੀ ਦੇ ਲਾਇਕ ਕੰਮ ਕਰਨ ਵਾਲੇ ਵਿਅਕਤੀ ਨੂੰ ਫਰਾਂਸ ਵਿਚ ਜੇਲ੍ਹ ਭੇਜਣ ਦੇ ਲਾਇਕ ਸਮਝਦਾ ਹੈ। ਇਹ ਸਤਰ ਫਰਾਂਸ ਦੇ ਉਸ ਲਾਗੂ ਕੀਤੇ ਕਾਨੂੰਨ ਨੂੰ ਦੇਖਦੇ ਹੋਏ ਲਿਖੀ ਗਈ ਹੈ ਜਿਸਦੇ ਮੁਤਾਬਿਕ, ਕਿਸੇ ਵੀ ਔਰਤ ਨੂੰ ਧੱਕੇ ਨਾਲ ਬੁਰਕਾ ਪਹਿਨਾਉਣ ਵਾਲੇ ਵਿਅਕਤੀ ਨੂੰ ਇੱਕ ਸਾਲ ਦੀ ਕੈਦ ਅਤੇ 20 ਹਜ਼ਾਰ ਡਾਲਰ ਜ਼ੁਰਮਾਨਾ ਕੀਤਾ ਜਾਵੇਗਾ। ਦੇਸ਼ ਵਿੱਚ ਬਣਾਏ ਬੁਰਕਾ ਪਹਿਨਣ ਦੇ ਕਾਨੂੰਨ ਵਿੱਚ ਇਹ ਸਜ਼ਾ ਨਿਰਧਾਰਿਤ ਕੀਤੀ ਗਈ ਹੈ। ਜਿਹਨਾਂ ਦਾ ਮਸੌਦਾ ਲੀਕ ਹੋ ਗਿਆ।



ਬਣਾਏ ਗਏ ਕਾਨੂੰਨ ਦੇ ਮਸੌਦੇ ਦੇ ਅਨੁਸਾਰ, ਜੇਕਰ ਕੋਈ ਮਹਿਲਾ ਬੁਰਕਾ ਨਕਾਬ ਪਹਿਨਦੀ ਹੈ ਤਾਂ ਉਸ ਨੂੰ 150 ਯੂਰੋ ਦਾ ਜੁਰਮਾਨਾ ਦੇਣਾ ਹੋਵੇਗਾ। ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਬੁਰਕਾ ਪਹਿਨਣ ਲਈ ਮਜ਼ਬੂਰ ਕਰਨ ਵਾਲੇ ਲੋਕਾਂ ਲਈ ਇੱਕ ਸਾਲ ਦੀ ਕੈਦ ਅਤੇ 20 ਹਜ਼ਾਰ ਡਾਲਰ ਜੁਰਮਾਨੇ ਦੇ ਕਾਨੂੰਨ ਲਾਗੂ ਕਰਨ ਦਾ ਇੱਛੁਕ ਹੈ।

ਸਰਕਾਰ ਸਮਰਥਕ ਅਖਬਾਰ ‘ਲੀ ਫਿਗਾਰੋ’ ਨੇ ਨਵੇਂ ਕਾਨੂੰਨ ਦਾ ਮਸੌਦਾ ਦੇਖਿਆ ਹੈ। ਅਖਬਾਰ ਨੇ ਕਿਹਾ ਹੈ ਕਿ, ‘ਸਰਵਜਨਕ ਸਥਾਨਾਂ ਉੱਤੇ ਅਜਿਹੇ ਕੱਪੜੇ ਪਹਿਨਣ ਦੀ ਆਗਿਆ ਨਹੀਂ ਹੋਵੇਗੀ ਜਿਹਨਾਂ ਦਾ ਮੁੱਖ ਉਦੇਸ਼ ਚਿਹਰਾ ਛੁਪਾਉਣਾ ਹੋਵੇਗਾ। ਇਸ ਨਵੇਂ ਕਾਨੂੰਨ ਦਾ ਇੱਕ ਨਿਯਮ ਹੋਰ ਵੀ ਹੈ, ਜਿਸਦੇ ਅਨੁਸਾਰ ਲਿੰਗ ਆਧਾਰ ਉੱਤੇ ਕਿਸੇ ਨੂੰ ਚਿਹਰਾ ਢਕਣ ਦੇ ਲਈ ਉਕਸਾਉਣ ਵਾਲੇ ਵਿਅਕਤੀ ਨੂੰ 15 ਹਜ਼ਾਰ ਯੂਰੋ ਦਾ ਜ਼ੁਰਮਾਨਾ ਭਰਨਾ ਹੋਵੇਗਾ ਅਤੇ ਇੱਕ ਸਾਲ ਦੀ ਕੈਦ ਵਿੱਚੋਂ ਗੁਜ਼ਰਨਾ ਹੋਵੇਗਾ।

## ਸਰਕਾਰ ਦੀ ਇਕਵਾਡੋਰ ਤੇਲ ਕੰਪਨੀਆਂ ਨੂੰ ਵੰਗਾਰ

**ਇਕਵਾਡੋਰ/ਨ.ਦ.ਬਿਊਰੋ**

ਇਕਵਾਡੋਰ ਸਰਕਾਰ ਨੇ ਇੱਕ ਬਿਆਨ ਰਾਹੀਂ ਦੇਸ਼ ‘ਚ ਕੰਮ ਕਰਦੀਆਂ ਬਾਹਰਲੀਆਂ ਤੇਲ ਕੰਪਨੀਆਂ ਨੂੰ ਧਮਕੀ ਦਿੰਦਿਆਂ ਕਿਹਾ ਹੈ ਕਿ ਜੇਕਰ ਉਹਨਾਂ ਨੇ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਜਾਰੀ ਰੱਖਿਆ ਤਾਂ ਤੇਲ ਕੰਪਨੀਆਂ ਨੂੰ ਮਿਲ ਰਹੀਆਂ ਰਿਆਇਤਾਂ ਖੋਹ ਲਈਆਂ ਜਾਣਗੀਆਂ।

ਰਾਸ਼ਟਰਪਤੀ ਸ੍ਰੀ ਕੋਰੀਆ ਨੇ ਇਕ ਟੀ.ਵੀ. ਪ੍ਰਸਾਰਣ ‘ਚ ਕਿਹਾ ਕਿ ਹਰੇਕ ਦਿਨ ਸਰਕਾਰ ਦੇ ਲੱਖਾਂ ਹੀ ਡਾਲਰ ਇਹਨਾਂ ਕੰਪਨੀਆਂ ਨੂੰ ਜਾ ਰਹੇ ਹਨ। ਉਹਨਾਂ ਅੱਗੇ ਕਿਹਾ ਕਿ ਕੰਪਨੀਆਂ ਸਾਡੇ ਸਬਰ ਦੀ ਹੋਰ ਪਰਖ ਨਾ ਕਰਨ ਅਤੇ ਤੇਲ ਉਤਪਾਦਨ ਤੋਂ ਮੁਨਾਫ਼ੇ ਦੇ ਹਿੱਸੇ ਦੀ ਥਾਂ ਸੇਵਾਵਾਂ ਸਬੰਧੀ ਇਕਰਾਰਨਾਮਾ ਪ੍ਰਵਾਨ ਕਰਨ। ਦੇਸ਼ ਦੀ ਕਾਂਗਰਸ ‘ਚ ਪੇਸ਼ ਕੀਤੇ ਜਾ ਰਹੇ ਬਿਲ ਰਾਹੀਂ ਉਹ ਉਹਨਾਂ ਕੰਪਨੀਆਂ ਦੀ ਹਿੱਸੇਦਾਰੀ ਖ਼ਤਮ ਕਰਨਗੇ ਜੋ ਨਵੇਂ ਇਕਰਾਰਨਾਮੇ ਨੂੰ ਨਹੀਂ ਕਬੂਲਣਗੀਆਂ। ਤੇਲ ਕੰਪਨੀਆਂ ਪ੍ਰਤੀ ਅਪਣੀ ਨਰਾਜ਼ਗੀ ਜ਼ਾਹਿਰ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਦੇਸ਼ ਨਾਲ ਖਿਲਵਾੜ ਕਰਨ ਵਾਲੀਆਂ ਤੇਲ ਫਰਮਾਂ ਨਾਲ ਉਹਨਾਂ ਦਾ ਕੋਈ ਸਰੋਕਾਰ ਨਹੀਂ। ਵਿਦੇਸ਼ੀ ਰਿਣ 2008 ‘ਚ 3.2 ਬਿਲੀਅਨ ਡਾਲਰ ਦਾ ਡਿਫਾਲਟਰ ਹੋਣ ਬਾਰੇ ਉਹਨਾਂ ਕਿਹਾ ਕਿ ਅੰਤਰ ਰਾਸ਼ਟਰੀ ਰਿਣਦਾਤਾ ‘ਮੋਨਸਟਰਜ਼‘ ਹਨ।

## ਯੂਰਪ ਦਾ ਵਿੱਤੀ ਸੰਕਟ ਗਹਿਰਾਇਆ

**ਲੰਡਨ/ਨ.ਦ.ਬਿਊਰੋ**

ਸਪੇਨ ਉਪਰ ਜਮ੍ਹਾਂ ਪੂੰਜੀ ਵਿੱਚ ਆਈ ਗਿਰਾਵਟ ਦੇ ਦੋਸ਼ਾਂ ਅਤੇ ਗਰੀਸ ਅੰਦਰ ਵੱਡੇ ਅਦਾਰਿਆਂ ਦੀ ਵੱਧ ਰਹੀ ਜਾਮਨੀ ਮੰਗ ਜੋ ਕਿ 120 ਯੂਰੋ ਤੱਕ ਹੋ ਸਕਦੀ ਹੈ, ਇਸ ਨਾਲ ਯੂਰਪ ਦਾ ਵਿੱਤੀ ਸੰਕਟ ਹੋਰ ਗਹਿਰਾ ਹੋ ਗਿਆ ਹੈ।

ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਮੁਖੀ ਨੇ ਚਿਤਾਵਨੀ ਦਿੰਦਿਆ ਕਿਹਾ ਕਿ ਯੂਰੋ ਅਧੀਨ ਕੰਮ ਕਰ ਰਹੇ 16 ਦੇਸ਼ਾਂ ਦੀ ਸਥਿੱਤੀ ਹੁਣ ਨਾਜ਼ੁਕ ਹੈ। ਯੂਨਾਨ ਦੇ ਪ੍ਰਧਾਨ ਮੰਤਰੀ ਜੌਰਜ਼ ਨੇ ਯੂਰਪੀਅਨ ਯੂਨੀਅਨ ਨੂੰ ਆਗਾਹ ਕੀਤਾ ਕਿ ਉਹਨਾਂ ਨੂੰ ਅੱਗ ਵਾਂਗ ਫੈਲ ਰਹੀ ਸਥਿੱਤੀ ਨੂੰ ਰੋਕਣਾ ਚਾਹੀਦਾ ਹੈ ਕਿ ਇਸ ਤੋਂ ਪਹਿਲਾਂ ਇਹ ਯੂਰਪ ਤੇ ਦੁਨੀਆ ਦੇ ਵਿੱਤੀ ਹਾਲਤਾਂ ਨੂੰ ਬਦਲ ਦੇਵੇ। ਪਰ ਯੂਰਪ ਦੀ ਸਭ ਤੋਂ ਵੱਡੀ ਵਿੱਤੀ ਸ਼ਕਤੀ ਅਤੇ ਕਿਸੇ ਬੇਲ-ਆਊਟ ਦੀ ਹਾਲਤ ‘ਚ ਸਰਕਰਦਾ ਰੋਲ ਨਿਭਾ ਸਕਣ ਦੀ ਹਾਲਤ ‘ਚ ਜਰਮਨੀ ਨੇ ਕਿਹਾ ਕਿ ਜੇ ਯੂਨਾਨ ਅੱਗੇ ਤੋਂ ਬਜਟ ਕੱਟ ਕਰਨ ਦਾ ਵਾਅਦਾ ਕਰੇ ਤਾਂ ਜਰਮਨ ਉਸਨੂੰ ਲੋੜੀਦੇ ਵਿੱਤੀ ਸਾਧਨ ਮੁੱਹਈਆ ਕਰਵਾ ਕੇ ਵਿੱਤੀ ਸੰਕਟ ਤੋਂ ਬਚਾ ਸਕਦਾ ਹੈ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਤੇ ਜਰਮਨ ਚਾਂਸਲਰ ਐਜੇਲਾ ਮਰਕੈਲਨ ਸਾਂਝੇ ਤੌਰ ‘ਤੇ ਗਰੀਸ ਨੂੰ ਵਿੱਤੀ ਸੰਕਟ ਹੱਲ ਲਈ ਯਤਨ ਕਰਨ ਲਈ ਕਹਿ ਰਹੇ ਹਨ। ਚਾਂਸਲਰ ਮਰੇਕੇਲ ਨੇ IMF ਦੇ ਮੁਖੀ ਡੋਮਿਨਿਕ ਨਾਲ ਮੀਟਿੰਗ ਤੋਂ ਬਾਅਦ ਕਿਹਾ ਕਿ ਗਰੀਸ ਸਰਕਾਰ, ਯੂਰਪੀਅਨ ਕਮਿਸ਼ਨ ਅਤੇ ਵਿਸ਼ਵ ਮੁਦਰਾ ਕੋਸ਼ ਵਿਚਾਲੇ ਗੱਲਬਾਤ ਤੇਜ਼ ਕਰਨ ਲਈ ਕਿਹਾ ਗਿਆ ਹੈ। ਲੱਗਦਾ ਹੈ ਕਿ ਗੱਲਬਾਤ ਛੇਤੀ ਸਿਰੇ ਲੱਗੇਗੀ ਅਤੇ ਜਰਮਨੀ ਅਪਣਾ ਫੈਸਲਾ ਲੈ ਸਕੇਗਾ।

## ਲੌਰਾ ਬੁਸ਼ ਨੇ ਹਾਦਸੇ ‘ਚ ਦੋਸਤ ਨੂੰ ਮਾਰਨਾ ਮੰਨਿਆ

**ਵਾਸ਼ਿੰਗਟਨ/ਨ.ਦ.ਬਿਊਰੋ**

ਸਾਬਕਾ ਰਾਸ਼ਟਰਪਤੀ ਜੌਰਜ ਬੁਸ਼ ਦੀ ਪਤਨੀ ਲੌਰਾ ਬੁਸ਼ ਨੇ ਇੱਕ ਅਹਿਮ ਖੁਲਾਸਾ ਕਰਦਿਆਂ ਕਿਹਾ ਹੈ ਕਿ ਇੱਕ ਕਾਰ ਹਾਦਸੇ ਦੌਰਾਨ ਅਪਣੇ ਸਕੂਲੀ ਦਿਨਾਂ ਦੇ ਦੋਸਤ ਦੀ ਮੌਤ ਲਈ ਉਹ ਜ਼ਿੰਮੇਵਾਰ ਹੈ। ਇਹ ਖੁਲਾਸਾ ਉਹਨਾਂ ਨੇ ਅਪਣੀ ਲਿਖੀ ਇੱਕ ਕਿਤਾਬ ਵਿੱਚ ਕੀਤਾ ਹੈ ਕਿ ਹਾਦਸੇ ਦਾ ਕਾਰਣ ‘ਸਟਾਪ ਲਾਈਨ’ ਤੇ ਨਾ ਰੁਕ ਸਕਣਾ ਸੀ ਅਤੇ ਇਸ ਹਾਦਸੇ ਤੋਂ ਬਾਅਦ ਉਹ ਮਾਨਸਿਕ ਬੋਝ ਥੱਲੇ ਰਹੀ ਹੈ। ਇਸ ਸਭ ਲਈ ਉਹ ਅਪਣੇ ਆਪ ਨੂੰ ਦੋਸ਼ੀ ਮੰਨਦੀ ਹੈ।



ਲੌਰਾ ਬੁਸ਼ ਜਿਹਨਾਂ ਦਾ ਪਹਿਲਾ ਨਾ ਲੌਰਾ ਵਿਲਚ ਸੀ, ਟੈਕਸਾਸ ਸੂਬੇ ਦੇ ਅਮੀਰ ਪਾਰਟੀ ਡਿਵੈਲਪਰ ਦੀ ਧੀ ਹੈ। ਉਹ ਇਸ ਗੱਲ ਤੋਂ ਇਨਕਾਰ ਕਰਦੀ ਰਹੀ ਕਿ 1963 ਦੌਰਾਨ ਉਹ ਉਸ ਹਾਦਸੇ ‘ਚ ਸ਼ਾਮਲ ਸੀ।

ਹਾਦਸਾ ਉਸ ਸਮੇਂ ਵਾਪਰਿਆ ਜਦੋਂ ਲੌਰਾ ਅਪਣੇ ਪਿਤਾ ਦੀ ਕਾਰ ਚਲਾਉਂਦਿਆਂ ਸਿਨੇਮਾ ਪੁੱਜਣ ਦੀ ਕਾਹਲ ‘ਚ ਹੋਣ ਕਾਰਨ ਸਟਾਪ ਲਾਈਨ ‘ਤੇ ਨਾ ਰੁਕੀ ਅਤੇ ਮਾਈਕ ਡਗਸਲ ਦੀ ਕਾਰ ‘ਚ ਅਪਣੀ ਕਾਰ ਮਾਰਕੇ ਭੱਜ ਗਈ। ਹਾਦਸੇ ਵਿੱਚ ਮਰਨ ਵਾਲੇ ਮਾਈਕ ਡਗਸਲ ਅਪਣੇ ਸਮੇਂ ਦੇ ਮਸ਼ਹੂਰ ਖਿਡਾਰੀ ਸਨ। ਜ਼ਿਕਰਯੋਗ ਹੈ ਕਿ ਇਸ ਕੇਸ ‘ਚ ਕਿਸੇ ਨੂੰ ਸਬੂਤਾਂ ਦੀ ਘਾਟ ਕਰਕੇ ਨਾਮਜ਼ਦ ਨਹੀਂ ਕੀਤਾ ਗਿਆ।

ਕੁਲ ਸੰਸਾਰ ਇਕ ਪਰਿਵਾਰ...

ਨਵੀਂ ਦੁਨੀਆ

**ਸੰਪਾਦਕੀ**

## ਇਹ ਕੇਹੀ ਅਣਖ?

ਅਣਖ ਕੀ ਹੁੰਦੀ ਹੈ?

ਕੀ ਇੱਜ਼ਤ ਜਾਂ ਅਣਖ ਦੇ ਨਾਂ 'ਤੇ ਆਪਣੇ ਹੀ ਧੀ ਪੁੱਤ ਨੂੰ ਕਤਲ ਕਰ ਦੇਣ ਵਾਲੇ ਲੋਕਾਂ ਨੂੰ ਅਣਖੀ ਕਿਹਾ ਜਾ ਸਕਦਾ ਹੈ? ਸਾਡੀ ਨਜ਼ਰ ਵਿੱਚ ਤਾਂ ਇਹ ਸਿਰੇ ਦੀ ਕਾਇਰਤਾ ਹੈ। ਸੱਚ ਤੋਂ ਮੁਨਕਰ ਹੋਣ ਜਾਂ ਹਕੀਕਤ ਦਾ ਸਾਮ੍ਹਣਾ ਕਰਨ ਤੋਂ ਭੱਜਣ ਵਾਲੀ ਕਾਇਰਤਾ, ਬੁਜ਼ਦਿਲੀ। ਹਰਿਆਣਾ ਦੀਆਂ ਖਾਪ ਪੰਚਾਇਤਾਂ ਦੇ ਫ਼ਤਵਿਆਂ ਨੇ ਬੜੀਆਂ ਮਾਸੂਮ ਮੁਹੱਬਤਾਂ ਨੂੰ ਕੁਚਲਿਆ ਹੈ ਅਤੇ ਹੁਣ ਇਹ ਬਿਮਾਰੀ ਪੰਜਾਬ ਵਿੱਚ ਵੀ ਆ ਵੜੀ ਹੈ। ਪੰਜਾਬ ਵਿੱਚ ਭਾਵੇਂ ਹਰਿਆਣਾ ਦੀਆਂ ਖਾਪ ਪੰਚਾਇਤਾਂ ਦੀ ਤਰਜ਼ 'ਤੇ ਤਾਂ ਕੁਝ ਨਹੀਂ ਹੋ ਰਿਹਾ ਪਰ ਪਿਛਲੇ ਕੁਝ ਕੁ ਸਾਲਾਂ ਤੋਂ 'ਮੁਹੱਬਤ ਦੇ ਪਰਿੰਦਿਆਂ' ਨੂੰ ਉਹਨਾਂ ਦੇ ਹੀ ਪਿਉਆਂ, ਚਾਚਿਆਂ, ਤਾਇਆਂ ਅਤੇ ਭਰਾਵਾਂ ਵੱਲੋਂ ਕਤਲ ਦੇਣ ਦੀਆਂ ਘਟਨਾਵਾਂ ਵਧੀਆਂ ਹਨ। ਹੁਣੇ ਜਿਹੇ ਤਰਨਤਾਰਨ ਦੇ ਪਿੰਡ ਬਹਿਮਣੀਵਾਲ ਵਿੱਚ ਜਿਵੇਂ ਆਪਣੀ ਹੀ ਧੀ ਤੇ ਉਸ ਦੀ ਸੱਸ ਦਾ ਕਤਲ ਕੀਤਾ ਗਿਆ ਹੈ ਤੇ ਜੁਆਈ ਨੂੰ ਮਰਨ ਕਿਨਾਰੇ ਪਹੁੰਚਾ ਦਿੱਤਾ ਗਿਆ ਹੈ, ਇਹ ਲੂੰ-ਕੰਡੇ ਖੜੇ ਕਰ ਦੇਣ ਵਾਲੀ ਕਰਤੂਤ ਹੈ। ਆਪਣੇ ਹੀ ਮਾਸੂਮ ਬੱਚਿਆਂ ਦੇ ਕਤਲ ਕਿਸੇ ਵੀ ਕੀਮਤ 'ਤੇ ਮੁਆਫ਼ ਕਰਨ ਯੋਗ ਨਹੀਂ ਹਨ। ਦੁੱਖ ਇਸ ਗੱਲ ਦਾ ਵੀ ਹੈ ਕਿ ਇਸ ਤਰ੍ਹਾਂ ਦੀਆਂ ਕਾਇਰਾਨਾ ਹਰਕਤਾਂ ਕਰਨ ਵਾਲਿਆਂ ਨੂੰ 'ਸਿਆਸਤ ਦੇ ਕੁਝ ਮਦਾਰੀ' ਵੀ ਹੱਲਾਸ਼ੇਰੀ ਦੇਣ ਤੱਕ ਚਲੇ ਜਾਂਦੇ ਹਨ। ਸਾਡੀ ਨਜ਼ਰ ਵਿੱਚ ਤਾਂ ਇਹ ਅਣਖ ਜਾਂ ਇੱਜ਼ਤ ਵਰਗੇ ਪਵਿੱਤਰ ਸ਼ਬਦਾਂ ਦਾ ਵੀ ਕਤਲ ਹੈ।

ਹਰਿਆਣਾ ਵਿੱਚ ਜਿਵੇਂ ਹੁਣੇ ਜਿਹੇ ਨੌਜਵਾਨ ਕਾਂਗਰਸੀ ਐਮ. ਪੀ. ਨਵੀਨ ਜਿੰਦਲ ਅਤੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੇ ਖਾਪ ਪੰਚਾਇਤਾਂ ਦੀ ਪਿੱਠ ਥਾਪੜੀ ਹੈ, ਉਹਨੇ ਹਰ ਚਿੰਤਨਸ਼ੀਲ ਬੰਦੇ ਦੇ ਮਸਤਕ ਤੇ ਫ਼ਿਕਰ ਦੀਆਂ ਲਕੀਰਾਂ ਗੂੜੀਆਂ ਕਰ ਛੱਡੀਆਂ ਹਨ। ਬਿਨਾਂ ਸ਼ੱਕ ਇਹ 'ਵੋਟਾਂ ਦੀ ਸਿਆਸਤ' ਵਿੱਚ ਸਿਰੇ ਦਾ ਲਾਲਚੀ ਵਰਤਾਰਾ ਹੈ।

ਭਾਰਤੀ ਸਮਾਜ ਵਿੱਚ ਪਿਛਲੇ ਕੁਝ ਕੁ ਸਾਲਾਂ ਤੋਂ ਬੜੀ ਤੇਜ਼ੀ ਨਾਲ ਬਦਲਾਅ ਆ ਰਹੇ ਹਨ। ਬਦਲਾਅ ਜ਼ਰੂਰੀ ਵੀ ਹੈ ਤੇ ਇਹ ਕੁਦਰਤੀ ਅਤੇ ਵਿਗਿਆਨਿਕ ਅਮਲ ਵੀ ਹੈ ਪਰ ਇਸ ਬਦਲਾਅ ਦਾ ਰੁਖ ਸਿਹਤਮੰਦ ਦਿਸ਼ਾ ਵੱਲ ਨਹੀਂ ਹੈ। ਭਾਵੇਂ ਇਸ ਬਦਲਾਅ ਦਾ ਲਾਭ ਆਮ ਬੰਦੇ ਨੂੰ ਨਹੀਂ ਮਿਲ ਰਿਹਾ ਪਰ ਤਬਦੀਲੀਆਂ ਤਾਂ ਹੋ ਹੀ ਰਹੀਆਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਜੇ ਕੁਝ ਨਹੀਂ ਬਦਲਿਆ ਤਾਂ ਉਹ ਹੈ ਭਾਰਤੀ ਬੰਦੇ ਦੀ ਮੱਧਯੁਗੀ ਮਾਨਸਿਕਤਾ, ਜਿਸਦਾ ਪ੍ਰਗਟਾਵਾ ਕਦੇ ਹਰਿਆਣਾ ਦੇ ਵੱਖ-ਵੱਖ ਇਲਾਕਿਆਂ ਤੇ ਕਦੇ ਕਦੇ ਪੰਜਾਬ ਵਿੱਚ ਹੋ ਰਿਹਾ ਹੈ।

ਇਹ ਤੱਥ ਵੀ ਬੜਾ ਤਕਲੀਫ਼ਦੇਹ ਹੈ ਕਿ ਪੰਜਾਬ ਅਤੇ ਹਰਿਆਣਾ ਵਰਗੇ ਖੁਸ਼ਹਾਲ ਸੂਬਿਆਂ ਵਿੱਚ ਹੀ ਧੀਆਂ ਦੇ ਸਿਰ 'ਤੇ ਸਭ ਤੋਂ ਵੱਧ ਤਲਵਾਰ ਲਟਕਦੀ ਹੈ। ਇਸ ਤੋਂ ਵੱਡੀ ਸ਼ਰਮ ਦੀ ਗੱਲ ਕੀ ਹੋ ਸਕਦੀ ਹੈ ਕਿ ਜਿਨ੍ਹਾਂ ਗੁਰੂਆਂ ਪੀਰਾਂ ਦੀ ਧਰਤੀ ਦੇ ਸੋਹਲੇ ਗਾ ਗਾ ਕੇ ਅਸੀਂ ਆਪਣੀ ਪਿੱਠ ਆਪ ਹੀ ਥਾਪੜਨ ਦੇ ਆਦੀ ਹੋ ਚੁੱਕੇ ਹਾਂ, ਉਸੇ ਧਰਤੀ 'ਤੇ ਅੱਜ ਇਕ ਹਜ਼ਾਰ ਲੜਕਿਆਂ ਪਿੱਛੇ ਸਿਰਫ਼ 782 ਲੜਕੀਆਂ ਰਹਿ ਗਈਆਂ ਹਨ। ਸਰਕਾਰਾਂ ਚਲਾਉਣ ਵਾਲਿਆਂ ਦੇ ਰਿਸ਼ਤੇਦਾਰਾਂ ਦੇ ਹਸਪਤਾਲਾਂ ਵਿੱਚ ਭਰੂਣ ਕੰਨਿਆ ਹੱਤਿਆਵਾਂ ਦਾ ਧੰਦਾ ਜ਼ੋਰਾਂ ਸ਼ੋਰਾਂ ਨਾਲ ਚਲਦਾ ਹੈ ਤੇ ਜਿਹੜੀਆਂ ਧੀਆਂ ਇਹਨਾਂ ਜ਼ਾਲਮਾਂ ਹੱਥੋਂ ਬੱਚ ਜਾਂਦੀਆਂ ਹਨ, ਉਹਨਾਂ ਨੂੰ ਅਣਖ ਦੇ ਨਾਂ 'ਤੇ ਪਿਉ, ਭਰਾ ਹੀ ਪਾਰ ਬੁਲਾਉਣ ਤੁਰ ਪਏ ਹਨ।

ਸਵਾਲ ਹੈ ਕਿ ਇਹ ਜਿਹੜੇ ਲੋਕ ਧੀਆਂ ਪੁੱਤਾਂ ਨੂੰ ਮਾਰਕੇ ਵੱਡੇ ਅਣਖੀਲੇ ਬਣੇ ਫਿਰਦੇ ਹਨ, ਪੰਜਾਬ ਦੇ ਕਾਲੇ ਦੌਰ ਦੌਰਾਨ ਇਹ ਕਿੱਥੇ ਜਾ ਕੇ ਲੁੱਕ ਗਏ ਸਨ, ਜਦੋਂ ਦਹਿਸ਼ਤੀ ਅਤੇ ਹਕੂਮਤੀ ਦੋਵਾਂ ਹੀ ਪਾਸਿਆਂ ਵੱਲੋਂ ਪੰਜਾਬ ਦੀ ਮਿੱਟੀ ਪਲੀਤ ਕੀਤੀ ਜਾ ਰਹੀ ਸੀ। ਅੱਜ ਦਰਅਸਲ, ਤਾਕਤ ਦੀ ਸਾਰੀ ਵਰਤੋਂ ਹੀ ਇਸਤਰੀ ਜਾਤੀ ਨੂੰ ਖ਼ਤਮ ਕਰਨ ਵੱਲ ਲਗਾਈ ਜਾ ਰਹੀ ਹੈ। ਕਿਸੇ ਵੀ ਸਮਾਜ ਵਿੱਚ ਪੈਦਾ ਹੋਣ ਤੋਂ ਬਾਅਦ ਹੀ ਕਿਸੇ ਦੀ ਜ਼ਿੰਦਗੀ ਨੂੰ ਖ਼ਤਰੇ ਪੈਦਾ ਹੋਣੇ ਸ਼ੁਰੂ ਹੁੰਦੇ ਹਨ ਪਰ ਸਿਰਫ਼ ਇਸਤਰੀਆਂ ਦੇ ਖੇਤਰ ਵਿਚ ਹੀ ਅਜਿਹਾ ਹੋ ਰਿਹਾ ਹੈ ਕਿ ਪੈਦਾ ਹੋਣ ਤੋਂ ਪਹਿਲਾ ਵੀ ਤੇ ਬਾਅਦ ਵਿੱਚ ਵੀ ਇਨ੍ਹਾਂ ਲਈ ਖ਼ਤਰੇ ਹੀ ਖ਼ਤਰੇ ਹਨ। ਅੱਜ ਦੇ ਆਧੁਨਿਕ ਅਤੇ ਵਿਗਿਆਨਿਕ ਯੁੱਗ ਵਿੱਚ ਵੀ ਜੇਕਰ ਔਰਤ ਨੂੰ ਆਪਣੀ ਜ਼ਿੰਦਗੀ ਆਪਣੀ ਮਰਜ਼ੀ ਦੇ ਸਾਥੀ ਨਾਲ ਆਪਣੇ ਢੰਗ ਮੁਤਾਬਕ ਜਿਉਣ ਦਾ ਹੱਕ ਨਹੀਂ ਤਾਂ ਅਸੀਂ ਕਿਹੜੀ ਅਣਖ, ਇੱਜ਼ਤ ਅਤੇ ਆਜ਼ਾਦੀ ਦੀ ਗੱਲ ਕਰਦੇ ਹਾਂ? ਇਸ ਸਭ ਦੇ ਲਈ ਕੌਣ ਜ਼ਿੰਮੇਵਾਰ ਹੈ? ਕੀ ਇਸ ਤਰ੍ਹਾਂ ਦਾ ਸਮਾਜ ਸੱਚ ਮੁੱਚ ਹੀ ਜੀਉਣ ਦੇ ਕਾਬਿਲ ਹੈ? ਇਹ ਕੁਝ ਸਵਾਲ ਹਨ, ਜਿਹੜੇ ਸਾਨੂੰ ਆਪਣੇ ਆਪ ਤੋਂ ਪੁੱਛਣੇ ਚਾਹੀਦੇ ਹਨ, ਤੇ ਅਸੀਂ ਸਮਝਦੇ ਹਾਂ ਕਿ ਜਦੋਂ ਇਹਨਾਂ ਸਵਾਲਾਂ ਦੇ ਜੁਆਬ ਲੱਭ ਪਏ ਤਾਂ ਅਣਖ ਦੇ ਅਰਥ ਵੀ ਸਮਝ ਆ ਜਾਣਗੇ। ਫਿਰ ਇਸ ਗਲੇ ਸੜੇ ਸਮਾਜ ਨੂੰ ਬਦਲ ਦੇਣ ਲਈ ਲੋਕ-ਕਾਫ਼ਲਿਆਂ ਦਾ ਹੜ੍ਹ ਆਇਆ ਹੀ ਸਮਝੋ।

ਸੰਪਾਦਕੀ ਬੋਰਡ
ਨਵਤੇਜ, ਦਲਬੀਰ ਸਾਂਗਿਆਣ (ਕੈਨੇਡਾ)
ਸੁਸ਼ੀਲ ਦੁਸਾਂਝ (ਭਾਰਤ)
ਸਲਾਹਕਾਰ ਬੋਰਡ
ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ. ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਿਰੀ)

2nd Floor 3448 – 93
Street NW,
Edmonton T6E 6A4,
Alberta (Canada)
Phone: 780 465 9118
Fax: 780 465 0661
e-mail:
info@nawidunia.com

# ਅਫ਼ਸਰਸ਼ਾਹੀ ਦੀਆਂ ਰਾਜਸੀ ਲਾਲਸਾਵਾਂ



**ਪ੍ਰੋ. ਰਾਕੇਸ਼ ਰਮਨ**

**ਅਫ਼ਸਰਸ਼ਾਹੀ** ਦੇਸ਼ ਦੇ ਪ੍ਰਸ਼ਾਸਨਿਕ ਢਾਂਚੇ ਦੀ ਸਭ ਤੋਂ ਉੱਪਰਲੀ ਪਰਤ ਹੈ। ਇਹ ਢਾਂਚਾ ਉਸ ਪ੍ਰਸ਼ਾਸਨਿਕ ਢਾਂਚੇ ਦਾ ਹੀ ਸੋਧਿਆ ਹੋਇਆ ਸੰਸਕਰਣ ਹੈ, ਜਿਸਦੀ ਬੁਨਿਆਦ ਭਾਰਤ ਵਿੱਚ ਬਸਤੀਵਾਦੀ ਬਰਤਾਨਵੀ ਹਕੂਮਤ ਨੇ ਰੱਖੀ ਸੀ। ਬਰਤਾਨਵੀ ਹਕੂਮਤ ਨੇ ਅਪਣੀ ਵਿਸ਼ੇਸ਼ ਬਸਤੀਵਾਦੀ ਨੀਤੀ ਤਹਿਤ ਭਾਰਤੀਆਂ ਵਿੱਚੋਂ ਹੀ ਭਾਰਤੀ ਜਨਤਾ 'ਤੇ ਅਪਣੀ ਪ੍ਰਸ਼ਾਸਨਿਕ ਜਕੜ ਕਾਇਮ ਕਰਨ ਖ਼ਾਤਰ ਇੱਕ ਵਰਗ ਤਿਆਰ ਕਰ ਲਿਆ ਸੀ। ਇਸ ਵਰਗ ਵਿੱਚ ਮੁੱਖ ਤੌਰ 'ਤੇ ਬਾਬੂ ਅਤੇ ਅਫ਼ਸਰ ਸ਼ਾਮਲ ਸਨ। ਇਹਨਾਂ ਦਾ ਕੰਮ ਆਮ ਕਰਕੇ ਬਰਤਾਨਵੀ ਹਕੂਮਤ ਦੇ ਹਿੱਤਾਂ ਅਨੁਸਾਰ ਪ੍ਰਸ਼ਾਸਨ ਚਲਾਉਣਾ ਹੁੰਦਾ ਸੀ ਜਾਂ ਫਿਰ ਇਉਂ ਕਹਿ ਲਵੋ ਕਿ ਇਹ ਭਾਰਤੀ ਜਨਤਾ ਅਤੇ ਬਰਤਾਨਵੀ ਹਕੂਮਤ ਵਿਚਕਾਰ ਕੜੀ ਦਾ ਕੰਮ ਕਰਦੇ ਸਨ। ਬਰਤਾਨਵੀ ਹਕੂਮਤ ਦਾ ਆਮ ਭਾਰਤੀ ਜਨਤਾ ਪ੍ਰਤੀ ਵਿਹਾਰ ਕਿਉਂਕਿ ਸਖ਼ਤੀ ਅਤੇ ਸ਼ੋਸ਼ਣ ਤੋਂ ਪ੍ਰੇਰਿਤ ਸੀ ਇਸ ਲਈ ਇਸਦੀ ਬਾਬੂ ਤੇ ਅਫ਼ਸਰ ਸ਼੍ਰੇਣੀ ਦਾ ਵਿਹਾਰ ਵੀ ਬੇਲਿਹਾਜ਼ੀ ਵਾਲਾ ਹੀ ਹੁੰਦਾ ਸੀ। ਅਫ਼ਸਰ ਬਸਤੀਵਾਦੀ ਹਕੂਮਤ ਦੇ ਹਿੱਤਾਂ ਖ਼ਾਤਰ ਜਨਤਾ ਤੇ ਪ੍ਰਸ਼ਾਸਨ ਉੱਪਰ ਅਪਣੀ ਮਜ਼ਬੂਤ ਪਕੜ ਬਣਾਈ ਰੱਖਦੇ ਸਨ। ਅਫ਼ਸਰਸ਼ਾਹੀ ਦਾ ਰਵੱਈਆ ਹੁਣ ਤੱਕ ਵੀ ਇਹੋ ਹੀ ਹੈ। ਭਾਵੇਂ ਕਿ ਹਾਕਮ ਬਦਲ ਗਏ ਹਨ, ਫਿਰ ਵੀ ਵਿਰਸੇ 'ਚੋਂ ਮਿਲੇ ਬਸਤੀਵਾਦੀ ਸੰਸਕਾਰ ਨੂੰ ਅਫ਼ਸਰਸ਼ਾਹੀ ਨੇ ਕਾਇਮ ਰੱਖਿਆ ਹੋਇਆ ਹੈ।

ਹੁਕਮ ਤੇ ਤਾਕਤ ਅਫ਼ਸਰਸ਼ਾਹੀ ਦੇ ਦੋ ਬੁਨਿਆਦੀ ਔਜ਼ਾਰ ਹਨ, ਜਿਹਨਾਂ ਰਾਹੀਂ ਇਹ ਸਮਾਜ ਦੇ ਇੱਕ ਵਸ਼ਿਸ਼ਟ ਵਰਗ ਵਜੋਂ ਅਪਦੀ ਹੋਂਦ ਕਾਇਮ ਰੱਖਦੀ ਹੈ। ਜਦੋਂ ਤੱਕ ਦੇਸ਼ ਵਿੱਚ ਬਸਤੀਵਾਦੀ ਰਾਜ ਸੀ ਉਦੋਂ ਤੱਕ ਅਫ਼ਸਰਸ਼ਾਹੀ ਦਾ ਅਪਣੇ ਤੋਂ ਉੱਪਰਲੇ ਤੇ ਅਪਣੇ ਤੋਂ ਹੇਠਲੇ ਵਰਗਾਂ ਨਾਲ ਰਿਸ਼ਤਾ ਜ਼ਰਾ ਵੱਖਰਾ ਸੀ। ਅਫ਼ਸਰ ਜਾਂ ਅਫ਼ਸਰਸ਼ਾਹੀ ਦੀ ਭੂਮਿਕਾ ਦਾ ਦੀ ਇੱਕ ਸੀਮਾ ਹੁੰਦੀ ਸੀ ਤੇ ਅਪਣੇ ਤੋਂ ਉੱਪਰਲੇ ਵਰਗ ਭਾਵ ਬਰਤਾਨਵੀ ਰਾਜਸੀ ਖੇਤਰ ਵਿੱਚ ਪ੍ਰਵੇਸ਼ ਪਾਉਣ ਲਈ ਇਸ ਕੋਲ ਕੋਈ ਮੌਕੇ ਨਹੀਂ ਸਨ। ਇਸ ਤੋਂ ਇਲਾਵਾ ਇਸ ਦੇ ਅਪਣੇ ਤੋਂ ਉੱਪਰਲੇ ਤੇ ਹੇਠਲੇ ਵਰਗਾਂ ਵਿਚਕਾਰ ਇੱਕ ਸਪੱਸ਼ਟ ਵੰਡ ਮੌਜੂਦ ਸੀ। ਹੇਠਲੇ ਵਰਗਾਂ ਲਈ ਵੀ ਰਾਜਸੀ ਤਾਕਤ ਲੱਗਭਗ ਵਰਜਿਤ ਸੀ। ਇਸ ਕਰਕੇ ਅਫ਼ਸਰਸ਼ਾਹੀ ਨੂੰ ਅਪਣੀ ਬਸਤੀਵਾਦੀ ਹਕੂਮਤ ਪਾਸੋਂ ਹਾਸਲ ਤਾਕਤ ਨਾਲ ਹੀ ਸਬਰ ਕਰਨਾ ਪੈਂਦਾ ਸੀ, ਹਾਲਾਂਕਿ ਇਹ ਤਾਕਤ ਵੀ ਕੋਈ ਘੱਟ ਨਹੀਂ ਸੀ ਹੁੰਦੀ।

ਬਸਤੀਵਾਦੀ ਹਕੂਮਤ ਦੇ ਖ਼ਾਤਮੇ ਮਗਰੋਂ ਦੇਸ਼ 'ਚ ਨਵੀਂ ਜਮਹੂਰੀ ਰਾਜਸੀ ਪ੍ਰਣਾਲੀ ਕਾਇਮ ਹੋਈ। ਸਮਾਜ ਦਾ ਆਰਥਕ ਢਾਂਚਾ ਤਾਂ ਵਰਗ ਅਧਾਰਤ ਹੀ ਰਿਹਾ ਪਰੰਤੂ ਪ੍ਰਸ਼ਾਸਨਿਕ ਢਾਂਚੇ ਉੱਪਰ ਇੱਕ ਅਜਿਹੀ ਰਾਜਸੀ ਬਣਤਰ ਸਥਾਪਤ ਕਰ ਦਿੱਤੀ ਗਈ, ਜਿਹੜੀ ਕਈ ਕਾਰਨਾਂ ਕਰਕੇ ਬਸਤੀਵਾਦੀ ਰਾਜਸੀ ਪ੍ਰਭੂਤਵ ਨਾਲੋਂ ਬਹੁਤ ਵੱਖਰੀ ਸੀ। ਅਫ਼ਸਰਸ਼ਾਹੀ ਤੋਂ ਉੱਪਰਲੀ ਰਾਜਸੀ ਬਣਤਰ ਹੁਣ ਅਜਿਹੇ ਵਿਅਕਤੀਆਂ ਲਈ ਸੀ, ਜਿਹੜੇ ਰਾਜਨੀਤਕ ਪਾਰਟੀਆਂ ਦੇ ਮੈਂਬਰ ਹੁੰਦੇ ਹਨ ਜਾਂ ਫਿਰ ਜਨਤਕ ਜੀਵਨ ਵਿੱਚ ਵਿਚਰਦੇ ਹਨ। ਲੋਕਾਂ ਦੁਆਰਾ ਮੱਤਦਾਨ ਰਾਹੀਂ ਚੁਣੇ ਜਾਣ 'ਤੇ ਇਹ ਸਰਕਾਰ ਦੇ ਰੂਪ ਵਿੱਚ ਗਠਿਤ ਹੁੰਦੇ ਹਨ ਤੇ ਅਫ਼ਸਰਸ਼ਾਹੀ ਇਹਨਾਂ ਦੇ ਅਧੀਨ ਕੰਮ ਕਰਦੀ ਹੈ। ਇਸ ਤਰ੍ਹਾਂ ਇਕ ਅਜਿਹੀ ਵਿਵਸਥਾ ਬਸਤੀਵਾਦੀ ਹਕੂਮਤ ਦੇ ਖ਼ਾਤਮੇ ਤੋਂ ਮਗਰੋਂ ਸਥਾਪਤ ਹੋਈ, ਜਿਸਨੇ ਅਫ਼ਸਰਸ਼ਾਹੀ ਦੀ ਪੂਰਬਲੀ ਸਮੀਕਰਨ ਨੂੰ ਤਬਦੀਲ ਕਰ ਦਿੱਤਾ। ਹੁਣ ਲੋਕ ਰਾਇ ਦੇ ਅਨੁਕੂਲ ਸਰਕਾਰ ਦੀ ਵਿਵਸਥਾ ਹੋਣ ਨਾਲ ਲੋਕ ਰਾਇ ਰਾਹੀਂ ਅਫ਼ਸਰਸ਼ਾਹੀ ਤੋਂ ਹੇਠਲੇ ਲੋਕਾਂ/ਵਿਅਕਤੀਆਂ ਅਫ਼ਸਰਸ਼ਾਹੀ ਤੋਂ ਉੱਪਰਲੇ (ਰਾਜਸੀ) ਵਰਗ ਵਿੱਚ ਜਾਣਾ ਹੀ ਸੰਭਵ ਹੋ ਗਿਆ।

ਨਵੀਂ ਜਮਹੂਰੀ ਰਾਜਸੀ ਪ੍ਰਣਾਲੀ ਦੇ ਆਉਣ ਨਾਲ ਇਹ ਅਕਸਰ ਹੀ ਵਾਪਰਿਆ ਹੈ ਕਿ ਮੁਕਾਬਲੇ ਦੇ ਇਮਤਿਹਾਨ ਪਾਸ ਕਰਕੇ ਅਫ਼ਸਰ ਬਣੇ ਤੇ ਬਹੁਤ ਜ਼ਿਆਦਾ ਵਿੱਦਿਅਕ ਯੋਗਤਾ ਰੱਖਣ ਵਾਲਿਆਂ ਉੱਪਰ ਉਹ ਵਜ਼ੀਰ ਹੁੰਦੇ ਹਨ, ਜਿਹਨਾਂ ਦੀ ਵਿੱਦਿਅਕ ਯੋਗਤਾ ਐਵੇਂ ਮਾਮੂਲੀ ਜਿਹੀ ਹੁੰਦੀ ਹੈ। ਇਹਨਾਂ ਵਜ਼ੀਰਾਂ ਦੇ ਹੁਕਮਾਂ ਦੀ ਤਾਮੀਲ ਅਫ਼ਸਰਾਂ ਨੇ ਅਪਣੇ ਸੰਵਿਧਾਨਕ ਫ਼ਰਜ਼ ਵਜੋਂ ਕਰਨੀ ਹੁੰਦੀ ਹੈ। ਕਈ ਵਾਰ ਤਾਂ ਕਿਸੇ-ਕਿਸੇ ਵਜ਼ੀਰ ਨੂੰ ਅਪਣੇ ਅਧੀਨ ਵਿਭਾਗ ਦੀ ਵੀ ਬੜੀ ਸੀਮਤ ਜਿਹੀ ਜਾਣਕਾਰੀ ਹੁੰਦੀ ਹੈ। ਅਪਣੇ ਵਿਭਾਗ ਬਾਰੇ ਮਾਮੂਲੀ ਪੜ੍ਹੇ ਲਿਖੇ ਵਜ਼ੀਰਾਂ ਦੇ ਬਿਆਨ ਕਈ ਵਾਰ ਲਤੀਫ਼ਿਆਂ ਦੀ ਸ਼ਕਲ ਵੀ ਧਾਰਨ ਕਰ ਜਾਂਦੇ ਹਨ। ਕੁੱਝ ਵੀ ਹੋਵੇ ਅਫ਼ਸਰਸ਼ਾਹੀ ਤੋਂ ਉੱਪਰਲੀ ਤਾਕਤ ਹਾਸਲ ਕਰਨ ਲਈ ਜੋ ਨਵੀਆਂ ਸੰਭਾਵਨਾਵਾਂ ਜਮਹੂਰੀ ਸਿਆਸੀ ਵਿਵਸਥਾ ਦੇ ਸਥਾਪਤ ਹੋਣ ਨਾਲ ਪੈਦਾ ਹੋਈਆਂ, ਉਹਨਾਂ ਨੇ ਸਮਾਜ ਦੇ ਕਈ ਵਰਗਾਂ ਵਿੱਚ ਰਾਜਸੀ ਲਾਲਸਾਵਾਂ ਉਤਪੰਨ ਕੀਤੀਆਂ। ਇਹ ਲਾਲਸਾਵਾਂ ਅਫ਼ਸਰਸ਼ਾਹੀ ਵਿੱਚ ਵੀ ਬੜੀ ਤੇਜ਼ੀ ਨਾਲ ਪ੍ਰਫੁੱਲਤ ਹੋਈਆਂ। ਅਫ਼ਸਰਾਂ ਲਈ ਵੀ ਅਪਣੇ ਤੋਂ ਉੱਪਰਲੇ ਦਰਜੇ ਵਾਲੇ ਵਰਗ ਵਿੱਚ ਸ਼ਾਮਲ ਹੋਣ ਦਾ ਰਾਹ ਖੁੱਲ੍ਹ ਗਿਆ। ਅਫ਼ਸਰਸ਼ਾਹੀ ਦੇ ਰਾਜਸੀ ਵਰਗ ਵਿੱਚ ਪਰਿਵਰਤਿਤ ਹੋਣ ਦੀ ਅਭਿਲਾਸ਼ਾ ਦੇ ਪ੍ਰਸੰਗ ਦਾ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਅਫ਼ਸਾਰਸ਼ਾਹੀ ਕੋਲ ਤਾਂ ਪਹਿਲਾਂ ਹੀ ਬਥੇਰੀ ਤਾਕਤ ਹੁੰਦੀ ਹੈ, ਤਾਂ ਰਾਜਸੀ ਤਾਕਤ ਹਾਸਲ ਕਰਨ ਦੀਆਂ ਲਾਲਸਾਵਾਂ ਕਿਉਂ ਪੈਦਾ ਹੋ ਰਹੀਆਂ ਹਨ? ਕਿਉਂ ਆਏ ਦਿਨ ਕਈ ਅਫ਼ਸਰ ਰਾਜਸੀ ਖੇਤਰ ਵਿੱਚ ਕੁੱਦਣ ਲਈ ਤੱਤਪਰ ਦਿਖਾਈ ਦਿੰਦੇ ਹਨ? ਕਿਉਂ ਕਈ ਅਫ਼ਸਰ ਅਪਣੇ ਅਹੁਦਿਆਂ ਤੋਂ ਅਸਤੀਫ਼ੇ ਦੇ ਕੇ ਭਾਰੂ ਰਾਜਸੀ ਪਾਰਟੀਆਂ ਵਿੱਚ ਸ਼ਾਮਲ ਹੋ ਕੇ ਇਹਨਾਂ ਦੀਆਂ ਟਿਕਟਾਂ ਉੱਪਰ ਚੋਣ ਲੜਦੇ ਹਨ। ਕਈ ਵਾਰ ਤਾਂ ਕੋਈ-ਕੋਈ ਅਫ਼ਸਰ ਸੀਟ ਵਿਸ਼ੇਸ਼ 'ਤੇ ਦਾਅਵਾ ਕਰਨ 'ਤੇ ਟਿਕਟ ਨਾ ਮਿਲਣ ਦੀ ਸੂਰਤ ਵਿੱਚ ਰਾਜਸੀ ਆਗੂਆਂ ਪ੍ਰਤੀ ਰੋਸ ਪ੍ਰਗਟਾਉਣ ਦੀ ਹੱਦ ਤੱਕ ਵੀ ਚਲਾ ਜਾਂਦਾ ਹੈ। ਹਾਂਲਾਕਿ ਅਫ਼ਸਰ ਦਾ ਕਿਸੇ ਰਾਜਸੀ ਆਗੂ ਜਾਂ ਕਾਰਕੁਨ ਵਰਗਾ ਕੋਈ ਜਨਤਕ ਜੀਵਨ ਨਹੀਂ ਹੁੰਦਾ। ਉਸਨੇ 'ਜਨਤਕ' ਸੇਵਾ ਦੀ ਥਾਂ 'ਸਰਕਾਰੀ ਸੇਵਾ' ਹੀ ਕੀਤੀ ਹੁੰਦੀ ਹੈ।

ਅਫ਼ਸਰਸ਼ਾਹੀ ਨੂੰ ਰਾਜਸੀ ਲਾਲਸਾਵਾਂ ਦੀ ਲਾਗ ਰਾਜਸੀ ਆਗੂਆਂ ਨਾਲ ਅਪਣੇ ਬਹੁਚਰਚਿਤ ਅਤੇ ਬਦਨਾਮ ਗੱਠਜੋੜ ਤੋਂ ਹੀ ਲੱਗੀ ਹੈ। ਮੌਜੂਦਾ ਪ੍ਰਸ਼ਾਸਨਿਕ ਅਤੇ ਰਾਜਸੀ ਪ੍ਰਣਾਲੀ ਦੇ ਅੰਤਰਗਤ ਚੁਣੀ ਹੋਈ ਸਰਕਾਰ ਦੇ ਰੂਪ ਵਿੱਚ ਰਾਜਸੀ ਲੀਡਰਸ਼ਿਪ ਅਤੇ ਸਥਾਈ ਕਾਰਜਪਾਲਿਕਾ ਦੇ ਰੂਪ ਵਿੱਚ ਅਫ਼ਸਰਸ਼ਾਹੀ ਨੇ ਹਰ ਚੰਗਾ-ਮਾੜਾ ਕੰਮ ਰਲ਼ ਕੇ ਕਰਨਾ ਹੁੰਦਾ ਹੈ। ਅਫ਼ਸਰਾਂ ਦਾ ਅਜਿਹੇ ਰਾਜਸੀ ਆਗੂਆਂ ਦੇ ਨਿਕਟ ਸੰਪਰਕ ਵਿੱਚ ਵਿਚਰਣਾ, ਜਿਹੜੇ ਮਹਿਜ਼ ਛਲ, ਕਪਟ, ਫਰੇਬ, ਧਨ ਅਤੇ ਝੂਠ ਦੇ ਸਹਾਰੇ ਤਾਕਤ ਹਾਸਲ ਕਰ ਲੈਂਦੇ ਹਨ, ਜ਼ਰੂਰ ਇਹ ਅਹਿਸਾਸ ਜਗਾਉਂਦਾ ਹੋਵੇਗਾ ਕਿ ਕਿਉਂ ਨਾ ਅਜਿਹੀਆਂ ਤਰਕੀਬਾਂ ਨਾਲ ਖ਼ੁਦ ਹੀ ਰਾਜਸੀ ਪ੍ਰਣਾਲੀ ਅੰਦਰ ਤਾਕਤਵਰ ਪੁਜੀਸ਼ਨਾਂ ਹਾਸਲ ਕੀਤੀਆਂ ਜਾਣ।

**ਅਫ਼ਸਰਸ਼ਾਹੀ ਨੂੰ ਰਾਜਸੀ ਲਾਲਸਾਵਾਂ ਦੀ ਲਾਗ ਰਾਜਸੀ ਆਗੂਆਂ ਨਾਲ ਅਪਣੇ ਬਹੁਚਰਚਿਤ ਅਤੇ ਬਦਨਾਮ ਗੱਠਜੋੜ ਤੋਂ ਹੀ ਲੱਗੀ ਹੈ। ਮੌਜੂਦਾ ਪ੍ਰਸ਼ਾਸਨਿਕ ਅਤੇ ਰਾਜਸੀ ਪ੍ਰਣਾਲੀ ਦੇ ਅੰਤਰਗਤ ਚੁਣੀ ਹੋਈ ਸਰਕਾਰ ਦੇ ਰੂਪ ਵਿੱਚ ਰਾਜਸੀ ਲੀਡਰਸ਼ਿਪ ਅਤੇ ਸਥਾਈ ਕਾਰਜਪਾਲਿਕਾ ਦੇ ਰੂਪ ਵਿੱਚ ਅਫ਼ਸਰਸ਼ਾਹੀ ਨੇ ਹਰ ਚੰਗਾ-ਮਾੜਾ ਕੰਮ ਰ਼ਲ ਕੇ ਕਰਨਾ ਹੁੰਦਾ ਹੈ। ਅਫ਼ਸਰਾਂ ਦਾ ਅਜਿਹੇ ਰਾਜਸੀ ਆਗੂਆਂ ਦੇ ਨਿਕਟ ਸੰਪਰਕ ਵਿੱਚ ਵਿਚਰਣਾ, ਜਿਹੜੇ ਮਹਿਜ਼ ਛਲ, ਕਪਟ, ਫਰੇਬ, ਧਨ ਅਤੇ ਝੂਠ ਦੇ ਸਹਾਰੇ ਤਾਕਤ ਹਾਸਲ ਕਰ ਲੈਂਦੇ ਹਨ, ਜ਼ਰੂਰ ਇਹ ਅਹਿਸਾਸ ਜਗਾਉਂਦਾ ਹੋਵੇਗਾ ਕਿ ਕਿਉਂ ਨਾ ਅਜਿਹੀਆਂ ਤਰਕੀਬਾਂ ਨਾਲ ਖ਼ੁਦ ਹੀ ਰਾਜਸੀ ਪ੍ਰਣਾਲੀ ਅੰਦਰ ਤਾਕਤਵਰ ਪੁਜੀਸ਼ਨਾਂ ਹਾਸਲ ਕੀਤੀਆਂ ਜਾਣ।**

ਅਫ਼ਸਰਸ਼ਾਹੀ ਭਾਵੇਂ ਅਪਣੇ ਤੋਂ ਹੇਠਲਿਆਂ ਲਈ ਇੱਕ ਵਿਸ਼ੇਸ਼ ਆਕਰਸ਼ਣ ਰੱਖਦੀ ਹੈ ਤੇ ਅਫ਼ਸਰ ਬਣਨ ਲਈ ਮੁਕਾਬਲੇ ਦੀ ਪ੍ਰੀਖਿਆ ਨੂੰ ਵੱਕਾਰੀ ਪ੍ਰੀਖਿਆ ਸਮਝਿਆ ਜਾਂਦਾ ਹੈ, ਪਰੰਤੂ ਅਪਣੇ ਰਾਜਸੀ ਪ੍ਰਭੂਆਂ ਅੱਗੇ ਇਹ ਕੋਈ ਵਿਸ਼ੇਸ਼ ਪੁਜੀਸ਼ਨ ਨਹੀਂ ਰੱਖਦੀ । ਅਪਣੇ ਰਾਜਸੀ ਪ੍ਰਭੂਆਂ ਦੀ ਅਧੀਨਗੀ 'ਚ ਇਹਨਾਂ ਦਾ ਕੰਮ ਮਹਿਜ਼ ਕਲਰਕੀ ਤੱਕ ਹੀ ਸੀਮਤ ਹੁੰਦਾ ਹੈ ਤੇ ਕਈ ਵਾਰ ਤਾਂ ਵਜ਼ੀਰਾਂ ਕੋਲੋਂ ਇਹਨਾਂ ਨੂੰ ਜ਼ਲੀਲ ਵੀ ਹੋਣਾ ਪੈਂਦਾ ਹੈ। ਅਧੀਨਗੀ ਨਾ ਮੰਨਣ ਵਾਲੇ ਅਫ਼ਸਰ ਨੂੰ ਅਕਸਰ ਨੁੱਕਰੇ ਲਾ ਕੇ ਰੱਖਿਆ ਜਾਂਦਾ ਹੈ। ਕਲਰਕੀ ਤੋਂ ਬਿਨਾਂ ਅਫ਼ਸਰਸ਼ਾਹੀ ਦੀ ਦੂਜੀ ਭੂਮਿਕਾ ਅਪਣੇ ਰਾਜਸੀ ਪ੍ਰਭੂਆਂ ਨਾਲ ਸਾਂਝ ਭਿਆਲੀ ਦੀ ਹੁੰਦੀ ਹੈ, ਜਿਸਦੇ ਅੰਤਰਗਤ ਦੋਵੇਂ ਮਿਲਕੇ ਭ੍ਰਿਸ਼ਟਾਚਾਰ ਨੂੰ ਸਰਅੰਜ਼ਾਮ ਦਿੰਦੇ ਹਨ। ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿੱਚ ਅੱਗੋਂ ਫਿਰ ਰਾਜਸੀ ਲੀਡਰਸ਼ਿਪ ਕੋਲ ਬਚਣ ਲਈ ਤਾਂ ਬਹੁਤ ਮੌਕੇ ਹੁੰਦੇ ਹਨ ਪਰੰਤੂ ਅਫ਼ਸਰਸ਼ਾਹੀ ਦੀ ਜਾਨ ਕੁੜਿੱਕੀ 'ਚ ਆਈ ਰਹਿੰਦੀ ਹੈ। ਇਸ ਲਈ ਅਫ਼ਸਰਸ਼ਾਹੀ ਖ਼ੁਦ ਅਪਣੇ ਆਪ ਨੂੰ ਰਾਜਸੀ ਲੀਡਰਸ਼ਿਪ 'ਚ ਪਰਵਰਤਿਤ ਕਰਕੇ ਅਜਿਹੀ ਸਥਿਤੀ ਤੋਂ ਨਿਜਾਤ ਹਾਸਲ ਕਰਨ ਵਿੱਚ ਬਿਹਤਰੀ ਸਮਝਦੀ ਹੈ। ਉਸ ਲਈ ਰਾਜਸੀ ਲੀਡਰਸ਼ਿਪ ਦਾ ਕੁੰਡਾ ਅਸਹਿ ਹੋ ਗਿਆ ਪ੍ਰਤੀਤ ਹੁੰਦਾ ਹੈ। ਅਫ਼ਸਰਾਂ ਕੋਲ ਧਨ ਦੀ ਕੋਈ ਕਮੀ ਨਹੀਂ ਹੈ, ਉਹ ਕੇਵਲ ਉਸ ਰਾਜਸੀ ਪਾਰਟੀ ਦੀ ਟਿਕਟ ਲਈ ਤਾਂਘ ਰੱਖਦੇ ਹਨ, ਜਿਸਦੀ ਸਰਕਾਰ ਬਣਨ ਦੇ ਆਸਾਰ ਦਿਖਾਈ ਦੇ ਰਹੇ ਹੋਣ। ਦੂਜੇ ਪਾਸੇ ਮੌਕਾਪ੍ਰਸਤ ਸਿਧਾਂਤਹੀਣ ਰਾਜਸੀ ਟੋਲਿਆਂ ਨੂੰ ਵੀ ਅਜਿਹੇ ਵਿਅਕਤੀਆਂ ਦੀ ਭਾਲ ਰਹਿੰਦੀ , ਜਿਹੜੇ ਇਹਨਾਂ ਲਈ ਧਨ ਜੁਟਾ ਸਕਦੇ ਹੋਣ।

ਅਫ਼ਸਰਸ਼ਾਹੀ ਦੀਆਂ ਰਾਜਸੀ ਲਾਲਸਾਵਾਂ ਭਾਰਤੀ ਲੋਕਤੰਤਰੀ ਪ੍ਰਣਾਲੀ ਦੀ ਇੱਕ ਬੁਰਾਈ ਵਜੋਂ ਹੀ ਸਾਹਮਣੇ ਆ ਰਹੀਆਂ ਹਨ ਕਿਉਂਕਿ ਅਜਿਹਾ ਹੋਣ ਨਾਲ ਲੋਕ ਰਾਇ ਨੂੰ ਧਨ ਨਾਲ ਵਰਗਲਾਉਣ ਵਾਲਾ ਇੱਕ ਹੋਰ ਵਰਗ ਰਾਜਸੀ ਪਿੜ ਵਿੱਚ ਨਿੱਤਰ ਰਿਹਾ ਹੈ।

ਪਹਿਲੀ ਵਾਰੀ ਨਵੀਂ ਦੁਨੀਆ ਅਖਬਾਰ ਪੜ੍ਹਿਆ। ਇਸ ਵਿੱਚ ਜੋ ਸਾਹਿਤ ਛਪਦਾ ਹੈ, ਉਹ ਬੜਾ ਕਲਾਸਿਕ ਹੁੰਦਾ ਹੈ। ਅਸੀਂ ਲੋਕਾਂ ਨੇ ਕਦੀ ਇੰਨੇ ਵਧੀਆ ਸਾਹਿਤ ਅਤੇ ਸਾਹਿਤਕਾਰਾਂ ਬਾਰੇ ਨਹੀਂ ਪੜ੍ਹਿਆ। ਇਸ ਵਿੱਚ ਸਾਹਿਤ ਨੂੰ ਪੜ੍ਹ ਕੇ ਜੋ ਸਾਹਿਤ ਦਾ ਜੋ ਖਲਾਅ ਪੰਜਾਬੀ ਅੰਦਰ ਹੁੰਦਾ ਹੈ, ਕੁਝ ਭਰਦਾ ਜਾਪ ਰਿਹਾ ਹੈ। ਡਾ. ਜਗਤਾਰ ਤੇ ਪ੍ਰਸਿੱਧ ਨਾਵਲਕਾਰ ਰਾਮ ਸਰੂਪ ਸਿੰਘ ਅਣਖੀ ਜੀ ਭਾਵੇਂ ਅੱਜ ਸਾਡੇ ਵਿਚਕਾਰ ਨਹੀਂ ਰਹੇ, ਉਹਨਾਂ ਬਾਰੇ ਪੜ੍ਹਕੇ ਰੂਹ ਨੂੰ ਬਹੁਤ ਸਕੂਨ ਮਿਲਿਆ। ਆਸ ਹੈ ਕਿ ਨਵੀਂ ਦੁਨੀਆ ਅਖਬਾਰ ਸੱਚਮੁੱਚ ਹੀ ਨਵੀਂ ਦੁਨੀਆ ਸਿਰਜੇਗਾ।

**ਅਮੋਲਕ ਸਿੰਘ, ਟੋਰਾਂਟੋ**

# ਗਰੀਕ ਤ੍ਰਾਸਦੀ ਅਤੇ ਅਸੀਂ

**ਆਰ.ਜਗਨਨਾਥ**

ਡੇਢ ਸਾਲ ਪਹਿਲਾਂ ਲੇਹਮੈਨ ਭਰਾ ਪੂਰੀ ਦੁਨੀਆ ਦੀ ਅਰਥ ਵਿਵਸਥਾ ਲਈ ਮੁਸੀਬਤ ਬਣ ਗਏ ਸਨ। ਹੁਣ ਯੂਰਪ ਵਿਚ ਵੀ ਅਜਿਹੀ ਹੀ ਭਿਆਨਕ ਸਥਿਤੀ ਬਣ ਰਹੀ ਹੈ। ਅਮਰੀਕੀਆਂ ਨੂੰ ਇਸ ਗੱਲ ਲਈ ਦੋਸ਼ੀ ਠਹਿਰਾਇਆ ਗਿਆ ਸੀ ਕਿ ਉਹ ਲੁੱਟ-ਖਸੁੱਟ ਕਰਨ ਵਾਲੇ ਪੂੰਜੀਵਾਦ ਦੀ ਲਗਾਮ ਨਹੀਂ ਕੱਸ ਸਕੇ ਅਤੇ ਜ਼ਰੂਰਤ ਨਾਲੋਂ ਜ਼ਿਆਦਾ ਖ਼ਤਰਾ ਝੱਲਦੇ ਰਹੇ। ਹੁਣ ਯੂਰਪੀਅਨ ਯੂਨੀਅਨ ਦੀ ਵਾਰੀ ਹੈ ਜਿਸ ਨੂੰ ਇਸ ਗੱਲ ਲਈ ਕੋਸਿਆ ਜਾ ਰਿਹਾ ਹੈ ਕਿ ਉਸ ਨੇ ਯੂਨਾਨ ਵਰਗੇ ਮੁਲਕ ਨੂੰ ਯੂਰੋਜੋਨ ਵਿਚ ਕਿਵੇਂ ਸ਼ਾਮਲ ਕਰ ਲਿਆ, ਜਿਸ ਦੇ ਕਰਜ਼ਿਆਂ ਦਾ ਬਦਨਾਮ ਇਤਿਹਾਸ ਰਿਹਾ ਹੈ। 110 ਅਰਬ ਯੂਰੋ (140 ਅਰਬ ਡਾਲਰ) ਦੇ ਰਾਹਤ ਪੈਕੇਜ ਦੇ ਬਾਵਜੂਦ ਲੱਗਦਾ ਤਾਂ ਇਹੀ ਹੈ ਕਿ ਯੂਨਾਨ ਕਾਰਨ ਯੂਰਪੀਅਨ ਯੂਨੀਅਨ ਦੀ ਸਿਆਸੀ ਤੇ ਆਰਥਕ ਨੀਂਹ ਵਿਚ ਸੰਨ੍ਹ ਲੱਗ ਸਕਦੀ ਹੈ। ਯੂਨਾਨ ਦੀ ਆਬਾਦੀ ਭਾਰਤ ਦੇ ਮੁਕਾਬਲੇ ਇਕ ਫੀਸਦੀ ਹੀ ਹੈ ਅਤੇ ਉਸ ਦੀ ਅਰਥ ਵਿਵਸਥਾ ਵੀ ਭਾਰਤ ਦੀ ਅਰਥ ਵਿਵਸਥਾ ਦੀ ਮਹਿਜ ਇਕ ਚੌਥਾਈ ਹੀ ਹੈ, ਪਰ ਉਸ ਨੂੰ ਜੋ ਰਾਹਤ ਪੈਕੇਜ ਦਿੱਤਾ ਗਿਆ ਹੈ, ਉਹ ਭਾਰਤ ਦੇ ਮੌਜੂਦਾ ਕੁੱਲ ਘਰੇਲੂ ਉਤਪਾਦ ਨਾਲੋਂ ਵੀ ਜ਼ਿਆਦਾ ਹੈ।



*140 ਅਰਬ ਦਾ ਕਰਜ਼ਾ ਚੁਕਾਉਣ ਲਈ ਯੂਨਾਨ ਨੂੰ ਕਰ ਵਧਾਉਣੇ ਹੋਣਗੇ ਅਤੇ ਖਰਚਿਆਂ ਵਿਚ ਭਾਰੀ ਕਟੌਤੀ ਕਰਨੀ ਪਵੇਗੀ। ਇਸ ਤੋਂ ਵੀ ਵੱਡੀ ਸਥਿਤੀ ਇਹ ਹੋ ਸਕਦੀ ਹੈ ਕਿ ਉਸ ਨੂੰ ਜਨਤਕ ਖੇਤਰ ਦੀਆਂ ਤਨਖਾਹਾਂ ਅਤੇ ਪੈਨਸ਼ਨ ਵਿਚ ਕਟੌਤੀ ਕਰਨੀ ਪਏਗੀ ਅਤੇ ਸਾਲਾਂ ਤੱਕ ਉਨ੍ਹਾਂ ਨੂੰ ਹੇਠਲੇ ਪੱਧਰ 'ਤੇ ਹੀ ਬਣਾਈ ਰੱਖਣ ਲਈ ਮਜਬੂਰ ਹੋਣਾ ਪਏਗਾ। ਨਤੀਜਾ ਇਹ ਹੋਵੇਗਾ ਕਿ ਅਗਲੇ ਚਾਰ ਸਾਲਾਂ ਵਿਚ ਯੂਨਾਨ ਦੇ ਕਰਜ਼ੇ ਜਿਥੇ ਕੁੱਲ ਘਰੇਲੂ ਉਤਪਾਦ ਦੇ ਅਨੁਪਾਤ ਵਿਚ 115 ਤੋਂ 150 ਫੀਸਦੀ ਤੱਕ ਵਧਦੇ ਰਹਿਣਗੇ, ਉਥੇ ਅਰਥ ਵਿਵਸਥਾ ਅਗਲੇ ਤਿੰਨ ਸਾਲਾਂ ਤੱਕ ਸੁੰਗੜਦੀ ਜਾਵੇਗੀ।*

ਆਖ਼ਰ ਯੂਨਾਨ (ਅੰਗਰੇਜ਼ੀ ਵਿਚ ਗਰੀਸ ਤੇ ਅਧਿਕਰਿਤ ਤੌਰ 'ਤੇ ਹੇਲੇਨਿਕ ਗਣਰਾਜ) ਵਰਗੇ ਛੋਟੇ ਜਿਹੇ ਦੇਸ਼ ਨੇ ਅਮਰੀਕੀ ਅਰਥ ਵਿਵਸਥਾ ਨਾਲੋਂ ਵੀ ਵੱਡੀ ਯੂਰਪੀਅਨ ਯੂਨੀਅਨ ਵਿਚ ਉਥਲ-ਪੁਥਲ ਕਿਵੇਂ ਮਚਾ ਦਿੱਤੀ? ਇਸ ਦਾ ਜਵਾਬ ਹੈ- ਵਿਸ਼ਵੀਕਰਨ ਦੀ ਦੁਨੀਆਂ ਵਿਚ ਬਾਜ਼ਾਰ ਦੀ ਸਾਖ ਦਾ ਮਹੱਤਵਪੂਰਨ ਹੋਣਾ ਹੈ। ਡੋਮਿਨੋ ਪ੍ਰਭਾਵ (ਅਜਿਹੀ ਸਥਿਤੀ, ਜਿਸ ਵਿਚ ਇਕ ਬਦਲਾਅ ਤੋਂ ਦੂਸਰੇ ਬਦਲਾਅ ਦੀ ਲੜੀ ਬਣਦੀ ਚਲੀ ਜਾਂਦੀ ਹੈ।) ਤੋਂ ਬਚਣ ਲਈ ਇਹ ਜ਼ਰੂਰੀ ਹੈ ਕਿ ਯੂਨਾਨ ਕਿਸੇ ਤਰ੍ਹਾਂ ਕਰਜ਼ ਦੀ ਸਥਿਤੀ ਤੋਂ ਉਭਰ ਜਾਵੇ। ਜੇਕਰ ਅਜਿਹਾ ਨਹੀਂ ਹੋਇਆ ਤਾਂ ਬਾਜ਼ਾਰ ਸਪੇਨ, ਪੁਰਤਗਾਲ, ਆਇਰਲੈਂਡ ਅਤੇ ਇਟਲੀ ਵਰਗੇ ਉਨ੍ਹਾਂ ਮੁਲਕਾਂ ਦੇ ਬਾਂਡ ਤੋਂ ਵੀ ਪੱਲਾ ਝਾੜ੍ਹਨਾ ਸ਼ੁਰੂ ਕਰ ਦਏਗਾ, ਜੋ ਫਿਲਹਾਲ ਸੰਕਟ ਦੇ ਦੌਰ ਵਿਚ ਹਨ। ਇਕ ਵਾਰ ਹਲਚਲ ਦੀ ਸਥਿਤੀ ਬਣ ਗਈ ਤਾਂ ਫੇਰ ਯੂਰਪੀਅਨ ਯੂਨੀਅਨ ਲਈ ਆਪਣਾ ਵਜੂਦ ਬਚਾਉਣਾ ਮੁਸ਼ਕਲ ਹੁੰਦਾ ਜਾਵੇਗਾ।

ਯੂਨਾਨ ਨੂੰ ਦਿੱਤੇ ਗਈ ਏਨੇ ਵੱਡੇ ਪੈਕੇਜ ਦੇ ਬਾਵਜੂਦ ਉਸ ਲਈ ਹਾਲੇ ਰਾਹਤ ਦੀ ਸਥਿਤੀ ਨਹੀਂ ਹੈ। 140 ਅਰਬ ਦਾ ਕਰਜ਼ਾ ਚੁਕਾਉਣ ਲਈ ਯੂਨਾਨ ਨੂੰ ਕਰ ਵਧਾਉਣੇ ਹੋਣਗੇ ਅਤੇ ਖਰਚਿਆਂ ਵਿਚ ਭਾਰੀ ਕਟੌਤੀ ਕਰਨੀ ਪਵੇਗੀ। ਇਸ ਤੋਂ ਵੀ ਵੱਡੀ ਸਥਿਤੀ ਇਹ ਹੋ ਸਕਦੀ ਹੈ ਕਿ ਉਸ ਨੂੰ ਜਨਤਕ ਖੇਤਰ ਦੀਆਂ ਤਨਖਾਹਾਂ ਅਤੇ ਪੈਨਸ਼ਨ ਵਿਚ ਕਟੌਤੀ ਕਰਨੀ ਪਏਗੀ ਅਤੇ ਸਾਲਾਂ ਤੱਕ ਉਨ੍ਹਾਂ ਨੂੰ ਹੇਠਲੇ ਪੱਧਰ 'ਤੇ ਹੀ ਬਣਾਈ ਰੱਖਣ ਲਈ ਮਜਬੂਰ ਹੋਣਾ ਪਏਗਾ। ਨਤੀਜਾ ਇਹ ਹੋਵੇਗਾ ਕਿ ਅਗਲੇ ਚਾਰ ਸਾਲਾਂ ਵਿਚ ਯੂਨਾਨ ਦੇ ਕਰਜ਼ੇ ਜਿਥੇ ਕੁੱਲ ਘਰੇਲੂ ਉਤਪਾਦ ਦੇ ਅਨੁਪਾਤ ਵਿਚ 115 ਤੋਂ 150 ਫੀਸਦੀ ਤੱਕ ਵਧਦੇ ਰਹਿਣਗੇ, ਉਥੇ ਅਰਥ ਵਿਵਸਥਾ ਅਗਲੇ ਤਿੰਨ ਸਾਲਾਂ ਤੱਕ ਸੁੰਗੜਦੀ ਜਾਵੇਗੀ। ਇਹ ਸਾਰਾ ਬੋਝ ਯੂਨਾਨੀ ਜਨਤਾ ਨੂੰ ਹੀ ਝੱਲਣਾ ਪਏਗਾ ਅਤੇ ਇਸ ਨਾਲ ਦੇਸ਼ ਵਿਚ ਸਿਆਸੀ ਅਸਥਿਰਤਾ ਦੀ ਸਥਿਤੀ ਵੀ ਬਣ ਸਕਦੀ ਹੈ।

ਜੇਕਰ ਯੂਰਪੀਅਨ ਯੂਨੀਅਨ ਯੂਨਾਨ ਨੂੰ ਕਰਜ਼ਾ ਨਾ ਚੁਕਾਉਣ ਦੀ ਇਜਾਜ਼ਤ ਦੇ ਦਿੰਦਾ ਹੈ, ਤਾਂ ਕੀ ਹੋਵੇਗਾ? ਇਹ ਕੋਈ ਆਸਾਨ ਫੈਸਲਾ ਨਹੀਂ ਹੋਵੇਗਾ, ਕਿਉਂਕਿ ਯੂਨਾਨ ਯੂਰੋਜੋਨ ਦਾ ਹਿੱਸਾ ਹੈ ਯੂਨਾਨ ਦੇ ਕਰਜ਼ ਅਦਾ ਨਹੀਂ ਕਰ ਸਕਣ ਦਾ ਯੂਰਪ ਵਿਚ ਉਹ ਨਤੀਜਾ ਹੋਵੇਗਾ, ਜੋ ਭਾਰਤ ਵਿਚ ਕਿਸੇ ਸੂਬਾ ਸਰਕਾਰ ਦੇ ਕਰਜ਼ ਨਾ ਚੁਕਾਉਣ ਕਾਰਨ ਹੁੰਦਾ ਹੈ। ਮਿਸਾਲ ਵਜੋਂ ਮੰਨ ਲਓ ਜੇਕਰ ਮਹਾਂਰਾਸ਼ਟਰ ਜਾਂ ਕਰਨਾਟਕ 'ਤੇ ਕਰਜ਼ਿਆਂ ਦੀਆਂ ਦੇਣਦਾਰੀਆਂ ਬਾਕੀ ਹੋਣ ਤਾਂ ਕੇਂਦਰ ਨੂੰ ਉਨ੍ਹਾਂ ਦੀ ਮਦਦ ਕਰਨੀ ਪਏਗੀ। ਜੇਕਰ ਉਹ ਅਜਿਹਾ ਨਾ ਕਰੇ ਤਾਂ ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਸਥਿਤ ਕਿਸੇ ਵੀ ਰਾਜ ਸਰਕਾਰ ਦਾ ਕਰਜ਼ਾ ਸ਼ੱਕ ਦੇ ਘੇਰੇ ਵਿਚ ਆ ਜਾਵੇਗਾ ਅਤੇ ਕੇਂਦਰ ਨੂੰ ਫੇਰ ਵੀ ਦਖ਼ਲ ਦੇਣਾ ਹੀ ਪਏਗਾ। ਇਸ ਦਾ ਕਾਰਨ ਇਹ ਹੈ ਕਿ ਸਾਰੇ ਭਾਰਤੀ ਸੂਬਿਆਂ ਦੀ ਖਜਾਨਾ ਮੁਦਰਾ ਰੁਪਇਆ ਹੀ ਹੈ। ਰੁਪਏ ਨਾਲ ਜੁੜੇ ਕਿਸੇ ਵੀ ਅੰਦਰੂਨੀ ਕਰਜ਼ੇ ਦੇ ਨਾ ਚੁਕਾ ਸਕਣ ਦਾ ਉਨ੍ਹਾਂ ਲੋਕਾਂ 'ਤੇ ਵੀ ਭਾਰੀ ਅਸਰ ਪਏਗਾ, ਜਿਨ੍ਹਾਂ 'ਤੇ ਕਿਸੇ ਤਰ੍ਹਾਂ ਦਾ ਰੁਪਇਆਂ ਦਾ ਕਰਜ਼ਾ ਨਹੀਂ ਹੈ। ਯੂਨਾਨ ਦੇ ਮਾਮਲੇ ਵਿਚ ਇਹ ਯੂਰੋ ਦਾ ਕਰਜ਼ਾ ਨਹੀਂ ਚੁਕਾ ਸਕਣ ਦੇ ਹੀ ਬਰਾਬਰ ਹੋਵੇਗਾ ਅਤੇ ਸਾਂਝੀ ਮੁਦਰਾ ਹੋਣ ਦੇ ਨਾਤੇ ਯੂਰੋ ਦੇ ਭਵਿੱਖ 'ਤੇ ਸੰਕਟ ਦੇ ਬੱਦਲ ਮੰਡਰਾਉਣ ਲੱਗਣੇ ਹਨ।

ਇਸ ਨਾਲ ਭਾਰਤ ਨੂੰ ਪਹਿਲਾ ਸਬਕ ਇਹ ਮਿਲਦਾ ਹੈ ਕਿ ਕੇਂਦਰੀ ਜਾਂ ਸੂਬਾਈ ਕਰਜ਼ਿਆਂ ਨੂੰ ਉਸ ਪੱਧਰ ਤੱਕ ਨਾ ਵਧਣ ਦਿੱਤਾ ਜਾਵੇ, ਜਿਥੋਂ ਕੰਟਰੋਲ ਹੀ ਨਾ ਕੀਤਾ ਜਾ ਸਕੇ। ਕਿਉਂਕਿ ਭਾਰਤ ਵੀ ਅਸਲ ਵਿਚ ਯੂਰੋਜੋਨ ਵਾਂਗ ਕਈ ਭਾਸ਼ਾਵਾਂ ਵਾਲੇ ਸੂਬਿਆਂ ਦਾ ਇਕ ਸੰਯੁਕਤ ਆਰਥਕ ਸੰਘ ਹੈ। ਬੀਤੇ ਕੁਝ ਵਰ੍ਹਿਆਂ ਤੋਂ ਯੂ.ਪੀ.ਏ. ਸਰਕਾਰ ਨੇ ਹੱਥ ਖੋਲ੍ਹ ਕੇ ਖਰਚੇ ਕੀਤੇ ਹਨ। ਮੌਜੂਦਾ ਸਮੇਂ ਵਿਚ ਜਨਤਕ ਕਰਜ਼ਿਆਂ ਅਤੇ ਕੁੱਲ ਘਰੇਲੂ ਉਤਪਾਦ ਦਾ ਅਨੁਪਾਤ 82 ਫੀਸਦੀ ਹੈ, ਜੋ ਕਿ ਕਾਫੀ ਵੱਧ ਹੈ ਅਤੇ ਇਸ ਵਿਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। ਅਸਲ ਵਿਚ ਮਹੱਤਵ ਸਿਰਫ਼ ਅਨੁਪਾਤ ਦਾ ਹੀ ਨਹੀਂ ਬਲਕਿ ਆਬਾਦੀ ਦਾ ਵੀ ਹੈ। ਵਿਕਾਸ ਦੀ ਹੌਲੀ ਗਤੀ ਵਾਲੇ ਮੁਲਕਾਂ ਵਿਚ ਇਸ ਤਰ੍ਹਾਂ ਦੇ ਉੱਚੇ ਅਨੁਪਾਤਾਂ ਨੂੰ ਕੰਟਰੋਲ ਕਰ ਸਕਣਾ ਵੈਸੇ ਵੀ ਮੁਸ਼ਕਲ ਹੁੰਦਾ ਹੈ। ਜੋ ਚੀਜ਼ ਸਾਡੇ ਪੱਖ ਵਿਚ ਹੈ, ਉਹ ਹੈ ਸਾਡੀ ਆਬਾਦੀ। ਸਾਡੀ ਕਾਰਜਸ਼ਕਤੀ ਵਿਚ ਹੋਏ ਵਾਧੇ ਕਾਰਨ ਹੀ ਭਾਰਤੀ ਅਰਥ ਵਿਵਸਥਾ ਅੱਜ ਅਜਿਹੀ ਸੁਖਦ ਸਥਿਤੀ ਵਿਚ ਹੈ, ਜਿਥੇ ਉਸ ਦੀ ਵਿਕਾਸ ਦਰ ਕਾਫੀ ਮਜ਼ਬੂਤ ਹੈ। ਲਿਹਾਜ਼ਾ ਸਾਡੇ ਲਈ ਕਰਾਂ ਵਿਚ ਵਾਧੇ ਦੇ ਮੁਕਾਬਲੇ ਘਾਟੇ ਦੀ ਸਥਿਤੀ ਨਾਲ ਨਜਿੱਠਣਾ ਸੰਭਵ ਹੈ। ਪਰ ਜੇਕਰ ਕਰਜ਼ੇ ਹੋਰ ਵਧਦੇ ਹਨ ਤਾਂ ਫਿਰ ਉਨ੍ਹਾਂ ਨੂੰ ਚੁਕਾਉਣਾ ਸਾਡੇ ਲਈ ਮੁਸ਼ਕਲ ਹੁੰਦਾ ਜਾਵੇਗਾ। ਇਥੇ ਇਹ ਦੱਸਣਾ ਉਚਿਤ ਹੋਵੇਗਾ ਕਿ 13ਵੇਂ ਵਿੱਤ ਕਮਿਸ਼ਨ ਨੇ ਇਹ ਇੱਛਾ ਜ਼ਾਹਰ ਕੀਤੀ ਹੈ ਕਿ ਕਰਜ਼ ਅਤੇ ਕੁੱਲ ਘਰੇਲੂ ਉਤਪਾਦ ਦਾ ਅਨੁਪਾਤ ਸਾਲ 2014-15 ਤੱਕ ਡਿੱਗ ਕੇ 68 ਫੀਸਦੀ ਤੱਕ ਪੁੱਜ ਜਾਵੇ ਪਰ ਇਸ ਦੇ ਲਈ ਸਰਕਾਰ ਨੂੰ ਖਰਚਿਆਂ 'ਤੇ ਕੰਟਰੋਲ ਕਰਨਾ ਹੋਵੇਗਾ। ਹਾਲ-ਫਿਲਹਾਲ ਤਾਂ ਇਸ ਦੇ ਕੋਈ ਸੰਕੇਤ ਨਜ਼ਰ ਨਹੀਂ ਆ ਰਹੇ।

ਭਾਰਤ ਲਈ ਦੂਸਰਾ ਸਬਕ ਇਹ ਹੈ ਕਿ ਇਹ ਸਾਰਕ ਦੇਸ਼ਾਂ ਨਾਲ ਆਰਥਕ ਏਕੀਕਰਨ ਦੇ ਰਸਤੇ 'ਤੇ ਵਧਣ ਵਿਚ ਚੌਕਸੀ ਵਰਤੇ। ਯੂਨਾਨ ਦੇ ਆਰਥਕ ਸੰਕਟ ਨਾਲ ਸਾਂਝਾ ਮੁਦਰਾ ਦੀ ਧਾਰਨਾ ਵੀ ਸਵਾਲਾਂ ਦੇ ਘੇਰੇ ਵਿਚ ਆਉਣ ਵਾਲੀ ਹੈ, ਖਾਸ ਕਰ ਜਦੋਂ ਆਰਥਕ ਨੀਤੀਆਂ ਵਿਚ ਏਨਾ ਵੱਡਾ ਫ਼ਰਕ ਹੋਵੇ, ਤਾਂ ਸਾਂਝੀ ਮੁਦਰਾ ਦਾ ਕੀ ਮਤਲਬ? ਜੇਕਰ ਯੂਨਾਨ ਯੂਰੋਜੋਨ ਵਿਚ ਨਹੀਂ ਹੁੰਦਾ ਤਾਂ ਉਹ ਆਪਣੀ ਮੁਦਰਾ ਨਾਲ ਸਟੈਂਡ ਕਰ ਸਕਦਾ ਸੀ। ਮੁਦਰਾ ਦਰ ਵਧਾਉਂਦੇ ਹੋਏ ਉਹ ਕਰਜ਼ਿਆਂ ਵਿਚ ਰਾਹਤ ਹਾਸਲ ਕਰ ਲੈਂਦਾ। ਵਿੱਤੀ ਸੰਕਟ ਦੌਰਾਨ ਬਰਤਾਨੀਆ ਵੀ ਅਜਿਹੀਆਂ ਸਥਿਤੀਆਂ ਨਾਲ ਦੋ-ਚਾਰ ਹੋਇਆ ਸੀ, ਪਰ ਯੂਰੋਜੋਨ ਵਿਚ ਸ਼ਾਮਲ ਨਹੀਂ ਹੋਣ ਕਾਰਨ ਇਥੇ ਯੂਨਾਨ ਵਰਗੀ ਨੌਬਤ ਕਦੇ ਨਹੀਂ ਆਈ।

ਇਕ ਤਰ੍ਹਾਂ ਨਾਲ ਇਹ ਚੰਗਾ ਹੀ ਹੈ ਕਿ ਸਾਰਕ ਮੁਲਕਾਂ ਨਾਲ ਹਾਲੇ ਤਕ ਆਰਥਕ ਏਕੀਕਰਨ ਦੀ ਦਿਸ਼ਾ ਵਿਚ ਕੋਈ ਪਹਿਲ ਨਹੀਂ ਹੋਈ। ਦੱਖਣੀ ਏਸ਼ੀਆ ਦੀ ਸਭ ਤੋਂ ਵੱਡੀ ਅਰਥ ਵਿਵਸਥਾ ਹੋਣ ਦੇ ਨਾਤੇ ਸਾਡਾ ਫਰਜ਼ ਹੈ ਕਿ ਅਸੀਂ ਮੁਸ਼ਕਲ ਦੌਰ ਵਿਚੋਂ ਲੰਘ ਰਹੇ ਕਿਸੇ ਵੀ ਦੇਸ਼ (ਬੰਗਲਾਦੇਸ਼, ਸ਼੍ਰੀਲੰਕਾ ਆਦਿ) ਦੀ ਜ਼ਿੰਮੇਵਾਰੀ ਲਈਏ। ਇਸ ਦਾ ਸਭ ਤੋਂ ਚੰਗਾ ਤਰੀਕਾ ਤਾਂ ਇਹੀ ਹੋਵੇਗਾ ਕਿ ਅਸੀਂ ਸਾਰਕ ਮੁਲਕਾਂ ਦੇ ਛੋਟੇ ਦੇਸ਼ਾਂ ਨਾਲ ਖੁੱਲ੍ਹੇ ਦੁਵੱਲੇ ਵਪਾਰਕ ਸਬੰਧ ਬਣਾਈਏ। ਇਸ ਨਾਲ ਜਿਥੇ ਉਨ੍ਹਾਂ ਨਾਲ ਸਾਡੇ ਰਿਸ਼ਤੇ ਸੁਧਰਨਗੇ, ਉਥੇ ਸਾਡੀ ਅਰਥਵਿਵਸਥਾ ਵੀ ਵੱਧ ਮੁਕਾਬਲੇ ਦੇ ਯੋਗ ਬਣ ਸਕਦੀ ਹੈ। ਪਾਕਿਸਤਾਨ ਨੂੰ ਸਭ ਤੋਂ ਅਖੀਰ ਲਈ ਛੱਡਿਆ ਜਾ ਸਕਦਾ ਹੈ। ਜਦੋਂ ਉਸ ਦੀ ਕਮਾਨ 'ਜਨਰਲਾਂ' ਦੇ ਹੱਥ ਵਿਚ ਨਹੀਂ ਹੋਵੇਗੀ ਅਤੇ ਉਸ ਵਿਚ ਅਮਨ ਦੀ ਅਸਲ ਇੱਛਾ ਹੋਵੇਗੀ, ਉਦੋਂ ਅਸੀਂ ਬੜੀ ਆਸਾਨੀ ਨਾਲ ਉਸ ਨਾਲ ਕੋਈ ਵਪਾਰਕ ਸਬੰਧ ਬਣਾ ਸਕਾਂਗੇ। ਉਦੋਂ ਤਕ ਤਾਂ ਸਾਨੂੰ ਸਾਰਕ ਮੁਲਕਾਂ ਨਾਲ ਆਪਣੇ ਰਿਸ਼ਤੇ ਇਸ ਤਰ੍ਹਾਂ ਰੱਖਣੇ ਚਾਹੀਦੇ ਹਨ, ਜਿਵੇਂ ਉਹ ਕੋਈ ਸੰਪੂਰਨ ਇਕਾਈ ਨਹੀਂ, ਬਲਕਿ ਟੁਕੜਿਆਂ ਵਿਚ ਵੰਡਿਆ ਹੋਇਆ ਸੰਗਠਨ ਹੈ।

**ਵਿਦੇਸ਼ੀ ਅਖਬਾਰਾਂ 'ਚੋਂ**

## ਸਿਹਤ ਸੇਵਾਵਾਂ ਦੀ ਅਣਦੇਖੀ

ਕਿਸੇ ਵੀ ਦੇਸ਼ ਜਾਂ ਸਮਾਜ ਲਈ ਅਪਣੇ ਨਾਗਰਿਕਾਂ ਦਾ ਸਿਹਤਮੰਦ ਹੋਣਾ ਸਭ ਤੋਂ ਜ਼ਰੂਰੀ ਹੁੰਦਾ ਹੈ। ਚੰਗੀ ਸਿਹਤ ਸਾਡੀ ਸਭ ਤੋਂ ਵੱਡੀ ਜ਼ਰੂਰਤ ਹੁੰਦੀ ਹੈ। ਜਿਸਦੇ ਬਿਨਾਂ ਕਿਸੇ ਵੀ ਸਿਹਤਮੰਦ ਸਮਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਪਰ ਤਮਾਮ ਦਾਅਵਿਆਂ ਅਤੇ ਵਾਅਦਿਆਂ ਦੇ ਬਾਵਜੂਦ ਸਾਡੇ ਲੋਕਾਂ ਦੀ ਸਿਹਤ ਦੀ ਅਣਦੇਖੀ ਹੋ ਰਹੀ ਹੈ। ਵਿਸ਼ਵ ਸਿਹਤਮੰਦ ਸੰਗਠਨ ਦੇ ਮੰਨਣ ਦੇ ਮੁਤਾਬਿਕ ਕਰੀਬ 600 ਲੋਕਾਂ ਲਈ ਇੱਕ ਡਾਕਟਰ ਹੋਣਾ ਚਾਹੀਦਾ ਹੈ। ਸਾਨੂੰ ਉਸਦੇ ਲਿਹਾਜ ਨਾਲ ਹੀ ਅੱਗੇ ਵਧਣਾ ਚਾਹੀਦਾ ਸੀ ਪਰ ਅਸੀਂ ਤਾਂ ਹੋਰ ਵੀ ਪਿੱਛੇ ਚਲੇ ਗਏ ਹਾਂ। ਇਹੀ ਚਿੰਤਾ ਦਾ ਵਿਸ਼ਾ ਹੈ। ਅਪਣੇ ਦੇਸ਼ ਵਿੱਚ 2000 ਵਿੱਚ 905 ਲੋਕਾਂ ਲਈ ਇੱਕ ਡਾਕਟਰ ਸੀ ਅਤੇ ਇੱਕ ਦਹਾਕੇ ਬਾਅਦ ਭਾਵ 2010 ਵਿੱਚ ਔਸਤ 940 ਲੋਕਾਂ ਲਈ ਇੱਕ ਡਾਕਟਰ ਹੋ ਗਿਆ ਹੈ। ਅਪਣੇ ਸਬਾਹ ਅਤੇ ਸਾਰਾਬਾਕ ਵਿੱਚ ਤਾਂ ਹੋਰ ਵੀ ਬੁਰਾ ਹਾਲ ਹੈ। ਉੱਥੇ ਔਸਤਨ 200 ਲੋਕਾਂ ਲਈ ਇੱਕ ਡਾਕਟਰ ਹੈ। ਇਸਦੇ ਲਈ ਤਮਾਮ ਕਾਰਨ ਗਿਣਾਏ ਜਾ ਸਕਦੇ ਹਨ। ਮਸਲਨ, ਵੱਧਦੀ ਆਬਾਦੀ ਜਾਂ ਡਾਕਟਰਾਂ ਦੀ ਰਿਟਾਇਰਮੈਂਟ ਜਾਂ ਉਹਨਾਂ ਦਾ ਬਾਹਰ ਚਲੇ ਜਾਣਾ ਵਗੈਰਾ-ਵਗੈਰਾ। ਜੇਕਰ ਉਮੀਦ ਵੀ ਰੱਖੀ ਜਾਵੇ ਕਿ ਸਭ ਠੀਕ ਹੋ ਜਾਵੇਗਾ ਤਾਂ ਵੀ ਕਦ ਹੋਵੇਗਾ?

**ਦਾ ਸਟਾਰ, ਮਲੇਸ਼ੀਆ**

## ਹਾਦਸਾ ਅਤੇ ਇਤਿਹਾਸ ਦਾ ਦਰਦ

ਰੂਸ ਵਿੱਚ ਕੋਈ ਵੀ ਘਟਨਾ ਜਾਂ ਦੁਰਘਟਨਾ ਹੁੰਦੀ ਹੈ ਤਾਂ ਇੱਕ ਸਵਾਲ ਜ਼ਰੂਰ ਪੁੱਛਿਆ ਜਾਂਦਾ ਹੈ ਕਿ ਉਸਦੇ ਲਈ ਕਿਸਨੂੰ ਮੁਜਰਿਮ ਠਹਿਰਾਇਆ ਜਾਵੇ? ਪੌਲੈਂਡ ਦੇ ਰਾਸ਼ਟਰਪਤੀ ਵਾਲੀ ਦੁਰਘਟਨਾ ਦੇ ਬਾਅਦ ਇਹ ਸਵਾਲ ਅਜੇ ਸ਼ਾਂਤ ਨਹੀਂ ਹੋਇਆ ਹੈ। ਆਖਿਰ ਕਿਸਨੂੰ ਮੁਜਰਿਮ ਮੰਨਿਆ ਜਾਵੇ? ਸਾਡਾ ਮੰਨਣਾ ਹੈ ਕਿ ਉਸਦੇ ਲਈ ਸਾਡੇ ਇਤਿਹਾਸ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦੇਣਾ ਚਾਹੀਦਾ ਹੈ। ਰੂਸ ਅਤੇ ਪੌਲੈਂਡ ਦੇ ਰਿਸ਼ਤੇ ਬੇਹੱਦ ਖ਼ਰਾਬ ਹੋ ਰਹੇ ਹਨ ਪਰ ਵਿਡੰਬਣਾ ਇਹ ਹੈ ਜਦੋਂ ਦੋਨਾਂ ਦੇਸ਼ਾਂ ਦੇ ਰਿਸ਼ਤੇ ਸੁਧਰਨ ਦੀ ਤਰਫ਼ ਵਧ ਰਹੇ ਸੀ ਉਦੋਂ ਇਹ ਹਾਦਸਾ ਹੋ ਗਿਆ। ਇਸ ਹਾਦਸੇ ਦੀ ਜਾਂਚ ਤਾਂ ਹੋਣੀ ਹੀ ਚਾਹੀਦੀ ਹੈ। ਪਰ ਇਤਿਹਾਸ ਨੂੰ ਕਟਹਿਰੇ ਵਿੱਚੋਂ ਕੱਢ ਕੇ ਬਾਹਰ ਲੈ ਆਉਣਾ ਚਾਹੀਦਾ ਹੈ।

**ਸੇਂਟ ਪੀਟਰਸਬਰਗ ਟਾਈਮਜ਼-ਰੂਸ**

**ਧੁਖ਼ਦਾ ਕਾਲਮ**

**ਸੁਸ਼ੀਲ ਦੁਸਾਂਝ**

## 'ਆਓ ! ਕਾਫ਼ਰ ਹੋ ਜਾਈਏ'

'ਸੰਸਾਰ ਸਹਿਜ ਤਰਕ ਨਾਲ ਨਹੀਂ ਚਲ ਰਿਹਾ-
ਨਾ ਰੱਬ
ਨਾ ਸ਼ੋਸ਼ਣ
ਪਰ ਸੰਸਾਰ ਚਲੱਣ ਦੇ ਸਹਿਜ ਤਰਕ ਹਨ-
ਜਿਵੇਂ-ਰਬ ਹਨੇਰੇ 'ਚ ਉਪਜਿਆ ਸੀ
ਸ਼ੋਸ਼ਣ ਵੀ
ਜਿਵੇਂ -ਸੋਸ਼ਣ ਅਗਿਆਨ ਵਿਚ ਪਲਿਆ-ਵਧਿਆ
ਰੱਬ ਵੀ
ਸੰਸਾਰ ਬਦਲਣ ਦੇ ਵੀ ਸਹਿਜ ਤਰਕ ਹਨ-
ਜਿਵੇਂ -ਸੋਸ਼ਣ ਨਸ਼ਵਰ ਹੈ
ਰੱਬ ਵੀ
ਜਿਵੇਂ-ਮਜ਼ਬੀ ਪ੍ਰਣਾਲੀਆਂ ਮਿਊਜ਼ੀਅਮ ਵਿਚ ਜਾਣਗੀਆਂ
ਸ਼ੋਸ਼ਣ ਵੀ।'

ਹਿੰਦੀ ਸ਼ਾਇਰ ਵਿਕਾਸ ਨਾਮਇਣ ਰਾਏ ਦੀ 'ਸੰਸਾਰ' ਨਾਮਕ ਇਹ ਨਿਕੀ ਜਿਹੀ ਨਜ਼ਮ ਦੱਸਦੀ ਹੈ ਕਿ ਸਾਹਿਤ ਦੀ ਜੁਆਬਦੇਹੀ ਮਨੁਖਤਾ ਪ੍ਰਤੀ ਹੈ ਨਾ ਕਿ ਮਨੁਖ ਵਲੋਂ ਹੀ ਹਨੇਰੇ ਵਿਚ ਡਰ-ਭੈਅ ਨਾਲ ਹਥ-ਪੈਰ ਮਾਰਦਿਆਂ ਸਿਰਜੇ ਗਏ ਨਿਰਾਕਾਰ ਰੱਬ ਪ੍ਰਤੀ। ਰੱਬ ਬਾਰੇ ਪੰਜਾਬੀ ਦੇ ਮਹਾਨ ਸ਼ਾਇਰ ਪ੍ਰੋ: ਮੋਹਨ ਸਿੰਘ ਨੇ ਵੀ ਕਦੇ ਕਿਹਾ ਸੀ-

'ਰੱਬ ਇਕ ਗੁੰਝਲਦਾਰ ਬੁਝਾਰਤ
ਰੱਬ ਇਕ ਗੋਰਖ ਧੰਦਾ
ਖੋਲ੍ਹਣ ਲੱਗਿਆਂ ਪੇਚ ਏਸਦੇ
ਕਾਫ਼ਰ ਹੋ ਜਾਏ ਬੰਦਾ।'

ਦਰਅਸਲ ਰੱਬ ਆਸਥਾ ਦਾ ਸੋਸ਼ਣ ਕਰਨ ਵਾਲਿਆਂ ਦੇ ਹੱਥ ਆ ਗਿਆ ਹੈ ਤੇ ਸਹੀ ਅਰਥਾਂ ਵਿਚ ਇਹ ਹੀ ਕਾਫ਼ਰ ਹਨ। ਗੁੰਝਲਾਂ ਨੂੰ ਖੋਲ੍ਹਣ ਦੀ ਹਰ ਸੰਭਵ ਕੋਸ਼ਿਸ਼ ਕਰਨ ਵਾਲੇ ਕਾਫ਼ਰ ਨਹੀਂ ਹਨ ਸਗੋਂ ਇਸ ਸੰਸਾਰ ਨੂੰ ਚਲਾਈ ਰੱਖਣ ਵਿਚ ਵੱਡੇ ਮਦਦਗਾਰ ਹਨ।

ਰੱਬ ਦੇ ਨਾਂਅ 'ਤੇ ਆਪੋ -ਆਪਣੀਆਂ ਹੱਟੀਆਂ ਪਾਉਣ ਵਾਲਿਆਂ ਨੇ ਧਰਮ ਨੂੰ ਸਦਾ ਹੀ ਆਪਣੀ ਸਹੂਲਤ ਮੁਤਾਬਕ ਵਰਤਿਆ ਹੈ। ਦੁਨੀਆ ਭਰ ਵਿਚ ਧਰਮ ਦੇ ਨਾਂਅ 'ਤੇ ਹੋ- ਵਾਪਰ ਰਹੇ ਪਿੱਛੇ ਧਰਮ ਅਤੇ ਸਿਆਸਤ ਦੀ ਖੇਡ ਕੰਮ ਕਰਦੀ ਹੈ।

ਦਰਅਸਲ ,ਜਨੂੰਨ ਹਰ ਰੂਪ ਵਿਚ ਹੀ ਖ਼ਤਰਨਾਕ ਹੁੰਦਾ ਹੈ ਤੇ ਜੇ ਜਨੂੰਨ ਮਜ਼੍ਹਬੀ ਹੋਵੇ ਤਾਂ ਉਹਦੇ ਸਿੱਟੇ ਹੋਰ ਵੀ ਵਧੇਰੇ ਖ਼ਤਰਨਾਕ ਅਤੇ ਆਤਮ-ਘਾਤੀ ਹੁੰਦੇ ਹਨ। ਇਹ ਗੱਲਾਂ ਕਰਨ ਲਈ ਅੱਜ ਸਾਨੂੰ ਓਸ ਸਰਵੇ ਰਿਪੋਰਟ ਨੇ ਮਜਬੂਰ ਕੀਤਾ ਹੈ, ਜਿਹਦੇ ਮੁਤਾਬਕ ਸੰਸਾਰ ਭਰ ਵਿਚ ਧਾਰਮਿਕ ਕੱਟੜਤਾ ਵੱਧ ਰਹੀ ਹੈ। ਸੰਸਾਰ ਭਰ ਵਿਚ ਧਾਰਮਕ ਆਧਾਰ 'ਤੇ ਵੰਡੀਆਂ ਬਹੁਤ ਹੀ ਤਿੱਖੀਆਂ ਹੁੰਦੀਆਂ ਜਾ ਰਹੀਆਂ ਹਨ। 'ਪੀਯੂ ਸਰਵੇ ਆਫ਼ ਗਲੋਬਲ ਐਟੀਚਿਊਡ' ਸੰਸਥਾ ਵਲੋਂ ਕਰਵਾਏ ਗਏ ਸਰਵੇ ਮੁਤਾਬਕ ਇਸ ਵੇਲੇ ਯੂਰਪ ਦੇ 50 ਫਸਿਦੀ ਲੋਕ ਮੁਸਲਿਮ ਅਤੇ ਯਹੂਦੀ ਭਾਈਚਾਰਿਆਂ ਵਿਰੁੱਧ ਨਫਰਤ ਭਰਿਆ ਰਵੱਈਆ ਅਪਣਾਈ ਬੈਠੇ ਹਨ। ਮੁਸਲਿਮ ਭਾਈਚਾਰੇ ਵਿਰੁੱਧ ਇਹ ਨਫਰਤ ਹੋਰ ਵੀ ਜ਼ਿਆਦਾ ਤਿੱਖੀ ਹੈ। ਸਰਵੇ ਵਿਚ ਦਿੱਤੀ ਗਈ ਫੀਸਦੀ ਦਰ ਭਾਵੇਂ ਸੌ ਫੀਸਦੀ ਸਹੀ ਨਾ ਵੀ ਹੋਵੇ ਪਰ ਇਹ ਗਲ ਹੁਣ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਸੰਸਾਰ ਭਰ ਵਿਚ ਧਰਮ, ਜਾਤ ਅਤੇ ਨਸਲੀ ਵਿਤਕਰਿਆਂ ਵਿਚ ਅਥਾਹ ਵਾਧਾ ਹੋ ਰਿਹਾ ਹੈ।

ਦਰਅਸਲ, ਘੱਟ ਗਿਣਤੀਆਂ ਕਿਧਰੇ ਵੀ ਸੁਰਖਿਅਤ ਨਹੀਂ ਹਨ। ਯੂਰਪ, ਅਮਰੀਕਾ ਵਿਚ ਖਾਸ ਤੌਰ 'ਤੇ ਮੁਸਲਮ ਨਿਸ਼ਾਨੇ 'ਤੇ ਹਨ ਤਾਂ ਭਾਰਤ ਵਿਚ ਮੁਸਲਮਾਨਾਂ ਦੇ ਨਾਲ ਨਾਲ ਈਸਾਈ, ਸਿੱਖ ਅਤੇ ਹੋਰ ਇਨ੍ਹਾਂ ਵਰਗੇ ਘੱਟ-ਗਿਣਤੀ ਭਾਈਚਾਰਿਆਂ ਦੇ ਸਿਰਾਂ ਉਪਰ ਸਦਾ ਹੀ ਦਹਿਸ਼ਤ ਦੀਆਂ ਤਲਵਾਰਾਂ ਲਟਕਦੀਆਂ ਰਹਿੰਦੀਆਂ ਹਨ। ਯੂਰਪ ਅਤੇ ਅਮਰੀਕਾ ਧਰਮ ਅਤੇ ਨਸਲ ਦੇ ਨਾਂਅ 'ਤੇ ਬੜੇ ਸਾਜ਼ਿਸ਼ਾਨਾਂ ਢੰਗ -ਤਰੀਕਿਆਂ ਨਾਲ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਆ ਰਹੇ ਹਨ ਕਿ ਪੱਛਮੀ ਸਭਿਅਤਾ ਨੂੰ ਇਸਲਾਮਕ ਸਭਿਅਤਾ ਤੋਂ ਖ਼ਤਰੇ ਹੀ ਖ਼ਤਰੇ ਹਨ। ਇਸ ਪ੍ਰਚਾਰ ਦੇ ਆਸਰੇ ਅਮਰੀਕਾ ਨੂੰ ਅਫਗਾਨਿਸਤਾਨ, ਇਰਾਕ ਅਤੇ ਹੋਰਨਾਂ ਇਸਲਾਮਕ ਮੁਲਕਾਂ ਨੂੰ ਨਿਸ਼ਾਨਾ ਬਣਾਉਣ ਦਾ ਬਹਾਨਾ ਮਿਲਦਾ ਹੈ। ਇਸ ਸਾਜ਼ਿਸ਼ ਦੇ ਮੂਲ ਵਿਚ ਉਹ ਤੇਲ ਬੈਠਾ ਹੋਇਆ ਹੈ, ਜਿਹਨੂੰ ਹੜੱਪ ਕੀਤੇ ਬਿਨਾ ਅਮਰੀਕਾ, ਮਹਾਬਲੀ ਅਮਰੀਕਾ ਨਹੀਂ ਬਣ ਸਕਦਾ।

ਭਾਰਤ ਵਿਚ ਆਰ ਐਸ ਐਸ ਦੀ ਅਗਵਾਈ ਵਿਚ ਮੁਸਲਿਮ ਭਾਈਚਰੇ ਦੇ ਨਾਲ - ਨਾਲ ਈਸਾਈ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਖਾਸ ਤੌਰ 'ਤੇ ਮੁਸਲਮਾਨਾਂ ਨੂੰ ਦਹਿਸ਼ਤਗਰਦੀ ਦੇ ਨਾਲ ਜੋੜਨਾ ਫਿਰਕਾਪ੍ਰਸਤ ਸ਼ਕਤੀਆਂ ਦੀ ਉਸ ਨੀਤੀ ਦਾ ਹੀ ਹਿੱਸਾ ਹੈ, ਜਿਹਦੇ ਰਾਹੀਂ ਉਹ ਭਾਰਤ ਨੂੰ ਨਿਰੋਲ ਹਿੰਦੂ ਰਾਸ਼ਟਰ ਵਿਚ ਤਬਦੀਲ ਕਰ ਦੇਣ ਦੇ ਸੁਪਨੇ ਲੈ ਰਹੀਆਂ ਹਨ।

ਘੱਟ-ਗਿਣਤੀਆਂ ਨੂੰ ਦੇਸ਼ ਵਿਰੋਧੀ ਗਰਦਾਨ ਕੇ ਸਿਰਫ਼ ਤੇ ਸਿਰਫ਼ ਆਪਣੇ ਸਿਆਸੀ ਨਿਸ਼ਾਨੇ ਪੂਰੇ ਕਰਨ ਦੀ ਕੋਸ਼ਿਸ਼ ਹੀ ਮਜ਼੍ਹਬੀ ਆਗੂਆਂ ਵਲੋਂ ਕੀਤੀ ਜਾ ਰਹੀ ਹੈ। ਘੱਟ-ਗਿਣਤੀਆਂ ਉਪਰ ਹਮਲਿਆਂ ਦਾ ਮੁੱਖ ਮਕਸਦ ਹੀ ਸੌੜੇ ਸਿਆਸੀ ਹਿੱਤ ਪੂਰਨਾ ਹੁੰਦਾ ਹੈ। ਉੜੀਸਾ ਵਿਚ ਚਰਚਾਂ ਨੂੰ ਅੱਗਾਂ ਲਾਉਣੀਆਂ ਅਤੇ ਈਸਾਈਆਂ ਉੱਪਰ ਜਾਨ ਲੇਵਾ ਹਮਲੇ ਇਸੇ ਲੜੀ ਦਾ ਹੀ ਹਿੱਸਾ ਹਨ।

ਇਹ ਵਿਸ਼ਾ ਖਾਸੀ ਚਰਚਾ ਦੀ ਮੰਗ ਕਰਦਾ ਹੈ ਪਰ ਕਾਲਮ ਦੀ ਸੀਮਾ ਕਾਰਣ ਅਖ਼ੀਰ ਵਿਚ ਅਸੀਂ ਕਹਿਣਾ ਇਹ ਚਾਹੁੰਦੇ ਹਾਂ ਕਿ ਦੁਨੀਆਂ ਦੇ ਹਰ ਮੁਲਕ ਵਿਚ ਫੈਲੇ ਇਸ ਕੁਚੱਕਰ ਦੇ ਅਸਲੀ ਸਾਜ਼ਿਸ਼ਕਾਰਾਂ ਨੂੰ ਪਛਾਣਨ ਦੀ ਜਰੂਰਤ ਹੈ। ਕਿਸ ਮਕਸਦ ਨਾਲ ਆਮ-ਜਨ ਦੀਆਂ ਭਾਵਨਾਵਾਂ ਨੂੰ ਵੀ ਮਜ਼੍ਹਬੀ ਅਤੇ ਨਸਲੀ ਸ਼ੋਸਣ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ, ਇਹ ਥੋੜ੍ਹੇ ਜਿਹੇ ਧਿਆਨ ਨਾਲ ਪੜਤਾਲਣ ਨਾਲ ਹੀ ਸਾਫ ਹੋ ਜਾਂਦਾ ਹੈ। ਕੋਈ ਵੀ ਧਰਮ ਜਾਂ ਭਾਈਚਾਰਾ ਚਰਿੱਤਰ ਪਖੋਂ ਕਦੇ ਵੀ ਦਹਿਸ਼ਤੀ ਨਹੀਂ ਹੁੰਦਾ। ਦਹਿਸ਼ਤ ਦੀ ਸਿਆਸਤ ਦੇ ਸਾਜ਼ਿਸ਼ਕਾਰ ਤਾਂ ਉਹ ਹੀ ਹਨ, ਜਿਹੜੇ ਮਜ਼੍ਹਬ ਦੇ ਨਾਂਅ 'ਤੇ ਸਾਡੀਆਂ ਤੁਹਾਡੀਆਂ ਆਸਥਾਵਾਂ ਨੂੰ ਸੋਸ਼ਿਤ ਕਰ ਰਹੇ ਹਨ ਅਤੇ ਆਪਣੇ -ਆਪ ਨੂੰ ਦਹਿਸ਼ਤਵਾਦ ਵਿਰੁੱਧ ਲੜਾਈ ਦੇ ਅਲੰਬਰਦਾਰ ਗਰਦਾਨਦੇ ਹੋਵੇ ਆਪਣੀ ਪਿੱਠ ਆਪ ਹੀ ਥਾਪੜੀ ਜਾ ਰਹੇ ਹਨ। ਦਹਿਸ਼ਤ ਦੇ 'ਲਾਦੇਨੀ ਜਿੰਨ' ਇਨ੍ਹਾਂ ਦੀਆਂ ਬੋਲਤਾਂ ਵਿਚੋਂ ਹੀ ਨਿਕਲੇ ਹੋਏ ਹਨ। ਆਓ, ਫਿਰ ਗੁੰਝਲਾਂ ਖੋਲ੍ਹੀਏ ਤੇ ਪ੍ਰੋ: ਮੋਹਨ ਸਿੰਘ ਨੂੰ ਯਾਦ ਕਰਦੇ ਹੋਏ ਕਾਫ਼ਰ ਹੋ ਜਾਈਏ।

# ਸੁਰੱਖਿਅਤ ਕੰਮ ਦੀ ਥਾਂ ਦਾ ਮਾਮਲਾ



ਰਿਕਾਰਡੋ ਐਕੂਨਾ

ਮੀਡੀਆ ਲਈ ਸਿਹਤ ਅਨੁਕੂਲ ਕੰਮ ਦੀ ਥਾਂ ਅਤੇ ਸੁਰੱਖਿਆ ਦਾ ਮਾਮਲਾ ਕੋਈ ਵਧੇਰੇ ਧਿਆਨ ਵਿੱਚ ਲਿਆਉਣ ਯੋਗ ਜਾਂ ਕਾਮੁਕ ਵਿਸ਼ਾ ਨਹੀਂ ਹੈ। ਫਿਰ ਵੀ ਇਸ ਬਾਰੇ ਅਲਬਰਟਾ 'ਚ ਕੰਮ ਕਰਨ ਵਾਲੇ ਸਾਰੇ ਕਾਮਿਆਂ ਨੂੰ ਬੇਹੱਦ ਸੁਚੇਤ ਹੋਣ ਦੀ ਲੋੜ ਹੈ। ਇਹ ਧਾਰਨਾ ਤਿੰਨ ਵੱਖੋ ਵੱਖਰੀਆਂ ਪਰ ਇਕੱਠੀਆਂ ਹੀ ਸਾਹਮਣੇ ਆਈਆਂ ਘਟਨਾਵਾਂ ਉੱਪਰ ਆਧਾਰਿਤ ਹੈ। ਅਲਬਰਟਾ ਦੇ ਆਡੀਟਰ ਜਨਰਲ ਦੀ ਰਿਪੋਰਟ ਉਪਰ, ਕੰਮ 'ਤੇ ਮਰ ਗਏ ਜਾਂ ਫੱਟੜ ਹੋਏ ਕਾਮਿਆਂ ਦੇ ਕੌਮੀ ਸੋਗ ਦਿਵਸ ਉਪਰ, ਉੱਤਰੀ ਅਮਰੀਕਾ ਅਧੀਕ੍ਰਿਤ ਸੁਰੱਖਿਆ ਤੇ ਸਿਹਤ ਸਪਤਾਹ ਉਪਰ, ਜਿਹੜਾ ਕੈਨੇਡਾ, ਯੂ ਐਸ ਏ ਅਤੇ ਮੈਕਸੀਕੋ ਵਿੱਚ ਦੋ ਮਈ ਤੋਂ ਅੱਠ ਮਈ ਤੱਕ ਚੱਲਦਾ ਹੈ।

ਏਥੇ ਅਲਬਰਟਾ ਵਿੱਚ ਇਹ ਅੱਧ ਅ੍ਰਪੈਲ ਵਿੱਚ ਆਰੰਭ ਹੋਇਆ ਜਦੋਂ ਆਡੀਟਰ ਜਨਰਲ ਦੀ ਰਿਪੋਰਟ ਜਾਰੀ ਹੋਈ, ਕਾਰਜਕਾਰੀ ਆਡੀਟਰ ਜਨਰਲ ਮਾਰਵਨ ਸਾਹੇਰ ਨੇ ਸਿਹਤ ਅਨੁਕੂਲ ਅਤੇ ਸੁਰੱਖਿਅਤ ਕੰਮ ਦੀ ਥਾਂ ਦੇ ਢੁਕਵੇਂ ਪ੍ਰਬੰਧ ਨੂੰ ਲੈ ਕੇ ਪ੍ਰਾਂਤਕ ਸਰਕਾਰ ਦੀ ਕਰੜੀ ਆਲੋਚਨਾ ਕੀਤੀ। ਰਿਪੋਰਟ ਸੰਕੇਤ ਕਰਦੀ ਹੈ ਕਿ ਇੱਕ ਛੋਟਾ ਪਰ ਕਾਮਿਆਂ ਨੂੰ ਖ਼ਤਰਿਆਂ ਵਿੱਚ ਪਾਉਣ ਵਾਲਾ ਮਾਲਕਾਂ ਦਾ ਸਮੂਹ ਸਿਹਤ ਅਨੁਕੂਲ ਤੇ ਸੁਰੱਖਿਅਤ ਕੰਮ ਦੀਆਂ ਥਾਵਾਂ ਦਾ ਬੰਦੋਬਸਤ ਕਰਨ ਦੇ ਜ਼ਖ਼ਮੀਆਂ ਦੀ ਉਸ ਦਰ ਨੂੰ ਘਟਾਉਣ ਵਿੱਚ ਅਸਫ਼ਲ ਰਿਹਾ ਹੈ, ਜਿਹੜੀ ਕਿ ਪ੍ਰਾਂਤਕ ਔਸਤ ਤੋਂ ਜ਼ਿਆਦਾ ਹੈ। ਰਿਪੋਰਟ ਅਨੁਸਾਰ ਸਰਕਾਰ ਦੀ ਅਸਫ਼ਲਤਾ ਉਹਨਾਂ ਹੁਕਮਾਂ ਨੂੰ ਅਰਥ ਭਰਪੂਰ ਤੇ ਮਹੱਤਵਪੂਰਨ ਢੰਗ ਨਾਲ ਲਾਗੂ ਕਰਨ 'ਚ ਇਸਦੀ ਆਯੋਗਤਾ ਅਤੇ ਬੇਰੁਖੀ 'ਚੋਂ ਨਿੱਕਲੀ ਹੈ। ਦਰਅਸਲ, ਰਿਪੋਰਟ ਸੁਝਾਉਂਦੀ ਹੈ ਕਿ ਹੁਕਮਾਂ ਦੀ ਪਾਲਣਾ ਹੋਣ ਜਾਂ ਨਾ ਹੋਣ ਤੋਂ ਬਿਨਾਂ ਵੀ ਪ੍ਰਾਂਤਕ ਸਰਕਾਰ ਹੀ ਇਸ ਸਥਿਤੀ ਲਈ ਜ਼ੁੰਮੇਵਾਰ ਹੈ। ਕਈ ਵਾਰ ਤਾਂ ਹੁਕਮਾਂ ਦੀ ਪਾਲਣਾਂ ਅੰਕੜੇ ਸਹੀ ਨਜ਼ਰ ਆਉਣ 'ਤੇ ਅੱਗੇ ਪਾ ਦਿੱਤੀ ਗਈ। ਆਡੀਟਰ ਜਨਰਲ ਅਨੁਸਾਰ, ਫੱਟੜ ਹੋਣ ਦੀ ਦਰ, ਜਿਹੜੀ ਕਿ ਪ੍ਰਾਂਤਾ ਦੀ ਔਸਤ ਦਰ ਨਾਲੋਂ ਤਿੰਨ ਜਾਂ ਚਾਰ ਗੁਣਾਂ ਜ਼ਿਆਦਾ ਹੈ, ਦਾ ਕਾਰਨ ਮਾਲਕ ਹਨ ਅਤੇ ਪ੍ਰਾਂਤਕ ਸਰਕਾਰ ਨੇ ਸੁਰੱਖਿਆ ਪ੍ਰਬੰਧਾਂ ਨੂੰ ਉਹਨਾਂ ਤੋਂ ਲਾਗੂ ਕਰਵਾਉਣ ਲਈ ਕੁੱਝ ਨਹੀਂ ਕੀਤਾ।

ਇਸੇ ਪ੍ਰਸੰਗ ਵਿੱਚ, 28 ਅਪਰੈਲ ਨੂੰ ਰਾਸ਼ਟਰੀ ਸੋਗ ਦਿਵਸ 'ਤੇ ਅਲਬਰਟਾ ਦੇ ਰੁਜ਼ਗਾਰ ਤੇ ਵਸੇਬਾ ਮੰਤਰੀ ਥਾਮਸ ਲੁਕਾਜ਼ਕ ਨੇ ਪ੍ਰਾਂਤਕ ਅੰਕੜੇ ਜਾਰੀ ਕੀਤੇ ਜਿਹੜੇ ਦਰਸਾਉਂਦੇ ਹਨ ਕਿ ਅਲਬਰਟਾ ਵਿੱਚ ਸੰਨ 2009 ਦੌਰਾਨ ਮੌਤਾਂ ਨਾਲ ਸਬੰਧਤ ਕੰਮ ਦੀਆਂ 110 ਥਾਵਾਂ ਸਨ। ਸਰਕਾਰ ਨੇ ਇਸ ਨੂੰ ਖੁਸ਼ਖਬਰੀ ਵਾਂਗ ਪੇਸ਼ ਕੀਤਾ ਕਿ ਮੰਤਰੀ ਮਾਣ ਪ੍ਰਗਟਾ ਰਿਹਾ ਹੈ ਕਿ ਇਹ ਗਿਣਤੀ ਸੰਨ 2008 ਦੀ ਗਿਣਤੀ 166 ਥਾਵਾਂ ਤੋਂ ਘੱਟ ਗਈ ਸੀ। ਫ਼ਖ਼ਰ ਇਸ ਗੱਲ ਦਾ ਸੀ ਕਿ ਸਰਕਾਰ, ਕੁੱਝ ਵੀ ਹੋਵੇ, ਕੰਮ ਕਰਦੀ ਹੋਣ ਦਾ ਪ੍ਰਭਾਵ ਤਾਂ ਬਣਾਈ ਬੈਠੀ ਸੀ।

ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਕਿਉਂ ਸਰਕਾਰ ਨੇ ਸਿਹਤ ਅਨੁਕੂਲ ਕੰਮ ਦੀਆਂ ਥਾਵਾਂ ਤੇ ਸੁਰੱਖਿਆ ਲਈ ਪ੍ਰਚਾਰ ਮੁਹਿੰਮ ਵਿੱਢੀ ਹੋਈ ਸੀ ਤਾਂਕਿ ਕੰਮ ਦੀਆਂ ਥਾਵਾਂ 'ਤੇ ਵਾਪਰਦੇ ਹਾਦਸਿਆਂ, ਲਈ ਖੁਦ ਕਾਮਿਆਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕੇ। ਇਹਨਾਂ ਨਾਅਰਿਆਂ 'Don't let your buddy' 'Down' ਅਤੇ 'Stupid' 'Spat the new guy' ਨਾਲ ਅਲਬਰਟਾ ਸਰਕਾਰ ਪੱਕਾ ਯਕੀਨ ਰੱਖਦੀ ਹੈ ਕਿ ਕੰਮ ਦੀ ਥਾਂ ਦੀ ਸੁਰੱਖਿਆ ਇਕੱਲੇ ਕਾਮਿਆਂ ਦੀ ਹੀ ਜ਼ੁੰਮੇਵਾਰੀ ਹੈ। ਨਿਰਸੰਦੇਹ, ਪੀੜਤ ਨੂੰ ਹੀ ਦੋਸ਼ੀ ਠਹਿਰਾਉਣ ਦਾ ਵਤੀਰਾ ਪ੍ਰਾਂਤ ਵਿੱਚ ਆਮ ਗੱਲ ਹੈ, ਜਿੱਥੇ ਸਨਕਰੂਡ ਵਰਗੀ ਕੰਪਨੀ ਵਿਸ਼ਵਾਸ ਕਰਦੀ ਹੈ ਕਿ ਬਤਖ਼ਾਂ ਨੂੰ ਮਰਨ ਲਈ ਉਹਨਾਂ ਦੇ ਪਥਰੀਲੀ ਝੀਲ 'ਤੇ ਉਤਰਣ ਨੂੰ ਦੋਸ਼ੀ ਠਹਿਰਾਉਣਾ ਇਕ ਤਰਕਸੰਗਤ ਸੁਰੱਖਿਅਕ ਦਲੀਲ ਹੈ। ਲੁਕਾਜ਼ਕ ਦੇ ਦਾਅਵਿਆਂ ਦੇ ਬਾਵਜੂਦ, ਦੂਜੇ ਪਾਸੇ ਸਰਕਾਰ ਕੋਈ ਕੰਮ ਨਹੀਂ ਕਰ ਰਹੀ। ਉਸਦੇ ਫ਼ਖ਼ਰ ਦੀ ਫੂਕ ਇਸ ਤੱਥ ਨਾਲ ਨਿੱਕਲ ਜਾਂਦੀ ਹੈ ਕਿ ਹੁਣ 2008 ਦੀਆਂ ਮੌਤਾਂ ਨਾਲੋਂ ਆਈ ਕਮੀ ਦਾ ਕਾਰਨ ਵੱਡੀ ਪੱਧਰ ਦਾ ਮੰਦਾ ਅਤੇ ਆਰਥਕ ਸੁਸਤੀ ਹੈ। 2009 ਦੌਰਾਨ ਅਲਬਰਟਾ ਵਿੱਚ ਕੰਮ ਕਰਨ ਵਾਲੇ ਲੋਕ ਘੱਟ ਸਨ ਅਤੇ ਤਾਰਕੋਲ, ਰੇਤ ਤੇ ਰਵਾਇਤੀ ਖੁਦਾਈ ਤੇ ਖੋਜ ਖੇਤਰਾਂ ਵਿੱਚ ਸਰਗਰਮੀ ਘੱਟ ਸੀ। ਮਿ. ਲੁਕਾਜ਼ਕ ਦਾਅਵਾ ਕਰਦਾ ਹੈ ਕਿ ਸਰਕਾਰ ਕੰਮ ਦੀਆਂ ਥਾਵਾਂ 'ਤੇ ਮੌਤਾਂ ਤੇ ਫੱਟੜ ਹੋਣ ਦੀ ਗਿਣਤੀ ਘਟਾਉਣ ਪ੍ਰਤੀ ਗੰਭੀਰ ਹੈ, ਪਰੰਤੂ ਆਡੀਟਰ ਜਨਰਲ ਦੀ ਰਿਪੋਰਟ ਸੁਝਾਉਂਦੀ ਹੈ ਕਿ ਜੇਕਰ ਉਹ ਗੰਭੀਰ ਹਨ ਤਾਂ ਉਹਨਾਂ ਨੂੰ ਉਹਨਾਂ ਕੰਪਨੀਆਂ ਬਾਰੇ ਸੱਚਮੁੱਚ ਹੀ ਕੁੱਝ ਕਰਨਾ ਹੋਵੇਗਾ, ਜਿਹੜੀਆਂ ਵਾਰ-ਵਾਰ ਸੁਰੱਖਿਆ ਪ੍ਰਬੰਧਾਂ ਨੂੰ ਨਜ਼ਰਅੰਦਾਜ਼ ਕਰਦੀਆਂ ਹਨ ਤੇ ਕਾਮਿਆਂ ਨੂੰ ਸੁਚੇਤ ਨਹੀਂ ਕਰਦੀਆਂ। ਵਰ੍ਹਿਆਂ ਤੋਂ ਅਲਬਰਟਾ ਦੀਆਂ ਮਜ਼ਦੂਰ ਜੱਥੇਬੰਦੀਆਂ ਅਤੇ ਵਿਰੋਧੀ ਪਾਰਟੀਆਂ ਇਹ ਮੰਗ ਕਰਦੀਆਂ ਆ ਰਹੀਆਂ ਹਨ ਕਿ ਸਰਕਾਰ ਸਿਹਤ ਅਨੁਕੂਲ ਕੰਮ ਦੀਆਂ ਥਾਵਾਂ ਅਤੇ ਸੁਰੱਖਿਆ ਦੇ ਮਾਮਲੇ ਵਿੱਚ ਮਾੜੀ ਕਾਰਗੁਜ਼ਾਰੀ ਵਾਲੇ ਪ੍ਰਾਂਤਾ ਦੀ ਸੂਚੀ ਜਾਰੀ ਕਰੇ। ਜਵਾਬ ਵਿੱਚ ਸਰਕਾਰ ਵਾਰ-ਵਾਰ ਇਹ ਦਲੀਲ ਦੁਹਰਾਉਂਦੀ ਹੈ ਕਿ ਬਿਨਾਂ ਸਬੂਤ ਤੋਂ ਇਹ ਉਹਨਾਂ ਕੰਪਨੀਆਂ ਦੀ ਸਾਖ ਨੂੰ ਢਾਹ ਲਾਉਣ ਵਾਲੀ ਗੱਲ ਹੋਵੇਗੀ। ਕੀ ਉਹਨਾਂ ਦੀ ਸਾਖ ਨੂੰ ਢਾਹ ਨਹੀਂ ਲੱਗਣੀ ਚਾਹੀਦੀ? ਕੀ ਕਾਮਿਆਂ ਨੂੰ ਇਹਨਾਂ ਕੰਪਨੀਆਂ ਕੋਲ ਕੰਮ ਕਰਨ ਲਈ ਅਰਜ਼ੀ ਦੇਣ ਲੱਗਿਆਂ ਦੋ ਵਾਰ ਨਹੀਂ ਸੋਚਣਾ ਚਾਹੀਦਾ? ਕੀ ਇਹ ਛੋਟੀ ਜਨਤਕ ਪਰੇਸ਼ਾਨੀ ਉਹਨਾਂ ਨੂੰ ਅਪਣੀ ਕਾਰਗੁਜ਼ਾਰੀ ਸੁਧਾਰਣ ਹਿੱਤ ਲੰਮੀ ਨਹੀਂ ਲਟਕ ਜਾਵੇਗੀ?

ਮੰਤਰੀ ਹੁਣ ਪੜਤਾਲ ਕਰ ਰਿਹਾ ਹੈ ਕਿ ਉਹ ਘੋਰ ਉਲੰਘਣਾਵਾਂ ਕਰਨ ਵਾਲਿਆਂ ਦੇ ਨਾਂ ਜਾਰੀ ਕਰਨ ਦਾ ਕਾਨੂੰਨੀ ਅਧਿਕਾਰ ਰੱਖਦਾ ਵੀ ਹੈ ਜਾਂ ਨਹੀਂ। ਅਸੀਂ ਉਲੰਘਣਾਂ ਕਰਨ ਵਾਲੇ ਦੋਸ਼ੀਆਂ ਦੇ ਨਾਂ ਜਾਰੀ ਕਰਦੇ ਹਾਂ, ਜਿਹੜੇ ਜਨਤਕ ਸੁਰੱਖਿਆ ਦੇ ਹਿੱਤ ਵਿੱਚ ਭਾਈਚਾਰੇ ਨੂੰ ਦੱਸੇ ਜਾਂਦੇ ਹਨ, ਪਰੰਤੂ ਅਸੀਂ ਉਹਨਾਂ ਕੰਪਨੀਆਂ ਦੇ ਨਾਂ ਕਿਉਂ ਨਹੀਂ ਜਾਰੀ ਕਰ ਸਕਦੇ, ਜਿਹੜੇ ਕਾਮਿਆਂ ਦੀਆਂ ਜ਼ਿੰਦਗੀਆਂ ਨੂੰ ਖ਼ਤਰੇ ਵਿੱਚ ਪਾਉਂਦੇ ਹਨ।

ਹੱਲ ਇਮਾਨਦਾਰੀ ਨਾਲ ਅੱਗੇ ਵੱਧਣ ਵਿੱਚ ਹੈ। ਕਾਨੂੰਨ ਦੀ ਗੰਭੀਰ ਉਲੰਘਣਾਂ ਕਰਨ ਵਾਲਿਆ ਦੀ ਹਰ ਵਰ੍ਹੇ ਸੂਚੀ ਜਾਰੀ ਹੋਣੀ ਚਾਹੀਦੀ ਹੈ। ਅਲਬਰਟਾ ਵਿੱਚ, ਜਿਹੜੇ ਹੁਕਮਾਂ ਦੀ ਪਾਲਣਾ ਨਹੀਂ ਕਰਦੇ ਉਹਨਾਂ ਮਾਲਕਾਂ ਦੇ ਭੁਗਤਣ ਲਈ ਇਸਦੇ ਗੰਭੀਰ ਵਿੱਤੀ ਤੇ ਵਿਹਾਰਕ ਨਤੀਜੇ ਹੋਣੇ ਚਾਹੀਦੇ ਹਨ ਤੇ ਹੁਕਮਾਂ ਦੀ ਪਾਲਣਾ ਕਰਵਾਉਣ ਲਈ ਪੁਖ਼ਤਾ ਪ੍ਰਬੰਧ ਹੋਣਾ ਚਾਹੀਦਾ ਹੈ। ਸਰਕਾਰ ਦੀ ਕੰਮ ਦੀ ਜਗ੍ਹਾ 'ਤੇ ਹੋਈ ਮੌਤ ਤੇ ਲੱਗੇ ਫੱਟਾਂ ਸਬੰਧੀ ਰਿਪੋਰਟ ਇਸ ਪ੍ਰਸੰਗ ਵਿੱਚ ਹੋਣੀ ਚਾਹੀਦੀ ਹੈ ਕਿ ਇਹ ਸਮੱਸਿਆ ਨੂੰ ਹਕੀਕੀ ਰੂਪ ਵਿੱਚ ਪ੍ਰਤੀਬਿੰਬਤ ਕਰਨ ਦਾ ਯਤਨ ਕਰੇ ਛੁਪਾਉਣ ਤੇ ਪੋਚਾ ਫੇਰਨ ਦੀ ਇੱਛਾ ਤੋਂ ਪ੍ਰੇਰਤ ਨਾ ਹੋਵੇ। ਅਲਬਰਟਾ ਦੇ ਕਾਮੇ ਬਿਹਤਰੀ ਦੇ ਹੱਕਦਾਰ ਹਨ।

**ਪ੍ਰਬੰਧਕੀ ਡਾਇਰੈਕਟਰ, ਪਾਰਕਲੈਂਡ ਇੰਸਟੀਚਿਊਟ, ਏ ਨੌਨ-ਪਾਰਟੀਸ਼ਨ ਪਬਲਿਕ ਪਾਲਿਸੀ ਰਿਸਰਚ ਇੰਸਟੀਚਿਊਟ ਹਾਊਸਡ ਯੂਨੀਵਰਸਿਟੀ ਆਫ਼ ਅਲਬਰਟਾ**

# ਗਰਮੀ ਦੇ ਨਾਲ-ਨਾਲ

**ਕੋਲੀਨ ਮੈਕਲੌ-ਕਲਿੰਕ**



ਵਿੱਦਿਅਕ ਮਾਮਲਿਆਂ ਬਾਰੇ ਇਸ ਕਾਲਮ ਵਿੱਚ ਅਧਿਆਪਕ ਤੇ ਵਿਦਿਆਰਥੀ ਅਪਣੇ ਅਨੁਭਵ ਤੇ ਵਿਚਾਰ ਸਾਂਝੇ ਕਰ ਸਕਦੇ ਹਨ।
ਸੰਪਾਦਕ

ਗਰਮੀ ਦਾ ਮੌਸਮ ਆਉਣ 'ਤੇ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਮਨ ਵਿੱਚ ਇੱਕ ਹੀ ਵਿਚਾਰ ਹੁੰਦਾ ਹੈ- ਜੁਲਾਈ!! ਜਦੋਂ ਨਿਸ਼ਚੇ ਹੀ ਸਕੂਲ ਦੇ ਵਿੱਦਿਅਕ ਸੈਸ਼ਨ ਦੀ ਸਮਾਪਤੀ ਸਾਡੇ ਸਾਹਮਣੇ ਹੁੰਦੀ ਹੈ, ਇਹ ਚੇਤੇ ਰਹਿਣਾ ਜ਼ਰੂਰੀ ਹੈ ਕਿ ਫਾਈਨਲ ਪ੍ਰੀਖਿਆ ਵਿੱਚ ਅਜੇ ਵੀ ਛੇ ਹਫ਼ਤੇ ਬਾਕੀ ਪਏ ਹਨ। ਕੀ ਤੁਸੀਂ ਸੁਣਨਾ ਸ਼ੁਰੂ ਕਰ ਰਹੇ ਹੋ ਕਿ ਤੁਹਾਡੇ ਕਿਸ਼ੋਰ ਕੋਲ ਘਰ ਕਰਨ ਲਈ ਕੋਈ ਕੰਮ ਨਹੀਂ ਹੈ? ਠੀਕ ਹੈ, ਇਹ ਸੱਭ ਤੋਂ ਵਧੀਆ ਸਮਾਂ ਹੈ ਕਿ ਜਾਣਿਆ ਜਾਵੇ ਕਿ ਤੁਹਾਡਾ ਕਿਸ਼ੋਰ ਸਕੂਲ ਕੀ ਕਰਦਾ ਰਿਹਾ ਹੈ। ਸਾਡੇ ਸਾਰੇ ਵਿਦਿਆਰਥੀਆਂ ਕੋਲ ਘਰ ਦਾ ਕੰਮ ਹੈ, ਜਿਹੜਾ ਆਗਾਮੀ ਜੂਨ ਪ੍ਰੀਖਿਆ 'ਚ ਅਪਣੀ ਸਫ਼ਲਤਾ ਦੇ ਵਾਧੇ ਲਈ ਉਹ ਕਰ ਸਕਦੇ ਹਨ। 2011 ਦੀ ਰਜਿਸਟਰੇਸ਼ਨ ਮੁਕੰਮਲ ਹੋਣ 'ਤੇ ਬਹੁਤ ਸਾਰੇ ਵਿਦਿਆਰਥੀ ਇਹ ਜਾਣ ਕੇ ਨਿਰਾਸ਼ ਸਨ ਕਿ ਅਗਲੇਰੀ ਪੱਧਰ ਦੇ ਪ੍ਰੋਗਰਾਮਿੰਗ ਲਈ ਉਹਨਾਂ ਦੇ ਅੰਕ ਕਾਫ਼ੀ ਉੱਚੇ ਨਹੀਂ ਸਨ, ਜਿਹੜੇ ਉਹਨਾਂ ਲਈ ਪੋਸਟ ਸੈਕੰਡਰੀ ਵਾਸਤੇ ਲੋੜਦੇ ਸਨ। ਅੰਗਰੇਜ਼ੀ ਤੇ ਕਈ ਹੋਰ ਪ੍ਰਮੁੱਖ ਵਿਸ਼ਿਆਂ ਲਈ 60ਫੀਸਦੀਅੰਕ ਹੋਣੇ ਜ਼ਰੂਰੀ ਹਨ। ਅਗਲੇ ਛੇ ਹਫ਼ਤੇ ਅਪਣੇ ਅੰਕ ਵਧਾਉਣ ਲਈ ਅਤੇ ਅਧਿਆਪਕਾਂ ਦਵਾਰਾ ਦਿੱਤੇ ਜਾਂਦੇ ਟਟੋਰੀਅਲ ਤੇ ਅਤਿਰਿਕਤ ਸਹਾਇਤਾ ਪ੍ਰਦਾਨ ਕਰਨ ਦੇ ਮੌਕੇ ਹਾਸਲ ਕਰਨ ਲਈ ਅਤਿ ਮਹੱਤਵਪੂਰਣ ਹਨ। ਜੂਨ ਵਿੱਚ ਸਾਡੀ ਪ੍ਰਸ਼ਾਸਕੀ ਟੀਮ ਤੁਹਾਡੇ ਕਿਸ਼ੋਰਾਂ ਦੇ ਦਰਜੇ ਦਾ ਪੁਨਰ ਮੁਲੰਕਨ ਕਰੇਗੀ ਤੇ ਜੇਕਰ ਉਹਨਾਂ ਦੇ ਅੰਕਾਂ ਵਿੱਚ ਸੁਧਾਰ ਆਇਆ ਤਾਂ ਉਹਨਾਂ ਦੀ ਰਜਿਸਟਰੇਸ਼ਨ ਤਬਦੀਲ ਕਰਨ 'ਚ ਪ੍ਰਸੰਨਤਾ ਮਹਿਸੂਸ ਕਰੇਗੀ। ਝੋ ਕੁਝ ਉਹਨਾਂ ਨੇ ਸਕੂਲ ਵਿਚ ਸਿਖਿਆ ਹੈ ਉਸਦੀ ਸਰਸਰੀ ਪੜਚੋਲ ਕੀਤੀ ਜਾਂਦੀ ਹੈ। ਉਹਨਾਂ ਨੂੰ ਪੜ੍ਹਨ ਤੇ ਲਿਖਣ ਦੋਹਾਂ 'ਚ ਹੀ ਨਿਪੁੰਨਤਾ ਹਾਸਲ ਕਰਨ ਲਈ ਅੰਗਰੇਜ਼ੀ ਦੀਆਂ ਪੁਸਤਕਾਂ ਪੜ੍ਹਨੀਆਂ ਚਾਹੀਦੀਆਂ ਹਨ। ਜਦਕਿ ਸਾਡੇ ਵਧੇਰੇ ਵਿਦਿਆਰਥੀਆਂ ਲਈ ਪੜ੍ਹਨਾ ਇੱਕ ਸੰਘਰਸ਼ ਹੈ। ਮੈਂ ਤੁਹਾਡੇ ਕਿਸ਼ੋਰ ਲਈ ਪੜ੍ਹਨ ਦੇ ਇੱਕ ਲਾਜ਼ਮੀ ਸਮੇਂ ਦੇ ਪੱਖ ਵਿੱਚ ਹਾਂ। ਹਰ ਮਹੀਨਾ ਇੱਕ ਨਵਾਂ ਨਾਵਲ ਪੜਨ ਦੇ ਨਿਸ਼ਾਨੇ ਨਾਲ ਆਰੰਭ ਕਰੋ। ਸਾਰੇ ਵਿਭਾਗਾਂ ਦੇ ਮੇਰੇ ਬਹੁਤ ਸਾਰੇ ਅਧਿਆਪਕ ਸਾਥੀਆਂ ਨੂੰ ਇਹ ਖੇਦ ਹੈ ਕਿ ਸਾਡੇ ਵਿਦਿਆਰਥੀਆਂ ਦੀ ਸਭ ਤੋਂ ਵੱਡੀ ਸਮੱਸਿਆ ਪੜ੍ਹਨ ਯੋਗਤਾ ਦੀ ਘਾਟ ਹੈ। ਅੰਗਰੇਜ਼ੀ ਤੋਂ ਜ਼ਿਆਦਾ ਗਣਿਤ 'ਤੇ ਸੋਚਣ ਤੇ ਪੜ੍ਹਨ ਦੀਆਂ ਆਲੋਚਨਾਤਮਿਕ ਜੁਗਤਾਂ ਉਹਨਾਂ ਦੇ ਅੰਕਾਂ ਵਿੱਚ ਸੁਧਾਰ ਲਿਆ ਸਕਦੀਆਂ ਹਨ। ਜਦੋਂ ਮੇਰੇ ਧਿਆਨ 'ਚ ਆਉਂਦਾ ਹੈ ਕਿ ਟੀਵੀ, ਆਈਪੌਡਸ ਤੇ ਇੰਟਰਨੈੱਟ ਹੁਣ ਸਾਡੇ ਰੋਜ਼ਾਨਾ ਜੀਵਨ ਦਾ ਹਿੱਸਾ ਹਨ, ਕੀ ਤੁਸੀਂ ਅਪਣੇ ਕਿਸ਼ੋਰਾਂ ਵੱਲੋਂ ਕਢਵਾਈਆਂ ਪੁਸਤਕਾਂ ਦੀ ਪੜਤਾਲ ਲਈ ਸਥਾਨਕ ਲਾਇਬਰੇਰੀ ਦਾ ਗੇੜਾ ਲਗਾਉਣਾ ਸੋਚਿਆ ਹੈ? ਕਿਸ਼ੋਰਾਂ ਦਾ ਵਿਕਾਸ ਇਹਨੀਂ ਦਿਨੀਂ ਯਕੀਨਨ ਹੀ ਇੱਕ ਸੰਘਰਸ਼ ਹੋ ਸਕਦਾ ਹੈ। ਕਿਉਂ ਆਪਣੇ ਬਚਿਆਂ ਦੇ ਅਧਿਆਪਕਾਂ ਦੇ ਫ਼ੋਨ ਤੇ ਈਮੇਲ ਚੈੱਕ ਨਹੀਂ ਕੀਤੇ ਜਾਂਦੇ? ਸਕੂਲ ਜ਼ੋਨ ਇੱਕ ਐਡਮਿੰਟਨ ਪਬਲਿਕ ਵੈੱਬਸਾਈਟ 'ਤੇ ਹੈ ਜਿਹੜੀ ਮਾਪਿਆਂ ਤੇ ਵਿਦਿਆਰਥੀਆਂ ਦੋਵਾਂ ਲਈ ਹੀ ਰੋਜ਼ਾਨਾ ਦੀ ਹਾਜ਼ਰੀ, ਅੰਕ ਤੇ ਘਰ ਦਾ ਕੰਮ ਦੇਖਣ ਲਈ ਡਿਜ਼ਾਇਨ ਕੀਤੀ ਗਈ ਹੈ। ਬਿਹਤਰ ਹੈ ਕਿ ਸਕੂਲ ਆਓ, ਆਓ ਤੇ ਦੇਖੋ ਕਿ ਅਸੀਂ ਤੁਹਾਡੇ ਬੱਚੇ ਦੇ ਭਵਿੱਖ ਨੂੰ ਤਰਾਸ਼ਣ 'ਚ ਸਹਾਇਤਾ ਕਰਨ ਹਿੱਤ ਕੀ ਕਰ ਰਹੇ ਹਾਂ। ਕਿਸੇ ਵੀ ਸਮੇਂ ਤੁਹਾਡਾ ਕਲਾਸ ਵਿੱਚ ਆਉਣਾ ਮੈਨੂੰ ਪਿਆਰਾ ਲੱਗੇਗਾ। ਮਾਪਿਆਂ ਤੇ ਅਧਿਆਪਕਾਂ ਦੇ ਸਹਿਯੋਗ ਨਾਲ ਅਸੀ ਤੁਹਾਡੇ ਬੱਚਿਆਂ ਦੀ ਪੜਾਈ ਚ ਵਧੇਰੇ ਸਹਾਈ ਹੋ ਸਕਦੇ ਹਾਂ।

**ਮੁਖੀ ਅੰਗਰੇਜ਼ੀ ਵਿਭਾਗ**
**ਜੇ ਪਰਸੀ ਪੇਜ ਹਾਈ ਸਕੂਲ**
**ਮਿਲਵੁਡਜ਼,ਐਡਮਿੰਟਨ**

# ਵਿਸ਼ਵ ਪੂੰਜੀਵਾਦ ਦਾ ਕਰੂਪ ਚਿਹਰਾ

ਜਿਵੇਂ ਕਿ ਆਮ ਹੀ ਦੱਸਿਆ ਜਾਂਦਾ ਹੈ ਕਿ ਪੂੰਜੀਵਾਦ ਦਾ ਉਭਾਰ ਹੀ ਸਭ ਦੁੱਖਾਂ ਦੀ ਦਾਰੂ ਹੈ ਅਤੇ ਨਫਾ ਵੱਧਣ ਨਾਲ ਆਮ ਆਦਮੀ ਨੂੰ ਗਰੀਬੀ ਤੋਂ ਨਿਜਾਤ ਮਿਲੇਗੀ।

ਹੇਠ ਲਿਖੇ ਤੱਥ ਬਿਆਨਦੇ ਹਨ ਕਿ ਇਹ ਆਪ ਸਿਰਜੀ ਧਾਰਣਾ ਹੈ-

- ਸਾਲ 2009 'ਚ ਅਰਬਪਤੀਆਂ ਦੀ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ 793 ਤੋਂ 1011 ਤੱਕ ਪਹੁੰਚ ਗਈ ਤੇ ਇਹਨਾਂ ਦੇ ਕੁੱਲ ਅਸਾਸੇ 2.4 ਖਰਬ ਤੋਂ ਵੱਧ ਕੇ 3.6 ਖਰਬ ਅਮਰੀਕਨ ਡਾਲਰ ਤੇ ਅੱਪੜ ਗਏ।
- ਸੰਸਾਰ ਦੀ ਲੱਗਭਗ ਅੱਧੀ ਵਸੋਂ (3 ਅਰਬ ਲੋਕ) 100 ਰੁਪਏ ਤੋਂ ਵੀ ਘੱਟ ਚ ਗੁਜ਼ਾਰਾ ਕਰ ਰਹੀ ਹੈ। ਸੰਸਾਰ ਦੀ 80ਫੀਸਦੀ ਆਬਾਦੀ 400 ਤੋਂ ਘੱਟ 'ਚ ਨਿਰਬਾਹ ਕਰ ਰਹੀ ਹੈ।
- ਪਿਛਲੇ 2 ਦਹਾਕਿਆਂ 'ਚ ਉਦਾਰਵਾਦੀ ਨੀਤੀਆਂ ਤਹਿਤ ਖੁੱਲ੍ਹੀ ਮੰਡੀ, ਨਿੱਜੀ ਖੇਤਰ 'ਚ ਵਾਧਾ, ਡੀ-ਰੈਗੂਲੇਸ਼ਨ ਪਾਲਸੀਆਂ ਨੇ ਅਮੀਰ-ਗਰੀਬ ਦੇ ਪਾੜੇ 'ਚ ਅਥਾਹ ਵਾਧਾ ਕੀਤਾ ਹੈ। 2005 ਤੱਕ ਦੁਨੀਆ 'ਚ 20 ਫੀਸਦੀ ਅਮੀਰ ਲੋਕਾਂ ਕੋਲ ਸੰਸਾਰ ਪੂੰਜੀ ਦਾ ਤਕਰੀਬਨ 76.6 ਫੀਸਦੀ ਹਿੱਸਾ ਸੀ।
- ਸੰਸਾਰ ਦੇ ਅਮੀਰਾਂ ਕੋਲ ਦੁਨੀਆ ਦੇ 40 ਫੀਸਦੀ ਅਸਾਸਿਆਂ ਦੀ ਮਲਕੀਅਤ ਹੈ ਅਤੇ 50 ਫੀਸਦੀ ਗਰੀਬਾਂ ਕੋਲ ਦੁਨੀਆ ਦੀ ਕੁੱਲ ਪੂੰਜੀ ਦੀ 1 ਫੀਸਦੀ ਮਾਲਕੀ ਹੈ।
- 1.1 ਅਰਬ ਲੋਕਾਂ ਕੋਲ ਪੀਣ ਵਾਲੇ ਸਾਫ਼ ਪਾਣੀ ਦੀ ਸਹੂਲਤ ਨਹੀਂ ਹੈ। 2.5 ਅਰਬ ਲੋਕ ਚੰਗੀਆਂ ਸਹੂਲਤਾਂ ਤੋਂ ਵਾਂਝੇ ਹਨ। 18 ਲੱਖ ਬੱਚੇ ਹਰ ਸਾਲ ਦਸਤਾਂ-ਮਰੋੜਿਆਂ ਨਾਲ ਮਰਦੇ ਹਨ।
- ਸੰਯੁਕਤ ਰਾਸ਼ਟਰ ਸੰਘ ਦੇ ਇੱਕ ਅੰਦਾਜ਼ੇ ਮੁਤਾਬਿਕ ਦੁਨੀਆ ਦੀ ਸਾਰੀ ਵਸੋਂ ਲਈ ਪੀਣ ਵਾਲੇ ਪਾਣੀ ਅਤੇ ਚੰਗੀਆਂ ਜੀਵਨ ਹਾਲਤਾਂ ਦੀ ਸਹੂਲਤ ਮੁਹੲਈਆ ਕਰਵਾਉਣ ਤੇ ਆਲਮੀ ਫੌਜੀ ਬਜਟ ਜੋ ਕਿ ਲੱਗਭਗ 1 ਟ੍ਰਿਲਿਅਨ ਹੈ ਦੇ ਮੁਕਾਬਲੇ 7 ਫੀਸਦੀ ਘੱਟ ਅਤੇ 72 ਬਿਲੀਅਨ ਖਰਚ ਆਵੇਗਾ।
- ਯੂ ਐਨ ਦੇ ਸਤਾਬਦੀ ਨਿਸ਼ਨਿਆਂ ਦੀ ਪੂਰਤੀ ਲਈ ਸੰਸਾਰ ਵਿਕਾਸ ਮੱਦਦ 135 ਮਿਲਿਅਨ ਤੋਂ ਵਧਾ ਕੇ 195 ਮਿਲਿਅਨ 2015 ਤੱਕ ਹਰ ਵਰ੍ਹੇ ਕਰਨੀ ਲੋੜੀਂਦੀ ਹੈ। ਵਰਣਨਯੋਗ ਹੈ ਕਿ ਕੁੱਲ ਸੰਸਾਰਿਕ ਫੌਜੀ ਖਰਚਿਆ 'ਚੋਂ ਸਿਰਫ਼ 20 ਫੀਸਦੀ ਪੂੰਜੀ ਦਾ ਕਟੌਤੀ ਹੀ ਇਹ ਨਿਸ਼ਾਨਾ ਪੂਰਾ ਕਰ ਸਕਦਾ ਹੈ।

**ਨਵੀਂ ਦੁਨੀਆ ਬਿਊਰੋ**




# ਪੰਜਾਬ ਦਾ ਖੇਤੀ ਸੈਕਟਰ : ਵਿਕਾਸ, ਸੀਮਾਵਾਂ ਤੇ ਚੁਣੌਤੀਆਂ

**ਪੰਜਾਬ ਦੇ ਪ੍ਰਸਿੱਧ ਅਰਥ ਵਿਗਿਆਨੀ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਰਥ ਸ਼ਾਸਤਰ ਵਿਭਾਗ ਦੇ ਪ੍ਰੋਫ਼ੈਸਰ ਡਾ. ਰਣਜੀਤ ਸਿੰਘ ਘੁੰਮਣ ਦੇ ਖੋਜ-ਪੱਤਰਾਂ 'ਤੇ ਅਧਾਰਤ ਵਿਸ਼ੇਸ ਲੇਖ**

ਖੇਤੀ ਸੈਕਟਰ ਪੰਜਾਬ ਦੇ ਅਰਥਚਾਰੇ ਦਾ ਮੁੱਢਲਾ ਖੇਤਰ ਹੈ। ਰਾਜ ਦੇ ਵਸਨੀਕਾਂ ਦਾ ਮੁੱਖ ਤੇ ਰਵਾਇਤੀ ਕਿੱਤਾ ਖੇਤੀਬਾੜੀ ਹੀ ਰਿਹਾ ਹੈ। ਆਪਣੇ ਜੀਵਨ ਨਿਰਬਾਹ ਲਈ ਹੁਣ ਵੀ ਪੰਜਾਬ ਦੀ ਵਸੋਂ ਦਾ ਵੱਡਾ ਹਿੱਸਾ ਖੇਤੀਬਾੜੀ 'ਤੇ ਹੀ ਨਿਰਭਰ ਹੈ। ਭਾਵੇਂ ਆਧੁਨਿਕ ਕਾਲ ਵਿਚ ਉਦਯੋਗਿਕ ਤੇ ਹੋਰ ਸੈਕਟਰਾਂ ਵਿਚ ਵੀ ਜ਼ਿਕਰਯੋਗ ਵਿਕਾਸ ਦਰਜ ਹੋਇਆ ਹੈ, ਪ੍ਰੰਤੂ ਖੇਤੀਬਾੜੀ ਦੀ ਫਿਰ ਵੀ ਪ੍ਰਮੁੱਖਤਾ ਬਣੀ ਰਹੀ ਹੈ। ਵਸੋਂ ਦੇ ਵੱਡੇ ਹਿੱਸੇ ਦਾ ਖੇਤੀ ਸੈਕਟਰ ਨਾਲ ਜੁੜ੍ਹੇ ਹੋਣਾ ਜਿੱਥੇ ਇਸ ਸੈਕਟਰ ਦੀ ਵਿਸ਼ੇਸਤਾ ਨੂੰ ਦਰਸਾਉਂਦਾ ਹੈ , ਉਥੇ ਇਸਦੀਆਂ ਸੀਮਾਵਾਂ ਦੇ ਸੰਕੇਤ ਵੀ ਦਿੰਦਾ ਹੈ। ਜੇਕਰ ਖੇਤੀ ਸੈਕਟਰ ਵਿਚੋਂ ਕਿਰਤ ਸ਼ਕਤੀ ਹਟਕੇ ਕਿਸੇ ਦੂਸਰੇ ਖੇਤਰ ਵਿਚ ਸਥਾਨਾਂਤਰਣ ਨਹੀਂ ਹੁੰਦੀ ਤਾਂ ਅਰਥ ਵਿਗਿਆਨਿਕ ਦ੍ਰਿਸ਼ਟੀ ਤੋਂ ਇਸਦਾ ਭਾਵ ਇਹ ਲਿਆ ਜਾਂਦਾ ਹੈ ਕਿ ਸਮੁੱਚਾ ਅਰਥਚਾਰਾ (ਸਾਰੇ ਸੈਕਟਰ ਮਿਲਾ ਕੇ) ਵਿਕਾਸ ਨਹੀਂ ਕਰ ਰਿਹਾ। ਪੰਜਾਬ ਵਿਚ ਹਰੀ ਕ੍ਰਾਂਤੀ ਦੀ ਸਫ਼ਲਤਾ ਨੇ ਇਕ ਪਾਸੇ ਖੇਤੀ ਸੈਕਟਰ ਦੀ ਪ੍ਰਮੁੱਖਤਾ ਨੂੰ ਪੱਕੇ ਪੈਰੀਂ ਕਰ ਦਿੱਤਾ ਤੇ ਦੂਜੇ ਪਾਸੇ ਕਿਰਤ ਸ਼ਕਤੀ ਦਾ ਵਹਾਅ ਵੀ ਇਸ ਸੈਕਟਰ ਵੱਲ ਮੋੜ ਦਿੱਤਾ। ਇਉਂ ਖੇਤੀ ਸੈਕਟਰ ਦੀ ਪੰਜਾਬ ਦੇ ਅਰਥਚਾਰੇ 'ਚ ਮੁਢਲੇ ਸੈਕਟਰ ਵਜੋਂ ਪ੍ਰਮੁੱਖਤਾ ਬਣੀ ਹੋਈ ਹੈ। ਰਾਜ ਦੀਆਂ ਪ੍ਰਮੁੱਖ ਗਤੀਵਿਧੀਆਂ ਦਾ ਕੇਂਦਰ ਬਿੰਦੂ ਇਹੋ ਸੈਕਟਰ ਹੈ ਤੇ ਸਾਡੇ ਵਧੇਰੇ ਤੇ ਸਿਰਕੱਢ ਅਰਥ-ਵਿਗਿਆਨੀਆਂ ਦਾ ਅਧਿਐਨ ਵੀ ਮੁੱਖ ਰੂਪ ਵਿਚ ਇਸੇ ਸੈਕਟਰ ਉੱਪਰ ਹੀ ਕੇਂਦਰਿਤ ਰਿਹਾ ਹੈ। ਜਿਨ੍ਹਾਂ ਅਰਥ-ਵਿਗਿਆਨੀਆਂ ਨੇ ਪੰਜਾਬ ਦੇ ਅਰਥਚਾਰੇ ਦਾ ਹਰ ਪੱਖ ਬਾਰੀਕੀ ਨਾਲ ਘੋਖਿਆ ਪੜਤਾਲਿਆ ਤੇ ਇਸਦਾ ਨਿੱਠ ਕੇ ਅਧਿਐਨ ਕੀਤਾ ਹੈ ਉਨ੍ਹਾਂ ਵਿਚ ਡਾ. ਰਣਜੀਤ ਸਿੰਘ ਘੁੰਮਣ ਦਾ ਨਾਂ ਵਿਸ਼ੇਸ ਹੈ। ਡਾ. ਰਣਜੀਤ ਸਿੰਘ ਘੁੰਮਣ ਨੇ ਆਪਣੀਆਂ ਲਿਖਤਾਂ ਵਿਚ ਵਿਗਿਆਨਕ ਵਿਧੀ ਨਾਲ ਪੰਜਾਬ ਦੀ ਆਰਥਿਕਤਾ ਨੂੰ ਇਸਦੇ ਇਤਿਹਾਸਿਕ ਪਰਿਪੇਖ਼ ਵਿਚ ਰਾਸ਼ਟਰੀ ਤੇ ਅੰਤਰਰਾਸ਼ਟਰੀ ਸੰਦਰਭਾਂ ਵਿਚ ਰੱਖ ਕੇ ਵਿਚਾਰਿਆ ਹੈ। ਉਸ ਦੀਆਂ ਲਿਖਤਾਂ ਦੇ ਵਿਸ਼ੇ ਆਜ਼ਾਦੀ ਮਿਲਣ ਸਮੇਂ ਪੰਜਾਬ ਦੀ ਅਰਥ-ਵਿਵਸਥਾ ਤੋਂ ਲੈ ਕੇ ਸਮਕਾਲੀ ਪੰਜਾਬ ਦੀਆਂ ਵੱਡੀਆਂ ਆਰਥਿਕ ਸਮੱਸਿਆਵਾਂ ਤੇ ਹਕੀਕਤਾਂ ਤਕ ਫੈਲੇ ਹੋਏ ਹਨ। ਡਾ. ਘੁੰਮਣ ਦੇ ਅਧਿਐਨ ਤੇ ਚਿੰਤਨ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਹ ਆਰਥਿਕ ਗਤੀਵਿਧੀਆਂ ਦੇ ਸਮਾਜਿਕ, ਸਭਿਆਚਾਰਕ ਤੇ ਪੌਣ ਪਾਣੀ ਉੱਪਰ ਪੈਣ ਵਾਲੇ ਪ੍ਰਭਾਵਾਂ ਨੂੰ ਵੀ ਆਪਣੇ ਅੰਦਰ ਸ਼ਾਮਿਲ ਰੱਖਦਾ ਹੈ। ਇਸ ਕਰਕੇ ਉਸਦੇ ਅਧਿਐਨ ਦਾ ਮੁੱਲ ਤੇ ਮਹੱਤਵ ਹੋਰ ਵੀ ਵੱਧ ਜਾਂਦਾ ਹੈ।

'ਅਜ਼ਾਦੀ ਤੋਂ ਬਾਅਦ ਪੰਜਾਬ ਵਿਚ ਖੇਤੀ ਦਾ ਵਿਕਾਸ ਅਤੇ ਬਦਲਦੇ ਜ਼ਰੱਈ ਸਬੰਧ' ਖੋਜ-ਪੱਤਰ ਵਿਚ, ਜਿਹੜਾ ਡਾ. ਰਣਜੀਤ ਸਿੰਘ ਤੇ ਸੁਰਿੰਦਰ ਸਿੰਘ ਰਿਆੜ ਦਾ ਸਾਂਝਾ ਅਧਿਐਨ ਹੈ, ਦੇਸ਼ ਵੰਡ ਤੋਂ ਬਾਅਦ ਦੇ ਪੰਜਾਬ ਦੇ ਅੰਦਰਲੇ ਖੇਤੀ ਵਿਕਾਸ ਨੂੰ ਇਤਿਹਾਸਿਕ ਪਰਿਪੇਖ਼ ਵਿਚ ਪੇਸ਼ ਕਰਨ ਦਾ ਇਕ ਮਹੱਤਵਪੂਰਨ ਉਪਰਾਲਾ ਹੈ। ਦੇਸ਼ ਵੰਡ ਤੋਂ ਮਗਰੋਂ ਦੇ ਪੰਜਾਬ ਨੇ ਕਿਉਂਕਿ ਬਹੁਤ ਤ੍ਰਾਸਦਿਕ ਮਾਰਾਂ ਝੱਲੀਆਂ ਸਨ, ਇਸ ਲਈ ਪੰਜਾਬ ਦਾ ਤਦ ਦਾ ਖੇਤੀ ਅਰਥਚਾਰਾ ਵੀ ਉਵੇਂ ਹੀ ਡਗਮਗਾਇਆ ਹੋਇਆ ਸੀ ਜਿਵੇਂ ਉਸ ਸਮੇਂ ਦਾ ਪੰਜਾਬੀ ਸਮਾਜ। ਆਪਣੇ ਖੋਜ ਪੱਤਰ ਵਿਚ ਡਾ. ਰਣਜੀਤ ਸਿੰਘ ਤੇ ਉਸਦੇ ਸਹਿ ਲੇਖਕ ਨੇ ਤਤਕਾਲੀ ਪ੍ਰਸਥਿਤੀਆਂ ਦਾ ਵਰਣਨ ਕਰਦਿਆਂ ਲਿਖਿਆ ਹੈ, ''... ਭੂਗੋਲਿਕ ਵੰਡ ਨੇ ਨਾ ਕੇਵਲ ਆਰਥਿਕ ਤਾਣਾ ਪੇਟਾ ਹੀ ਹਿਲਾ ਕੇ ਰੱਖ ਦਿੱਤਾ, ਸਗੋਂ ਸਦੀਆਂ ਪੁਰਾਣੇ ਸਮਾਜਿਕ ਤੇ ਸਭਿਆਚਾਰਕ ਰਿਸ਼ਤੇ ਵੀ ਤਹਿਸ ਨਹਿਸ ਕਰ ਦਿੱਤੇ। ਲੱਖਾਂ ਦੀ ਗਿਣਤੀ 'ਚ ਲੋਕ ਮਾਰੇ ਗਏ ਅਤੇ ਕਈ ਲੱਖਾਂ ਦੀ ਗਿਣਤੀ ਵਿਚ ਲੋਕ ਘਰੋਂ ਬੇਘਰ ਹੋ ਕੇ ਬਾਰਡਰ ਦੀ ਉਸ ਪਾਰੋਂ ਇਧਰ ਅਤੇ ਇਧਰੋਂ ਉਧਰ ਉੱਜੜ ਕੇ ਬਦਲੀਆਂ ਹੋਈਆਂ ਹਾਲਤਾਂ ਨਾਲ ਜੂਝ ਰਹੇ ਸਨ... ਵੰਡ ਇੰਨੀ ਬੇਦਰਦੀ ਨਾਲ ਕੀਤੀ ਗਈ, ਕਿ ਪੰਜਾਬ ਦੇ ਦਰਿਆ, ਪਹਾੜ, ਨਹਿਰਾਂ, ਆਵਾਜਾਈ ਅਤੇ ਸੰਚਾਰ ਦੇ ਸਾਧਨ, ਇਥੋਂ ਤਕ ਕਿ ਰਿਹਾਇਸ਼ੀ ਘਰ ਵੀ ਦੋ ਹਿੱਸਿਆਂ ਵਿਚ ਵੰਡੇ ਗਏ ਸਨ।... ਅਜਿਹੀਆਂ ਸਥਿਤੀਆਂ 'ਚ ਸ਼ੁਰੂ ਹੋਇਆ ਸੀ ਅਜੋਕੇ ਪੰਜਾਬ ਦਾ ਸਮੁੱਚਾ ਵਿਕਾਸ, ਜੋ ਮੁੱਖ ਤੌਰ ਤੇ ਖੇਤੀ ਨਾਲ ਜੁੜਿਆ ਹੋਇਆ ਸੀ। ਉਸ ਵੇਲੇ ਖੇਤੀ ਜਿਉਣ ਦਾ ਇਕ ਸਾਧਨ ਮਾਤਰ ਹੀ ਸੀ। ਦੇਸ਼ ਵੰਡ ਤੋਂ ਬਾਅਦ ਅਜੋਕੇ ਭਾਰਤੀ ਪੰਜਾਬ ਦੇ ਕਿਸਾਨਾਂ (ਜੋ ਬਹੁਤ ਗਿਣਤੀ ਵਿਚ ਸਰਹੱਦੋਂ ਪਾਰਲੇ ਪੰਜਾਬ ਵਿਚੋਂ ਉੱਜੜ ਕੇ ਆਏ ਸਨ) ਕੋਲ ਖੇਤੀ ਤਕਨੀਕ ਦਾ ਗਿਆਨ ਤਾਂ ਸੀ, ਪਰ ਸਿੰਚਾਈ ਦੇ ਸਾਧਨ ਅਤੇ ਜ਼ਰਖੇਜ਼ ਜ਼ਮੀਨ ਮੁੱਖ ਤੌਰ ਤੇ ਪਾਕਿਸਤਾਨੀ ਪੰਜਾਬ ਵਿਚ ਹੀ ਰਹਿ ਗਈ ਸੀ।'

ਡਾ. ਰਣਜੀਤ ਸਿੰਘ ਘੁੰਮਣ ਨੇ ਆਪਣੇ ਅਧਿਐਨ ਵਿਚ ਪੰਜਾਬ ਦੇ ਖੇਤੀ ਵਿਕਾਸ ਨੂੰ ਜਿਵੇਂ ਰੇਖਾਂਕਿਤ ਕੀਤਾ ਹੈ ਉਸ ਮੁਤਾਬਿਕ '... 1950-51 ਅਤੇ 1960-61 ਦੇ ਦਹਾਕੇ ਵਿਚਕਾਰ ਨਿਰੋਲ ਬੀਜੇ ਰਕਬੇ ਵਿਚ 0.59 ਪ੍ਰਤੀਸ਼ਤ ਦਾ ਵਾਧਾ ਹੋਇਆ। ਪਰ 1960 ਵਿਆਂ ਦੇ ਦਹਾਕੇ ਵਿਚ ਨਿਰੋਲ ਬੀਜਿਆ ਰਕਬਾ 0.78 ਪ੍ਰਤੀਸ਼ਤ ਵਧਿਆ। ਇਸ ਦਹਾਕੇ ਦੇ ਪਿਛਲੇ ਅੱਧ ਤੋਂ ਪੰਜਾਬ ਵਿਚ ਹਰੇ ਇਨਕਲਾਬ ਦੀ ਸ਼ੁਰੂਆਤ ਹੋਈ ਸੀ। ਸੱਤਰਵਿਆਂ ਦੇ ਦਹਾਕੇ ਵਿਚ ਨਿਰੋਲ ਬੀਜੇ ਰਕਬੇ ਵਿਚ 0.34 ਪ੍ਰਤੀਸ਼ਤ ਦਾ ਵਾਧਾ ਹੋਇਆ ਅਤੇ 80 ਵੀਆਂ ਦੇ ਦਹਾਕੇ ਵਿਚ 0.64 ਪ੍ਰਤੀਸ਼ਤ ਦਾ। ਅਗਲੇ ਚਾਰ ਸਾਲਾਂ ਵਿਚ ਨਿਰੋਲ ਬੀਜਿਆ ਰਕਬਾ 0.05 ਪ੍ਰਤੀਸ਼ਤ ਘਟ ਗਿਆ। ਇਹਨਾਂ ਅੰਕੜਿਆਂ ਤੋਂ ਸਪਸ਼ਟ ਹੈ ਕਿ ਪੰਜਾਬ ਵਿਚ ਨਿਰੋਲ ਬੀਜਿਆ ਰਕਬਾ 1990-91 ਵਿਚ ਆਪਣੀ ਉੱਪਰਲੀ ਹੱਦ ਤੇ ਪਹੁੰਚ ਚੁੱਕਿਆ ਸੀ।' ਪੰਜਾਬ ਦੇ ਖੇਤੀ ਵਿਕਾਸ ਦੀ ਉੱਪਰਲੀ ਹੱਦ ਦੀ ਨਿਸ਼ਾਨਦੇਹੀ ਕਰਨ ਲਈ ਡਾ. ਘੁੰਮਣ ਨੇ ਖੇਤੀ ਉਤਪਾਦਨ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਵੀ ਇਹੋ ਸਿੱਟਾ ਕੱਢਿਆ ਹੈ ਕਿ 90 ਵਿਆਂ ਦੇ ਦਹਾਕੇ ਵਿਚ ਪੰਜਾਬ ਦੇ ਖੇਤੀ ਸੈਕਟਰ ਨੇ ਆਪਣੇ ਵਿਕਾਸ ਦੀ ਚਰਮ ਸੀਮਾ ਨੂੰ ਛੂਹ ਲਿਆ ਸੀ।

'...ਅਨਾਜੀ ਫ਼ਸਲਾਂ ਅਧੀਨ ਰਕਬਾ ਲਗਾਤਾਰ ਵੱਧਦਾ ਗਿਆ ਅਤੇ ਗੈਰਅਨਾਜੀ ਫ਼ਸਲਾਂ ਅਧੀਨ ਰਕਬਾ ਲਗਾਤਾਰ ਘਟਦਾ ਗਿਆ। ਅਜਿਹਾ ਮੁੱਖ ਤੌਰ ਤੇ ਹਰੇ ਇਨਕਲਾਬ ਦੇ ਸਿੱਟੇ ਵਜੋਂ ਕਣਕ ਅਤੇ ਝੋਨੇ ਹੇਠ ਰਕਬਾ ਵੱਧਣ ਕਾਰਨ ਹੋਇਆ। ਜੇਕਰ ਅਨਾਜ ਦੇ ਕੁੱਲ ਉਤਪਾਦਨ ਉੱਪਰ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ 1950-51 (20 ਲੱਖ ਟਨ) ਦੇ ਮੁਕਾਬਲੇ 1995-96 ਵਿਚ ਅਨਾਜ ਦਾ ਉਤਪਾਦਨ ਲੱਗਭਗ ਦਸ ਗੁਣਾਂ ਵੱਧ ਗਿਆ। ...ਸੱਤਰਵਿਆਂ ਅਤੇ ਅੱਸੀਵਿਆਂ ਦੇ ਦਹਾਕਿਆਂ ਦੌਰਾਨ ਅਨਾਜ ਦੇ ਉਤਪਾਦਨ ਦੀ ਸਲਾਨਾ ਵਾਧਾ ਦਰ ਕ੍ਰਮਵਾਰ 4.99 ਪ੍ਰਤੀਸ਼ਤ ਅਤੇ 4.91 ਪ੍ਰਤੀਸ਼ਤ ਰਹੀ, ਜੋ 1970-71 ਦੇ ਆਧਾਰ ਤੇ ਤਸੱਲੀਬਖ਼ਸ਼ ਸੀ। 1990-91 ਤੋਂ 1994-95 ਦੇ ਚਾਰ ਸਾਲਾਂ ਦੌਰਾਨ ਅਨਾਜ ਉਤਪਾਦਨ 3.15 ਪ੍ਰਤੀਸ਼ਤ ਦੀ ਸਲਾਨਾ ਦੀ ਦਰ ਨਾਲ ਵਧਿਆ। ਸਪਸ਼ਟ ਹੈ ਕਿ ਉਤਪਾਦਨ ਵਿਚ ਵਾਧੇ ਦੀ ਦਰ ਹੁਣ ਮੱਧਮ ਪੈ ਰਹੀ ਹੈ।' ਉਤਪਾਦਨ, ਜੋ ਕਿ ਮੁੱਖ ਰੂਪ ਵਿਚ ਕਣਕ ਅਤੇ ਝੋਨੇ ਦੀਆਂ ਫ਼ਸਲਾਂ ਦਾ ਹੈ, ਦੇ ਗਿਰਦੇ ਹੋਏ ਗਰਾਫ਼ ਨੂੰ ਡਾ. ਘੁੰਮਣ ਨੇ ਪੰਜਾਬ ਦੇ ਖੇਤੀ ਵਿਕਾਸ ਦੀ ਖੜੋਤ ਦੇ ਸੂਚਕ ਵਜੋਂ ਲਿਆ ਹੈ ਤੇ ਇਹ ਖੜੋਤ ਵੀ ਇਹੋ ਦਰਸਾਉਂਦੀ ਕਿ 20ਵੀਂ ਸਦੀ ਦੇ ਆਖ਼ਰੀ ਦਹਾਕੇ ਵਿਚ ਪੰਜਾਬ ਦਾ ਖੇਤੀ ਸੈਕਟਰ ਆਪਣੇ ਵਿਕਾਸ ਦੀ ਉਚਤਮ ਹੱਦ ਨੂੰ ਪਹੁੰਚ ਗਿਆ ਸੀ। ਇਸ ਤੋਂ ਇਲਾਵਾ ਇਸੇ ਖੋਜ ਪੱਤਰ ਵਿਚ ਪੰਜਾਬ ਵੱਲੋਂ ਭਾਰਤ ਦੇ ਕੁੱਲ ਅਨਾਜ ਉਤਪਾਦਨ ਵਿਚ ਪਾਏ ਜਾ ਰਹੇ ਹਿੱਸੇ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਵੀ ਇਸੇ ਤੱਥ ਦੀ ਹੀ ਪੁਸ਼ਟੀ ਕਰਦਾ ਹੈ। ਖੇਤੀ ਸੈਕਟਰ ਦਾ ਨਿਰੋਲ ਰਾਜ ਘਰੇਲੂ ਆਮਦਨ ਵਿਚ ਘਟ ਰਿਹਾ ਹਿੱਸਾ ਵੀ ਇਹੋ ਸਿੱਧ ਕਰਦਾ ਹੈ ਕਿ ' ਪੰਜਾਬ ਦੇ ਹਰੇ ਇਨਕਲਾਬ ਦਾ ਰੰਗ ਹੁਣ ਫਿੱਕਾ ਪੈ ਗਿਆ ਹੈ।'

ਪੰਜਾਬ ਵਿਚ ਖੇਤੀ ਦਾ ਵਿਕਾਸ ਅਤੇ ਹਰਾ ਇਨਕਲਾਬ ਦੋਵੇਂ ਇਕ ਦੂਜੇ ਦੇ ਸਮਾਨਾਅਰਥੀ ਹੀ ਹਨ, ਆਰਥਿਕ ਮਾਹਿਰਾਂ ਦੇ ਅਧਿਐਨ ਵੀ ਇਹੋ ਸਿੱਧ ਕਰਦੇ ਹਨ ਕਿ ਹਰਾ ਨਿਕਲਾਬ ਵਾਪਰਣ ਤੋਂ ਪਹਿਲਾਂ ਵੀ ਤੇ ਹਰਾ ਇਨਕਲਾਬ ਸੰਪੂਰਣ ਹੋਣ ਤੇ ਵੀ ਪੰਜਾਬ ਦਾ ਖੇਤੀ ਵਿਕਾਸ ਖੜ੍ਹੋਤ ਦੀ ਅਵਸਥਾ ਵਿਚ ਦਿਖਾਈ ਦਿੰਦਾ ਹੈ। ਖੇਤੀ ਵਿਕਾਸ ਜਾਂ ਹਰੇ ਇਨਕਲਾਬ ਕਾਰਨ ਪੰਜਾਬ ਦੇ ਰਵਾਇਤੀ ਸਮਾਜਿਕ, ਰਾਜਨੀਤਕ ਤੇ ਸਭਿਆਚਾਰਕ ਰਿਸ਼ਤਿਆਂ ਵਿਚ ਆਈ ਤਬਦੀਲੀ ਤੇ ਸਮੁੱਚੇ ਪੰਜਾਬੀ ਜਨਜੀਵਨ ਉਪਰ ਪਏ ਇਸੇ ਪ੍ਰਭਾਵਾਂ ਦਾ ਖੁਲਾਸਾ ਵੀ ਰਣਜੀਤ ਸਿੰਘ ਘੁੰਮਣ ਨੇ ਆਪਣੇ ਇਸ ਖੋਜ ਪੱਤਰ ਵਿਚ ਕੀਤਾ ਹੈ। ਇਹ ਪ੍ਰਭਾਵ ਚੰਗੇ ਤੇ ਬੁਰੇ ਦੋਵੇਂ ਤਰ੍ਹਾਂ ਦੇ ਹੀ ਹਨ, ਪ੍ਰੰਤੂ ਕਈ ਪ੍ਰਭਾਵ ਬਹੁਤ ਜ਼ਿਆਦਾ ਹਾਨੀਕਾਰਕ ਹਨ, ਜਿਨ੍ਹਾਂ ਤੋਂ ਲਗਦਾ ਹੈ ਕਿ ਹਰੇ ਇਨਕਲਾਬ ਕਾਰਨ ਸਾਨੂੰ ਲੈਣੇ ਦੇ ਦੇਣੇ ਪੈ ਗਏ ਹਨ। ਹਰੇ ਇਨਕਲਾਬ ਜਰੀਏ ਅਸੀਂ ਜੋ ਕੁਝ ਖੱਟਿਆ ਹੈ, ਉਸਤੋਂ ਕਿਤੇ ਵੱਧ ਗੁਆ ਲਿਆ ਹੈ। 'ਜ਼ਰਈ ਰਿਸ਼ਤਿਆਂ ਵਿਚ ਤਬਦੀਲੀ' ਸਿਰਲੇਖ ਹੇਠ ਹਰੇ ਨਿਕਲਾਬ ਕਾਰਨ ਪੰਜਾਬ ਵਿਚ ਕੁੱਲ ਮੁੱਖ ਕਾਮਿਆਂ ਦੀ ਕਿੱਤਾਵਾਰ ਵੰਡ ਦੀ ਚਰਚਾ ਕਰਦਿਆਂ ਡਾ. ਘੁੰਮਣ ਨੇ ਲਿਖਿਆ ਹੈ ਕਿ '1961 ਵਿਚ ਕਾਸ਼ਤਕਾਰ ਅਤੇ ਖੇਤੀ ਕਾਮਿਆਂ ਦੀ ਪ੍ਰਤੀਸ਼ਤਤਾ 55.89 ਸੀ, ਜੋ ਹਰਾ ਇਨਕਲਾਬ ਆਉਣ ਨਾਲ 1971 ਵਿਚ ਵੱਧ ਕੇ (ਘੱਟਣ ਦੀ ਥਾਂ) 62.27ਗ਼ ਹੋ ਗਈ। ਸਾਲ 1981 ਵਿਚ ਇਹ ਪ੍ਰਤੀਸ਼ਤਤਾ ਘਟ ਕੇ 58.03 ਹੋ ਗਈ (ਜੋ 1961 ਨਾਲੋਂ ਜ਼ਿਆਦਾ ਸੀ) ਅਤੇ 1991 ਵਿਚ ਘਟ ਕੇ 55.26 ਹੋ ਗਈ। ਸਾਫ਼ ਜ਼ਾਹਰ ਹੈ ਕਿ 30 ਸਾਲਾਂ ਦੇ ਲੰਮ ਸਮੇਂ ਵਿਚ ਪੰਜਾਬ ਦਾ ਖੇਤੀ ਵਿਕਾਸ ਇਸ ਖੇਤਰ ਤੋਂ ਕੇਵਲ 0.63 ਪ੍ਰਤੀਸ਼ਤ ਕਾਮੇ ਅਤੇ ਕਾਸ਼ਤਕਾਰ ਹੀ ਦੂਜੇ ਸੈਕਟਰਾਂ ਵਿਚ ਭੇਜਣ ਵਿਚ ਕਾਮਯਾਬ ਹੋਇਆ ਹੈ, ਪੰਜਾਬ ਦੇ ਖੇਤੀ ਵਿਕਾਸ ਦਾ ਇਹ ਇਕ ਬਹੁਤ ਕਮਜ਼ੋਰ ਪੱਖ ਹੈ। ਖੇਤੀ ਸੈਕਟਰ ਵਿਚ ਕਾਮਿਆਂ ਦੀ ਸਥਿਤੀ 'ਚ ਆਈ ਇਸ ਮਮੂਲੀ ਤਬਦੀਲੀ ਦਾ ਅਰਥ ਵਿਗਿਆਨਿਕ ਨਜ਼ਰੀਏ ਤੋਂ ਡਾ. ਘੁੰਮਣ ਦੇ ਸ਼ਬਦਾਂ ਵਿਚ ਇਹ ਅਰਥ ਨਿੱਕਲਦਾ ਹੈ, ''ਪੰਜਾਬ ਦੇ ਖੇਤੀ ਵਿਕਾਸ ਨੇ ਦੁੱਤੀਆ ਅਤੇ ਤਰਿਤੀਆਂ ਸੈਕਟਰ ਵਿਚ ਰੁਜ਼ਗਾਰ ਦੇ ਬਹੁਤ ਘੱਟ (ਸਾਪੇਖਕ ਰੂਪ ਵਿਚ) ਮੌਕੇ ਮਹੱਈਆ ਕੀਤੇ ਹਨ... ਪੰਜਾਬ ਦੇ ਖੇਤੀ ਵਿਕਾਸ ਦੀ ਉੱਚੀ ਦਰ ਅਤੇ ਸਿੱਖਿਆ ਦੇ ਮੌਕੇ ਵੱਧਣ ਨਾਲ ਪੰਜਾਬ ਵਿਚ ਪੜ੍ਹੇ ਲਿਖੇ ਨੌਜੁਆਨਾਂ ਦੀਆਂ ਇਛਾਵਾਂ ਨੂੰ ਤਾਂ ਉਭਾਰ ਮਿਲਿਆ ਪਰ ਰੁਜ਼ਗਾਰ ਦੇ ਮੌਕੇ ਨਾ ਪੈਦਾ ਹੋਣ ਕਰਕੇ ਪੜ੍ਹੇ ਲਿਖੇ ਬੇਰੁਜ਼ਗਾਰਾਂ ਦੀ ਇਕ ਵੱਡੀ ਫੌਜ਼ ਤਿਆਰ ਹੋ ਗਈ ਹੈ।

ਹਰੇ ਇਨਕਲਾਬ ਦੇ ਫ਼ਲਸਰੂਪ ਖੇਤੀ ਲਈ ਜੋ ਇਨਪੁਟਸ ਵਰਤੀਆਂ ਜਾਣ ਲੱਗੀਆਂ ਉਨ੍ਹਾਂ ਨੇ ਖੇਤੀ ਨਾਲ ਜੁੜੇ ਹੋਏ ਹੋਰ ਰਵਾਇਤੀ ਦਸਤਕਾਰਾਂ ਦਾ ਰੁਜ਼ਗਾਰ ਖ਼ਤਮ ਕਰ ਦਿੱਤਾ, ਸਿੱਟੇ ਵਜੋਂ ਉਨ੍ਹਾਂ ਦੀ ਵੱਡੀ ਗਿਣਤੀ ਖੇਤ ਮਜ਼ਦੂਰਾਂ ਵਿਚ ਤਬਦੀਲ ਹੋ ਗਈ, ਸੀਮਾਂਤ ਕਿਸਾਨੀ ਵਿਚੋਂ ਵੀ ਬਹੁਤੇ ਖੇਤ ਮਜ਼ਦੂਰ ਬਣਨ ਲਈ ਮਜ਼ਬੂਰ ਹੋ ਗਏ ਤੇ ਇਸ ਦੇ ਨਾਲ ਹੀ ਕਣਕ-ਝੋਨੇ ਦੇ ਫ਼ਸਲੀ ਚੱਕਰ ਨੇ ਪਰਵਾਸੀ ਮਜ਼ਦੂਰਾਂ ਦਾ ਵਹਿਣ ਵੀ ਪੰਜਾਬ ਦੇ ਖੇਤੀ ਸੈਕਟਰ ਵੱਲ ਮੋੜ ਦਿੱਤਾ, ਜਿਸਦਾ ਨਤੀਜਾ ਡਾ. ਘੁੰਮਣ ਦੇ ਸ਼ਬਦਾਂ 'ਚ ਇਹ ਨਿੱਕਲਿਆ ਕਿ ਕਾਸ਼ਤਯੋਗ ਰਕਬੇ ਤੇ ਜਨਸੰਖਿਆ ਦਾ ਭਾਰ ਵੱਧ ਗਿਆ ਹੈ। ਕਿਸਾਨੀ ਦੀਆਂ ਹੇਠਲੀਆਂ ਪਰਤਾਂ ਤੇ ਹਰੇ ਇਨਕਲਾਬ ਜਾਂ ਪੰਜਾਬ ਦੇ ਖੇਤੀ ਵਿਕਾਸ ਦਾ ਕੀ ਪ੍ਰਭਾਵ ਪਿਆ ਇਸਦਾ ਅਨੁਮਾਨ ਡਾ. ਘੁੰਮਣ (ਤੇ ਸਹਿ ਲੇਖਕ) ਦੇ ਇਸ ਕਥਨ ਤੋਂ ਲਗਾਇਆ ਜਾ ਸਕਦਾ ਹੈ, '... ਆਉਣ ਵਾਲੇ ਸਮੇਂ ਵਿਚ ਸੀਮਾਂਤ ਅਤੇ ਛੋਟੀਆਂ ਜੋਤਾਂ ਦੇ ਮਾਲਕਾਂ ਹੇਠੋਂ ਨਾ ਕੇਵਲ ਮਾਲਕੀ ਹੀ ਖਿਸਕੇਗੀ, ਸਗੋਂ ਠੇਕੇ ਤੇ ਜ਼ਮੀਨ ਲੈਣ ਦੀ ਸਮਰੱਥਾ ਵੀ ਘਟੇਗੀ। ਇਹਨਾਂ ਹੀ ਦੋ ਵਰਗਾਂ ਦੀਆਂ ਜੋਤਾਂ ਦੇ ਕਿਸਾਨਾਂ ਦੀ ਆਰਥਿਕ ਹਾਲਤ ਹੋਰ ਵੀ ਨਿੱਘਰ ਜਾਣ ਦੇ ਸੰਕੇਤ ਮਿਲ ਰਹੇ ਹਨ। ਖੇਤੀ ਦੀ ਵੱਧ ਰਹੀ ਲਾਗਤ, ਵੱਧ ਰਹੇ ਪਰਿਵਾਰਕ ਖ਼ਰਚੇ ਅਤੇ ਪ੍ਰਦਰਸ਼ਨੀ ਪ੍ਰਭਾਵ ਅਤੇ ਵੱਧ ਰਹੇ ਕਰਜ਼ੇ ਤੇ ਪੇਂਡੂ ਪੜ੍ਹੀ ਲਿਖੀ ਬੇਰੁਜ਼ਗਾਰ ਕਿਸਾਨੀ ਵਿਚ ਆਤਮਘਾਤ ਦਾ ਵੱਧ ਰਿਹਾ ਰੁਝਾਨ ਅਜਿਹੇ ਹੀ ਸੰਕੇਤ ਹਨ।



*ਪੰਜਾਬ ਦਾ ਪ੍ਰਮੁੱਖ ਖੇਤੀ ਉਤਪਾਦਨ ਅਨਾਜ ਅਰਥਾਤ ਕਣਕ ਤੇ ਝੋਨੇ ਦਾ ਉਤਪਾਦਨ ਹੀ, ਇਨ੍ਹਾਂ ਫ਼ਸਲਾਂ ਦੇ ਅਧੀਨ ਪੰਜਾਬ ਦੇ ਕੁੱਲ ਕਾਸ਼ਤਯੋਗ ਰਕਬੇ ਦਾ ਤਿੰਨ ਚੌਥਾਈ ਹਿੱਸਾ ਹੈ, ਇਸੇ ਤਰ੍ਹਾਂ ਕੁੱਲ ਖੇਤੀ ਉਤਪਾਦਨ ਵਿਚ ਇਨ੍ਹਾਂ ਫ਼ਸਲਾਂ ਦਾ ਹਿੱਸਾ 99ਫੀਸਦੀ ਦੇ ਆਸਪਾਸ ਹੈ। ਇਨ੍ਹਾਂ ਫ਼ਸਲਾਂ ਦਾ ਗੇੜ ਅਨੇਕਾਂ ਸਮੱਸਿਆਵਾਂ ਪੈਦਾ ਕਰ ਚੁੱਕਾ ਹੈ। ਇਸ ਫ਼ਸਲੀ ਚੱਕਰ ਨੂੰ ਆਪਣੇ ਆਪ ਵਿਚ ਇਕ ਵੱਡੀ ਸਮੱਸਿਆ ਵਜੋਂ ਲਿਆ ਜਾ ਰਿਹਾ ਹੈ।*

ਖੇਤੀ ਵਿਕਾਸ ਜਾਂ ਹਰੇ ਇਨਕਲਾਬ ਦੇ ਅਮਲ ਦੌਰਾਨ ਪੰਜਾਬ ਦੀ ਖੇਤੀ ਸੈਕਟਰ ਦਾ ਜਮਾਤੀ ਕਿਰਦਾਰ ਵੀ ਪੂਰੀ ਤਰ੍ਹਾਂ ਤਬਦੀਲ ਹੋ ਗਿਆ ਹੈ, 'ਹੁਣ ਤਕ ਪੰਜਾਬ ਦੀ ਖੇਤੀ ਲੱਗਭਗ ਪੂਰਨ ਤੌਰ ਤੇ ਪੂੰਜੀਵਾਦੀ ਲੀਹਾਂ ਉੱਪਰ ਹੋ ਹੀ ਹੈ।' ਨਾਲ ਹੀ ਲੋੜ ਤੋਂ ਜ਼ਿਆਦਾ ਮਸ਼ੀਨੀਕਰਨ ਹੋ ਚੁੱਕਾ ਹੈ ਤੇ ਰਸਾਇਣਕ ਖਾਦਾਂ ਦੀ ਵਰਤੋਂ ਵੀ ਬੇਤਹਾਸ਼ਾ ਵੱਧ ਚੁੱਕੀ ਹੈ। ਸਿੱਟੇ ਵਜੋਂ ਪੰਜਾਬ ਦੀ ਖੇਤੀ ਦਿਨ-ਬ-ਦਿਨ ਬਹੁਤ ਜ਼ਿਆਦਾ ਪੂੰਜੀ ਘਣੀ ਹੋ ਰਹੀ ਹੈ। ਇਨਪੁਟਸ ਦੇ ਖਰਚੇ ਵਿਚ ਹੋਇਆ ਵਾਧਾ ਤਾਂ ਅਰਥ-ਵਿਗਿਆਨੀਆਂ ਲਈ ਅਸਚਰਜ ਜਨਕ ਹੈ ਖਾਦਾਂ, ਪੰਪਿੰਗ ਸੈਟਾਂ ਤੋਂ ਮਸ਼ੀਨਰੀ ਦੇ ਸਾਲਾਨਾ ਵਾਧੇ ਦੀ ਦਰ ਝਾੜ ਦੇ ਮੁਕਾਬਲੇ 4.22 ਤੋਂ ਲੈ ਕੇ 5.87 ਗੁਣਾ ਜ਼ਿਆਦਾ ਹੈ। 'ਸਾਲ 1987 ਅਤੇ 1992-95 ਵਿਚ ਪ੍ਰਤੀ ਹਜ਼ਾਰ ਹੈਕਟੇਅਰ ਪਿੱਛੇ ਟਰੈਕਟਰਾਂ ਦੀ ਵਰਤੋਂ ਤਾਂ ਰੌਂਗਟੇ ਖੜੇ ਕਰ ਦੇਣ ਵਾਲੀ ਹੈ। ਇਸ ਤਰ੍ਹਾਂ ਸਾਲ 1992-95 ਦੌਰਾਨ ਪ੍ਰਤੀ ਹੈਕਟੇਅਰ ਪਿੱਛੇ ਖਾਦਾਂ ਦੀ ਵਰਤੋਂ ਵੀ ਦਿਲ ਕੰਬਾਊ ਹੈ। ਸਪੱਸ਼ਟ ਹੈ ਕਿ ਫ਼ਸਲਾਂ ਦੇ ਝਾੜ ਵਿਚ ਹੋਏ ਵਾਧੇ ਦੀ ਦਰ ਨਾਲੋਂ ਇਨਪੁਟਸ ਉਪਰ ਹੋਏ ਖਰਚੇ ਦੀ ਵਾਧੇ ਦੀ ਦਰ ਬਹੁਤ ਜ਼ਿਆਦਾ ਰਹੀ ਹੈ।

ਹਰੇ ਇਨਕਲਾਬ ਨੇ ਪੰਜਾਬ ਦੀ ਰਵਾਇਤੀ ਫ਼ਸਲੀ ਵਿਭਿੰਨਤਾ ਨੂੰ ਵੀ ਨਸ਼ਟ ਕਰਕੇ ਰੱਖ ਦਿੱਤਾ ਹੈ। ਦਾਲਾਂ ਤੇ ਮੱਕੀ ਆਦਿ ਫ਼ਸਲਾਂ ਹੇਠ ਰਕਬਾ ਨਾਮਾਤਰ ਹੀ ਰਹਿ ਗਿਆ ਹੈ। ਡਾ. ਘੁੰਮਣ ਅਨੁਸਾਰ, ''ਅਜਿਹਾ ਕਣਕ ਤੇ ਝੋਨੇ ਦੇ ਜ਼ਿਆਦਾ ਝਾੜ ਦੇਣ ਵਾਲੇ ਬੀਜਾਂ ਦੀ ਉਪਲਬਧੀ ਅਤੇ ਸਰਕਾਰ ਵੱਲੋਂ ਮਿਥੀਆਂ ਸਪੋਰਟ ਕੀਮਤਾਂ ਕਾਰਨ ਹੋਇਆ ਹੈ।'' ਹਰੇ ਇਨਕਲਾਬ ਦੇ ਸਿੱਟਿਆਂ ਤੇ ਸੰਭਾਵਨਾਵਾਂ ਦੀ ਚਰਚਾ ਕਰਦਿਆਂ ਡਾ. ਘੁੰਮਣ ਨੇ ਲਿਖਿਆ ਹੈ, '' 1966-67 ਤੋਂ ਲੈ ਕੇ 1975-76 ਤਕ ਹਰੇ ਇਨਕਲਾਬ ਕਾਰਨ ਪੰਜਾਬ ਵਿਚ ਖੇਤੀ ਉਤਪਾਦਨ ਚਮਤਕਾਰੀ ਦਰ ਨਾਲ ਵਧਿਆ। ਖੇਤੀ ਉਤਪਾਦਨ ਵਿਚ ਵਾਧੇ ਦੇ ਦੋ ਮੁੱਖ ਕਾਰਨ ਸਨ, ਫ਼ਸਲਾਂ ਹੇਠ ਰਕਬੇ ਦਾ ਵੱਧਣਾ ਅਤੇ ਫ਼ਸਲਾਂ (ਖਾਸ ਕਰਕੇ ਕਣਕ ਅਤੇ ਝੋਨਾ) ਦੇ ਝਾੜ ਦਾ ਵੱਧਣਾ। ਹਰੇ ਇਨਕਲਾਬ ਲਈ 50ਵਿਆਂ ਦੌਰਾਨ ਪਾਸ ਕੀਤੇ ਭੂਮੀ ਸੁਧਾਰ ਐਕਟ, ਜ਼ਿਨ੍ਹਾਂ ਵਿਚ ਮੁਜਾਰਿਆਂ ਸੰਬੰਧੀ ਕਾਨੂੰਨ ਬਨਾਉਣ ਅਤੇ ਜ਼ਮੀਨ ਦੀ ਚੱਕਬੰਦੀ ਖਾਸ ਕਰਕੇ ਸ਼ਾਮਿਲ ਹਨ- ਨੇ ਹਾਲਾਤ ਸਾਜ਼ਗਰ ਬਣਾ ਦਿੱਤੇ ਸਨ। ਪੰਜਾਬ ਸਰਕਾਰ ਦੁਆਰਾ ਖੇਤੀ ਖੇਤਰ ਨੂੰ ਖੁਲ੍ਹਦਿਲੀ ਨਾਲ ਦਿੱਤੇ ਕਰਜ਼ੇ ਨੇ ਵੀ ਇਸ ਵਿਚ ਮਦਦ ਕੀਤੀ'

ਹਰੇ ਇਨਕਲਾਬ ਕਾਰਨ ਪੰਜਾਬ ਦੇ ਜ਼ਰਈ ਰਿਸ਼ਤਿਆਂ ਵਿਚ ਭਾਰੀ ਉਥੱਲ-ਪੁੱਥਲ ਹੋਈ। ਹਰੇ ਇਨਕਲਾਬ ਦੇ ਸਿੱਟੇ ਵਜੋਂ ਪੰਜਾਬ ਦੀ ਸਮੁੱਚੀ ਆਰਥਿਕਤਾ ਦਾ ਵਿਕਾਸ ਹੋਇਆ। 'ਪੰਜਾਬ ਦੇ ਨਿਰੋਲ ਰਾਜ, ਘਰਲੂੇ ਉਤਪਾਦਨ ਵਿਚ ਪ੍ਰਾਇਮਰੀ ਅਤੇ ਖੇਤੀ ਸੈਕਟਰ ਦਾ ਪ੍ਰਤੀਸ਼ਤ ਹਿੱਸਾ ਘੱਟ ਗਿਆ ਅਤੇ ਦੁਤੀਆ ਅਤੇ ਤਰਿਤੀਆ ਸੈਕਟਰ ਦੇ ਹਿੱਸੇ ਵਿਚ ਵਾਧਾ ਹੋਇਆ, ਪਰ ਖੇਤੀ ਸੈਕਟਰ ਦੀ ਨਿਰੋਲ ਘਰੇਲੂ ਆਮਦਨ ਵਿਚ ਦੇਣ ਘੱਟਣ ਨਾਲ ਖੇਤੀ ਖੇਤਰ ਵਿਚ ਲੱਗੇ ਕਾਮਿਆਂ ਦੀ ਗਿਣਤੀ ਨਹੀਂ ਘਟੀ। ਇਹ ਸਥਿਤੀ ਆਰਥਿਕ ਸਿਧਾਂਤ ਨਾਲ ਮੇਲ ਨਹੀਂ ਖਾਂਦੀ।' ਹਰੇ ਇਨਕਲਾਬ ਦੇ ਸਿੱਟਿਆਂ ਵਿਚ ਡਾ. ਘੁੰਮਣ ਤੇ ਸਹਿ ਲੇਖਕ ਨੇ ਇਹ ਵੀ ਨੋਟ ਕੀਤਾ ਹੈ ਕਿ, ''ਪੰਜਾਬ ਦੀ ਖੇਤੀ ਘੱਟ ਰਹੇ ਸੀਮਾਂਤ ਫਲ ਦੇ ਨਿਯਮ ਦਾ ਸ਼ਿਕਾਰ ਹੋ ਰਹੀ ਹੈ।''

ਡਾ. ਰਣਜੀਤ ਸਿੰਘ ਘੁੰਮਣ ਅਤੇ ਉਸਦੇ ਸਹਿ ਲੇਖਕ ਨੇ ਆਪਣੇ ਖੋਜ-ਪੱਤਰ ''ਅਜ਼ਾਦੀ ਤੋਂ ਬਾਅਦ ਪੰਜਾਬ ਵਿਚ ਖੇਤੀ ਦਾ ਵਿਕਾਸ'' ਦੀ ਸਮੁੱਚੀ ਬਹਿਸ ਸਮੇਟਦਿਆਂ ਇਹ ਧਾਰਨਾ ਪੇਸ਼ ਕੀਤੀ ਹੈ, ''ਪੰਜਾਬ ਦੀ ਖੇਤੀ ਮੁੱਖ ਤੌਰ 'ਤੇ ਕਣਕ ਅਤੇ ਝੋਨੇ ਦੀ ਖੇਤੀ ਹੈ। ਕਣਕ ਅਤੇ ਝੋਨੇ ਦੇ ਉਤਪਾਦਨ ਵਿਚ ਲੱਗਭਗ ਖੜੋਤ ਆ ਗਈ ਹੈ। ਪੰਜਾਬ ਦਾ ਭਾਰਤ ਦੀ ਖੇਤੀ ਵਿਚ ਮਹੱਤਵ ਘੱਟਣਾ ਸ਼ੁਰੂ ਹੋ ਗਿਆ ਹੈ। ਪੰਜਾਬ ਦੇ ਕਣਕ ਅਤੇ ਝੋਨਾ, ਸੰਸਾਰ ਮੰਡੀ ਵਿਚ ਅੰਤਰ ਰਾਸ਼ਟਰੀ ਅਰਥਵਿਗਿਆਨ ਦੇ ਮੁਕਾਬਲਤਨ ਲਾਗਤ ਸਿਧਾਂਤ ਦੇ ਲਾਭ 'ਤੇ ਵੀ ਖਰੇ ਨਹੀਂ ਉਤਰਦੇ।... ਪੰਜਾਬ ਨੂੰ ਕਣਕ ਅਤੇ ਝੋਨੇ ਦੇ ਫ਼ਸਲੀ ਚੱਕਰ ਤੋਂ ਵੀ ਬਚਾਉਣ ਦੀ ਲੋੜ ਹੈ। ਜੇਕਰ ਨੇੜਲੇ ਭਵਿੱਖ ਵਿਚ ਅਜਿਹੇ ਕਦਮ ਨਾ ਉਠਾਏ ਗਏ ਤਾਂ ਪੰਜਾਬ ਦੀ ਕਿਸਾਨੀ ਅਤੇ ਆਰਥਿਕਤਾ ਦਾ ਮੌਜੂਦ ਪੱਧਰ ਉਤੇ ਟਿਕੇ ਰਹਿਣਾ ਅਸੰਭਵ ਹੋ ਜਾਵੇਗਾ। ਨਾਲ ਹੀ ਪੰਜਾਬ ਦੇ ਉਦਯੋਗਿਕ ਵਿਕਾਸ ਵੱਲ ਵੀ ਧਿਆਨ ਦੇਣ ਦੀ ਲੋੜ ਹੈ, ਕਿਉਂਕਿ ਖੇਤੀ ਸੈਕਟਰ ਵਿਚ ਵੀ ਵਿਕਾਸ ਦੀ ਉਪਰਲੀ ਹੱਦ ਹੁੰਦੀ ਹੈ, ਜੋ ਮੌਜ਼ੂਦਾ ਸਥਿਤੀ ਵਿਚ ਪਹੁੰਚ ਗਈ ਜਾਪਦੀ ਹੈ। ਵੈਸੇ ਵੀ ਖੇਤੀ ਖੇਤਰ ਦਾ ਵਿਕਾਸ ਕਿਸੇ ਆਰਥਿਕਤਾ ਦੇ ਵਿਕਾਸ ਨੂੰ ਦੂਰ ਤੱਕ ਨਹੀਂ ਲਿਜਾ ਸਕਦਾ।

ਪੰਜਾਬ ਦੀ ਖੇਤੀ ਆਰਥਿਕਤਾ ਦਾ ਅਧਿਐਨ ਕਰਦਿਆਂ ਡਾ. ਰਣਜੀਤ ਸਿੰਘ ਘੁੰਮਣ ਨੇ ਇਸ ਦੇ ਅੰਤਰ ਰਾਸ਼ਟਰੀ ਸਬੰਧਾਂ ਦੀ ਬੜੀ ਬਾਰੀਕੀ ਨਾਲ ਛਾਣ ਬੀਣ ਕੀਤੀ ਹੈ। ਪੰਜਾਬ ਦਾ ਹਰਾ ਇਨਕਲਾਬ ਤਾਂ ਇਕ ਤਰ੍ਹਾਂ ਨਲਾ ਵਿਉਂਤਿਆ ਹੀ ਅੰਤਰ ਰਾਸ਼ਟਰੀ ਪੱਧਰ ਨੂੰ ਗਿਆ ਸੀ। ਚੀਨ ਦੇ ਸਮਾਜਵਾਦੀ ਇਨਕਲਾਬ ਨੇ ਸੰਸਾਰ ਪੂੰਜੀਵਾਦ ਨੂੰ ਚਿੰਤਾ ਵਿਚ ਡੁੱਬੋ ਦਿੱਤਾ ਸੀ। ਪੂੰਜੀਵਾਦੀ ਕੈਂਪ ਆਪਣੀ ਇਸ ਚਿੰਤਾ ਤੋਂ ਇਸ ਚਿੰਤਨ ਤੇ ਅੱਪੜਿਆ ਕਿ ਜੇਕਰ ਵਿਸ਼ਵ ਦੇ ਗਰੀਬ ਦੇਸ਼ਾਂ ਵਿਚੋਂ ਭੁੱਖ ਦੀ




ਸਮੱਸਿਆ ਹੱਲ ਕਰ ਦਿੱਤੀ ਜਾਵੇ ਤਾਂ ਸਮਾਜਵਾਦ ਦੀ ਜੇਤੂ ਮੁਹਿੰਮ ਨੂੰ ਠੱਲ੍ਹਿਆ ਜਾ ਸਕਦਾ ਹੈ। ਸੰਸਾਰ ਪੂੰਜੀਵਾਦ ਦੀ ਇਸੇ ਯੋਜਨਾ ਅਧੀਨ ਭਾਰਤ ਵਿਚ ਹਰੇ ਇਨਕਲਾਬ ਦੀ ਸ਼ੁਰੂਆਤ ਹੋਈ ਤੇ ਅਨਾਜ ਉਤਪਾਦਨ ਵਿਚ ਭਾਰੀ ਵਾਧਾ ਇਸਦਾ ਮੁੱਖ ਮਨੋਰਥ ਮਿਥਿਆ ਗਿਆ। ਕੇਵਲ ਅਨਾਜ ਉਤਪਾਦਨ ਵਿਚ ਵਾਧੇ ਦੇ ਉਦੇਸ਼ ਨੇ ਸ਼ੁਰੂ ਵਿਚ ਹੀ ਖੇਤੀ ਵਿਕਾਸ ਵਿਚ ਅਸਾਵਾਂਪਣ ਪੈਦਾ ਕਰ ਦਿੱਤਾ ਤੇ ਖੇਤੀ ਖੇਤਰ ਦੀ ਪੂਰਣ ਹਰੀ ਕ੍ਰਾਂਤੀ ਨੇ ਫ਼ਸਲੀ ਵਿਭਿੰਨਤਾ ਨੂੰ ਨਸ਼ਟ ਕਰ ਦਿੱਤਾ। ਭਾਰਤ ਵਿਚ ਹਰੇ ਇਨਕਲਾਬ ਦਾ ਗੁਣਾ ਪੰਜਾਬ ‘ਤੇ ਪਿਆ। ਜੇਕਰ ਹਰੇ ਇਨਕਲਾਬ ਦਾ ਲਾਹਾ (ਪ੍ਰਤੀ ਜੀਅ ਆਮਦਨ ਵੱਧਣ ਦੇ ਲਿਹਾਜ਼ ਨਾਲ) ਪੰਜਾਬ ਨੂੰ ਵਧੇਰੇ ਮਿਲਿਆ ਤਾਂ ਕੁਦਰਤੀ ਸਰੋਤਾਂ ਦੀ ਤਬਾਹੀ, ਸਮਾਜਿਕ ਤੇ ਸਭਿਆਚਾਰਕ ਵਿਗਾੜਾਂ ਦੇ ਰੂਪ ਵਿਚ ਹਰੇ ਇਨਕਲਾਬ ਦਾ ਖਮਿਆਜ਼ਾ ਵੀ ਸੱਭ ਤੋਂ ਵੱਧ ਪੰਜਾਬ ਨੂੰ ਹੀ ਭੁਗਤਣਾ ਪਿਆ। ਆਪਣੇ ਖੋਜ ਪੱਤਰ ’’ਸੰਸਾਰ ਵਪਾਰ ਸੰਸਥਾ, ਪੰਜਾਬ ਦਾ ਖੇਤੀ ਅਰਥਚਾਰਾ ਅਤੇ ਕਿਸਾਨੀ ਚੁਣੋਤੀਆਂ ਅਤੇ ਸੰਭਾਵਨਾਵਾਂ ਵਿਚ ਡਾ. ਘੁੰਮਣ ਨੇ ਪੰਜਾਬ ਦੇ ਖੇਤੀ ਆਰਥਚਾਰੇ ਦੇ ਭੂਮੰਡਲੀ ਸਰੋਕਾਰਾਂ ਦੀ ਭਰਪੂਰ ਚਰਚਾ ਕੀਤੀ ਹੈ।

ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬ ਦਾ ਪ੍ਰਮੁੱਖ ਖੇਤੀ ਉਤਪਾਦਨ ਅਨਾਜ ਅਰਥਾਤ ਕਣਕ ਤੇ ਝੋਨੇ ਦਾ ਉਤਪਾਦਨ ਹੀ, ਇਨ੍ਹਾਂ ਫ਼ਸਲਾਂ ਦੇ ਅਧੀਨ ਪੰਜਾਬ ਦੇ ਕੁੱਲ ਕਾਸ਼ਤਯੋਗ ਰਕਬੇ ਦਾ ਤਿੰਨ ਚੌਥਾਈ ਹਿੱਸਾ ਹੈ, ਇਸੇ ਤਰ੍ਹਾਂ ਕੁੱਲ ਖੇਤੀ ਉਤਪਾਦਨ ਵਿਚ ਇਨ੍ਹਾਂ ਫ਼ਸਲਾਂ ਦਾ ਹਿੱਸਾ 99ਫੀਸਦੀ ਦੇ ਆਸਪਾਸ ਹੈ। ਇਨ੍ਹਾਂ ਫ਼ਸਲਾਂ ਦਾ ਗੇੜ ਅਨੇਕਾਂ ਸਮੱਸਿਆਵਾਂ ਪੈਦਾ ਕਰ ਚੁੱਕਾ ਹੈ। ਇਸ ਫ਼ਸਲੀ ਚੱਕਰ ਨੂੰ ਆਪਣੇ ਆਪ ਵਿਚ ਇਕ ਵੱਡੀ ਸਮੱਸਿਆ ਵਜੋਂ ਲਿਆ ਜਾ ਰਿਹਾ ਹੈ। ਡਾ. ਰਣਜੀਤ ਸਿੰਘ ਘੁੰਮਣ ਅਨੁਸਾਰ, ‘‘ ਪੰਜਾਬ ਦੀ ਖੇਤੀ ਅਤੇ ਕਿਸਾਨੀ ਦੀ ਇਹ ਸਮੱਸਿਆ, ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੇ ਦੌਰ ਵਿਚ ਵੱਡੇ ਸੰਤਾਪ ਦਾ ਰੂਪ ਧਾਰਨ ਕਰਨ ਜਾ ਰਹੀ ਹੈ।’’ ਪੰਜਾਬ ਦੇ ਕਣਕ-ਝੋਨੇ ਲਈ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਦੋਵਾਂ ਮੰਡੀਆਂ ਦੀ ਚਰਚਾ ਕਰਦਿਆਂ ਡਾ. ਘੁੰਮਣ ਦਾ ਨਿਸ਼ਕਰਸ਼ ਹੈ ਕਿ ਪੰਜਾਬ ਦੇ ਕਣਕ-ਝੋਨੇ ਦੇ ਸਮੁੱਚੇ ਉਤਪਾਦਨ ਵਿਚ ਮਹੱਤਤਾ ਘੱਟਦੀ ਜਾ ਰਹੀ ਹੈ। ਅਨਾਜ ਦੇ (ਪੰਜਾਬ) ਮੰਡੀਕਰਨ ਦੀ ਇਕ ਹੋਰ ਵਿਸ਼ੇਸਤਾ ਦਾ ਉਲੇਖ ਕਰਦਿਆਂ ਡਾ. ਘੁੰਮਣ ਨੇ ਲਿਖਿਆ ਹੈ ਕਿ ਭਾਰਤ ਵਿਚ ਪੰਜਾਬ ਦੀ ਕਣਕ-ਝੋਨੇ ਦੇ ਘਟ ਰਹੇ ਮਹੱਤਵ ਤੋਂ ‘‘ਇਹ ਭਾਵ ਨਹੀਂ ਲੈਣਾ ਚਾਹੀਦਾ ਕਿ ਭਾਰਤ ਵਿਚ ਹੁਣ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ (ਲੱਗਭਗ 35 ਤੋਂ 40 ਪ੍ਰਤੀਸ਼ਤ) ਲੋਕਾਂ ਨੂੰ ਪੇਟ ਭਰਕੇ ਦੋ ਵਕਤ ਖਾਣ ਨੂੰ ਮਿਲਣ ਲੱਗ ਪਿਆ ਹੈ, ਇਸ ਕਰਕੇ ਪੰਜਾਬ ਦੇ ਅਨਾਜ ਦੀ ਦੂਜੇ ਸੂਬਿਆਂ ਵਿਚ ਲੋੜ ਘੱਟ ਰਹੀ ਹੈ। ਦਰ ਅਸਲ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਕੋਲ ਖ਼ਰੀਦ ਸ਼ਕਤੀ ਹੀ ਨਹੀਂ ਹੈ। ਨਿੱਜੀਕਰਨ, ਉਦਾਰੀਕਰਨ ਅਤੇ ਵਿਸ਼ਵੀਕਰਨ ਅਜਿਹੇ ਲੋਕਾਂ ਦੀ ਕੋਈ ਪ੍ਰਵਾਹ ਨਹੀਂ ਕਰਦਾ। ਜੇ ਭੁੱਖੇ ਮਰਦੇ ਹਨ ਤਾਂ ਮਰਨ, ਹਾਂ ਇਹ ਜ਼ਰੂਰ ਹੈ ਕਿ ਦੂਜੇ ਸੂਬਿਆਂ ਵਿਚ ਵੀ ਅਨਾਜ ਦਾ ਉਤਪਾਦਨ ਵੱਧ ਰਿਹਾ ਹੈ, ਜਿਸ ਕਰਕੇ ਪੰਜਾਬ ਦੇ ਅਨਾਜ ਦੀ ਪਹਿਲਾਂ ਜਿੰਨੀ ਲੋੜ ਨਹੀਂ ਰਹੀ।’’ ਇਸ ਸਥਿਤੀ ਤੋਂ ਡਾ. ਘੁੰਮਣ ਅਨੁਸਾਰ ਪੰਜਾਬ ਸਾਹਮਣੇ ਦੋ ਗੰਭੀਰ ਮਸਲੇ ਆ ਖੜੇ ਹੁੰਦੇ ਹਨ। ‘‘ਇਕ ਆਪਣੇ ਕਣਕ ਅਤੇ ਝੋਨੇ ਦੇ ਵਾਧੂ ਉਤਪਾਦਨ ਲਈ ਭਾਰਤ ਤੋਂ ਬਾਹਰ ਮੰਡੀ ਲੱਭਣਾ ਹੈ। ਕਣਕ ਤੇ ਝੋਨੇ ਦੇ ਫ਼ਸਲੀ ਚੱਕਰ ਹੇਠੋਂ ਰਕਬਾ ਘਟਾਉਣਾ ਅਤੇ ਦੂਜੀਆ ਫ਼ਸਲਾਂ ਹੇਠ ਵਧਾਉਣਾ’’ ਡਾ. ਘੁੰਮਣ ਦੀ ਇਹ ਵੀ ਧਾਰਨਾ ਹੈ ਕਿ ਇਨ੍ਹਾਂ ਦੋਵਾਂ ਸਵਾਲਾਂ ਦਾ ਜਵਾਬ ਨਿੱਜੀਕਰਨ, ਉਦਾਰੀਕਰਨ ਤੇ ਵਿਸ਼ਵੀਕਰਨ ਵਿਚ ਤਾਂ ਬਿਲਕੁਲ ਨਹੀਂ ਹੈ। ਨਵੀਆਂ ਅੰਤਰ ਰਾਸ਼ਟਰੀ ਵਿਉਪਾਰ ਪ੍ਰਸਥਿਤੀਆਂ ਅਧੀਨ ਪੰਜਾਬ ਦੀ ਖੇਤੀ ਹੁਣ ਭਾਰਤ ਦੀ ਖੇਤੀ ਮੰਡੀ ਤਕ ਹੀ ਸੀਮਤ ਨਹੀਂ ਰਹੀ। ਪੰਜਾਬ ਦੇ ਅਨਾਜ ਉਤਪਾਦਨ ਲਈ ਗੈਟ ਸਮਝੋਤੇ ਨੇ ਵਿਸ਼ਵ ਪੱਧਰ ਤੇ ਮੁਕਾਬਲਾ ਬਹੁਤ ਕਰੜਾ ਬਣਾ ਦਿੱਤਾ ਹੈ।

ਖੇਤੀ ਜਿਣਸਾਂ ਦੀ ਅੰਤਰ ਰਾਸ਼ਟਰੀ ਮੰਡੀ ਵਿਚ ਪੰਜਾਬ ਦੀ ਪਹੁੰਚ ਸਬੰਧੀ ਜੋ ਸਥਿਤੀ ਸਾਹਮਣੇ ਹੈ ਉਸਦੀ ਚਰਚਾ ਕਰਦਿਆਂ ਡਾ. ਰਣਜੀਤ ਸਿੰਘ ਘੁੰਮਣ ਨੇ ਜੋ ਵੇਰਵੇ ਦਿੱਤੇ ਹਨ, ਉਨ੍ਹਾਂ ਤੋਂ ਵੀ ਇਹੀ ਅਨੁਮਾਨ ਬਣਦਾ ਹੈ ਕਿ ਪੰਜਾਬ ਲਈ ਅੰਤਰ ਰਾਸ਼ਟਰੀ ਮੁਕਾਬਲੇ ਦੀ ਮੰਡੀ ਵਿਚ ਹਾਲਾਤ ਸਾਜ਼ਗਰ ਨਹੀਂ ਹਨ। ਡਾ. ਘੁੰਮਣ ਅਨੁਸਾਰ, ‘‘ ਖੇਤੀ ਉਪਜ ਦੀਆਂ ਸੰਸਾਰ ਕੀਮਤਾਂ (ਖਾਸ ਕਰਕੇ ਕਣਕ, ਚਾਵਲ ਅਤੇ ਕਪਾਹ, ਇਹੀ ਪੰਜਾਬ ਦੀਆਂ ਤਿੰਨ ਮੁੱਖ ਫ਼ਸਲਾਂ ਹਨ) ਦੇ ਝੁਕਾਓ ਤੋਂ ਪਤਾ ਲੱਗਦਾ ਹੈ ਕਿ 1980 ਤੋਂ ਬਾਅਦ ਇਹ ਲਗਾਤਾਰ ਘੱਟ ਰਹੀਆਂ ਹਨ। ਸੰਨ 1980 ਵਿਚ ਕਣਕ, ਚਾਵਲ, ਕਪਾਹ ਅਤੇ ਖੰਡ ਦੀਆਂ ਸੰਸਾਰ ਮੰਡੀ ਵਿਚ ਕੀਮਤਾਂ ਕ੍ਰਮਵਾਰ 240, 570, 2843 ਅਤੇ 877 ਅਮਰੀਕਨ ਡਾਲਰ ਪ੍ਰਤੀ ਟਨ ਸਨ। ਇਸਦੇ ਮੁਕਾਬਲੇ 1998 ਵਿਚ ਇਨ੍ਹਾਂ ਹੀ ਵਸਤਾਂ ਦੀਆਂ ਕੀਮਤਾਂ ਕ੍ਰਮਵਾਰ 121, 292, 1389 ਅਤੇ 189 ਡਾਲਰ ਪ੍ਰਤੀ ਟਨ ਸਨ। ਇਸੇ ਸਮੇਂ ਦੌਰਾਨ ਭਾਰਤ ਵਿਚ ਇਨ੍ਹਾਂ ਵਸਤਾਂ ਦੀਆਂ ਕੀਮਤਾਂ ਵਧੀਆਂ ਹਨ। ਅਜਿਹੀ ਸਥਿਤੀ ਵਿਚ ਪੰਜਾਬ ਦੇ ਕਣਕ, ਝੋਨੇ, ਕਪਾਹ ਅਤੇ ਖੰਡ ਨੂੰ ਸੰਸਾਰ ਮੰਡੀ ਵਿਚ ਤਿੱਖੇ ਮੁਕਾਬਲੇ ਦਾ ਸਾਹਮਣਾ ਕਰਨਾ ਪਵੇਗਾ। ਦੂਜੇ ਸ਼ਬਦਾਂ ਵਿਚ ਵਿਦੇਸ਼ੀ, ਕਣਕ, ਚਾਵਲ, ਕਪਾਹ ਤੇ ਖੰਡ ਪੰਜਾਬ ਦੀ ਕਣਕ, ਚਾਵਲ, ਕਪਾਹ ਤੇ ਖੰਡ ਨਾਲੋਂ ਭਾਰਤ ਵਿਚ ਹੀ ਸਸਤੇ ਮਿਲਣਗੇ।... ਪੰਜਾਬ ਦੀ ਕਣਕ ਬੰਬਈ ਬੰਦਰਗਾਹ ਤਕ ਭੇਜਣ ਲਈ ਤਕਰੀਬਨ 50 ਪ੍ਰਤੀਸ਼ਤ ਖਰਚੇ (ਜਿਵੇਂ ਮੰਡੀ ਫ਼ੀਸ, ਲੱਦਣ-ਲਾਉਣ ਦੇ ਖਰਚੇ ਸਾਂਭ-ਸੰਭਾਲ ਦੇ ਖਰਚੇ ਅਤੇ ਢੋਆ-ਢੁਆਈ ਦੇ ਖਰਚੇ ਆਦਿ) ਹੋਰ ਜਮ੍ਹਾਂ ਕਰਨੇ ਪੈਣਗੇ। ਇਸ ਹਿਸਾਬ ਨਾਲ ਪੰਜਾਬ ਦੀ ਕਣਕ ਦੀ ਕੀਮਤ ਬੰਬਈ ਬੰਦਰਗਾਹ ਤੇ ਲਗਭਗ 8700 ਰੁਪਏ (ਸੰਨ 2000 ਵਿਚ) ਪ੍ਰਤੀ ਟਨ ਹੋਵੇਗੀ’ ਜਦ ਕਿ ਇਸੇ ਥਾਂ ਤੇ ਅਸਟ੍ਰੇਲੀਆਨ ਕਣਕ 4541 ਰੁਪਏ ਤੋਂ ਲੈ ਕੇ 4775 ਰੁਪਏ ਪ੍ਰਤੀ ਟਨ ਪਵੇਗੀ। ਇਹੋ ਸਥਿਤੀ ਡੇਅਰੀ ਵਸਤਾਂ ਦੇ ਵਿਸ਼ਵ ਮੰਡੀਕਰਨ ਦੀ ਵੀ ਹੈ।

ਵਿਸ਼ਵੀਕਰਨ ਦਾ ਇਕ ਹੋਰ ਵੱਡਾ ਖ਼ਤਰਾ ਖੇਤੀ ਲਈ ਨਵੇਂ ਬੀਜਾਂ ਨੂੰ ਲੈ ਕੇ ਹੈ, ਜਿਸਦੇ ਬੌਧਿਕ ਅਧਿਕਾਰ ਵਿਕਸਿਤ ਦੇਸ਼ਾਂ ਦੀਆਂ ਬਹੁਕੌਮੀ ਕੰਪਨੀਆਂ ਕੋਲ ਹਨ। ਗੈਟ ਸਮਝੌਤੇ ਦੀਆਂ ਧਾਰਵਾਂ ਇਸ ਅਧਿਕਾਰ ਸਬੰਧੀ ਬਹੁਤ ਸਖ਼ਤ ਹਨ। ਵੱਡੀਆਂ ਕੰਪਨੀਆਂ ਨਵੀਆਂ ਖੋਜਾਂ ਕਰਨ ਦੀ ਸਮਰੱਥਾ ਅਤੇ ਨਵੇਂ ਖੋਜਕਾਰਾਂ ਤੋਂ ਉਨ੍ਹਾਂ ਦੇ ਅਧਿਕਾਰ ਖਰੀਦਣ ਦੀ ਸਮਰੱਥਾ ਵੀ ਰੱਖਦੀਆਂ ਹਨ। ਉਤਪਾਦਨ ਵਿਧੀ ਦੇ ਨਾਲ-ਨਾਲ ਖੁਦ ਉਤਪਾਦਨ ਉੱਪਰ ਵੀ ਪੇਟੈਂਟ ਲਾਗੂ ਹੋ ਗਿਆ ਹੈ। ਨਾਲ ਹੀ ਪੇਟੈਂਟ ਦੀ ਮਿਆਦ ਵੀ 20 ਸਾਲ ਕਰ ਦਿੱਤੀ ਗਈ ਹੈ ਤੇ ਪੇਟੈਂਟ ਦੀ ਉਲੰਘਣਾ ਕਰਨ ਵਾਲੇ ਨੂੰ ਇਹ ਸਿੱਧ ਕਰਨਾ ਪਵੇਗਾ ਕਿ ਉਸਨੇ ਪੇਟੈਂਟ-ਧਾਰੀ ਦੇ ਹੱਕਾਂ ਦੀ ਉਲੰਘਣਾ ਨਹੀਂ ਕੀਤੀ। ਡਾ. ਰਣਜੀਤ ਸਿੰਘ ਘੁੰਮਣ ਨੇ ਇਸ ਸਥਿਤੀ ਦੇ ਮੱਦੇ-ਨਜ਼ਰ ਇਹ ਸੁਆਲ ਉਠਾਇਆ ਹੈ ਕਿ ‘‘ਕੀ ਪੰਜਾਬ ਦਾ ਕਿਸਾਨ ਇਹ ਸਾਰਾ ਕੁੱਝ ਕਰ ਸਕਣ ਲਈ ਤਿਆਰ ਹੈ? ਇਸ ਦਾ ਭਾਵ ਇਹ ਹੈ ਕਿ ਕਿਸਾਨ 20 ਸਾਲਾਂ ਤਕ ਜਾਂ ਤਾਂ ਕੋਈ ਭਰਵੀਂ ਖੋਜ ਅਤੇ ਨਵੇਂ ਬੀਜਾਂ ਆਦਿ ਦੀ ਵਰਤੋਂ ਨਾ ਕਰਨ ਜਾਂ ਫਿਰ ਰਾਇਲਟੀ ਦੇ ਰੂਪ ਵਿਚ ਪੇਟੈਂਟ ਧਾਰੀ ਨੂੰ ਫ਼ੀਸ ਦੇਣ। ਵਰਨਣਯੋਗ ਹੈ ਕਿ ਨਵੀਂ ਜੀਨ ਤਕਨਾਲੋਜੀ ਨਾਲ ਤਿਆਰ ਕੀਤੇ ਗਏ/ਜਾਂ ਭਵਿੱਖ ਵਿਚ ਤਿਆਰ ਕੀਤੇ ਜਾਣ ਵਾਲੇ ਜ਼ਿਅਦਾਤਰ ਉੱਨਤ ਬੀਜਾਂ ਦੇ ਪੇਟੈਂਟ ਬਹੁਕੌਮੀ ਕੰਪਨੀਆਂ ਕੋਲ ਹੋਣਗੇ। ਕਿਸਾਨਾਂ ਨੂੰ ਨਵੇਂ ਬੀਜਾਂ ਲਈ ਇਨ੍ਹਾਂ ਕੰਪਨੀਆਂ ਉਪਰ ਨਿਰਭਰ ਹੋਣਾ ਪਵੇਗਾ। ਬੌਧਿਕ ਜਾਇਦਾਦ ਦੇ ਅਧਿਕਾਰਾਂ ਰਾਹੀਂ ਪਸ਼ੂਆਂ ਦੀਆਂ ਦੋਗਲੀਆਂ ਨਸਲਾਂ ਸਬੰਧੀ ਪੇਟੈਂਟ ਦਾ ਅਧਿਕਾਰ ਵੀ ਗੈਟ ਦੇ ਘੇਰੇ ਵਿਚ ਆ ਗਿਆ ਹੈ। ਨੌਬਤ ਇਥੋਂ ਤਕ ਪੁੱਜ ਸਕਦੀ ਹੈ ਕਿ ਕਿਸਾਨ ਆਪਣੇ ਦੁਆਰਾ ਪੈਦਾ ਕੀਤੀ ਫ਼ਸਲ ਵਿਚੋਂ ਅਗਲੀ ਫ਼ਸਲ ਲਈ ਬੀਜ ਨਾ ਵਰਤ ਸਕਣ।... ਇਸਦੇ ਨਾਲ ਹੀ ਜੇਕਰ ਟਰਮੀਨੇਟਰ ਸੀਡ ਤਕਨਾਲੋਜੀ (ਇਕ ਵਾਰ ਬੀਜਿਆ ਜਾਣ ਵਾਲਾ ਬੀਜ) ਆ ਜਾਂਦੀ ਹੈ ਤਾਂ ਕਿਸਾਨ ਨੂੰ ਹਰ ਵਾਰ ਬੀਜ ਮੁੱਲ ਲੈਣਾ ਪਵੇਗਾ’’। ਡਾ. ਘੁੰਮਣ ਦੇ ਤੌਖ਼ਲੇ, ਪਿਛਲੇ ਦਹਾਕੇ ਦੌਰਾਨ, ਹਕੀਕਤ ਵਿਚ ਬਦਲਦੇ ਦਿਖਾਈ ਦੇ ਰਹੇ ਹਨ। ਪੰਜਾਬ ਦਾ ਕਿਸਾਨ ਇਸ ਸਮੇਂ ਬਹੁਤ ਬੁਰੀ ਤਰ੍ਹਾਂ ਵਿਸ਼ਵ ਮੰਡੀ ਦੇ ਸ਼ਕੰਜੇ ਵਿਚ ਕੱਸਿਆ ਹੋਇਆ ਦਿਖਾਈ ਦੇ ਰਿਹਾ ਹੈ।

ਪੰਜਾਬ ਦੇ ਖੇਤੀ ਵਿਕਾਸ ਵਿਚ ਆਈ ਖੜ੍ਹੋਤ ਦੇ ਸੰਦਰਭ ਵਿਚ ਦੂਸਰੇ ਹਰੇ ਇਨਕਲਾਬ ਦੀ ਲੋੜ ਦੀ ਗੱਲ ਅਕਸਰ ਛਿੜਦੀ ਹੈ, ਪ੍ਰੰਤੂ ਡਾ. ਰਣਜੀਤ ਸਿੰਘ ਘੁੰਮਣ ਦਾ ਅਧਿਐਨ ਜੇਕਰ ਕਿਸੇ ਦੂਸਰੇ ਹਰੇ ਇਨਕਲਾਬ ਦੀ ਸੰਭਾਵਨਾ ਨੂੰ ਸਿਰੇ ਤੋਂ ਖਾਰਜ ਨਹੀਂ ਵੀ ਕਰਦਾ ਤਾਂ ਵੀ ਇਹ ਦੂਸਰੇ ਹਰੇ ਇਨਕਲਾਬ ਦੀ ਸੰਭਵਨਾ ਪ੍ਰਤੀ ਕੋਈ ਉਤਸ਼ਾਹ ਵੀ ਨਹੀਂ ਦਿਖਾਉਂਦਾ। ਡਾ. ਘੁੰਮਣ ਅਨੁਸਾਰ ਤਾਂ ਪੰਜਾਬ ਦਾ ਖੇਤੀ ਵਿਕਾਸ ਸੈਕਟਰ ਤਾਂ ਘਟਦੇ ਸੀਮਾਂਤ ਫਲ ਦਾ ਸ਼ਿਕਾਰ ਹੈ ਤੇ ਨਾਲ ਹੀ ਪੰਜਾਬ ਦੇ ਖੇਤੀ ਵਿਕਾਸ ਨੇ ਆਪਣੀ ਉਚਤਮ ਵਿਕਾਸ ਸੀਮਾਂ ਨੂੰ ਛੂਹ ਲਿਆ ਹੈ, ਪੰਜਾਬ ਦਾ ਖੇਤੀ ਵਿਕਾਸ ਤਾਂ ਸਗੋਂ ਦੂਸਰੇ ਸੈਕਟਰਾਂ ਵਿਚ ਕਿਰਤ ਸ਼ਕਤੀ (ਕਾਮਿਆਂ) ਨੂੰ ਭੇਜਣ ਵਿਚ ਵੀ ਸਫ਼ਲ ਨਹੀਂ ਹੋਇਆ ਤੇ ਇਸ ਤਰ੍ਹਾਂ ਜੋ ਸਥਿਤੀ ਇਸ ਵੇਲੇ ਬਣੀ ਹੋਈ ਹੈ, ਉਸ ਕਿਸੇ ਦੂਸਰੇ ਹਰੇ ਇਨਕਲਾਬ ਨੂੰ ਸ਼ੁਰੂ ਕਰਨ ਦਾ ਕਿਸੇ ਤਰ੍ਹਾਂ ਵੀ ਆਧਾਰ ਨਹੀਂ ਬਣਦੀ। ਹੁਣ ਸਮਾਂ ਸਗੋਂ ਹਰੇ ਇਨਕਲਾਬ ਤੋਂ ਪੈਦਾ ਹੋਏ ਸਰਬਪੱਖੀ ਵਿਗਾੜਾਂ ਨੂੰ ਘੋਖਣ ਤੇ ਅਤੀਤ ਦੀਆਂ ਗਲਤੀਆਂ ਨੂੰ ਸੁਧਾਰਣ ਦਾ ਹੈ।

ਡਾ. ਰਣਜੀਤ ਸਿੰਘ ਘੁੰਮਣ ਦਾ ਅਧਿਐਨ ਪੰਜਾਬ ਦੇ ਖੇਤੀ ਵਿਕਾਸ ਦੇ ਫ਼ਲਸਰੂਪ ਸਾਹਮਣੇ ਆਏ ਆਰਥਿਕ ਤੇ ਸਮਾਜਿਕ ਸੰਕਟਾਂ ਦੀ ਵਿਸਤ੍ਰਿਤ ਚਰਚਾ ਨਹੀਂ ਕਰਦਾ ਸਗੋਂ ਉਸਦੇ ਅਧਿਐਨ ਦਾ ਘੇਰਾ ਕਿਤੇ ਜ਼ਿਆਦਾ ਵਸੀਹ ਹੈ। ਉਸਦੇ ਅਧਿਐਨ ਵਿਚ ਕੁਦਰਤੀ ਸ੍ਰੋਤ ਤੇ ਵਾਤਾਵਰਨ ਵੀ ਸ਼ਾਮਿਲ ਹਨ। ਖੇਤੀ ਅਧੀਨ ਆਈ ਭੂਮੀ ਦੀ ਸਿਹਤ, ਮਨੁੱਖ ਤੇ ਸਮਾਜ ਦੀ ਸਿਹਤ ਸਬੰਧੀ ਚਿੰਤਾਵਾਂ ਡਾ. ਘੁੰਮਣ ਦੇ ਅਰਥ ਸ਼ਾਸਤਰੀ ਅਧਿਐਨ ਦੀ ਮਾਨਵੀ ਦ੍ਰਿਸ਼ਟੀ ਨੂੰ ਉਜਾਗਰ ਕਰਦੀਆਂ ਹਨ। ਕੁਦਰਤੀ ਸ੍ਰੋਤ, ਜਿੰਨਾਂ ਉਪਰ ਹਰੇ ਇਨਕਲਾਬ ਦਾ ਬਹੁਤ ਮਾਰੂ ਅਸਰ ਪਿਆ ਹੈ, ਵਿਚੋਂ ਪਾਣੀ ਪ੍ਰਮੁੱਖ ਹੈ। ਪਾਣੀ ਦੇ ਮਾਮਲੇ ਵਿਚ ਜਿਹੜੀ ਕੋਤਾਹੀ ਹਰੇ ਇਨਕਲਾਬ ਦੇ ਦੌਰਾਨ ਵਰਤੀ ਗਈ ਹੈ, ਤਬਾਹੀ ਦੀ ਮੂੰਹ ਬੋਲਦੀ ਤਸਵੀਰ ਹੈ। ਇਹ ਤਬਾਹੀ ਆਪਣੇ ਪੈਰੀਂ ਆਪ ਕੁਹਾੜਾ ਮਾਰਨ ਵਾਲੀ ਜਾਂ ਫਿਰ ਜਿਸ ਟਾਹਣੇ ਉੱਪਰ ਬੈਠੇ ਹੋਈਏ ਉਸੇ ਨੂੰ ਵੱਡਣ ਦੀ ਤਰਜ਼ ਤੇ ਕੀਤੀ ਗਈ ਹੈ। ਬਾਕੀ ਦੀ ਰਹਿੰਦੀ ਕਸਰ ਪਾਣੀਆਂ ਦੀ ਰਾਜਨੀਤੀ ਨੇ ਕੱਢ ਛੱਡੀ ਹੈ।

ਆਪਦੇ ਇਕ ਲੇਖ ‘‘ਪਾਣੀਆਂ ਦਾ ਮਸਲਾ ਅਤੇ ਆਰਥਿਕਤਾ ਬਨਾਮ ਸਿਆਸਤ’’ ਵਿਚ ਭਾਵੇਂ ਡਾ. ਰਣਜੀਤ ਸਿੰਘ ਘੁੰਮਣ ਨੇ ਪੰਜਾਬ ਦੇ ਦਰਿਆਈ ਪਾਣੀਆਂ ਦੀ ਅਨਿਆਂ-ਪੂਰਵਕ ਵੰਡ ਨੂੰ ਮੁੱਖ ਵਿਸ਼ੇ ਵਜੋਂ ਲਿਆ ਹੈ, ਪ੍ਰੰਤੂ ਮੂਲ ਰੂਪ ਵਿਚ ਇਹ ਲੇਖ ਪੰਜਾਬ ਵਿਚ ਹਰੇਕ ਸੋਮੇ ਦੇ ਪਾਣੀਆਂ ਦੀ ਗੰਭੀਰ ਸਥਿਤੀ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ, ਨਾਲ ਹੀ ਉਹ ਪਾਣੀ ਦੇ ਸੋਮਿਆਂ ਨੂੰ ਇਸ ਚੇਤਾਵਨੀ ਸਹਿਤ ਫ਼ਸਲ ਦੀ ਤਰ੍ਹਾਂ ਪਾਲਣ ਦਾ ਸੁਝਾਅ ਦਿੰਦਾ ਹੈ ਕਿ ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ‘‘ਅਸੀਂ ਆਉਣ ਵਾਲੀਆਂ ਪੀੜ੍ਹੀਆਂ ਦੇ ਅਤੇ ਉਨ੍ਹਾਂ ਦੇ ਵਾਤਾਵਰਣ ਦੇ ਗੁਨਾਹਗਾਰ ਹੋਵਾਂਗੇ’’ ਪਾਣੀ ਪ੍ਰਤੀ ਲਾਪਰਵਾਹੀ ਪ੍ਰਤੀ ਆਪਣੀ ਚਿੰਤਾ ਦਾ ਇਜ਼ਹਾਰ ਕਰਦਿਆਂ ਡਾ. ਘੁੰਮਣ ਨੇ ਲਿਖਿਆ ਹੈ, ‘‘ਅੱਜ ਅਸੀਂ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚੋਂ ਜਾਂ ਉਨ੍ਹਾਂ ਦੇ ਆਲੇ ਦੁਆਲੇ ਛੱਪੜਾਂ, ਝੀਲਾਂ ਨੂੰ ਪੂਰ ਕੇ ਆਪਣੀ ਜ਼ਮੀਨ ਪ੍ਰਤੀ ਲੋੜ-ਹਵਸ ਨੂੰ ਪੂਰਾ ਕਰਨ ਵਿਚ ਤਨਦੇਹੀ ਨਾਲ ਜੁਟੇ ਹੋਏ ਹਾਂ। ਅਜਿਹਾ ਕਰਨ ਵੇਲੇ ਅਸੀਂ ਅਕਸਰ ਇਹ ਭੁੱਲ ਜਾਂਦੇ ਹਾਂ ਕਿ ਧਰਤੀ ਉਪਰਲਾ ਪਾਣੀ ਜੋ ਧਰਤੀ ਹੇਠ ਜਾਣ ਤੋਂ ਰੋਕਦੇ ਹਾਂ ਤਾਂ ਧਰਤੀ ਹੇਠਲੇ ਪਾਣੀ ਦੇ ਸਰੋਤਾਂ ਨੂੰ ਖ਼ਤਮ ਕਰਨ ਵਿਚ ਉਘਾ ਯੋਗਦਾਨ ਪਾ ਰਹੇ ਹਾਂ। ਫਿਰ ਇਕ ਦਿਨ ਅਜੇਹਾ ਆਵੇਗਾ ਜਦ ਧਰਤੀ ਹੇਠਲਾ ਪਾਣੀ ਘਟਦਾ ਘਟਦਾ ਖ਼ਤਮ ਹੋ ਜਾਵੇਗਾ ਤਾਂ ਬਨਸਪਤੀ ਤਾਂ ਕੀ ਖੁਦ ਮਨੁੱਖ ਪਾਣੀ ਦੀ ਬੂੰਦ ਤਕ ਨੂੰ ਤਰਸ ਜਾਵੇਗਾ।’’

ਪਾਣੀ ਦੇ ਸੰਕਟ ਵਿਚ ਹਰੇ ਇਨਕਲਾਬ ਦੀ ਭੂਮਿਕਾ ਦਾ ਜ਼ਿਕਰ ਕਰਦਿਆਂ ਡਾ. ਘੁੰਮਣ ਨੇ ਲਿਖਿਆ ਹੈ ਕਿ, ‘‘ਕਣਕ-ਝੋਨੇ ਦੇ ਫ਼ਸਲੀ ਚੱਕਰ ਕਾਰਨ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੀ ਬੇਤਹਾਸ਼ਾ ਵਰਤੋਂ ਕਰਨੀ ਪਈ ਜਿਸ ਦੇ ਨਤੀਜੇ ਵਜੋਂ ਧਰਤੀ ਹੇਠਲੇ ਪਾਣੀ ਦੀ ਸਤਹਿ ਤੇਜ਼ੀ ਨਾਲ ਹੇਠਾਂ ਵੱਲ ਜਾ ਰਹੀ ਹੈ। ਫ਼ਸਲਰੂਪ ਜਿਥੇ ਪਾਣੀ ਦੀ ਘਾਟ ਆ ਰਹੀ ਹੈ, ਉੱਥੇ ਧਰਤੀ ਦੇ ਉਪਜਾਊ ਤੱਤਾਂ ਨੂੰ ਨਾ ਪੂਰਾ ਹੋ ਸਕਣ ਵਾਲਾ ਘਾਟਾ ਪੈ ਰਿਹਾ ਹੈ... ਦਰਅਸਲ ਹਰੀ ਕ੍ਰਾਂਤੀ ਦੇ ਸਿੱਟੇ ਵਜੋਂ ਕਣਕ ਅਤੇ ਚੌਲਾਂ ਦੀ ਨਿਰਯਾਤ (ਦੂਜੇ ਸੂਬਿਆਂ ਨੂੰ) ਰਾਹੀਂ ਪੰਜਾਬ, ਹੋਰ ਵਸਤਾਂ ਤੋਂ ਇਲਾਵਾ, ਆਪਦਾ ਧਰਤੀ ਹੇਠਲਾ ਪਾਣੀ ਵੀ ਨਿਰਯਾਤ ਕਰਦਾ ਆ ਰਿਹਾ ਹੈ।

ਡਾ. ਰਣਜੀਤ ਸਿੰਘ ਘੁੰਮਣ ਨੇ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਦੇ ਮਾਮਲੇ ਵਿਚ ਪੰਜਾਬ ਨਾਲ ਹੋਈ ਬੇਇਨਸਾਫ਼ੀ ਦੀ ਆਲੋਚਨਾ ਕਰਦਿਆਂ ਬਿਲਕੁੱਲ ਵਾਜਬ ਕਿਹਾ ਹੈ ਕਿ ਪੰਜਾਬ ਕੋਲ ਕੋਈ ਵਾਧੂ ਪਾਣੀ ਨਹੀਂ ਹੈ, ਜੋ ਗੁਆਂਢੀ ਸੂਬਿਆਂ ਨੂੰ ਦਿੱਤਾ ਜਾ ਸਕੇ, ਸਗੋਂ ਜ਼ਮੀਨੀ ਪਾਣੀ ਦੀ ਸਤਹਿ ਖ਼ਤਰਨਾਕ ਹੱਦ ਤਕ ਨੀਵੀਂ ਹੋ ਜਾਣ ਨਾਲ ਤਾਂ ਪੰਜਾਬ ਕੋਲ ਆਪਣੀ ਲੋੜ ਪੂਰੀ ਕਰਨ ਜੋਗਾ ਵੀ ਪਾਣੀ ਨਹੀਂ ਹੈ। ਪੰਜਾਬ ਨਾਲ ਤਾਂ ਪਾਣੀ ਦੇ ਮਾਮਲੇ ਵਿਚ ਸਗੋਂ ਖੁੱਲ੍ਹ ਦਿਲੀ ਨਾਲ ਰਿਆਇਤ ਵਰਤਣੀ ਚਾਹੀਦੀ ਹੈ ਕਿਉਂਕਿ ਪੰਜਾਬ ਨੇ ਆਪਣਾ ਜ਼ਮੀਨ ਹੇਠਲਾ ਪਾਣੀ ਬਹੁਤ ਵੱਡੀ ਮਾਤਰਾ ਵਿਚ ਦੇਸ਼ ਦੀ ਅੰਨ-ਸੁਰੱਖਿਆ ਦੇ ਲੇਖੇ ਲਾ ਦਿੱਤਾ ਹੈ। ਪੰਜਾਬ ਇਸ ਸਮੇਂ ਪਾਣੀ ਦੀ ਘਾਟ ਦਾ ਹੀ ਸ਼ਿਕਾਰ ਨਹੀਂ, ਸਗੋਂ ਪਾਣੀ ਦੇ ਪ੍ਰਦੂਸ਼ਣ ਦਾ ਵੀ ਸ਼ਿਕਾਰ ਹੈ। ਪਾਣੀ ਦੇ ਪ੍ਰਦੂਸ਼ਣ ਲਈ ਮੁੱਖ ਤੌਰ ਤੇ ਸਨਅਤੀਕਰਨ ਜ਼ਿੰਮੇਵਾਰ ਹੈ, ਇਸ ਕਰਕੇ ਖੇਤੀ ਵਿਕਾਸ ਦੀ ਚਰਚਾ ਕਰਦਿਆਂ ਪਾਣੀ ਦੇ ਪ੍ਰਦੂਸ਼ਣ ਨੂੰ ਡਾ. ਘੁੰਮਣ ਨੇ ਆਪਣਾ ਵਿਸ਼ਾ ਨਹੀਂ ਬਣਾਇਆ।

ਆਮ ਕਰਕੇ ਹਿੰਦ-ਪਾਕਿ ਸਬੰਧਾਂ ਦੇ ਭਾਵਨਾਤਮਿਕ ਪਹਿਲੂ ਨੂੰ ਹੀ ਉਭਾਰਿਆ ਜਾਂਦਾ ਹੈ, ਪ੍ਰੰਤੂ ਇਨ੍ਹਾਂ ਸਬੰਧਾਂ ਦਾ ਆਰਥਿਕ ਮਹੱਤਵ ਅਕਸਰ ਭਾਵਨਾਤਮਕ ਵੇਗ ਵਿਚ ਬੇਪਛਾਣ ਹੋ ਜਾਂਦਾ ਰਿਹਾ ਹੈ। ਦਰਅਸਲ , ਜਿਵੇਂ ਹੋਰ ਪੱਖਾਂ ਤੋਂ ਦੇਸ਼ ਵੰਡ ਦਾ ਵਧੇਰੇ ਨੁਕਸਾਨ ਪੰਜਾਬ ਤੇ ਬੰਗਾਲ ਨੂੰ ਝੱਲਣਾ ਪਿਆ, ਇਸੇ ਤਰ੍ਹਾਂ ਹੀ ਆਰਥਿਕ ਨੁਕਸਾਨ ਵੀ ਇਨ੍ਹਾਂ ਸੂਬਿਆਂ ਨੂੰ ਹੀ ਝੱਲਣਾ ਪਿਆ। ਦਰਅਸਲ ਇਹ ਨੁਕਸਾਨ ਪੰਜਾਬ ਦੇ ਪ੍ਰਸੰਗ ਵਿਚ ਦੇਸ਼-ਵੰਡ ਤੋਂ ਸ਼ੁਰੂ ਹੋ ਕੇ ਲੰਮੇ ਸਮੇਂ ਵਿਚ ਫੈਲ ਗਿਆ, ਸ਼ਾਇਦ ਇਹ ਵੀ ਇਸ ਨੁਕਸਾਨ ਦਾ ਸਭ ਤੋਂ ਤ੍ਰਾਸਦਿਕ ਪੱਖ ਹੈ। ਡਾ. ਰਣਜੀਤ ਸਿੰਘ ਘੁੰਮਣ ਨੇ ਪੰਜਾਬ ਦੇ ਖੇਤੀ ਵਿਕਾਸ ਦੀ ਚਰਚਾ ਦਾ ਉਨ੍ਹਾਂ ਪ੍ਰਸਥਿਤੀਆਂ ਤੋਂ ਆਰੰਭ ਕੀਤਾ ਹੈ, ਜਿਹੜੀਆਂ ਦੇਸ਼ ਵੰਡ ਸਮੇਂ ਉਤਪੰਨ ਹੋ ਗਈਆਂ ਅਤੇ ਇਨ੍ਹਾਂ ਪ੍ਰਸਥਿਤੀਆਂ ਵਿਚ ਪੰਜਾਬ ਦਾ ਅਰਥਚਾਰਾ ਪੂਰੀ ਤਰ੍ਹਾਂ ਅਸਤ-ਵਿਅਸਤ ਹੋ ਚੁੱਕਾ ਸੀ। ਪੂਰਬੀ ਪੰਜਾਬ ਦੀ ਸਥਿਤੀ, ਜ਼ਰਖੇਜ਼ ਜਮੀਨਾਂ ਤੇ ਬਿਹਤਰ ਸਿੰਜਾਈ ਪ੍ਰਣਾਲੀ ਦੇ ਪੱਛਮੀ ਪੰਜਾਬ ਵਿਚ ਰਹਿ ਜਾਣ ਕਾਰਨ, ਹੋਰ ਵੀ ਬੁਰੀ ਸੀ।

ਆਪਣੇ ਇਕ ਖੋਜ-ਪੱਤਰ ‘‘ਹਿੰਦ-ਪਾਕਿ ਆਪਸੀ ਵਿਉਪਾਰ ਦੀ ਲੋੜ ਅਤੇ ਪ੍ਰਗਤੀ’’ ਵਿਚ ਡਾ. ਰਣਜੀਤ ਸਿੰਘ ਘੁੰਮਣ ਨੇ ਹਿੰਦ-ਪਾਕਿ ਆਪਸੀ ਵਿਉਪਾਰ ਦਾ ਪੜਾਅ-ਵਾਰ ਅਧਿਐਨ

ਹਰੇ ਇਨਕਲਾਬ ਦੇ ਫ਼ਲਸਰੂਪ ਖੇਤੀ ਲਈ ਜੋ ਇਨਪੁਟਸ ਵਰਤੀਆਂ ਜਾਣ ਲੱਗੀਆਂ ਉਨ੍ਹਾਂ ਨੇ ਖੇਤੀ ਨਾਲ ਜੁੜੇ ਹੋਏ ਹੋਰ ਰਵਾਇਤੀ ਦਸਤਕਾਰਾਂ ਦਾ ਰੁਜ਼ਗਾਰ ਖ਼ਤਮ ਕਰ ਦਿੱਤਾ, ਸਿੱਟੇ ਵਜੋਂ ਉਨ੍ਹਾਂ ਦੀ ਵੱਡੀ ਗਿਣਤੀ ਖੇਤ ਮਜ਼ਦੂਰਾਂ ਵਿਚ ਤਬਦੀਲ ਹੋ ਗਈ, ਸੀਮਾਂਤ ਕਿਸਾਨੀ ਵਿਚੋਂ ਵੀ ਬਹੁਤੇ ਖੇਤ ਮਜ਼ਦੂਰ ਬਣਨ ਲਈ ਮਜ਼ਬੂਰ ਹੋ ਗਏ ਤੇ ਇਸ ਦੇ ਨਾਲ ਹੀ ਕਣਕ-ਝੋਨੇ ਦੇ ਫ਼ਸਲੀ ਚੱਕਰ ਨੇ ਪਰਵਾਸੀ ਮਜ਼ਦੂਰਾਂ ਦਾ ਵਹਿਣ ਵੀ ਪੰਜਾਬ ਦੇ ਖੇਤੀ ਸੈਕਟਰ ਵੱਲ ਮੋੜ ਦਿੱਤਾ, ਜਿਸਦਾ ਨਤੀਜਾ ਡਾ. ਘੁੰਮਣ ਦੇ ਸ਼ਬਦਾਂ ‘ਚ ਇਹ ਨਿੱਕਲਿਆ ਕਿ ਕਾਸ਼ਤਯੋਗ ਰਕਬੇ ਤੇ ਜਨਸੰਖਿਆ ਦਾ ਭਾਰ ਵੱਧ ਗਿਆ ਹੈ। ਕਿਸਾਨੀ ਦੀਆਂ ਹੇਠਲੀਆਂ ਪਰਤਾਂ ਤੇ ਹਰੇ ਇਨਕਲਾਬ ਜਾਂ ਪੰਜਾਬ ਦੇ ਖੇਤੀ ਵਿਕਾਸ ਦਾ ਕੀ ਪ੍ਰਭਾਵ ਪਿਆ ਇਸਦਾ ਅਨੁਮਾਨ ਡਾ. ਘੁੰਮਣ (ਤੇ ਸਹਿ ਲੇਖਕ) ਦੇ ਇਸ ਕਥਨ ਤੋਂ ਲਗਾਇਆ ਜਾ ਸਕਦਾ ਹੈ, ‘... ਆਉਣ ਵਾਲੇ ਸਮੇਂ ਵਿਚ ਸੀਮਾਂਤ ਅਤੇ ਛੋਟੀਆਂ ਜੋਤਾਂ ਦੇ ਮਾਲਕਾਂ ਹੇਠੋਂ ਨਾ ਕੇਵਲ ਮਾਲਕੀ ਹੀ ਖਿਸਕੇਗੀ, ਸਗੋਂ ਠੇਕੇ ਤੇ ਜ਼ਮੀਨ ਲੈਣ ਦੀ ਸਮਰੱਥਾ ਵੀ ਘਟੇਗੀ। ਇਹਨਾਂ ਹੀ ਦੋ ਵਰਗਾਂ ਦੀਆਂ ਜੋਤਾਂ ਦੇ ਕਿਸਾਨਾਂ ਦੀ ਆਰਥਿਕ ਹਾਲਤ ਹੋਰ ਵੀ ਨਿੱਘਰ ਜਾਣ ਦੇ ਸੰਕੇਤ ਮਿਲ ਰਹੇ ਹਨ। ਖੇਤੀ ਦੀ ਵੱਧ ਰਹੀ ਲਾਗਤ, ਵੱਧ ਰਹੇ ਪਰਿਵਾਰਕ ਖ਼ਰਚੇ ਅਤੇ ਪ੍ਰਦਰਸ਼ਨੀ ਪ੍ਰਭਾਵ ਅਤੇ ਵੱਧ ਰਹੇ ਕਰਜ਼ੇ ਤੇ ਪੇਂਡੂ ਪੜ੍ਹੀ ਲਿਖੀ ਬੇਰੁਜ਼ਗਾਰ ਕਿਸਾਨੀ ਵਿਚ ਆਤਮਘਾਤ ਦਾ ਵੱਧ ਰਿਹਾ ਰੁਝਾਨ ਅਜਿਹੇ ਹੀ ਸੰਕੇਤ ਹਨ।

ਕਰਦਿਆਂ ਸਮਕਾਲੀ ਪ੍ਰਸਥਿਤੀਆਂ ਵਿਚ ਇਸਦੀ ਵੱਧ ਰਹੀ ਜ਼ਰੂਰਤ ਨੂੰ ਦਰਸਾਉਂਦਾ । ਦੇਸ਼-ਵੰਡ ਤੋਂ ਪਹਿਲਾਂ ਪੰਜਾਬ ਤਾਂ ਕੀ ਸਮੁੱਚਾ ਹਿੰਦ ਉਪਮਹਾਂਦੀਪ ਹੀ ਇਕ ਆਰਥਿਕ ਇਕਾਈ ਸੀ, ਜਿਵੇਂ ਕਿ ਦੇਸ਼-ਵੰਡ ਦੇ ਦੁਖਾਂਤ ਦਾ ਵਰਣਲ ਕਰਦਿਆਂ ਡਾ. ਘੁੰਮਣ ਨੇ ਲਿਖਿਆ ਵੀ '... ਇਕ ਹੀ ਭੂਗੋਲਿਕ ਖੇਤਰ, ਜਿਸਨੂੰ ਬਰਤਾਨਵੀ ਹਕੂਮਤ ਨੇ ਇਕ ਸਾਂਝੀ ਆਰਥਿਕ ਇਕਾਈ ਦੇ ਤੌਰ 'ਤੇ ਵਿਕਸਿਤ ਕਰਨ ਦੀ ਕੋਸ਼ਿਸ਼ ਕੀਤੀ ਸੀ, ਦੇ ਦੋ ਟੋਟੇ ਕਰ ਦਿੱਤੇ ਗਏ।'' ਸੋ, ਇਕ ਆਰਥਿਕ ਇਕਾਈ ਦਾ ਵਿਭਾਜਿਤ ਹੋ ਜਾਣਾ, ਇਕ ਉਹ ਫੈਕਟਰ ਸੀ ਜਿਸਦਾ ਸਿੱਧਾ ਪ੍ਰਭਾਵ ਪੰਜਾਬ ਦੇ ਆਰਥਚਾਰੇ ਉੱਪਰ ਪੈਣਾ ਸੀ।

ਹੋਰ ਖੇਤਰਾਂ ਵਾਂਗ ਹਿੰਦ-ਪਾਕਿ ਸਬੰਧ ਆਰਥਿਕ ਖੇਤਰ ਵਿਚ ਵੀ ਬੇਹੱਦ ਨਿਰਾਸ਼ਾ ਜਨਕ ਰਹੇ, ਜਿਸਦਾ ਸਿੱਧਾ ਪ੍ਰਭਾਵ ਪੰਜਾਬ ਦੇ ਅਰਥਚਾਰੇ ਉਪਰ ਪਿਆ। ਦੋਵਾਂ ਦੇਸ਼ਾਂ ਵਿਚਕਾਰ ਪਰਸਪਰ ਵਿਉਪਾਰਕ ਸੰਬਧਾਂ ਦੀ ਸਮੀਖਿਆ ਲਈ ਡਾ. ਘੁੰਮਣ ਨੇ ਦੋਵੇਂ ਦੇਸ਼ਾਂ ਦੇ ਦੁਵੱਲੇ ਵਿਉਪਾਰਕ ਸਬੰਧਾਂ ਨੂੰ ਚਾਰ ਪੜਾਵਾਂ ਵਿਚ ਵੰਡਿਆ ਹੈ। ਪਹਿਲੇ ਪੜਾਅ (1947-1965) ਦੇ ਆਰੰਭਕ ਸਾਲ ਤੋਂ ਹੀ ਵਿਉਪਾਰ ਘਟਦੇ ਕ੍ਰਮ ਵਿਚ ਡਿੱਗਣਾ ਸ਼ੁਰੂ ਹੋ ਗਿਆ ਸੀ, 'ਸਾਲ 1948-49 ਦੌਰਾਨ ਦੋਵਾਂ ਦੇਸ਼ਾਂ ਦਾ ਆਪਸੀ ਵਿਉਪਾਰ 184 ਕਰੋੜ ਭਾਰਤੀ ਰੁਪੱਈਏ ਦੇ ਬਰਾਬਰ ਸੀ' ਜੋ ਘਟਦਾ-ਘਟਦਾ '1963-64 ਵਿਚ ਕੇਵਲ 16.53 ਕਰੋੜ ਰੁਪੱਈਏ ਤਕ ਡਿਗ ਗਿਆ।' ''1962 ਦੀ ਭਾਰਤ ਚੀਨ ਲੜਾਈ ਅਤੇ ਪਾਕਿਸਤਾਨ ਅਤੇ ਚੀਨ ਵਿਚ ਨਵੀਂ-ਨਵੀਂ ਬਣੀ ਮਿੱਤਰਤਾ ਨੇ ਭਾਰਤ-ਪਾਕਿਸਤਾਨ ਵਿਉਪਾਰ ਸਬੰਧਾਂ ਉੱਪਰ ਬਹੁਤ ਮਾੜਾ ਪ੍ਰਭਾਵ ਪਾਇਆ। 1965 ਦੀ ਭਾਰਤ-ਪਾਕਿਸਤਾਨ ਲੜਾਈ ਨੇ ਤਾਂ ਇਨ੍ਹਾਂ ਦੋਹਾਂ ਦੇਸ਼ਾਂ ਦੇ ਆਪਸੀ ਵਿਉਪਾਰ ਨੂੰ ਜਿਵੇਂ ਤਾਲਾ ਹੀ ਲਾ ਦਿੱਤਾ। 1965 ਤੋਂ ਲੈ ਕੇ 1974 ਤਕ ਦੋਹਾਂ ਦੇਸ਼ਾਂ ਦੇ ਆਪਸੀ ਵਿਉਪਾਰ ਉਪਰ ਵਿਉਪਾਰ-ਪਾਬੰਦੀ ਲੱਗੀ ਰਹੀ। ਇਉਂ ਦੂਜੇ ਪੜਾਅ (1966-74) ਦੋਹਾਂ ਗਵਾਂਢੀ ਦੇਸ਼ਾਂ ਵਿਚਕਾਰ ਬਿਲਕੁੱਲ ਕੋਈ ਵਿਉਪਾਰ ਨਹੀਂ ਹੋਇਆ। ਇਸੇ ਦੌਰਾਨ ''ਫ਼ਰਵਰੀ 1966 ਵਿਚ ਰਾਵਲਪਿੰਡੀ (ਪਾਕਿਸਤਾਨ) ਵਿਚ ਦੋਵਾਂ ਦੇਸ਼ਾਂ ਦੇ ਮੰਤਰੀਆਂ ਦੇ ਪੱਧਰ ਦੀ ਗੱਲਬਾਤ ਦੌਰਾਨ ਭਾਰਤ ਨੇ ਵਿਉਪਾਰ ਸ਼ੁਰੂ ਕਰਨ ਦੀ ਪੇਸ਼ਕਸ਼ ਕੀਤੀ ਸੀ ਪਰ ਕੋਈ ਹਾਂ ਪੱਖੀ ਨਤੀਜਾ ਨਾ ਨਿੱਕਲਿਆ। ਮਈ 1966 ਵਿਚ ਭਾਰਤ ਨੇ ਫਿਰ ਇਕਤਰਫ਼ਾ ਵਿਉਪਾਰ ਬੰਧਸ਼ਾਂ ਹਟਾ ਦਿੱਤੀਆਂ ਪਰ ਦੂਜੇ ਪਾਸਿਓਂ ਕੋਈ ਹੁੰਗਾਰਾ ਨਾ ਮਿਲਿਆ। ਇਨ੍ਹਾਂ ਗੱਲਾਂ ਤੋਂ ਸੰਦੇਹ ਪੈਦਾ ਹੁੰਦਾ ਹੈ ਕਿ ਅਸਲ ਵਿਚ ਲੜਾਈ ਸਧਾਰਣ ਆਰਥਿਕ ਤੇ ਵਿਉਪਾਰਕ ਸਬੰਧ ਖ਼ਤਮ ਕਰਨ ਦਾ ਮਹਿਜ਼ ਇਕ ਬਹਾਨਾ ਸੀ। ਹੋ ਸਕਦਾ ਹੈ ਪਾਕਿਸਤਾਨ ਵਿਚ ਕੋਈ ਅਜਿਹੀ ਲਾਬੀ ਹੋਵੇ ਜਿਸਦਾ ਹਿੱਤ ਵਿਉਪਾਰ ਸ਼ੁਰੂ ਨਾ ਕਰਨ ਨਾਲ ਪੂਰਿਆ ਜਾਂਦਾ ਹੋਵੇ। ਇਸੇ ਤਰ੍ਹਾਂ ਦੋਹੇ ਦੇਸ਼ ਤੇ ਅਮਰੀਕਾ ਵਰਗੇ 'ਮਿੱਤਰ' ਅਜਿਹੇ ਦੇਸ਼ ਵੀ ਹੋਣ ਜਿਹੜੇ ਦੋਹਾਂ ਵਿਚਕਾਰ ਆਰਥਿਕ ਤੇ ਰਾਜਨੀਤਕ ਸਬੰਧਾਂ ਨੂੰ ਸੁਧਾਰਨ ਦੇ ਹੱਕ ਵਿਚ ਨਾ ਹੋਣ' ਇਸ ਤਰ੍ਹਾਂ ਸਾਮਰਾਜਵਾਦ ਨੇ ਦੇਸ਼ ਨੂੰ ਇਕ ਵਾਰ ਵੰਡ ਕੇ ਹੀ ਸਬਰ ਨਹੀਂ ਕੀਤਾ, ਸਗੋਂ ਦੋਵਾਂ ਦੇਸ਼ਾਂ ਵਿਚਕਾਰ, ਆਪਣੇ ਹਿੱਤ ਪੂਰਣ ਖ਼ਾਤਰ, ਦੁਸ਼ਮਣੀ ਦੀ ਚਿਣਗ ਨੂੰ ਵੀ ਮਘਾਈ ਰੱਖਿਆ।

ਤੀਜੇ ਪੜਾਅ (1975-1985) ਦੌਰਾਨ ਸ਼ਿਮਲਾ ਸਮਝੌਤੇ ਤਹਿਤ ਦੋਵਾਂ ਦੇਸ਼ਾਂ ਵਿਚਕਾਰ ਖ਼ਤਮ ਹੋਏ ਸਬੰਧ ਮੁੜ ਤੋਂ ਬਹਾਲ ਹੋਏ ਅਤੇ ਇਕ ਲੰਮੀ ਪ੍ਰਕਿਰਿਆ ਵਿਚੋਂ ਗੁਜ਼ਰਕੇ 1975 ਵਿਚ ਦੋਵਾਂ ਦੇਸ਼ਾਂ ਵਿਚਕਾਰ ਵਿਉਪਾਰ ਸ਼ੁਰੂ ਹੋ ਸਕਿਆ। ਪਰ ਡਾ. ਘੁੰਮਣ ਅਨੁਸਾਰ ''ਬਹੁਤ ਸਾਰੇ ਸਿਆਸੀ ਤੇ ਆਰਥਿਕ ਕਾਰਨਾਂ ਕਰਕੇ ਭਾਰਤ-ਪਾਕਿਸਤਾਨ ਵਿਉਪਾਰ ਉਸ ਬੁਲੰਦੀ 'ਤੇ ਨਾ ਪਹੁੰਚ ਸਕਿਆ, ਜਿਥੇ ਪਹੁੰਚਣ ਦੀ ਇਸਦੀ ਸਮਰੱਥਾ ਸੀ।'' ਭਾਰਤ-ਪਾਕਿਸਤਾਨ ਸਬੰਧਾਂ (ਵਿਉਪਾਰਕ) ਦਾ ਚੌਥਾ ਪੜਾਅ (1986-1996) ਨੂੰ ਡਾ. ਘੁੰਮਣ ਨੇ ਇਕ ਵੱਖਰਾ ਪੜਾਅ ਕਿਹਾ ਹੈ, ਕਿਉਂਕਿ ਇਸ ਪੜਾਅ ਦੌਰਾਨ ਸਾਰਕ ਦੀ ਸਥਾਪਨਾ ਹੋਈ ਅਤੇ ਖੇਤਰੀ ਸਹਿਯੋਗ ਦੇ ਮੌਕੇ ਪਹਿਲਾਂ ਨਾਲੋਂ ਵੱਧ ਗਏ।

ਭਾਰਤ-ਪਾਕਿਸਤਾਨ ਵਿਉਪਾਰ ਦੇ ਅਕਾਰ ਦੀ ਚਰਚਾ ਕਰਦਿਆਂ ਵਾਰ-ਵਾਰ ਇਹੋ ਸਿੱਟਾ ਪੇਸ਼ ਕੀਤਾ ਹੈ ਕਿ 'ਦੋਹਾਂ ਦੇਸ਼ਾਂ ਵਿਚਕਾਰ ਵਿਉਪਾਰ ਓਨਾ ਵਧਿਆ ਫੁੱਲਿਆ ਨਹੀਂ, ਜਿੰਨੀ ਇਸਦੀ ਸੰਭਾਵਨਾ ਸੀ।'' ਦੋਹਾਂ ਦੇਸ਼ਾ ਨੂੰ ਆਪਸੀ ਵਿਉਪਾਰ ਤੋਂ ਹੋਣ ਵਾਲੇ ਵੱਡੇ ਲਾਭ ਬਾਰੇ ਕੋਈ ਦੋ ਰਾਵਾਂ ਹੋ ਹੀ ਨਹੀਂ ਸਕਦੀਆਂ, ਇਸਦੀ ਇਕ ਮਿਸਾਲ ਦਿੰਦਿਆਂ ਡਾ. ਘੁੰਮਣ ਨੇ ਲਿਖਿਆ ਹੈ ਕਿ ''1976-80 ਤਕ ਪੰਜ ਸਾਲਾਂ ਦੇ ਦੌਰਾਨ ਜੇ ਪਾਕਿਸਤਾਨ ਹੋਰ ਦੇਸ਼ਾਂ ਤੋਂ ਦਰਾਮਦ ਕਰਨ ਦੀ ਥਾਂ ਭਾਰਤ ਤੋਂ ਮਸਾਲੇ, ਕੋਇਲਾ, ਕੱਚਾ ਲੋਹਾ, ਲੋਹੇ ਤੋਂ ਇਸਪਾਤ ਤੋਂ ਬਣਦੀਆਂ ਕੁੱਝ ਵਸਤਾਂ, ਰੇਲਵੇ ਦਾ ਸਮਾਨ, ਲੋਹੇ-ਇਸਪਾਤ ਦੀਆਂ ਟਿਊਬਾਂ, ਅਲੂਮੀਨਿਅਮ ਆਦਿ ਵਸਤਾਂ ਦਰਾਮਦ ਕਰਦਾ ਤਾਂ ਉਸਨੂੰ 1428 ਲੱਖ ਅਮਰੀਕਨ ਡਾਲਰਾਂ ਦੇ ਬਰਾਬਰ ਬੱਚਤ ਹੁੰਦੀ... ਭਾਰਤੀ ਟਰੈਕਟਰ, ਟਿਊਲਵੈੱਲ, ਮੋਟਰਾਂ, ਕਣਕ ਕੱਢਣ ਵਾਲੀਆਂ ਮਸ਼ੀਨਾਂ, ਬੀਜ ਅਤੇ ਖਾਦ ਡਰਿੱਲਾਂ, ਰੈਫਰੀਜਰੇਟਰ ਅਤੇ ਹੋਰ ਇੰਜਨੀਅਰਿੰਗ ਵਸਤਾਂ ਪੱਛਮੀ ਦੇਸ਼ਾਂ ਦੀਆਂ ਕੀਮਤਾਂ ਮੁਕਾਬਲੇ 30-60 ਪ੍ਰਤੀਸ਼ਤ ਸਸਤੀਆਂ ਹਨ' ਲਾਭ ਦੀ ਇਕ ਹੋਰ ਉਦਾਹਰਣ ਮੁਤਾਬਿਕ ''ਪਾਕਿਸਤਾਨ ਨੇ 1978-79 ਵਿਚ ਨੀਦਰਲੈਂਡਜ਼ ਤੋਂ ਆਲੂਆਂ ਦਾ 3000 ਟਨ ਬੀਜ ਦਰਾਮਦ ਕੀਤਾ ਸੀ। ਉਸ ਸਾਲ ਭਾਰਤੀ ਪੰਜਾਬ ਵਿਚ ਆਲੂ ਨਿਗੂਣੀ ਕੀਮਤ ਉਪਰ ਵਿਕ ਰਹੇ ਸਨ। ਅੰਮ੍ਰਿਤਸਰ



ਤੋਂ ਲਾਹੌਰ ਕੇਵਲ ਚੌਂਤੀ ਮੀਲ ਹੈ। ਪਾਕਿਸਤਾਨ ਬੜੀ ਆਸਾਨੀ ਨਾਲ ਭਾਰਤ ਤੋਂ ਆਲੂਆਂ ਦਾ ਬੀਜ ਖ਼ਰੀਦ ਕੇ ਨਾ ਕੇਵਲ ਕੀਮਤ ਦੇ ਰੂਪ ਵਿਚ ਬੱਚਤ ਕਰ ਸਕਦਾ ਸੀ ਸਗੋਂ ਢੋਆ ਢੁਆਈ ਦੇ ਖ਼ਰਚੇ ਵਿਚ ਵੀ ਬੱਚਤ ਕਰਦਾ।''

ਭਾਰਤ-ਪਾਕਿਸਤਾਨ ਵਿਚਕਾਰ ਆਪਸੀ ਵਿਉਪਾਰ ਦੀ ਮੁੱਖ ਸੁਵਿਧਾ ਢੋਆ-ਢੁਆਈ ਦੇ ਖ਼ਰਚੇ ਵਿਚ ਬੱਚਤ ਦੀ ਹੈ। ਇਸ ਪ੍ਰਸੰਗ ਦੀ ਇਕ ਉਦਾਹਰਣ ਮੁਤਾਬਿਕ ''ਕਰਾਚੀ ਸਟੀਲ ਪਲਾਂਟ ਲਈ ਸਾਲ 1981-82 ਵਿਚ ਛੇ ਮਹੀਨਿਆਂ ਲਈ ਚਾਰ ਲੱਖ ਟਨ ਲੋਹੇ ਦੀ ਕੱਚੀ ਧਾਤ ਦੀ ਜ਼ਰੂਰਤ ਸੀ। ਪਾਕਿਸਤਾਨ ਨੇ 1.25 ਲੱਖ ਟਨ ਕੱਚੀ ਧਾਤ ਭਾਰਤ ਤੋਂ ਅਤੇ ਬਾਕੀ ਦੀ ਆਸ੍ਰਟੇਲੀਆ ਅਤੇ ਬਰਾਜ਼ੀਲ ਤੋਂ ਦਰਾਮਦ ਕਰਨ ਦਾ ਫ਼ੈਸਲਾ ਕੀਤਾ। ਭਾਰਤ ਤੋਂ ਢੋਆ ਢੁਆਈ ਦੀ ਲਾਗਤ 15 ਡਾਲਰ ਪ੍ਰਤੀ ਟਨ ਸੀ, ਜਦ ਕਿ ਅਸਟ੍ਰੇਲੀਆ ਤੋਂ 30 ਡਾਲਰ ਤੇ ਬਰਾਜ਼ੀਲ ਤੋਂ 45 ਡਾਲਰ ਸੀ। ਸਾਲ 1980-81 ਅਤੇ 1981-82 ਦੌਰਾਨ ਪਾਕਿਸਾਤਨ ਨੇ 1,75,000 ਲੱਖ ਕੱਚੀ ਧਾਤ ਭਾਰਤ ਤੋਂ ਮੰਗਵਾ ਕੇ ਕੇਵਲ ਢੋਆ ਢੁਆਈ ਲਾਗਤ ਵਿਚ 7.5 ਲੱਖ ਅਮਰੀਕਨ ਡਾਲਰ ਦੀ ਬੱਚਤ ਕੀਤੀ'' ਇਹੋ ਜਿਹੀਆਂ ਹੋਰ ਮਿਸਾਲਾਂ ਵੀ ਡਾ. ਘੁੰਮਣ ਨੇ ਆਪਦੇ ਖੋਜ-ਪੱਤਰ ਵਿਚ ਪੇਸ਼ ਕੀਤੀਆਂ ਹਨ, ਜਦੋਂ ਢੋਆ ਢੁਆਈ ਦੇ ਆਧਾਰ ਤੇ ਭਾਰਤ ਨੂੰ ਵੀ ਭਾਰੀ ਬੱਚਤ ਹੋਈ। ਦੋਵਾਂ ਦੇਸ਼ਾਂ ਵਿਚਕਾਰ ਸੁਖਾਵੇਂ ਸਬੰਧ ਜਿੱਥੇ ਵਿਉਪਾਰ ਨੂੰ ਪ੍ਰਫੁੱਲਤ ਕਰਨ ਲਈ ਅਤੀ ਜ਼ਰੂਰੀ ਹਨ, ਉੱਥੇ ਸੁਰੱਖਿਆ ਖ਼ਰਚਿਆਂ ਨੂੰ ਵੀ ਘਟਾ ਸਕਦੇ ਹਨ ਤੇ ਸੁਰੱਖਿਆ ਉੱਪਰ ਖ਼ਰਚ ਹੋਣ ਵਾਲਾ ਧਨ ਵਿਕਾਸ ਅਤੇ ਖੁਸ਼ਹਾਲੀ ਲਈ ਕੰਮ ਆ ਸਕਦਾ ਹੈ।

ਭਾਰਤ-ਪਾਕਿਸਤਾਨ ਵਿਉਪਾਰ ਸਬੰਧਾਂ ਦਾ ਪੰਜਾਬ ਦੇ ਖੇਤੀ ਸੈਕਟਰ ਨਾਲ ਸਿੱਧਾ ਸਬੰਧ ਹੈ। ਜੇਕਰ ਦੋਵਾਂ ਦੇਸ਼ਾਂ ਵਿਚਕਾਰ ਪਰਸਪਰ ਸਹਿਯੋਗ ਤੇ ਵਿਉਪਾਰ ਵੱਧਦਾ ਹੈ ਤਾਂ ਪੰਜਾਬ ਦੇ ਖੇਤੀ ਸੈਕਟਰ ਲਈ ਮੰਡੀਕਰਨ ਦੀਆਂ ਨਵੀਆ ਸੰਭਵਨਾਵਾਂ ਪੈਦਾ ਹੋ ਸਕਦੀਆਂ ਹਨ।

ਖੇਤਰੀ (ਪੰਜਾਬ), ਰਾਸ਼ਟਰੀ ਤੇ ਅੰਤਰਰਾਸ਼ਟਰੀ ਆਰਥਿਕ ਮਾਮਲਿਆਂ ਨਾਲ ਸਬੰਧਿਤ ਡਾ. ਰਣਜੀਤ ਸਿੰਘ ਘੁੰਮਣ ਦਾ ਅਧਿਐਨ ਨਿਰਸੰਦੇਹ ਬਹੁਪਸਾਰੀ ਹੈ। ਅਸੀਂ ਏਥੇ ਵਧੇਰੇ ਕਰਕੇ ਉਨ੍ਹਾਂ ਪੰਜਾਬ ਦੇ ਖੇਤੀ ਸੈਕਟਰ ਉੱਪਰ ਕੀਤੇ ਖ਼ੋਜ ਕਾਰਜ ਨੂੰ ਹੀ ਪੇਸ਼ ਕੀਤਾ ਹੈ, ਇਸਦਾ ਇਕ ਕਾਰਨ ਤਾਂ ਇਹ ਹੈ ਕਿ ਖੇਤੀ ਸੈਕਟਰ ਪੰਜਾਬ ਦੇ ਅਰਥਚਾਰੇ ਦਾ ਪ੍ਰਮੁੱਖ ਸੈਕਟਰ ਹੈ, ਦੂਜਾ ਇਹ ਕਿ ਡਾ. ਰਣਜੀਤ ਸਿੰਘ ਘੁੰਮਣ ਨੇ ਇਸ ਸੈਕਟਰ ਦਾ ਅਧਿਐਨ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਬਕਾਇਦਾ ਵਿਗਿਆਨਕ ਵਿਧੀ ਨਾਲ ਕੀਤਾ ਹੈ।

***ਪੇਸ਼ਕਸ਼ :- ਜਸਵੀਰ ਦਿਓਲ, ਨਵਜੇਤ ਬੈਂਸ***
***(ਐਡਮਿੰਟਨ)***




# ਅਰਥ-ਸ਼ਾਸਤਰੀਆਂ ਦੀ ਬੇਵਸੀ ਦਾ ਕਾਰਨ ਅਫਸਰਸ਼ਾਹੀ ਅਤੇ ਰਾਜਨੀਤਕ ਪਾਰਟੀਆਂ : ਘੁੰਮਣ

## ਮੁਲਾਕਾਤੀ - ਪ੍ਰੋ: ਰਾਕੇਸ਼ ਰਮਨ



? ਤੁਹਾਡੀਆਂ ਧਾਰਨਾਵਾਂ ਤੇ ਖੇਤੀ ਸੈਕਟਰ ਦੀਆਂ ਜ਼ਮੀਨੀ ਹਕੀਕਤਾਂ ਅਨੁਸਾਰ ਪੰਜਾਬ ਦੇ ਖੇਤੀ ਉਤਪਾਦਨ/ਵਿਕਾਸ ਨੇ ਅਪਣੀ ਉੱਚਤਮ ਸੀਮਾਂ ਨੂੰ ਛੂਹ ਲਿਆ ਹੈ, ਅਜਿਹੇ ਪੜਾਅ 'ਤੇ ਹੋਰ ਜ਼ਿਆਦਾ ਖੇਤੀ ਉਤਪਾਦਨ 'ਤੇ ਜ਼ੋਰ ਦੇਣ ਬਾਰੇ ਤੁਹਾਡੀ ਕੀ ਰਾਇ ਹੈ?

ਘੁੰਮਣ -ਖੇਤੀ ਉਤਪਾਦਨ ਵਿੱਚ ਵਾਧਾ ਦੋ ਤਰ੍ਹਾਂ ਨਾਲ ਹੋ ਸਕਦਾ ਹੈ। ਇੱਕ, ਖੇਤੀ ਹੇਠ ਹੋਰ ਜ਼ਮੀਨ ਲਿਆ ਕੇ ਅਤੇ ਦੂਜੇ, ਪ੍ਰਤੀ ਏਕੜ ਝਾੜ੍ਹ ਵਧਾ ਕੇ। ਜਿਥੋਂ ਤੱਕ ਖੇਤੀ ਹੇਠ ਹੋਰ ਜ਼ਮੀਨ ਲਿਆਉਂਣ ਦਾ ਸਬੰਧ ਹੈ, ਇਹ ਪੰਜਾਬ ਦੇ ਸੰਦਰਭ ਵਿੱਚ ਨਾ-ਮੁਮਕਿਨ ਹੈ, ਕਿਉਂਕਿ ਪਹਿਲਾਂ ਹੀ ਖੇਤੀ ਹੇਠੋਂ ਜ਼ਮੀਨ ਗੈਰ-ਖੇਤੀ ਵਰਤੋਂ ਵਿੱਚ ਜਾ ਰਹੀ ਹੈ। ਸਾਲ 2000-01 ਦੌਰਾਨ ਪੰਜਾਬ ਵਿੱਚ ਖੇਤੀ ਅਧੀਨ (ਨਿਰੋਲ ਬੀਜਿਆ ਰਕਬਾ) 42 ਲੱਖ 50 ਹਜ਼ਾਰ ਹੈਕਟੇਅਰ ਸੀ ਜੋ ਸਾਲ 2007-08 ਵਿੱਚ 41 ਲੱਖ 74 ਹਜ਼ਾਰ ਹੈਕਟੇਅਰ ਰਹਿ ਗਿਆ। ਸਪਸ਼ਟ ਹੈ ਕਿ ਪੰਜ ਸਾਲ ਦੇ ਅਰਸੇ ਵਿੱਚ 76 ਹਜ਼ਾਰ ਹੈਕਟੇਅਰ ਰਕਬਾ ਖੇਤੀ ਤੋਂ ਗੈਰ-ਖੇਤੀ ਵਰਤੋਂ ਵਿੱਚ ਤਬਦੀਲ ਹੋ ਗਿਆ ਹੈ। ਪੰਜਾਬ ਵਿੱਚ ਫ਼ਸਲੀ ਘਣਤਾ ਪਹਿਲਾਂ ਹੀ 188 ਤੱਕ ਪਹੁੰਚ ਗਈ ਹੈ, ਜਿਸ ਤੋਂ ਭਾਵ ਹੈ ਕਿ ਹਰ ਖੇਤ ਚੋਂ ਤਕਰੀਬਨ ਦੋਹਰੀ ਫਸਲ ਲਈ ਜਾ ਰਹੀ ਹੈ। ਸੋ, ਇੱਕ ਪਾਸੇ ਤਾਂ ਖੇਤੀ ਹੇਠ ਰਕਬਾ ਘਟਦਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਫਸਲੀ -ਘਣਤਾ ਵਧਾਉਂਣ ਦੀ ਗੁਜਾਇੰਸ ਵੀ ਨਾਂਹ ਦੇ ਬਰਾਬਰ ਹੈ। ਮੌਜੂਦਾ ਖੇਤੀ ਤਕਨੀਕ ਅਧੀਨ ਪ੍ਰਤੀ-ਏਕੜ ਝਾੜ ਵਧਾਉਣਾ ਵੀ ਸੰਭਵ ਨਹੀਂ ਜਾਪਦਾ। ਪਿਛਲੇ ਕੁਝ ਸਾਲਾਂ ਦੇ ਝਾੜ ਪ੍ਰਤੀ ਅੰਕੜੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ। ਪੰਜਾਬ ਦੀਆਂ ਦੋ ਮੁੱਖ ਫਸਲਾਂ (ਕਣਕ ਅਤੇ ਝੋਨਾ) ਦੇ ਝਾੜ ਵਿਚ ਤਕਰੀਬਨ ਤਕਰੀਬਨ ਖੜੋਤ ਹੀ ਹੈ। ਝਾੜ ਵਿੱਚ ਜੋ ਥੋੜਾ ਬਹੁਤਾ ਵਾਧਾ ਹੋ ਵੀ ਰਿਹਾ ਹੈ, ਉਸ ਦੀ ਲਾਗਤ ਬਹੁਤ ਜਿਆਦਾ ਹੈ। ਦੂਜੇ ਸ਼ਬਦਾਂ ਵਿੱਚ ਕਿਸਾਨ ਦੇ ਪੱਲੇ ਪਹਿਲਾਂ ਨਾਲੋਂ ਵੱਧ ਆਮਦਨ ਨਹੀਂ ਪੈਂਦੀ। ਸੱਚ ਤਾਂ ਇਹ ਹੈ ਕਿ ਕਿਸਾਨ ਦੀ ਪ੍ਰਤੀ ਏਕੜ ਸ਼ੁੱਧ ਆਮਦਨ (ਸਥਿਰ ਕੀਮਤਾਂ ਉਪਰ) ਹਰ ਸਾਲ ਘੱਟ ਹੀ ਰਹੀ ਹੈ। ਕੁਝ ਅਰਥ-ਵਿਗਿਆਨੀਆਂ ਅਤੇ ਨੀਤੀ-ਘਾੜਿਆਂ ਵਲੋਂ ਫਸਲੀ-ਚੱਕਰ ਵਿੱਚ ਤਬਦੀਲੀ ਦੀ ਦਲੀਲ ਦਿੱਤੀ ਜਾ ਰਹੀ ਹੈ, ਪਰ ਅਜੇ ਤੱਕ ਕਣਕ ਅਤੇ ਝੋਨੇ ਦੇ ਫ਼ਸਲੀ ਚੱਕਰ ਦਾ ਕੋਈ ਨਿਘਰ ਬਦਲ ਨਹੀਂ ਤਿਆਰ ਹੋ ਸਕਿਆ। ਇਹੀ ਕਾਰਨ ਹੈ ਕਿ ਪੰਜਾਬ ਦੀ ਖੇਤੀ ਅੱਜ ਵੀ ਮੁੱਖ ਤੌਰ ਤੇ ਕਣਕ-ਝੋਨੇ ਦੀ ਖੇਤੀ ਹੀ ਹੈ। ਖੇਤੀ ਉਤਪਾਦਨ ਵਿੱਚ ਵਾਧਾ ਨਵੀਂ ਤਕੱਨੀਕ, ਨਵੇਂ ਬੀਜਾਂ ਅਤੇ ਨਵੀਆਂ ਫਸਲਾਂ ਰਾਹੀਂ ਹੀ ਸੰਭਵ ਹੋ ਸਕਦਾ ਹੈ। ਇਸ ਕੰਮ ਲਈ ਲਗਾਤਾਰ ਖੋਜ਼ ਦੀ ਲੋੜ ਹੈ। ਪਰ ਬਦਕਿਸਮਤੀ ਇਹ ਹੈ ਕਿ ਪਿਛਲੇ ਤਕਰੀਬਨ 20 ਸਾਲਾਂ ਤੋਂ ਪੰਜਾਬ ਦੀਆਂ ਸਰਕਾਰਾਂ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਨੂੰ ਖੋਜ ਵਾਸਤੇ ਮਾਲੀ ਸਾਧਨ ਹੀ ਨਹੀਂ ਦੇ ਸਕੀਆਂ। ਇਸ ਤੋਂ ਇਲਾਵਾ ਜੋ ਮਾੜੀ-ਮੋਟੀ ਖੋਜ਼ ਹੋ ਰਹੀ ਹੈ ਉਹ ਕਿਸਾਨ ਤੱਕ ਪਹੁੰਚ ਹੀ ਨਹੀਂ ਰਹੀ ਕਿਉਂਕਿ ਖੋਜ ਨੂੰ ਪ੍ਰਯੋਗਸ਼ਾਲਾ ਤੋਂ ਖੇਤ ਤੱਕ ਲੈ ਕੇ ਜਾਣ ਵਾਲੀ ਮਸ਼ੀਨਰੀ (ਏਣਟਏਨਸੋਨਿ ਸਏਰ-ਵਚਿਏਸ) ਤਕਰੀਬਨ ਢਹਿ ਢੇਰੀ ਹੋ ਗਈ ਹੈ। ਸਪਸ਼ਟ ਹੈ ਕਿ ਖੇਤੀ ਉਤਪਾਦਨ ਵਧਾਉਣ ਲਈ ਖੋਜ ਦੇ ਖੇਤਰ (ਨਵੇਂ ਬੀਜ ਅਤੇ ਨਵੀਆਂ ਤਕਨੀਕਾਂ) ਉਪਰ ਜੋਰ ਦੇਣਾ ਪਵੇਗਾ ਜਿਸ ਲਈ ਪੰਜਾਬ ਸਰਕਾਰ ਅਤੇ ਪੰਜਾਬ ਖੇਤੀ ਯੂਨੀਵਰਸਿਟੀ, ਲੁਧਿਆਣਾ ਨੂੰ ਸੁਹਿਰਦ ਯਤਨ ਕਰਨੇ ਪੈਣਗੇ।

? ਪੰਜਾਬ ਦੇ ਖੇਤੀ ਉਤਪਾਦਨ 'ਤੇ ਘਟਦੇ ਪ੍ਰਤੀਫਲ ਦਾ ਨੇਮ ਲਾਗੂ ਹੁੰਦਾ ਹੈ। ਕੀ ਇਹ ਪੰਜਾਬ ਦੇ ਖੇਤੀ ਸੈਕਟਰ ਦਾ ਸਥਾਈ ਵਰਤਾਰਾ ਹੈ?

ਘੁੰਮਣ -ਇੱਕਲੇ ਪੰਜਾਬ ਦੇ ਖੇਤੀ ਉਤਪਾਦਨ ਤੇ ਨਹੀਂ ਸਗੋਂ ਦੁਨੀਆਂ ਦੇ ਹਰ ਖਿੱਤੇ ਦੀ ਖੇਤੀ ਉਪਰ ਘਟਦੇ ਪ੍ਰਤੀਫਲ ਦਾ ਨਿਯਮ ਲਾਗੂ ਹੁੰਦਾ ਹੈ। ਇਸ ਦਾ ਮਹੱਤਵ ਹੈ ਕਿ ਖੇਤੀ ਉਪਜ ਵਿੱਚ ਵਾਧਾ ਕਰਨ ਲਈ ਜੋ ਲਾਗਤ ਆਉਂਦੀ ਹੈ ਉਸਦੀ ਵਾਧੇ ਦੀ ਦਰ ਵਿੱਚ ਉਤਪਾਦਨ ਵਿਚ ਹੋਏ ਵਾਧੇ ਦੀ ਦਰ ਨਾਲੋਂ ਜ਼ਿਆਦਾ ਹੁੰਦੀ ਹੈ। ਭਾਵ ਸ਼ੁੱਧ ਸੀਮਾਤਮਕ ਪ੍ਰਤੀਫਲ ਘਟਦਾ ਜਾਂਦਾ ਹੈ। ਜਿਸ ਨਾਲ ਪ੍ਰਤੀ ਏਕੜ ਆਮਦਨ ਵਿੱਚ ਸੀਮਾਂਤਕ ਵਾਧਾ ਘਟਦਾ ਜਾਂਦਾ ਹੈ। ਖੇਤੀ ਵਿਚੋਂ ਘਟਦੇ ਪ੍ਰਤੀਫਲ ਦਾ ਨਿਯਮ ਇੱਕ ਸਥਾਈ ਵਰਤਾਰਾ ਹੀ ਹੈ। ਦਰਅਸਲ ਜਿਵੇਂ ਜਿਵੇਂ ਕੋਈ ਅਰਥ-ਵਿਵਸਥਾ ਵਿਕਸਤ ਹੁੰਦੀ ਹੈ ਤਿਵੇਂ ਤਿਵੇਂ ਖੇਤੀ ਖੇਤਰ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਦਾ ਦੇਸ ਜਾਂ ਪ੍ਰਾਂਤ ਦੀ ਸਮੁੱਚੀ ਆਮਦਨ ਵਿੱਚ ਅਨੁਪਾਤ ਘੱਟਦਾ ਜਾਂਦਾ ਹੈ। ਦੂਜੇ ਸੈਕਟਰਾਂ (ਉਦਯੋਗ ਅਤੇ ਸੇਵਾਵਾਂ) ਦਾ ਹਿੱਸਾ ਵੱਧਦਾ ਜਾਂਦਾ ਹੈ। ਇਸ ਤਰ੍ਹਾਂ ਆਰਥਿਕ ਵਿਕਾਸ ਦੇ ਫ਼ਲਸਰੂਪ ਖੇਤੀ ਵਿੱਚ ਲੱਗੀ ਕਿਰਤ ਦਾ ਦੇਸ ਜਾਂ ਪ੍ਰਾਂਤ ਦੀ ਸਮੁੱਚੀ ਕਿਰਤ ਵਿੱਚ ਹਿੱਸਾ ਵੀ ਘਟਦਾ ਜਾਂਦਾ ਹੈ। ਪੰਜਬ ਵਿੱਚ ਖੇਤੀ ਆਮਦਨ ਦਾ ਸਮੁੱਚੀ ਆਮਦਨ ਵਿੱਚ ਹਿੱਸਾ ਵੀ ਲਗਾਤਾਰ ਘੱਟ ਰਿਹਾ ਹੈ। ਸਾਲ 1970-71 ਵਿੱਚ ਖੇਤੀ ਆਮਦਨ ਦਾ ਹਿੱਸਾ 43 ਪ੍ਰਤੀਸ਼ਤ ਸੀ ਜੋ ਸਾਲ 2007-08 ਵਿੱਚ 22 ਪ੍ਰਤੀਸ਼ਤ ਰਹਿ ਗਿਆ। ਦੁਨੀਆਂ ਦੇ ਅਜ਼ੋਕੇ ਵਿਕਸਤ ਦੇਸ਼ ਵੀ ਇਸੇ ਵਰਤਾਰੇ ਵਿਚੋਂ ਗੁਜ਼ਰੇ ਹਨ। ਪਰ ਪੰਜਾਬ ਦਾ ਇੱਕ ਦੁਖਾਂਤ ਇਹ ਰਿਹਾ ਹੈ ਕਿ ਖੇਤੀ ਆਮਦਨ ਦਾ ਇਸ ਦੀ ਸਮੁੱਚੀ ਆਮਦਨ ਵਿਚੋ ਹਿੱਸਾ ਤਾਂ ਘੱਟਦਾ ਗਿਆ ਹੈ ਪਰ ਖੇਤੀ- ਉਪੱਰ ਕਿਰਤ ਦਾ ਭਾਰ ਬਹੁਤ ਹੀ ਘੱਟ ਘਟਿਆ। ਇਸ ਨਾਲ ਖੇਤੀ ਵਿੱਚ ਲੱਗੀ ਕਿਰਤ (ਵਾਹੀਕਾਰ ਅਤੇ ਖੇਤੀ ਕਾਮੇਂ) ਦੀ ਪ੍ਰਤੀ-ਕਿਰਤੀ ਉਤਪਾਦਿਕਤਾ ਲਗਾਤਾਰ ਘੱਟਦੀ ਜਾ ਰਹੀ ਹੈ।ਇਸੇ ਤਰ੍ਹਾਂ ਖੇਤੀ ਅਤੇ ਪਸ਼ੂ ਧਨ ਦਾ ਹਿੱਸਾ 1970-71 ਵਿੱਚ 57 ਪ੍ਰਤੀਸ਼ਤ ਤੋਂ ਘਟ ਕੇ 2007-08 ਵਿੱਚ 31.45 ਪ੍ਰਤੀਸ਼ਤ ਰਹਿ ਗਿਆ। ਇਸ ਦੇ ਮੁਕਾਬਲੇ ਖੇਤੀ ਕਿਰਤੀਆਂ (ਵਾਹੀਕਾਰ ਅਤੇ ਖੇਤ-ਮਜ਼ਦੂਰ) ਦਾ ਪੰਜਾਬ ਦੇ ਸਮੁੱਚੇ ਕਿਰਤੀਆਂ ਵਿੱਚ ਹਿੱਸਾ 1971 ਵਿੱਚ 62 ਪ੍ਰਤੀਸ਼ਤ ਤੋਂ ਘੱਟ ਕੇ 1991 ਵਿੱਚ 55 ਪ੍ਰਤੀਸ਼ਤ ਹੋ ਗਿਆ। 2001 ਵਿੱਚ ਇਹ ਹਿੱਸਾ 39 ਪ੍ਰਤੀਸ਼ਤ ਰਹਿ ਗਿਆ।ਇਸ ਦਾ ਮਤਲਬ ਹੈ ਕਿ ਖੇਤੀ ਵਿੱਚ ਕਿਰਤੀਆਂ ਦੀ ਪ੍ਰਤੀਸ਼ੱਤਤਾ ਅਜੇ ਵੀ ਬਹੁਤ ਜਿਆਦਾ ਹੈ।

? ਪੰਜਾਬ ਦੇ ਖੇਤੀ ਸੈਕਟਰ ਨੂੰ ਸਨਅਤੀਕਰਣ ਦਾ ਮੋੜ ਦੇਣ ਲਈ ਵੀ ਹਾਲਾਤ ਸਾਜ਼ਗਰ ਨਹੀਂ ਹਨ, ਤਾਂ ਫਿਰ ਖੇਤੀ ਸੈਕਟਰ ਦਾ ਜ਼ਮੂਦ ਕਿੰਝ ਟੁੱਟੇਗਾ?

ਘੁੰਮਣ -ਪੰਜਾਬ ਦੇ ਖੇਤੀ ਸੈਕਟਰ ਨੂੰ ਸਨਅਤੀਕਰਣ ਦਾ ਮੋੜ ਦੇਣ ਲਈ ਹਾਲਾਤ ਸਾਜਗਾਰ ਬਣਾਉਣ ਲਈ ਜ਼ਰੂਰੀ ਹੈ ਕਿ ਖੇਤਰੀ ਉਪਜ ਨੂੰ ਸਨਅਤੀ ਉਤਪਾਦਨ ਵਿੱਚ ਬਦਲਿਆ ਜਾ ਸਕੇ ਭਾਵ ਖੇਤੀ-ਉਪਜ ਅਧਾਰਤ ਸਨਅਤਾਂ ਸਥਾਪਤ ਕੀਤੀਆਂ ਜਾਣ। ਇਸ ਲਈ ਜ਼ਰੂਰੀ ਹੈ ਕਿ ਪੰਜਾਬ ਵਿੱਚ ਬਿਜਲੀ ਦੀ ਵਧੱਦੀ ਮੰਗ ਦੀ ਪੂਰਤੀ ਲਈ ਹੋਰ ਬਿਜਲੀ ਪੈਦਾ ਕੀਤੀ ਜਾਵੇ, ਸੜਕਾਂ, ਆਵਾਜਾਈ ਅਤੇ ਸੰਚਾਰ ਸਾਧਨਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇ, ਸਿੱਖਿਆ ਅਤੇ ਸਿਹਤ ਸਹੂਲਤਾਂ ਨੂੰ ਮਿਆਰੀ ਬਣਾਇਆ ਜਾਵੇ ਅਤੇ ਪੰਜਾਬ ਦੀ ਸਮੁੱਚੀ ਕਿਰਤ ਨੂੰ ਸਿੱਖਿਅਤ ਅਤੇ ਹੁਨਰਮੰਦ ਬਣਾ ਕੇ ਰੁਜ਼ਗਾਰ ਪ੍ਰਾਪਤ ਕਰਨ ਦੇ ਯੋਗ ਬਣਾਇਆ ਜਾਵੇ। ਇਸ ਤੋਂ ਵੀ ਇੱਕ ਗੱਲ ਜੋ ਬਹੁਤ ਜ਼ਰੂਰੀ ਹੈ ਕਿ ਨਿਵੇਸ਼ਕਾਰਾਂ ਦਾ ਵਿਸਵਾਸ਼ ਬਹਾਲ ਕਰਨ ਲਈ ਹਾਲਾਤ ਸਾਜਗਾਰ ਬਣਾਏ ਜਾਣ। ਰਾਜਨੀਤਿਕ ਅਨਿਸਚਤਾ ਅਤੇ ਅਰਾਜਿਕਤਾ ਨੂੰ ਦੂਰ ਕਰਕੇ ਹੀ ਅਜਿਹਾ ਵਿਸ਼ਵਾਸ ਬਹਾਲ ਕੀਤਾ ਜਾ ਸਕਦਾ ਹੈ। ਸਿਆਸੀ ਪਾਰਟੀਆਂ ਅਤੇ ਅਫ਼ਸਰਸ਼ਾਹੀ ਨੂੰ ਇਕ ਨਿਘਰ ਸੰਦੇਸ਼ ਭੇਜਣਾ ਪਵੇਗਾ ਕਿ ਹਾਂ ਉਹ ਵਿਕਾਸ ਚਾਹੁੰਦੇ ਹਨ। ਵਿਕਾਸ ਕੇਵਲ ਗੱਲਾਂ ਅਤੇ ਨਾਹਰਿਆਂ ਨਾਲ ਨਹੀਂ ਹੋਣਾ, ਸਗੋਂ ਨਿਘਰ ਨੀਤੀਆਂ ਅਤੇ ਉਨ੍ਹਾਂ ਦੇ ਲਾਗੂ ਹੋਣ ਨਾਲ ਹੋਣਾ ਹੈ। ਭ੍ਰਿਸ਼ਟਾਚਾਰ ਜੋ ਪਿਛਲੇ ਤਕਰੀਬਨ 20-25 ਸਾਲਾਂ ਤੋਂ ਅਮਰ ਵੇਲ ਵਾਂਗ ਵੱਧ ਰਿਹਾ ਹੈ, ਇਸ ਨੂੰ ਠੱਲ ਪਾਉਣ ਦੀ ਲੋੜ ਹੈ। ਚੰਗਾ ਹੋਵੇ ਜੇ ਪੰਜਾਬ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਆਪਸ ਵਿਚ ਮਿਲਕੇ ਇਸ ਨੂੰ ਘਟਾਉਣ ਅਤੇ ਯਤਨ ਕਰਨ ਦਾ ਅਹਿੱਦ ਕਰਨ। ਭ੍ਰਿਸ਼ਟਾਚਾਰ ਵਿਕਾਸ ਸਬੰਧੀ ਸ਼ੁਹਿਰਦ ਤੋਂ ਸੁਹਿਰਦ ਨੀਤੀ ਨੂੰ ਵੀ ਲਾਗੂ ਨਹੀਂ ਹੋਣ ਦਿੰਦਾ।

? ਖੇਤੀ ਸੈਕਟਰ ਦਾ ਜ਼ਮੂਦ ਨਾ ਟੁੱਟਣ ਦੇ ਸਿੱਟੇ ਕੀ ਹੋ ਸਕਦੇ ਹਨ?

ਘੁੰਮਣ -ਖੇਤੀ ਖੇਤਰ ਵਿੱਚ ਆਈ ਖੜੋਤ (ਜ਼ਮੂਦ) ਤੋੜਨ ਲਈ ਮੈਂ ਆਪਣਾ ਪ੍ਰਤੀਕਰਮ ਪਹਿਲਾਂ ਹੀ ਦੇ ਚੁੱਕਾਂ ਹਾਂ। ਇੱਕਲੇ ਖੇਤੀ ਖੇਤਰ ਦੀ ਖੜੋਤ ਤੋੜਨ ਨਾਲ ਪੰਜਾਬ ਦਾ ਵਿਕਾਸ ਨਹੀਂ ਹੋਣਾ ਕਿਉਂਕਿ ਖੇਤੀ ਖੇਤਰ ਵਿਕਾਸ ਨੂੰ ਇੱਕ ਸੀਮਾਂ ਤੋਂ ਅੱਗੇ ਨਹੀਂ ਲਿਜਾ ਸਕਦਾ। ਵਿਕਾਸ ਲਈ ਬਾਕੀ ਦੇ ਖੇਤਰਾਂ (ਉਦਯੋਗ ਅਤੇ ਸੇਵਾਵਾਂ) ਨੂੰ ਵੀ ਵਿਕਸਤ ਕਰਨ ਦੀ ਲੋੜ ਹੈ। ਇਸ ਦੇ ਨਾਲ ਹੀ ਖੇਤੀ ਸੈਕਟਰ ਦੀ ਖੜੋਤ ਤੋੜਨ ਲਈ ਸਮੁੱਚੀ ਪੇਂਡੂ ਆਰਥਿਕਤਾ ਦਾ ਵਿਕਾਸ ਕਰਨਾ ਪਵੇਗਾ। ਜਿਸ ਲਈ ਹੋਰਨਾਂ ਗੱਲਾਂ ਤੋਂ ਇਲਾਵਾ ਪੰਜਾਬ ਦੇ ਪੇਂਡੂ ਖੇਤਰ ਵਿੱਚ ਸਿੱਖਿਆ ਅਤੇ ਸਿਹਤ ਸੇਵਾਵਾਂ ਦਾ ਢਹਿ ਢੇਰੀ ਹੋ ਚੁੱਕਿਆ ਸਿਸਟਮ ਮੁੜ ਤੋਂ ਉਸਾਰਨ ਦੀ ਲੋੜ ਹੈ। ਜੇਕਰ ਖੇਤੀ ਖੇਤਰ ਚ ਆਈ ਖੜੋਤ ਨੂੰ ਨਹੀਂ ਤੋੜਿਆ ਜਾਂਦਾ ਤਾਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੁਆਰਾ ਕੀਤੀਆਂ ਜਾ ਰਹੀਆਂ ਆਤਮ ਹੱਤਿਆਵਾਂ ਵਿੱਚ ਹੋਰ ਵਾਧਾ ਹੋਵੇਗਾ। ਕਿਸਾਨੀ ਅਤੇ ਖੇਤ ਮਜ਼ਦੂਰਾ ਸਿਰ ਕਰਜਾ ਹੋਰ ਵਧੇਗਾ ਅਤੇ ਇਸ ਤਰ੍ਹਾਂ ਉਨ੍ਹਾਂ ਦੁਆਰਾ ਆਤਮ-ਹੱਤਿਆਵਾਂ ਦਾ ਸਿਲਸਿਲਾ ਲਗਾਤਾਰ ਜਾਰੀ ਰਹੇਗਾ। ਸਮਾਜਿਕ ਅਤੇ ਰਾਜਨੀਤਕ ਸੰਗਿਠਤ ਲਹਿਰਾਂ ਵੀ ਜ਼ਨਮ ਲੈ ਸਕਦੀਆਂ ਹਨ। ਅਰਾਜਕਤਾ ਵੀ ਵੱਧਾ ਸਕਦੀ ਹੈ। ਸਮੁੱਚੇ ਪੰਜਾਬ ਦਾ ਆਰਥਿਕ ਵਿਕਾਸ ਖਤਰੇ ਚ ਪੈ ਸਕਦਾ ਹੈ। ਪੰਜਾਬ ਦੇ ਨੌਜਵਾਨ ਵਿਦੇਸਾਂ ਵਿੱਚ ਰੁਲੱਣ ਲਈ ਮਜ਼ਬੂਰ ਹੋ ਰਹੇ ਹਨ ਜਿਸ ਵਿਚ ਹੋਰ ਵਾਧਾ ਹੋਵੇਗਾ। ਇਸ ਲਈ ਜ਼ਰੂਰੀ ਹੈ ਕਿ ਖੇਤੀ ਖੇਤਰ ਨੂੰ ਸਨਅਤਾਂ ਨਾਲ ਜੋੜਿਆ ਜਾਵੇ, ਸਨਅਤੀ ਖੇਤਰ ਅਤੇ ਸੇਵਾਵਾਂ ਦੇ ਖੇਤਰਾਂ ਦਾ ਵੀ ਵਿਕਾਸ ਕੀਤਾ ਜਾਵੇ ਅਤੇ ਰੁਜ਼ਗਾਰ ਦੇ ਮੌਕੇ ਮੁਹੲਈਆ ਕੀਤੇ ਜਾਣ।

? ਆਰਥਿਕ ਯੋਜਨਾਬੰਦੀ ਦੇ ਮਾਮਲਿਆਂ ਵਿੱਚ ਪੰਜਾਬ ਦੀ ਅਫ਼ਸਰਸ਼ਾਹੀ ਨੇ ਅਰਥ-ਸ਼ਾਸਤਰੀਆਂ ਨੂੰ ਬੇਵੱਸ ਕੀਤਾ ਹੋਇਆ ਹੈ, ਕੀ ਇਸਦਾ ਹੱਲ ਲੱਭਣ ਦਾ ਕੋਈ ਯਤਨ ਕੀਤਾ ਜਾ ਰਿਹਾ ਹੈ ਜਾਂ ਇਹ ਸਮੱਸਿਆ ਇਵੇਂ ਹੀ ਬਣੀ ਰਹੇਗੀ?

ਘੁੰਮਣ -ਪੰਜਾਬ ਵਿੱਚ ਪੰਜਾਬ ਰਾਜ ਯੋਜਨਾ ਬੋਰਡ ਨਾਂ ਦੀ ਸੰਸਥਾ ਮੌਜੂਦ ਤਾਂ ਹੈ ਪਰ ਅੱਜ ਤੱਕ ਨਾਂ ਤਾਂ ਇਸਦੀ ਹੋਂਦ ਅਤੇ ਨਾਂ ਹੀ ਇਸਦੀ ਕੋਈ ਛਾਪ ਪੰਜਾਬ ਦੀ ਯੋਜਨਾਬੰਦੀ ਅਤੇ ਵਿਕਾਸ ਵਿੱਚ ਨਜ਼ਰ ਆਈ ਹੈ। ਜਾਪਦਾ ਇੰਝ ਹੈ ਕਿ ਪੰਜਾਬ ਨੂੰ ਕਿਸੇ ਯੋਜ਼ਨਾਬੰਦੀ ਦੀ ਲੋੜ ਹੀ ਨਹੀਂ, ਬੱਸ ਰੱਬ ਆਸਰੇ ਕੰਮ ਚੱਲ ਰਿਹਾ ਹੈ। ਪਿਛੇ ਤਕਰੀਬਨ ਦਸ ਸਾਲਾਂ ਤੋਂ ਪੰਜਾਬ ਦੇ ਆਰਥਿਕ ਵਿਕਾਸ ਦੀ ਦਰ ਵੀ ਦੇਸ ਦੀ ਔਸਤ ਵਿਕਾਸ ਦੀ ਦਰ ਤੋਂ ਥੱਲੇ ਹੈ ਅਤੇ ਪ੍ਰਤੀ ਜੀਅ ਆਮਦਨ ਵਿੱਚ ਵੀ ਪੰਜਾਬ ਪਹਿਲੇ ਨੰਬਰ ਤੋਂ ਪੰਜਵੇਂ ਨੰਬਰ ਤੇ ਪਹੁੰਚ ਗਿਆ ਹੈ। ਪੰਜਾਬ ਰਾਜ ਯੋਜਨਾ ਬੋਰਡ ਦਾ ਨਿਸ-ਕ੍ਰਿਆ ਹੋਣਾ ਅਤੇ ਆਰਥਿਕ ਯੋਜਨਾ ਬੰਦੀ ਵਿੱਚ ਅਰਥ-ਸ਼ਾਸਤਰੀਆਂ ਦੀ ਬੇਵਸੀ ਦਾ ਕਾਰਨ ਅਫਸਰਸ਼ਾਹੀ ਅਤੇ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਹਨ। ਪਹਿਲਾਂ ਤਾਂ ਯੋਜਨਾ ਬੋਰਡ ਦੀ ਵਾਂਗ-ਡੋਰ ਅਰਥ-ਸ਼ਾਸਤਰੀਆਂ ਨੂੰ ਸੌਂਪੀ ਹੀ ਨਹੀਂ ਜਾਂਦੀ ਅਤੇ ਜੇਕਰ ਕਿਧਰੇ ਅਜਿਹਾ ਕੀਤਾ ਵੀ ਗਿਆ ਤਾਂ ਰਾਜਨੀਤਕ ਪਾਰਟੀਆਂ (ਰਾਜ ਸਰਕਾਰ) ਅਤੇ ਅਫਸਰਸ਼ਾਹੀ ਬੋਰਡ ਦੇ ਕੰਮ ਵਿਚ ਇੱਕ ਤੋਂ ਵੱਧ ਇਕ ਰੁਕਾਵਟ ਪਾਉਂਦੇ ਰਹਿੰਦੇ ਹਨ। ਇਸੇ ਕਾਰਨ ਹੀ ਡਾ. ਸਰਦਾਰਾ ਸਿੰਘ ਜ਼ੋਹਲ ਵਰਗੇ ਸੁ-ਪ੍ਰਸਿੱਧ ਅਰਥ ਸ਼ਾਸਤਰੀ ਵੀ ਪੰਜ ਸਾਲ ਪੰਜਾਬ ਰਾਜ ਬੋਰਡ ਦੇ ਵਾਈਸ-ਚੇਅਰਮੈਨ ਰਹਿਣ ਵੇਲੇ ਵੀ ਪੰਜਾਬ ਦੀ ਆਰਥਿਕ ਯੋਜਨਾਬੰਦੀ ਨੂੰ ਠੀਕ ਲੀਹਾਂ ਤੇ ਤੋਰਨ ਤੋਂ ਅਸਮੱਰਥ ਰਹੇ ਹਨ। ਮੌਜੂਦਾ ਅਕਾਲੀ- ਭਾਜਪਾ ਸਰਕਾਰ ਨੇ ਤਾਂ ਸਾਰੀਆਂ ਕਸਰਾਂ ਹੀ ਕੱਢ ਦਿੱਤੀਆਂ। ਪਹਿਲਾਂ ਤਿੰਨ ਸਾਲ ਇੱਕ ਐਲੋਪੈਥਿਕ ਡਾਕਟਰ ਨੂੰ ਪੰਜਾਬ ਰਾਜ ਯੋਜਨਾ ਬੋਰਡ ਦਾ ਵਾਈਸ-ਚੇਅਰਮੈਨ ਬਣਾਈ ਰੱਖਿਆ ਅਤੇ ਹੁਣ ਇੱਕ ਰਾਜਨੀਤਕ ਨੇਤਾ ਨੂੰ ਇਸ ਦੇ ਵਾਈਸ-ਚੇਅਰਮੈਨ ਦੇ ਅਹੁੱਦੇ ਉਪਰ ਬਿਠਾ ਦਿੱਤਾ ਹੈ। ਯੋਜਨਾ ਬੰਦੀ ਪ੍ਰਤੀ ਸਰਕਾਰ ਦੀ "ਸੁਹਿਰਦਤਾ" ਬਾਰੇ ਕਿਸੇ ਨੂੰ ਕੋਈ ਸ਼ਕ ਨਹੀਂ ਹੋਣਾ ਚਾਹੀਦਾ। ਪੰਜਾਬ ਰਾਜ ਯੋਜਨਾ ਬੋਰਡ ਨੂੰ ਕ੍ਰਿਆਸ਼ੀਲ ਬਣਾਉਣ ਲਈ ਜ਼ਰੂਰੀ ਹੈ ਕਿ ਕਿਸੇ ਅਜਿਹੇ ਅਰਥ-ਸ਼ਾਸਤਰੀ ਨੂੰ ਇਸ ਦੀ ਵਾਗ ਡੋਰ ਸੰਭਾਲੀ ਜਾਵੇ ਜੋ ਪੰਜਾਬ ਦੀ ਅਰਥ ਵਿਵਸਥਾ ਅਤੇ ਸੁਸਾਇਟੀ ਦੀ ਨਬਜ ਨੂੰ ਸਮਝਦਾ ਹੋਵੇ ਅਤੇ ਜੋ ਇਸ ਨੂੰ ਯੋਗ ਅਗਵਾਈ ਦੇਣ ਦੇ ਕਾਬਿਲ ਵੀ ਹੋਵੇ। ਸਰਕਾਰ ਵਲੋ ਉਸ ਨੂੰ ਪੂਰਨ ਸਹਿਯੋਗ ਵੀ ਹੋਵੇ, ਨਾਲ ਹੀ ਰਾਜਨੀਤੀ ਅਤੇ ਅਫਸਰਸ਼ਾਹੀ ਨੂੰ ਇਸ ਤੋਂ ਦੂਰ ਰੱਖਿਆ ਜਾਵੇ।

***ਪੰਜਾਬ ਰਾਜ ਯੋਜਨਾ ਬੋਰਡ ਦਾ ਨਿਸ-ਕ੍ਰਿਆ ਹੋਣਾ ਅਤੇ ਆਰਥਿਕ ਯੋਜਨਾ ਬੰਦੀ ਵਿੱਚ ਅਰਥ-ਸ਼ਾਸਤਰੀਆਂ ਦੀ ਬੇਵਸੀ ਦਾ ਕਾਰਨ ਅਫਸਰਸ਼ਾਹੀ ਅਤੇ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਹਨ। ਪਹਿਲਾਂ ਤਾਂ ਯੋਜਨਾ ਬੋਰਡ ਦੀ ਵਾਂਗ-ਡੋਰ ਅਰਥ-ਸ਼ਾਸਤਰੀਆਂ ਨੂੰ ਸੌਂਪੀ ਹੀ ਨਹੀਂ ਜਾਂਦੀ ਅਤੇ ਜੇਕਰ ਕਿਧਰੇ ਅਜਿਹਾ ਕੀਤਾ ਵੀ ਗਿਆ ਤਾਂ ਰਾਜਨੀਤਕ ਪਾਰਟੀਆਂ (ਰਾਜ ਸਰਕਾਰ) ਅਤੇ ਅਫਸਰਸ਼ਾਹੀ ਬੋਰਡ ਦੇ ਕੰਮ ਵਿੱਚ ਇੱਕ ਤੋਂ ਵੱਧ ਇਕ ਰੁਕਾਵਟ ਪਾਉਂਦੇ ਰਹਿੰਦੇ ਹਨ। ਇਸੇ ਕਾਰਨ ਹੀ ਡਾ. ਸਰਦਾਰਾ ਸਿੰਘ ਜ਼ੋਹਲ ਵਰਗੇ ਸੁ-ਪ੍ਰਸਿੱਧ ਅਰਥ ਸ਼ਾਸਤਰੀ ਵੀ ਪੰਜ ਸਾਲ ਪੰਜਾਬ ਰਾਜ ਬੋਰਡ ਦੇ ਵਾਈਸ-ਚੇਅਰਮੈਨ ਰਹਿਣ ਵੇਲੇ ਵੀ ਪੰਜਾਬ ਦੀ ਆਰਥਿਕ ਯੋਜਨਾਬੰਦੀ ਨੂੰ ਠੀਕ ਲੀਹਾਂ ਤੇ ਤੋਰਨ ਤੋਂ ਅਸਮੱਰਥ ਰਹੇ ਹਨ। ਮੌਜੂਦਾ ਅਕਾਲੀ-ਭਾਜਪਾ ਸਰਕਾਰ ਨੇ ਤਾਂ ਸਾਰੀਆਂ ਕਸਰਾਂ ਹੀ ਕੱਢ ਦਿੱਤੀਆਂ। ਪਹਿਲਾਂ ਤਿੰਨ ਸਾਲ ਇੱਕ ਐਲੋਪੈਥਿਕ ਡਾਕਟਰ ਨੂੰ ਪੰਜਾਬ ਰਾਜ ਯੋਜਨਾ ਬੋਰਡ ਦਾ ਵਾਈਸ-ਚੇਅਰਮੈਨ ਬਣਾਈ ਰੱਖਿਆ ਅਤੇ ਹੁਣ ਇੱਕ ਰਾਜਨੀਤਕ ਨੇਤਾ ਨੂੰ ਇਸ ਦੇ ਵਾਈਸ-ਚੇਅਰਮੈਨ ਦੇ ਅਹੁੱਦੇ ਉਪਰ ਬਿਠਾ ਦਿੱਤਾ ਹੈ। ਯੋਜਨਾ ਬੰਦੀ ਪ੍ਰਤੀ ਸਰਕਾਰ ਦੀ "ਸੁਹਿਰਦਤਾ" ਬਾਰੇ ਕਿਸੇ ਨੂੰ ਕੋਈ ਸ਼ਕ ਨਹੀਂ ਹੋਣਾ ਚਾਹੀਦਾ। ਪੰਜਾਬ ਰਾਜ ਯੋਜਨਾ ਬੋਰਡ ਨੂੰ ਕ੍ਰਿਆਸ਼ੀਲ ਬਣਾਉਣ ਲਈ ਜ਼ਰੂਰੀ ਹੈ ਕਿ ਕਿਸੇ ਅਜਿਹੇ ਅਰਥ-ਸ਼ਾਸਤਰੀ ਨੂੰ ਇਸ ਦੀ ਵਾਗ ਡੋਰ ਸੰਭਾਲੀ ਜਾਵੇ ਜੋ ਪੰਜਾਬ ਦੀ ਅਰਥ ਵਿਵਸਥਾ ਅਤੇ ਸੁਸਾਇਟੀ ਦੀ ਨਬਜ ਨੂੰ ਸਮਝਦਾ ਹੋਵੇ ਅਤੇ ਜੋ ਇਸ ਨੂੰ ਯੋਗ ਅਗਵਾਈ ਦੇਣ ਦੇ ਕਾਬਿਲ ਵੀ ਹੋਵੇ।***

# ਨਹੀਂ ਰੁਕਿਆ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਸਿਲਸਿਲਾ

ਚੰਡੀਗੜ੍ਹ, ਕੇਂਦਰ ਅਤੇ ਰਾਜ ਸਰਕਾਰ ਦੀ ਹਮਦਰਦੀ ਦੇ ਸਾਰੇ ਦਾਅਵਿਆਂ ਦੇ ਬਾਵਜੂਦ ਪੰਜਾਬ ਵਿਚ ਕਰਜ਼ੇ ਦੇ ਬੋਝ ਹੇਠ ਦਬੇ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕਰਨ ਦਾ ਸਿਲਸਿਲਾ ਨਹੀਂ ਰੁਕ ਰਿਹਾ ਹੈ। ਸੂਬੇ ਦੇ ਦੋ ਜ਼ਿਲ੍ਹਿਆਂ ਵਿਚ ਸਰਵੇਖਣ ਤੋਂ ਬਾਅਦ ਹੋਰਨਾਂ ਜ਼ਿਲ੍ਹਿਆਂ ਵਿਚ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀ ਸੰਖਿਆ ਅਤੇ ਕਾਰਨ ਜਾਨਣ ਲਈ ਕੀਤੇ ਜਾਣ ਵਾਲੇ ਸਰਵੇਖਣ ਪੈਸੇ ਦੀ ਕਮੀ ਦੀ ਭੇਟ ਚੜ੍ਹ ਗਿਆ ਹੈ।

ਮੋਗਾ ਜ਼ਿਲ੍ਹੇ ਦੇ ਰੌਂਤਾ ਪਿੰਡ ਦੇ ਕਿਸਾਨ ਨੇ ਕੁਝ ਦਿਨ ਪਹਿਲਾਂ ਖੁਦਕੁਸ਼ੀ ਕਰ ਲਈ। ਇਸ ਜ਼ਿਲ੍ਹੇ ਤੋਂ ਹਰ ਹਫ਼ਤੇ ਖੁਦਕੁਸ਼ੀ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਸੂਬਾ ਸਰਕਾਰ ਨੇ ਬੀਤੇ ਦਿਨੀਂ ਸੰਗਰੂਰ ਅਤੇ ਬਠਿੰਡਾ ਜ਼ਿਲ੍ਹਿਆਂ ਵਿਚ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਅਤੇ ਮਜ਼ਦੂਰਾਂ ਸਬੰਧੀ ਇਕ ਸਰਵੇਖਣ ਪੰਜਾਬ ਖੇਤੀ ਯੂਨੀਵਰਸਿਟੀ ਤੋਂ ਕਰਵਾਇਆ ਸੀ। ਇਸ ਵਿਚ 2003 ਤੋਂ 2008 ਤੱਕ 2890 ਕਿਸਾਨਾਂ ਵੱਲੋਂ ਖੁਦਕੁਸ਼ੀ ਕਰਨ ਦੇ ਮਾਮਲੇ ਸਾਹਮਣੇ ਆਏ ਸਨ। ਸੂਬਾ ਸਰਕਾਰ ਹੋਰਨਾਂ ਜ਼ਿਲ੍ਹਿਆਂ ਵਿਚ ਵੀ ਇਸ ਤਰ੍ਹਾਂ ਦਾ ਸਰਵੇਖਣ ਕਰਾਉਣਾ ਚਾਹੁੰਦੀ ਸੀ। ਇਸ ਲਈ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਜ਼ਿਲ੍ਹਿਆਂ ਦੀ ਅਲਾਟਮੈਂਟ ਵੀ ਕਰ ਦਿੱਤੀ। ਇਸ ਕੰਮ ਲਈ ਯੂਨੀਵਰਸਿਟੀਆਂ ਨੂੰ ਕਰੀਬ ਪੰਜ ਤੋਂ ਸੱਤ ਲੱਖ ਰੁਪਏ ਦਿੱਤੇ ਜਾਣੇ ਸਨ। ਪਰ ਬੀਤੇ ਸਾਲ ਦਸੰਬਰ ਵਿਚ ਪੂਰਾ ਹੋ ਜਾਣ ਵਾਲਾ ਸਰਵੇਖਣ ਪੈਸਾ ਨਹੀਂ ਦਿੱਤੇ ਜਾਣ ਕਾਰਨ ਸ਼ੁਰੂ ਵੀ ਨਹੀਂ ਹੋ ਸਕਿਆ।

> ਵਿੱਤ ਵਿਭਾਗ ਨੂੰ ਕਈ ਵਾਰ ਸਰਵੇਖਣ ਲਈ ਪੈਸਾ ਦੇਣ ਲਈ ਲਿਖਿਆ ਹੈ ***ਪਰ ਪੈਸਾ ਜਾਰੀ ਨਹੀਂ ਹੋਇਆ। ਯੂਨੀਵਰਸਿਟੀ ਵੀ ਪਹਿਲਾਂ ਪੈਸਾ ਲਏ ਬਿਨਾਂ ਸਰਵੇਖਣ ਸ਼ੁਰੂ ਨਹੀਂ ਕਰ ਰਹੀ।***
>
> ਰੋਮਿਲਾ ਦੂਬੇ, ਸਕੱਤਰ, ਵਿੱਤ ਵਿਕਾਸ

ਖੇਤੀ ਵਿਭਾਗ ਦੇ ਅੰਦਾਜ਼ੇ ਅਨੁਸਾਰ ਇਸ ਵਾਰ ਜ਼ਿਆਦਾ ਗਰਮੀ ਅਤੇ ਸਮੇਂ 'ਤੇ ਬਿਜਲੀ ਨਹੀਂ ਮਿਲ ਸਕਣ ਕਾਰਨ ਕਣਕ ਦੇ ਉਤਪਾਦਨ ਵਿਚ ਲਗਭਗ ਦੋ ਕੁਇੰਟਲ ਪ੍ਰਤੀ ਏਕੜ ਕਮੀ ਆਈ ਹੈ। ਇਸ ਤਰ੍ਹਾਂ ਕਿਸਾਨਾਂ ਨੂੰ ਲਗਭਗ 1380 ਕਰੋੜ ਰੁਪਏ ਦੇ ਕਰੀਬ ਨੁਕਸਾਨ ਝੱਲਣਾ ਪਿਆ ਹੈ। ਡੀਜ਼ਲ ਦੇ ਮੁੱਲ ਵਿਚ ਵਾਧੇ ਅਤੇ ਮੋਟਰਾਂ ਦੇ ਬਿਲਾਂ ਦੀ ਅਦਾਇਗੀ, ਧਰਤੀ ਹੇਠ ਪਾਣੀ ਦਾ ਪੱਧਰ ਘਟਣ ਕਾਰਨ ਟਿਊਬਵੈੱਲ ਡੂੰਘੇ ਕਰਨ ਦੇ ਖਰਚ ਵਧ ਗਏ ਹਨ। ਇਸ ਦੇ ਨਾਲ ਹੀ ਸਰਕਾਰੀ ਬੈਂਕਾਂ ਨੇ ਕਰਜ਼ਾ ਵਾਪਸ ਨਾ ਕਰਨ ਕਾਰਨ ਕਿਸਾਨਾਂ ਦੀ ਫੜੋ-ਫੜੀ ਸ਼ੁਰੂ ਕਰ ਦਿੱਤੀ ਹੈ।

# ਫਿਲਮਾਂ ਅਤੇ ਨਾਟਕਾਂ ਵਿੱਚ ਭਗਤ ਸਿੰਘ

ਤੇਜਵੰਤ ਸਿੰਘ ਗਿੱਲ



ਸ਼ਹੀਦ ਹੋਣ ਤੋਂ ਪਹਿਲਾਂ ਹੀ ਭਗਤ ਸਿੰਘ ਦੀ ਪੰਜਾਬੀ ਸਾਹਿਤ ਵਿੱਚ ਮਹਿਮਾ ਹੋਣ ਲੱਗ ਪਈ ਸੀ। ਜਿਵੇਂ ਅਡੋਲ ਰਹਿ ਕੇ ਉਸਨੇ ਅਸੈਂਬਲੀ ਵਿੱਚ ਬੰਬ ਸੁੱਟਿਆ, ਨਿੱਡਰ ਹੋ ਕੇ ਗਿਰਫ਼ਤਾਰੀ ਦਿੱਤੀ, ਐਲਾਨ ਕੀਤਾ ਕਿ ਇਹ ਕਿਸੇ ਨੂੰ ਮਾਰਨ ਲਈ ਨਹੀਂ ਸਗੋਂ ਬਰਤਾਨਵੀ ਸਰਕਾਰ ਨੂੰ ਭਾਰਤ ਛੱਡ ਜਾਣ ਦੀ ਲਲਕਾਰ ਸੀ, ਇਸ ਗੱਲ ਤੋਂ ਲੋਕਾਂ ਨੂੰ ਲੱਗਿਆ ਕਿ ਦੇਸ਼ ਭਗਤੀ ਦੀ ਇਸ ਤੋਂ ਵਧੀਆ ਮਿਸਾਲ ਨਹੀਂ ਸੀ ਹੋ ਸਕਦੀ। ਜਦ ਉਸਦੀਆਂ ਤਸਵੀਰਾਂ ਤੋਂ ਸਿੱਧ ਹੋ ਗਿਆ ਕਿ ਇਹ ਕਾਰਨਾਮਾ ਕਰਨ ਵਾਲਾ ਲੰਮਾ ਝੰਬਾ, ਸੁਹਣਾ ਸੁਨੱਖਾ ਨੌਜਵਾਨ ਸੀ ਤਾਂ ਉਸਦੀ ਮਹਿਮਾ ਵਿੱਚ ਗ਼ਜ਼ਲਾਂ ਅਤੇ ਗੀਤ ਲਿਖੇ ਜਾਣ ਲੱਗ ਪਏ। ਰਾਜਸੀ ਕਾਰਕੁੰਨਾਂ, ਪੱਤਰਕਾਰਾਂ ਅਤੇ ਪੱਤਰ-ਪ੍ਰੇਰਕਾਂ ਦੀਆਂ ਇਹ ਲਿਖਤਾਂ ਸਨ। ਉੱਤਮ ਸਾਹਿਤ ਹੋਣ ਦਾ ਉਹ ਕੋਈ ਪ੍ਰਮਾਣ ਪੇਸ਼ ਨਹੀਂ ਸਨ ਕਰਦੀਆਂ।

ਦਰਅਸਲ ਭਗਤ ਸਿੰਘ ਬਾਰੇ ਉੱਤਮ ਸਾਹਿਤ ਤਾਂ ਅਜੇ ਤੱਕ ਵੀ ਉਪਲੱਬਧ ਨਹੀਂ। ਪਿਛਲੇ ਅੱਸੀ ਸਾਲਾਂ ਤੋਂ ਗੀਤ, ਗ਼ਜ਼ਲਾਂ ਅਤੇ ਵਾਰਾਂ ਆਦਿ ਬਥੇਰੀਆਂ ਲਿਖੀਆਂ ਗਈਆਂ ਹਨ। ਪਰ ਉਹਨਾਂ ਵਿੱਚੋਂ ਕੋਈ ਸਥਾਈ ਮੁੱਲ ਵਾਲੀ ਨਹੀਂ ਕਹੀ ਜਾ ਸਕਦੀ। ਸੱਠਵਿਆਂ ਦੇ ਅੰਤ ਸਮੇਂ ਦੀਦਾਰ ਸਿੰਘ ਨੇ ਮਹਾਂਕਾਵਿ ਲਿਖ ਦਿੱਤਾ, ਹੁਣ ਆ ਕੇ ਲਖਵਿੰਦਰ ਜੌਹਲ ਦੀ ਲੰਮੀ ਸੰਵਾਦੀ ਕਵਿਤਾ ਵੀ ਛਪੀ ਹੈ ਪਰ ਇਹਨਾਂ ਨਾਲ ਸਥਿੱਤੀ ਵਿੱਚ ਕੋਈ ਬੁਨਿਆਦੀ ਤਬਦੀਲੀ ਨਹੀਂ ਆਈ। ਪੰਜਾਹਵਿਆਂ ਤੋਂ ਫਿਲਮਾਂ ਬਣਨ ਲੱਗ ਪਈਆਂ, ਅੱਸੀਵਿਆਂ ਤੋਂ ਨਾਟਕ ਲਿਖੇ ਜਾਣ ਲੱਗ ਪਏ, ਪਿਛਲੇ ਸਾਲਾਂ ਵਿੱਚ ਕਈ ਨਾਵਲ ਵੀ ਛਪ ਗਏ ਹਨ। ਇਹਨਾਂ ਵਿੱਚੋਂ ਕਿਸੇ ਨੂੰ ਉੱਤਮ ਕਿਰਤ ਨਹੀਂ ਕਿਹਾ ਜਾ ਸਕਦਾ।

ਇਸਦਾ ਕੀ ਕਾਰਨ ਹੈ, ਏਥੇ ਇਹ ਜਾਣਨਾ ਵਧੇਰੇ ਜ਼ਰੂਰੀ ਬਣ ਜਾਂਦਾ ਹੈ। ਨਿਰਪੱਖ ਰਹਿਕੇ ਵਿਵੇਕ ਸਹਿਤ ਜੇ ਕਾਰਨ ਦੀ ਖੋਜ ਕੀਤੀ ਜਾਵੇ ਤਾਂ ਇਸਦਾ ਪਤਾ ਵੀ ਚੱਲ ਜਾਂਦਾ ਹੈ। ਮੇਰੀ ਜਾਚੇ ਭਗਤ ਸਿੰਘ ਨੂੰ ਉਸਦੇ ਪਿਛੋਕੜ, ਅਨੁਭਵ, ਸੀਮਾ ਅਤੇ ਸੰਭਾਵਨਾ ਤੋਂ ਵੰਚਿਤ ਰੱਖਕੇ ਉਸਨੂੰ ਦੇਸ਼ ਭਗਤੀ ਦਾ ਅਟੱਲ ਬਿੰਬ ਬਣਾ ਦੇਣਾ ਹੀ ਇਸਦਾ ਕਾਰਨ ਹੈ। ਇਸ ਨਾਲ ਉਸਦੀ ਮਹਿਮਾ ਵਿੱਚ ਬਹੁਤ ਵਾਧਾ ਹੋਇਆ, ਦੇਸ਼ ਦੇ ਹਰੇਕ ਕੋਨੇ ਵਿੱਚ ਉਸਦਾ ਨਾਂ ਗੂੰਜਣ ਲੱਗਾ। ਉਸਦੀਆਂ ਤਸਵੀਰਾਂ ਦਾ ਹੜ੍ਹ ਆ ਗਿਆ ਅਤੇ ਉਸਦਾ ਗੁਣ ਗਾਇਣ ਕਰਨ ਵਾਲੇ ਲੋਕਾਂ ਨੂੰ ਅਪਣੀ ਦੇਸ਼ਭਗਤੀ ਦਿਖਾਣ ਦਾ ਵੀ ਅਵਸਰ ਮਿਲ ਗਿਆ। ਜੋ ਉਸਦੀ ਸੂਰਤ ਤੋਂ ਲੱਗਦਾ ਸੀ, ਹਾਵਾਂ ਭਾਵਾਂ ਤੋਂ ਪ੍ਰਗਟ ਹੁੰਦਾ ਸੀ, ਬਿਆਨਾਂ ਤੋਂ ਪ੍ਰਤੱਖ ਸੀ, ਉਸਨੂੰ ਹੀ ਉਸਦੀ ਕੁੱਲ ਪੂੰਜੀ ਮੰਨ ਲਿਆ ਗਿਆ। ਗੌਣ ਰੂਪ ਵਿੱਚ ਹੀ ਭਾਵੇਂ ਜੋ ਉਸਦੇ ਮਨ ਵਿੱਚ ਚੱਲਦਾ ਸੀ, ਸੋਚ ਨੂੰ ਟੁੰਬਦਾ ਸੀ, ਜੋਸ਼ ਤੋਂ ਲਾਂਭੇ ਕਰਕੇ ਹੋਸ਼ ਵੱਲ ਪ੍ਰੇਰਿਤ ਕਰਦਾ ਸੀ, ਉਸਨੂੰ ਅਣਡਿੱਠ ਕਰ ਦਿੱਤਾ ਗਿਆ। ਇਸਦਾ ਪ੍ਰਮਾਣ ਉਸਦੀ ਡਾਇਰੀ ਦੇ ਮੁੱਖ ਪੰਨੇ ਤੋਂ ਭਲੀਭਾਂਤ ਹੀ ਮਿਲ ਜਾਂਦਾ ਹੈ।

ਸਭ ਤੋਂ ਪਹਿਲਾਂ ਉਸ ਪੰਨੇ 'ਤੇ ਮਿਰਜ਼ਾ ਗਾਲਿਬ ਦਾ ਇਹ ਸ਼ੇਅਰ ਦਰਜ ਹੈ-

ਕੋਈ ਦਿਨ ਕਾ ਮਹਿਮਾਨ ਹੈ ਐ ਅਹਿਲ ਏ ਮਹਿਫ਼ਲ
ਚਰਾਗ ਏ ਸਹਰ ਹੂੰ ਬੁਝਾ ਚਾਹਤਾ ਹੂੰ।

ਪਰ ਕਿਸੇ ਨੂੰ ਲੱਗਿਆ ਕਿ ਉਸੇ ਪੰਨੇ ਤੇ ਲਿਖਿਆ ਬਿਸਮਿਲ ਦਾ ਇਹ ਸ਼ੇਅਰ ਭਗਤ ਸਿੰਘ ਦੀ ਵਧੇਰੇ ਤਰਜ਼ਮਾਨੀ ਕਰਦਾ ਸੀ-

ਸਰ ਫ਼ਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ ਏ ਕਾਤਲ ਮੇਂ ਹੈ।

ਦੋਨਾਂ ਸ਼ੇਅਰਾਂ ਤੋਂ ਜੋ ਗ੍ਰਹਿਣ ਕਰਨ ਨੂੰ ਹੈ, ਉਸਨੂੰ ਏਥੇ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। 1857 ਦੇ ਗਦਰ ਦੀ ਨਾਕਾਮੀ ਨਾਲ ਜੋ ਨਿਰਾਸ਼ਾ ਅਤੇ ਨਮੋਸ਼ੀ ਫੈਲੀ ਉਸਦੀ ਥਾਹ ਪਾਉਣ ਖਾਤਰ ਮਿਰਜ਼ਾ ਗਾਲਿਬ ਦਾ ਸ਼ੇਅਰ ਹੋਸ਼ ਦਾ ਅਜੇਹਾ ਪਰਿਪੇਖ ਉਸਾਰ ਦਿੰਦਾ ਹੈ ਜੋ ਇਕੱਲ ਭੋਗਦੇ ਬੰਦੇ ਲਈ ਹੀ ਨਹੀਂ ਸਗੋਂ ਇਕੱਠ ਵਿੱਚ ਜੁੜੀ ਜਨਤਾ ਲਈ ਵੀ ਪ੍ਰਸੰਗਕ ਹੈ। ਇਸਦੇ ਟਾਕਰੇ ਵਿੱਚ ਬਿਸਮਿਲ ਦਾ ਸ਼ੇਅਰ ਹੋਸ਼ ਨੂੰ ਲਾਂਭੇ ਰੱਖਕੇ ਜੋਸ਼ ਨਾਲ ਜਿਵੇਂ ਬਰਤਾਨਵੀ ਰਾਜ ਨੂੰ ਵੰਗਾਰ ਪੇਸ਼ ਕੀਤੀ ਜਾ ਸਕਦੀ ਸੀ, ਉਸਦੀ ਵਕਾਲਤ ਕਰਦਾ ਹੈ। ਹੋਸ਼ ਤੋਂ ਪ੍ਰੇਰਿਤ ਹੋਣ ਦੀ ਥਾਂ ਭਗਤ ਸਿੰਘ ਨੇ ਜੋਸ਼ ਨਾਲ ਸਰਸ਼ਾਰ ਬਣਨ ਨੂੰ ਤਰਜੀਹ ਦਿੱਤੀ। ਇਸੇ ਨਾਲ ਉਹ ਓਤਪੋਤ ਹੋ ਕੇ ਉਸਨੇ ਉਹ ਕਾਰਨਾਮਾ ਕੀਤਾ ਜਿਸਨੇ ਲੋਕਾਂ ਦੀਆਂ ਨਜ਼ਰਾਂ ਵਿੱਚ ਉਸਨੂੰ ਦੇਸ਼ਭਗਤੀ ਦਾ ਅਟੱਲ ਬਿੰਬ ਬਣਾ ਦਿੱਤਾ। ਬੰਦੀ ਬਣਕੇ ਉਸਨੇ ਹੋਸ਼ ਨਾਲ ਬਥੇਰਾ ਸਬੰਧ ਜੋੜਿਆ ਪਰ ਸ਼ਹੀਦ ਹੋ ਜਾਣ ਦੀ ਜੋਸ਼ੀਲੀ ਤਮੰਨਾ ਅੱਗੇ ਇਸਦਾ ਕਰਤੱਵ ਗੌਣ ਹੀ ਬਣਿਆ ਰਿਹਾ।

ਇਸ ਪ੍ਰਸੰਗ ਵਿੱਚ ਉਸਦੀ ਤੁਲਨਾ ਉਹਨਾਂ ਗਦਰੀ ਸੂਰਬੀਰਾਂ ਨਾਲ ਹੋ ਸਕਦੀ ਹੈ ਜੋ ਜੋਸ਼ ਤੋਂ ਉਤੇਜਿਤ ਗਦਰ ਦੇ ਫੇਲ੍ਹ ਹੋ ਜਾਣ ਮਗਰੋਂ ਹੋਸ਼ ਤੋਂ ਪ੍ਰੇਰਿਤ ਸੰਘਰਸ਼ ਵੱਲ ਮੁੜੇ ਸਨ। ਇਹ ਸਨ ਭਾਈ ਰਤਨ ਸਿੰਘ ਅਤੇ ਭਾਈ ਸੰਤੋਖ ਸਿੰਘ ਜੋ ਅਨੇਕ ਔਕੜਾਂ ਸਹਿੰਦੇ ਰੂਸ ਪਹੁੰਚੇ। ਉੱਥੇ ਆਏ ਇਨਕਲਾਬ ਦਾ ਰਹੱਸ ਜਾਣਨ ਖ਼ਾਤਰ ਉਹਨਾਂ, ਲੈਨਿਨ ਤੱਕ ਨਾਲ ਸੰਪਰਕ ਬਣਾਉਣ ਦੀ ਤਾਂਘ ਕੀਤੀ। ਵਾਪਿਸ ਪੰਜਾਬ ਆ ਕੇ ਭਾਈ ਸੰਤੋਖ ਸਿੰਘ ਨੇ ਸਿੱਖੀ ਨੂੰ ਮਾਰਕਸੀ ਚਿੰਤਨ ਦੀ ਗੁੜ੍ਹਤੀ ਦੇਣੀ ਚਾਹੀ। ਕਿਰਤੀ ਕਿਸਾਨ ਪਾਰਟੀ ਬਣਾਈ, ਕਿਰਤੀ ਰਸਾਲਾ ਕੱਢਿਆ ਤਾਂ ਜੋ ਜਾਤਾਂ ਧਰਮਾਂ ਵਿੱਚ ਵੰਡੀ ਪੰਜਾਬੀ ਜਨਤਾ ਨੂੰ ਬਸਤੀਵਾਦ-ਵਿਰੋਧੀ ਏਕਤਾ ਵਿੱਚ ਪਰੋਇਆ ਜਾ ਸਕੇ। ਤਾਂ ਜੋ ਇਹ ਪ੍ਰਯਾਸ ਖੇਤਰੀ ਬਣ ਕੇ ਨਾ ਰਹਿ ਜਾਵੇ, ਭਾਈ ਰਤਨ ਸਿੰਘ ਨੇ ਇਸ ਲਈ ਪ੍ਰਦੇਸਾਂ ਤੋਂ ਸਮਰੱਥਾ ਜੁਟਾਈ। ਜੇ ਇਸ ਪ੍ਰਯਾਸ ਸਿਰੇ ਨਾ ਲੱਗਾ ਤਾਂ ਕਸੂਰ ਉਹਨਾਂ, ਰਾਜਸੀ ਧਿਰਾਂ ਦਾ ਸੀ ਜਿਹਨਾਂ ਤੋਂ ਸਹਿਯੋਗ ਦੀ ਆਸ ਰੱਖੀ ਜਾ ਸਕਦੀ ਹੈ।

ਇਹਨਾਂ ਰਾਜਸੀ ਧਿਰਾਂ ਵਿੱਚ ਪ੍ਰਥਮ ਨੌਜਵਾਨ ਭਾਰਤ ਸਭਾ ਹੋ ਸਕਦੀ ਸੀ ਜਿਸਦੀ ਭਗਤ ਸਿੰਘ ਪੁਰਜੋਸ਼ ਅਗਵਾਈ ਕਰ ਰਿਹਾ ਸੀ। ਭਾਵੇਂ ਕਿਰਤੀ ਵਿੱਚ ਉਸਦੇ ਲੇਖ ਵੀ ਛਪਦੇ ਸਨ ਪਰ ਉਪਰੋਕਤ ਸਹਿਯੋਗ ਪ੍ਰਤੀ ਉਸਨੇ ਕੋਈ ਰੁਚੀ ਨਾ ਦਿਖਾਈ। ਕਈ ਕਾਰਨ ਸਨ, ਗੁਰਬਾਣੀ ਅਤੇ ਗੁਰਮਤ ਤੋਂ ਦੂਰੀ, ਆਰੀਆ ਸਮਾਜ ਦੀ ਸਿੱਖਿਆ, ਇੱਕ ਚਾਚੇ ਦੇ ਜੇਲ੍ਹ ਵਿੱਚ ਮਾਰੇ ਜਾਣ ਅਤੇ ਦੂਜੇ ਦੇ ਜਲਾਵਤਨ ਹੋ ਜਾਣ ਦੀ ਪੀੜ, ਜਿਹਨਾਂ ਵਸ ਕੁੱਝ ਚਮਤਕਾਰੀ ਕਰ ਦੇਣ ਦੀ ਕਾਹਲ ਉਸਨੂੰ ਹਰ ਪਲ਼ ਲੱਗੀ ਰਹਿੰਦੀ ਸੀ। ਇਹ ਕਾਹਲ ਆਖ਼ਰੀ ਦਮ ਤੱਕ ਉਸਨੂੰ ਯੋਗ ਪ੍ਰਤੀਤ ਹੁੰਦੀ ਰਹੀ। ਫ਼ਲਸਰੂਪ ਉਹ ਲੈਨਿਨ ਨੂੰ ਅਪਣਾ ਆਦਰਸ਼ ਮੰਨਦਾ ਸੀ ਅਤੇ ਜੇਲ੍ਹ ਵਿੱਚ ਉਸਦੀ ਜੀਵਨੀ ਪੜ੍ਹਣ ਨੂੰ ਵੱਡੀ ਗੱਲ ਸਮਝਦਾ ਸੀ। ਇਸਦੇ ਬਾਵਜੂਦ ਉਹ ਇਹ ਨਾ ਜਾਣ ਸਕਿਆ ਕਿ ਵਿਛੋੜੇ ਦੇ ਅਸਹਿ ਦਰਦ ਨੂੰ ਭੋਗਦਾ ਲੈਨਿਨ ਅਪਣੇ ਭਰਾ ਦੇ ਹਿੰਸਕ ਕਦਮ ਨੂੰ, ਜੋ ਰੂਸ ਦੇ ਬਾਦਸ਼ਾਹ ਲਈ ਜਾਨਲੇਵਾ ਹੋ ਸਕਦਾ ਸੀ, ਇਨਕਲਾਬੀ ਸੰਘਰਸ਼ ਲਈ ਬੇਲੋੜਾ ਮੰਨਦਾ ਸੀ।

ਇਸ ਸਭ ਕਾਸੇ ਦੀ ਲੋਅ ਵਿੱਚ ਇਹ ਮੰਨਣਾ ਜਾਇਜ਼ ਲੱਗਦਾ ਹੈ ਕਿ ਦੇਸ਼ਭਗਤੀ ਦਾ ਅਟੱਲ ਬਿੰਬ ਸਮਝੇ ਜਾਣ ਕਾਰਨ ਜਿਸਦੀ ਤਾਂਘ ਭਗਤ ਸਿੰਘ ਦੇ ਮਨ ਨੂੰ ਵੀ ਟੁੰਬਦੀ ਸੀ, ਉਸ ਬਾਰੇ ਲਿਖਤਾਂ ਦੀ ਭਰਮਾਰ ਹੋ ਗਈ। ਨਾਲ ਹੀ ਪਰ ਉਹਨਾਂ ਦਾ ਉੱਤਮ ਸਾਹਿਤ ਨਾ ਬਣ ਸਕਣਾ ਵੀ ਤੈਹ ਹੋ ਗਿਆ। ਜਿੱਥੇ ਕਵਿਤਾ ਦੇ ਖੇਤਰ ਵਿੱਚ ਇਸ ਘਾਟ ਨੂੰ ਅਣਗੌਲਿਆ ਨਹੀਂ ਮੰਨਿਆ ਜਾ ਸਕਦਾ, ਉੱਥੇ ਨਾਵਲ, ਨਾਟਕ ਅਤੇ ਫਿਲਮ ਲਈ ਇਹ ਮਾਰੂ ਸਿੱਧ ਹੁੰਦੀ ਹੈ। ਇਹ ਵੱਖਰੀ ਗੱਲ ਹੈ ਕਿ ਰਾਜਸੱਤਾ ਨੂੰ ਨਿਗੂਣੀਆਂ ਕਿਰਤਾਂ ਝੱਟ ਪ੍ਰਵਾਨ ਹੋ ਜਾਂਦੀਆਂ ਹਨ। ਇਹਨਾਂ ਨੂੰ ਪ੍ਰਸਤੁਤ ਕਰਨ ਵਾਲਿਆਂ ਦੀਆਂ ਗਰਜ਼ਾਂ ਵੀ ਪੂਰੀਆਂ ਹੋ ਜਾਂਦੀਆਂ ਹਨ। ਭਗਤ ਸਿੰਘ ਨਾਲ ਸਬੰਧਤ ਕਿਰਤਾਂ ਇਸ ਪ੍ਰਕਾਰ ਦੀਆਂ ਹੋਣ ਕਾਰਨ ਨਾ ਤਾਂ ਉਹ ਉਸਦਾ ਚਿੰਤਨ ਪ੍ਰੇਰਿਕ ਬਿੰਬ ਉਸਾਰਦੀਆਂ ਹਨ ਅਤੇ ਨਾ ਭਾਸ਼ਾ ਦਾ ਕੁੱਝ ਸੰਵਾਰਦੀਆਂ ਹਨ, ਜਿਸ ਵਿੱਚ ਉਹ ਰਚੀਆਂ ਗਈਆਂ ਹਨ।

ਹੁਣ ਤੱਕ ਭਗਤ ਸਿੰਘ ਬਾਰੇ ਜੋ ਫਿਲਮਾਂ ਬਣੀਆਂ ਹਨ ਅਤੇ ਨਾਟਕ ਲਿਖੇ ਗਏ ਹਨ, ਉਹਨਾਂ ਤੋਂ ਇਹੋ ਸਿੱਧ ਹੁੰਦਾ ਹੈ। ਇਕੱਲ ਅਤੇ ਇਕੱਠ ਦੋਨਾਂ ਵਿੱਚ ਫਿਲਮਾਂ ਨੂੰ ਦੇਖਿਆ ਅਤੇ ਨਾਟਕਾਂ ਨੂੰ ਮਾਣਿਆ ਜਾ ਸਕਦਾ ਹੈ। ਜਾਤੀ ਅਤੇ ਸਮਾਜੀ ਰਾਏ ਬਣਾਉਣ ਵਿੱਚ ਦੋਨਾਂ ਦਾ ਰੋਲ ਵੱਧ ਹੁੰਦਾ ਹੈ। ਉਹਨਾਂ ਦੇ ਪਿੱਛੇ ਕੰਮ ਕਰ ਰਹੇ ਮੰਤਵ ਵਧੇਰੇ ਪ੍ਰਤੱਖ ਲੱਗਣ ਲੱਗ ਪੈਂਦੇ ਹਨ। ਰਾਜਸੱਤਾ ਨਾਲ ਜੁੜੇ ਮੰਤਵ ਵੀ ਲੁਕੇ ਨਹੀਂ ਰਹਿੰਦੇ। ਨਾਟਕਕਾਰ ਅਤੇ ਫਿਲਮਸ਼ਾਜ ਪਏ ਆਦਰਸ਼ ਪਾਲਣ ਦੇ ਦਾਅਵੇ ਕਰਨ, ਉਹਨਾਂ ਦੇ ਗੁੱਝੇ ਭੇਦ ਵੀ ਖੁੱਲ੍ਹ ਜਾਂਦੇ ਹਨ। ਭਗਤ ਸਿੰਘ ਬਾਰੇ ਬੜੀਆਂ ਫਿਲਮਾਂ ਅਤੇ ਲਿਖੇ ਗਏ ਨਾਟਕਾਂ ਦਾ ਇਸ ਪੱਖ ਤੋਂ ਪ੍ਰਥਮ ਮਹੱਤਵ ਬਣਦਾ ਹੈ। ਇਹ ਵਿਡੰਬਣਾ ਦਾ ਲਖਾਇਕ ਹੈ ਕਿ ਇਸਦੀ ਤੁਲਨਾ ਵਿੱਚ ਉਹਨਾਂ ਦਾ ਕਲਾਤਮਕ ਅਤੇ ਸਾਹਿਤਕ ਪੱਖ ਗੌਣ ਹੋ ਨਿੱਬੜਦਾ ਹੈ।

ਹੁਣ ਤੱਕ ਭਗਤ ਸਿੰਘ ਬਾਰੇ ਛੇ ਫਿਲਮਾਂ ਬਣ ਚੁੱਕੀਆਂ ਹਨ। ਪਹਿਲੀ ਫਿਲਮ ਪੰਜਾਹਵਿਆਂ ਵਿੱਚ ਆਜ਼ਾਦੀ ਆਉਣ ਤੋਂ ਛੇ ਸੱਤ ਸਾਲ ਮਗਰੋਂ ਹੀ ਬਣ ਗਈ ਸੀ। ਅਗਲੀਆਂ ਦੋ ਸੱਠਵਿਆਂ ਵਿੱਚ ਆ ਕੇ ਬਣੀਆਂ ਅਤੇ ਬਾਕੀ ਦੀਆਂ ਤਿੰਨ ਨਵੀਂ ਸਦੀ ਦੇ ਪਹਿਲੇ ਸਾਲਾਂ ਵਿੱਚ ਰੀਸੋ ਰੀਸ ਬਣ ਗਈਆਂ। ਪਹਿਲੀ ਫਿਲਮ ਸੀ 'ਸ਼ਹੀਦ ਭਗਤ ਸਿੰਘ' ਜੋ ਪ੍ਰੇਮ ਅਦੀਬ ਨੇ 1954 ਵਿੱਚ ਬਣਾਈ। ਇਸ ਦਾ ਮੁੱਖ ਮੰਤਵ ਦੇਸ਼ਭਗਤੀ ਦਾ ਸੰਦੇਸ਼ ਦੇਣਾ ਸੀ ਜਿਸਨੂੰ ਰਾਜ ਕਰ ਰਹੀ ਕਾਂਗਰਸ ਪਾਰਟੀ ਅਪਣੀ ਗੁਲੱਭ ਪੂੰਜੀ ਮੰਨਦੀ ਸੀ। ਦੇਸ਼ ਨੇ ਲੋਕ ਰਾਜ ਦਾ ਰਾਹ ਚੁਣ ਲਿਆ ਸੀ ਪਰ ਕਿੰਨੀਆਂ ਔਕੜਾਂ ਸਨ ਜਿਹਨਾਂ ਨਾਲ ਸਿੱਝਣਾ ਪੈ ਰਿਹਾ ਸੀ। ਸੋ ਸਰਲ ਰੂਪ ਵਿੱਚ ਦੇਸ਼ ਭਗਤੀ ਦਾ ਸੰਦੇਸ਼ ਲੋੜੀਂਦਾ ਸੀ। ਜਿਸ ਖ਼ਾਤਰ ਫਿਲਮੀ ਜੁਗਤਾਂ ਦੀ ਕਿਸੇ ਅਲੌਕਿਕ ਵਰਤੋਂ ਦੀ ਲੋੜ ਨਹੀਂ ਸੀ। ਦੇਸ਼ ਭਗਤੀ ਦੇ ਸੰਦੇਸ਼ ਨੇ ਹੀ ਫਿਲਮ ਦੀ ਮੁੱਖ ਅਤੇ ਪਿੱਠ ਭੂਮੀ ਨੂੰ ਮੱਲਿਆ ਹੋਇਆ ਸੀ।

ਸੱਠਵਿਆਂ ਵਿੱਚ ਆ ਕੇ ਜਦ ਅਗਲੀਆਂ ਦੋ ਫਿਲਮਾਂ ਬਣੀਆਂ ਤਾਂ ਦੇਸ਼ ਵਿੱਚ ਆਰਥਕ ਅਤੇ ਰਾਜਸੀ ਸੰਕਟ ਬਣ ਚੁੱਕਾ ਸੀ। ਹੁਕਮਰਾਨ ਪਾਰਟੀ ਜੇ ਲੋਕਰਾਜ ਦੇ ਰਾਹ ਤੋਂ ਉੱਖੜੀ ਨਹੀਂ ਸੀ ਤਾਂ ਭਟਕ ਜ਼ਰੂਰ ਗਈ ਸੀ। ਇੱਕ ਪ੍ਰਕਾਰ ਦੀ ਆਪਾ-ਧਾਪੀ ਪਈ ਹੋਈ ਸੀ ਜਿਸਦੀ ਭਿਣਕ ਇਹਨਾਂ ਫਿਲਮਾਂ ਵਿੱਚੋਂ ਪੈ ਜਾਂਦੀ ਹੈ। 1963 ਵਿੱਚ ਬਣੀ ਫਿਲਮ 'ਭਗਤ ਸਿੰਘ' ਵਿੱਚ ਸ਼ਮੀ ਕਪੂਰ ਨਾਇਕ ਦੇ ਕਿਰਦਾਰ ਵਿੱਚ ਪੇਸ਼ ਸੀ। ਮਦਹੋਸ਼ੀ ਵਾਲੇ ਕਿਰਦਾਰਾਂ ਤੋਂ ਉਹ ਨੱਚਣ ਕੁੱਦਣ ਵਾਲੇ ਕਿਰਦਾਰਾਂ ਵੱਲ ਮੁੜਨ ਦੀ ਤਿਆਰੀ ਵਿੱਚ ਸੀ। ਭਗਤ ਸਿੰਘ ਨੂੰ ਸਜੀਵ ਕਰਨ ਦੀ ਥਾਂ ਉਹ ਇਸ ਮੋੜ ਨੂੰ ਪ੍ਰਤੱਖ ਕਰਦਾ ਲੱਗਦਾ ਸੀ।

ਅਗਲੇ ਹੀ ਸਾਲ 1964 ਵਿੱਚ 'ਸ਼ਹੀਦ' ਫਿਲਮ ਬਣੀ ਜਿਸ ਵਿੱਚ ਮਨੋਜ ਕੁਮਾਰ ਨੇ ਭਗਤ ਸਿੰਘ ਦਾ ਰੋਲ ਕੀਤਾ। ਉਸਦਾ ਪੋਲੇ ਜਿਹੇ ਸਮਾਜ ਸੁਧਾਰਕ ਦਾ ਬਿੰਬ ਬਣਿਆ ਹੋਇਆ ਸੀ। ਭਗਤ ਸਿੰਘ ਦੇ ਕਿਰਦਾਰ 'ਤੇ ਉਸਨੇ ਇਸੇ ਪੋਪਲੇ ਜਿਹੇ ਬਿੰਬ ਨੂੰ ਥੋਪ ਦਿੱਤਾ ਸੀ। ਕਾਲ ਕੋਠੜੀ ਵਿੱਚ ਸੰਜੀਦਾ ਬਣੇ ਉਸਦੇ ਹਾਵਾਂ/ਭਾਵਾਂ ਨੇ ਖਿੜੇ ਮੱਥੇ ਫਾਂਸੀ ਚੜ੍ਹਣ ਵੇਲੇ ਜੋ ਹੁਲਾਸ ਪ੍ਰਗਟਾਉਣਾ ਸੀ ਉਸਦੀ ਕੋਈ ਨਿਸ਼ਾਨਦੇਹੀ ਨਹੀਂ ਸੀ ਹੁੰਦੀ। ਦੋਨਾਂ ਫਿਲਮਾਂ ਦੇ ਨਾਇਕ ਮੰਨੇ ਪ੍ਰਮੰਨੇ ਐਕਟਰ ਸਨ, ਘਟਨਾਵਾਂ ਨੂੰ ਵੀ ਪੇਚੀਦਾ ਬਣਾਉਣ ਦਾ ਯਤਨ ਕੀਤਾ ਗਿਆ ਸੀ ਪਰ ਦੇਸ਼ ਭਗਤੀ ਦਾ ਸੰਦੇਸ਼ ਸਰਲ ਰੂਪ ਵਿੱਚ ਪ੍ਰਗਟ ਹੋਣ ਦੀ ਥਾਂ, ਸ਼ੋਰ ਵਿੱਚ ਵਟਦਾ ਪ੍ਰਤੀਤ ਹੁੰਦਾ ਸੀ।

ਇਸ ਉਪਰੰਤ ਲੱਗਭੱਗ ਚਾਰ ਦਹਾਕੇ ਭਗਤ ਸਿੰਘ ਬਾਰੇ ਕੋਈ ਫਿਲਮ ਨਾ ਬਣੀ। ਕਾਰਨ ਸੀ ਨਕਸਲੀ ਲਹਿਰ ਜਿਸਦਾ ਵਧੇਰੇ ਬੋਲਬਾਲਾ ਪੱਛਮੀ ਬੰਗਾਲ ਅਤੇ ਆਂਧਰਾ ਵਿੱਚ ਸੀ ਪਰ ਚਰਚਾ ਸਾਰੇ ਦੇਸ਼ ਵਿੱਚ ਹੋਣ ਲੱਗ ਪਈ ਸੀ। ਹਿੰਸਾ ਨੂੰ ਰਾਜਸੀ ਹਥਿਆਰ ਵਜੋਂ ਵਰਤਣ ਵਿੱਚ ਇਸ ਲਹਿਰ ਦਾ ਦ੍ਰਿੜ ਵਿਸ਼ਵਾਸ ਸੀ। ਭਗਤ ਸਿੰਘ ਦੇ ਕਾਰਨਾਮੇ ਨਾਲ ਨਕਸਲੀ ਕਾਰਵਾਈ ਖੂਬ ਮੇਲ ਖਾਂਦੀ ਸੀ। ਸੋ ਦੇਸ਼ ਭਰ ਵਿੱਚ ਉਹ ਨਕਸਲੀਆਂ ਦਾ ਆਦਰਸ਼ ਬਣ ਗਿਆ। ਹਿੰਸਕ ਕਾਰਵਾਈਆਂ ਕਰਨ ਵੇਲੇ ਉਹ ਉਸਦੇ ਨਾਂ ਦੀ ਸੰਹੁ ਖਾਣ ਲੱਗ ਪਏ। ਦੇਸ਼ ਭਗਤ ਦੀ ਥਾਂ ਇੱਕ ਸਿਰਲੱਥ ਸੰਗਰਾਮੀਏ ਦਾ ਬਿੰਬ ਸੀ ਜੋ ਉਹਨਾਂ ਵਿੱਚ ਲੇਖਕ ਜਾਣੇ ਜਾਂਦੇ ਵਿਅਕਤੀਆਂ ਨੇ ਉਸਨੂੰ ਪ੍ਰਦਾਨ ਕਰ ਦਿੱਤਾ।

ਰਾਜਸੱਤਾ ਦੀ ਨਜ਼ਰ ਵਿੱਚ ਭਗਤ ਸਿੰਘ ਦਾ ਜੋ ਦੇਸ਼ਭਗਤ ਵਾਲਾ ਬਿੰਬ ਸਥਾਪਤ ਸੀ ਉਹ ਸਥਿਰ ਨਾ ਰਿਹਾ। ਫਿਲਮਸਾਜ਼ਾਂ ਦੀ ਰੁਚੀ ਵਿੱਚ ਵੀ ਢੇਰ ਅੰਤਰ ਆ ਗਿਆ। ਇਸਦੇ ਨਾਲ ਹੀ ਆ ਜੁੜਿਆ ਖੇਤਰੀ ਭਾਵਨਾ ਦਾ ਅਸਰ ਜਿਸਨੇ ਉਹ ਗੁੰਝਲ ਪੈਦਾ ਕਰ ਦਿੱਤੀ ਜਿਸ ਤੋਂ ਭਗਤ ਸਿੰਘ ਨੂੰ ਮੁਕਤ ਮੰਨਿਆਂ ਜਾਂਦਾ ਸੀ। ਦੇਸ਼ ਭਗਤੀ ਵਾਲੇ ਉਸਦੇ ਅਟੱਲ ਬਿੰਬ ਨਾਲ ਇਹ ਗੁੰਝਲ ਮੇਲ ਨਹੀਂ ਸੀ ਖਾਂਦੀ। ਪੰਜਾਬ ਵਿੱਚ ਖੇਤਰੀ ਭਾਵਨਾ ਦੀ ਕੁੱਲ ਸਰਦਾਰੀ ਫ਼ਿਰਕੂ ਤਾਕਤਾਂ ਨੇ ਹਥਿਆ ਲਈ ਸੀ। ਸੋ ਦਾਹੜੀ ਕੇਸ ਤੋਂ ਬਿਨਾਂ ਟੋਪੀ ਵਾਲੇ ਭਗਤ ਸਿੰਘ ਦੀ ਤਸਵੀਰ ਜਿਹੜੀ ਅਟੁੱਟ ਦੇਸ਼ਭਗਤੀ ਦਾ ਸਰਬ-ਪ੍ਰਵਾਨਿਤ ਬਿੰਬ ਬਣੀ ਹੋਈ ਸੀ, ਇਤਰਾਜ਼ ਦਾ ਵਿਸ਼ਾ ਬਣ ਗਈ।

ਉਸਦੀ ਕੇਸਾਧਾਰੀ ਤਸਵੀਰ ਤੁਲਨਾ ਵਿੱਚ ਨਿਗੂਣੀ ਜਹੀ ਸੀ। ਉਸ ਵਿੱਚੋਂ ਜੋ ਭਗਤ ਸਿੰਘ ਦੀ ਦਿੱਖ ਚੱਖ ਉੱਭਰਦੀ ਸੀ ਉਹ ਜਨਤਾ ਦੀ ਮਹਿਮਾ ਦਾ ਵਿਸ਼ਾ ਨਹੀਂ ਬਣ ਸਕਦੀ ਸੀ। ਫਿਲਮੀ ਜੁਗਤਾਂ ਤੋਂ ਲੈ ਕੇ ਵਿਚਾਰਧਾਰਾ ਤੱਕ ਦੇ ਅਨੇਕ ਮੁੱਦੇ ਸਨ ਜਿਹਨਾਂ ਨਾਲ ਕੋਈ ਪ੍ਰਤਿਭਾਵਾਨ ਫਿਲਮਸਾਜ਼ ਹੀ ਨਿਭ ਸਕਦਾ ਸੀ। ਬੰਬਈ ਦੀ ਫਿਲਮੀ ਸਨਅਤ ਅਜੇਹਾ ਫਿਲਮੀ ਸਾਜ਼ ਕਿੱਥੋਂ ਲਿਆਉਂਦੀ ਜੋ ਵੱਡੇ ਵਪਾਰੀਆਂ ਅਤੇ ਭ੍ਰਿਸ਼ਟ ਪੂੰਜੀਪਤੀਆਂ ਦੀ ਜਕੜ ਵਿੱਚ ਆਈ ਹੋਈ ਸੀ। ਸੋ ਅੱਸੀਵਿਆਂ ਵਿੱਚ ਵੀ ਭਗਤ ਸਿੰਘ ਬਾਰੇ ਕਿਸੇ ਫਿਲਮ ਦਾ ਬਣਨਾ ਅਸੰਭਵ ਹੋ ਗਿਆ।

ਨੱਬੇਵਿਆਂ ਵਿੱਚ ਆ ਕੇ ਇਹ ਸੰਭਾਵਨਾਂ ਦੋਬਾਰਾ ਬਣਨ ਲੱਗੀ ਜੋ ਸਦੀ ਦੇ ਬਦਲਣ ਨਾਲ ਪ੍ਰਤੱਖ ਹੋ ਗਈ। ਦੇਸ਼ ਦੀ ਅਰਥ-ਵਿਵਸਥਾ ਵਿੱਚ ਉਦਾਰੀਕਰਣ ਦਾ ਕੇਂਦਰੀ ਸਥਾਨ ਬਣ ਗਿਆ। ਪ੍ਰਵਾਸੀਆਂ ਦੀ ਪੂੰਜੀ ਵਰਤੋਂ ਵਿੱਚ ਆਉਣ ਲੱਗ ਪਈ ਅਤੇ ਉਹਨਾਂ ਦੀ ਤ੍ਰਿਪਤੀ ਦਾ ਫਿਲਮਸਾਜ਼ੀ ਵਿੱਚ ਪੂਰਾ ਦਖ਼ਲ ਬਣ ਗਿਆ। ਨਤੀਜੇ ਵਜੋਂ ਨਵੀਂ ਸਦੀ ਦੇ ਪਹਿਲੇ ਦੋ ਤਿੰਨ ਸਾਲਾਂ ਵਿੱਚ ਹੀ ਭਗਤ ਸਿੰਘ ਤੇ ਤਿੰਨ ਫਿਲਮਾਂ ਬਣ ਗਈਆਂ। ਉਹਨਾਂ ਵਿੱਚੋਂ ਇੱਕ ਪੰਜਾਬੀ ਅਤੇ ਦੋ ਹਿੰਦੀ ਵਿੱਚ ਸਨ। ਆਪੋ ਅਪਣੇ ਢੰਗ ਨਾਲ ਤਿੰਨੋਂ ਫਿਲਮਾਂ ਨਿੱਜੀਕਰਣ ਅਤੇ ਵਿਸ਼ਵੀਕਰਣ ਨੂੰ ਦੇਸ਼ਭਗਤੀ ਦੇ ਸੰਦੇਸ਼ ਨਾਲੋਂ ਕਿਤੇ ਵਧੇਰੇ ਵਰੋਸਾਅ ਰਹੀਆਂ ਸਨ।

ਪੰਜਾਬੀ ਵਿੱਚ ਬੜੀ ਫਿਲਮ 'ਸ਼ਹੀਦੇ-ਏ-ਆਜ਼ਮ' ਸੀ, ਜਿਸ ਬਾਰੇ ਕੇਂਦਰ ਸਰਕਾਰ ਦੇ ਇਸ਼ਾਰਿਆਂ 'ਤੇ ਕੰਮ ਕਰਦੇ ਸੈਂਸਰ ਬੋਰਡ ਨੂੰ ਕਈ ਇਤਰਾਜ਼ ਸਨ। 2000 ਵਿੱਚ ਬਣੀ ਇਸ ਫਿਲਮ ਤੇ ਬਹੁਤਾ ਅਧਿਕਾਰ ਪੰਜਾਬ ਵਿੱਚ ਵਸੇ ਪਰਿਵਾਰਾਂ ਦਾ ਸੀ ਜੋ ਜਗੀਰਦਾਰ ਹੋਣ ਦੇ ਨਾਲ ਪੂੰਜੀਪਤੀ ਵੀ ਸਨ। ਉਹਨਾਂ ਦੀ ਨਜ਼ਰ ਵਿੱਚ ਪੰਜਾਬ ਵਾਸੀਆਂ ਖ਼ਾਸ ਕਰਕੇ ਸਿੱਖ ਜਨਤਾ ਦੀ ਹੀ ਇਸ ਵਿੱਚ ਵਧੇਰੇ ਦਿਲਚਸਪੀ ਹੋ ਸਕਦੀ ਸੀ। ਸੋ ਦਾਹੜੀ ਕੇਸ ਵਾਲੇ ਭਗਤ ਸਿੰਘ ਨੂੰ ਫਿਲਮ ਵਿੱਚ ਵਧੇਰੇ ਮਹੱਤਵ ਮਿਲਿਆ ਹੋਇਆ ਸੀ ਜਿਸਨੂੰ ਪ੍ਰਮਾਣਿਕ ਸਿੱਧ ਕਰਨ ਦੀ ਸਮਰੱਥਾ ਉਸਦਾ ਕਿਰਦਾਰ ਨਿਭਾ ਰਹੇ ਅਦਾਕਾਰ ਵਿੱਚ ਬਿਲਕੁੱਲ ਨਹੀਂ ਸੀ। ਸ਼ਾਇਦ ਉਹ ਫਿਲਮ ਤੇ ਅਧਿਕਾਰ ਰੱਖਣ ਵਾਲੇ ਪਰਿਵਾਰਾਂ ਵਿੱਚੋਂ ਕਿਸੇ ਇੱਕ ਦਾ ਮਨਚਲਾ ਨੌਜਵਾਨ ਸੀ ਜਿਸਨੂੰ ਇਹ ਕਿਰਦਾਰ ਨਿਭਾਉਣ ਦਾ ਬੇਹੱਦ ਸ਼ੌਕ ਸੀ।

ਦੂਜੀ ਫਿਲਮ ਸੀ ਦਿਉਲ ਭਰਾਵਾਂ ਵੱਲੋਂ ਬਣਾਈ ਗਈ 'ਤੇਈ ਮਾਰਚ' ਜੋ 2002 ਵਿੱਚ ਬਣੀ। ਇਸ ਦਿਨ ਭਗਤ ਸਿੰਘ ਫਾਂਸੀ 'ਤੇ ਲਟਕਾਇਆ ਗਿਆ ਸੀ ਅਤੇ ਬਾਅਦ ਵਿੱਚ ਉਸਦੀ ਮੁਰਦਾ ਦੇਹ ਦੇ ਟੋਟੇ-ਟੋਟੇ ਕਰਕੇ ਉਸਨੂੰ ਸਤਲੁਜ ਦਰਿਆ ਦੇ ਕੰਢੇ ਜਲਾ ਦਿੱਤਾ ਗਿਆ ਸੀ। ਫਿਲਮ ਦੇ ਨਾਮਕਰਣ ਵਿੱਚ ਤਾਂ ਉਹਨਾਂ ਨਿਵੇਕਲਾਪਣ ਜ਼ਰੂਰ ਦਿਖਾਇਆ ਪਰ ਬਾਕੀ ਹਰੇਕ ਪੱਖ ਵਿੱਚ ਉਹ ਮੌਲਿਕਤਾ ਨੂੰ ਤਿਲਾਂਜਲੀ ਦੇ ਗਏ। ਜੇ ਕੋਈ ਮੌਲਿਕਤਾ ਦਿਖਾਈ ਤਾਂ ਉਹ ਮਨਘੜਤ ਸੀ ਜੋ ਭਗਤ ਸਿੰਘ ਦੇ ਪ੍ਰਚੱਲਿਤ ਬਿੰਬ ਵਿੱਚ ਵਾਧਾ ਕਰਨ ਦੀ ਥਾਂ ਇਸਨੂੰ ਗੰਧਲਾ ਹੀ ਕਰਦੀ ਸੀ। ਇਹ ਸੀ ਉਸਦੀ ਮੰਗਣੀ ਦਾ ਪ੍ਰਸੰਗ ਜਿਸ ਨੂੰ ਨਾਚ ਗਾਣੇ ਨਾਲ ਭਰਕੇ ਰਵਾਇਤ ਨਾਲ ਝੂਠਾ ਮੂਠਾ ਲਗਾਵ ਦਰਸਾਉਣ ਦਾ ਯਤਨ ਕੀਤਾ ਗਿਆ ਸੀ।



*ਭਗਤ ਸਿੰਘ ਨਾਲ ਸਬੰਧਿਤ ਫਿਲਮ ਵਿੱਚ ਜਾਤੀ ਅਤੇ ਸਮਾਜੀ ਘਟਨਾਵਾਂ ਨੂੰ ਸੰਜੀਦਾ ਢੰਗ ਨਾਲ ਵਿਉਂਤਿਆ ਗਿਆ ਸੀ। ਫਿਲਮ ਵਿੱਚ ਭਗਤ ਸਿੰਘ ਦਾ ਕਿਰਦਾਰ ਨਿਭਾ ਰਿਹਾ ਅਦਾਕਾਰ ਹੰਢਿਆ ਹੋਇਆ, ਅਪਣੇ ਕਿੱਤੇ ਨੂੰ ਅਰਪਿਤ ਪ੍ਰਤੀਤ ਹੁੰਦਾ ਸੀ। ਦੇਸ਼ ਭਗਤੀ ਦੇ ਪਰਦੇ ਹੇਠ ਜਿਸ ਵਿਚਾਰਧਾਰਾ ਨੂੰ ਉਭਾਰਿਆ ਗਿਆ ਉਸਦਾ ਭਗਤ ਸਿੰਘ ਦੇ ਪਿਛੋਕੜ ਨਾਲ ਤਾਂ ਜਰੂਰ ਸਬੰਧ ਸੀ। ਬੰਬ ਸੁੱਟਣ ਵਾਲੀ ਘਟਨਾ ਤੱਕ, ਉਸ ਲਈ ਸ਼ਾਇਦ ਇਸਦੀ ਪ੍ਰੇਰਣਾ ਬਣੀ ਰਹੀ ਹੋਵੇ। ਬੰਦੀਖਾੜੇ ਵਿੱਚ ਜਾ ਕੇ ਤਾਂ ਉਹ ਇਸਦਾ ਮੁਕੰਮਲ ਤਿਆਗ ਕਰ ਚੁੱਕਾ ਸੀ। ਅਤੀਤ ਨੂੰ ਆਵਾਜ਼ ਦੇ ਰਹੀ ਵਿਚਾਰਧਾਰਾ ਦੀ ਥਾਂ ਭਵਿੱਖ ਦਾ ਦ੍ਰਿਸ਼ ਸਿਰਜਣ ਵਾਲੀ ਸੋਚ ਨਾਲ ਉਹ ਅਪਣਾ ਨਾਤਾ ਤੋੜ ਚੁੱਕਾ ਸੀ। ਸਭ ਫਿਲਮਾਂ ਨਾਲੋਂ ਵਧੇਰੇ ਮਿਹਨਤ ਨਾਲ ਬਣਾਈ ਗਈ ਇਸ ਫਿਲਮ ਦੀ ਇਹ ਸਭ ਤੋਂ ਵੱਡੀ ਘਾਟ ਸੀ।*

ਉਦਾਰੀਕਰਣ ਦੇ ਬੋਝ ਹੇਠ ਜੋ ਪੰਜਾਬ ਦੀਆਂ ਨਰੋਈਆਂ ਕਦਰਾਂ ਕੀਮਤਾਂ ਨੂੰ ਤਿਲਾਂਜਲੀ ਦਿੱਤੀ ਜਾ ਰਹੀ ਹੈ ਉਸਨੂੰ ਭਰਮਜਾਲ ਨਾਲ ਢਕਣ ਦਾ ਇਹ ਅਨਾੜੀ ਜਿਹਾ ਯਤਨ ਸੀ।

ਤੀਜੀ ਫਿਲਮ ਸੀ 'ਭਗਤ ਸਿੰਘ ਦੀ ਲੈਜਿੰਡ' ਜਿਸਨੂੰ ਸੰਤੋਸ਼ੀ ਪ੍ਰੋਡਕਸ਼ਨ ਨੇ ਤਿਆਰ ਕੀਤਾ। 'ਲੱਜਾ' ਵਰਗੀ ਵਧੀਆ ਤੇ ਭਾਵਪੂਰਤ ਫਿਲਮ ਇਸੇ ਸੰਸਥਾ ਦੀ ਦੇਣ ਹੈ। ਭਗਤ ਸਿੰਘ ਨਾਲ ਸਬੰਧਿਤ ਫਿਲਮ ਵਿੱਚ ਜਾਤੀ ਅਤੇ ਸਮਾਜੀ ਘਟਨਾਵਾਂ ਨੂੰ ਸੰਜੀਦਾ ਢੰਗ ਨਾਲ ਵਿਉਂਤਿਆ ਗਿਆ ਸੀ। ਫਿਲਮ ਵਿੱਚ ਭਗਤ ਸਿੰਘ ਦਾ ਕਿਰਦਾਰ ਨਿਭਾ ਰਿਹਾ ਅਦਾਕਾਰ ਹੰਢਿਆ ਹੋਇਆ, ਅਪਣੇ ਕਿੱਤੇ ਨੂੰ ਅਰਪਿਤ ਪ੍ਰਤੀਤ ਹੁੰਦਾ ਸੀ। ਦੇਸ਼ ਭਗਤੀ ਦੇ ਪਰਦੇ ਹੇਠ ਜਿਸ ਵਿਚਾਰਧਾਰਾ ਨੂੰ ਉਭਾਰਿਆ ਗਿਆ ਉਸਦਾ ਭਗਤ ਸਿੰਘ ਦੇ ਪਿਛੋਕੜ ਨਾਲ ਤਾਂ ਜਰੂਰ ਸਬੰਧ ਸੀ। ਬੰਬ ਸੁੱਟਣ ਵਾਲੀ ਘਟਨਾ ਤੱਕ, ਉਸ ਲਈ ਸ਼ਾਇਦ ਇਸਦੀ ਪ੍ਰੇਰਨਾ ਬਣੀ ਰਹੀ ਹੋਵੇ। ਬੰਦੀਖਾਨੇ ਵਿੱਚ ਜਾ ਕੇ ਤਾਂ ਉਹ ਇਸਦਾ ਮੁਕੰਮਲ ਤਿਆਗ ਕਰ ਚੁੱਕਾ ਸੀ। ਅਤੀਤ ਨੂੰ ਆਵਾਜ਼ ਦੇ ਰਹੀ ਵਿਚਾਰਧਾਰਾ ਦੀ ਥਾਂ ਭਵਿੱਖ ਦਾ ਦ੍ਰਿਸ਼ ਸਿਰਜਣ ਵਾਲੀ ਸੋਚ ਨਾਲ ਉਹ ਅਪਣਾ ਨਾਤਾ ਤੋੜ ਚੁੱਕਾ ਸੀ। ਸਭ ਫਿਲਮਾਂ ਨਾਲੋਂ ਵਧੇਰੇ ਮਿਹਨਤ ਨਾਲ ਬਣਾਈ ਗਈ ਇਸ ਫਿਲਮ ਦੀ ਇਹ ਸਭ ਤੋਂ ਵੱਡੀ ਘਾਟ ਸੀ।

ਦੇਖਣ ਨੂੰ ਤਾਂ ਇਹ ਅਜੀਬ ਲੱਗਦਾ ਹੈ ਕਿ ਜਿਹਨਾਂ ਸਾਲਾਂ ਵਿੱਚ ਭਗਤ ਸਿੰਘ ਬਾਰੇ ਕੋਈ ਫ਼ਿਲਮ ਨਹੀਂ ਸੀ ਬਣ ਰਹੀ, ਉਹਨਾਂ ਸਾਲਾਂ ਦੌਰਾਨ ਉਸ ਬਾਬਤ ਨਾਟਕ ਲਿਖੇ ਜਾਣ ਲੱਗੇ। ਅਸਲ ਵਿੱਚ ਇਹ ਜ਼ਰੂਰੀ ਵੀ ਸੀ ਕਿਉਂ ਜੋ ਫਿਲਮ ਅਤੇ ਨਾਟਕ ਵਿਚਕਾਰ ਜੋ ਜ਼ਰੂਰੀ ਅੰਤਰ ਹੁੰਦਾ ਹੈ ਉਸੇ ਨਾਲ ਇਹ ਅਮਲ ਜਾ ਜੁੜਦਾ ਹੈ। ਫਿਲਮ ਦਾ ਨਿਰਮਾਣ ਕੈਮਰੇ ਰਾਹੀਂ ਹੁੰਦਾ ਹੈ ਜੋ ਅਦਾਕਾਰਾਂ ਦੇ ਅਨੇਕ ਬਿੰਬ ਪ੍ਰਸਤੁਤ ਕਰ ਦਿੰਦਾ ਹੈ। ਦੂਰਵਰਤੀ, ਨਿਕਟਵਰਤੀ, ਚਮਕੀਲੇ, ਮੱਧਮ, ਸਾਹਮਣਿਉਂ, ਪਿੱਛੋਂ ਜਾਂ ਪਾਸੇ ਤੋਂ ਲਏ ਜਾ ਸਕਣ ਕਾਰਨ ਇਹ ਬਿੰਬ ਭਗਤ ਸਿੰਘ ਵਰਗੇ ਕਰਤਾਵਾਚਕ ਬੰਦੇ ਨੂੰ ਵੀ ਕਰਮਵਾਚਕ ਸਿੱਧ ਕਰ ਸਕਦੇ ਹਨ। ਜੋ ਫਿਲਮਾਂ ਬਣੀਆਂ ਉਹਨਾਂ ਵਿੱਚ ਕੁੱਝ ਇਸੇ ਤਰ੍ਹਾਂ ਦਾ ਵਰਤਾਰਾ ਚੱਲਿਆ ਜਿਸਦੇ ਕਾਰਨ ਰਾਜਸੱਤਾ, ਪੂੰਜੀਪਤੀਆਂ, ਫਿਲਮਸਾਜ਼ਾਂ ਦੇ ਹਿੱਤਾਂ ਨਾਲ ਸਿੱਧੇ ਨਹੀਂ ਤਾਂ ਟੇਢੇ ਰੂਪ ਵਿੱਚ ਜ਼ਰੂਰ ਜਾ ਜੁੜਦੇ ਸਨ। ਪਰ ਆਰੰਭ ਤੋਂ ਗਜ਼ਲਗੋਆਂ, ਗੀਤਕਾਰਾਂ ਅਤੇ ਕਵੀਆਂ ਨੇ ਜੋ ਉਸਦੇ ਕਰਤਾਵਾਚਕ ਹੋਣ ਦੀ ਮਹਿਮਾ ਕੀਤੀ ਸੀ ਉਸਦਾ ਨਾਟਕ ਦੇ ਮਾਧਿਅਮ ਵਿੱਚ ਆ ਪ੍ਰਗਟ ਹੋਣਾ ਵੀ ਲਾਜ਼ਮੀ ਸੀ। ਨਾਟਕ ਦੇ ਪਾਤਰ ਹੁੰਦੇ ਤਾਂ ਕਲਪਿਤ ਜੀਵ ਹੀ ਹਨ ਪਰ ਜਿਉਂਦੇ ਜਾਗਦੇ ਅਦਾਕਾਰ ਜਦ ਰੰਗਮੰਚ ਤੇ ਉਹਨਾਂ ਦੇ ਕਿਰਦਾਰ ਨਿਭਾਉਂਦੇ ਹਨ ਤਾਂ ਉਹਨਾਂ ਨੂੰ ਅਪਣੇ ਵਿੱਚ ਢਾਲ ਲੈਂਦੇ ਹਨ। ਕੈਮਰੇ ਨੇ ਜੋ ਕਰਮਵਾਚਕ ਅਨੇਕਤਾ ਦੀ ਭਰਮਾਰ ਕੀਤੀ ਹੁੰਦੀ ਹੈ ਉਸਦੀ ਥਾਂ ਨਾਟਕ ਕਰਤਾਵਾਚਕ ਏਕਤਾ ਨੂੰ ਲੈ ਆਉਂਦਾ ਹੈ।

ਅੱਸੀਵਿਆਂ ਤੋਂ ਚੱਲ ਕੇ ਭਗਤ ਸਿੰਘ ਬਾਬਤ ਜੋ ਨਾਟਕ ਲਿਖੇ ਗਏ ਉਹਨਾਂ ਦਾ ਏਹੋ ਉਦੇਸ਼ ਸੀ। ਨਾਟਕਕਾਰ ਇਸ ਉਦੇਸ਼ ਵਿੱਚ ਕਿੱਥੋਂ ਤੱਕ ਸਫ਼ਲ ਹੋਏ ਹਨ ਇਹ ਅੱਗੇ ਦੇਖਣ ਵਾਲੀ ਗੱਲ ਹੈ। ਉਸ ਬਾਰੇ ਪਹਿਲਾ ਨਾਟਕ ਸੀ ਡਾ. ਹਰਚਰਨ ਸਿੰਘ ਦਾ 1980 ਵਿੱਚ ਛਪਿਆ 'ਮਸੀਹਾ ਸੂਲੀ 'ਤੇ ਮੁਸਕਾਇਆ' ਜੋ ਅਗਲੇ ਸਾਲ ਪੰਜਾਹਵੇਂ ਸ਼ਹੀਦੀ ਦਿਵਸ ਦੇ ਆਰੰਭਕ ਸਮਾਗਮ ਵਿੱਚ ਖੇਡਿਆ ਵੀ ਗਿਆ ਸੀ। ਨਾਟਕ ਵਿੱਚ ਵਾਪਰਣ ਵਾਲੀ ਘਟਨਾ ਤਾਂ ਸ਼ਹੀਦ ਦੇ ਫਾਂਸੀ ਚੜ੍ਹਨ ਤੋਂ ਅੱਧਾ ਕੁ ਘੰਟਾ ਪਹਿਲਾਂ ਦੀ ਹੈ। ਪਰਤਵੇਂ ਪ੍ਰਕਾਸ਼ ਦੀ ਵਿਧੀ ਰਾਹੀਂ ਇਸ ਵਕਫ਼ੇ ਨੂੰ ਪਿਛਲੇ ਤਿੰਨ ਸਾਲ ਦੇ ਕਾਰਨਾਮਿਆਂ ਨੂੰ ਵਾਪਰਦੇ ਦਿਖਾਕੇ ਨਾਟਕਕਾਰ ਨੇ ਭਗਤ ਸਿੰਘ ਨੂੰ ਲੋਕਭਾਵੀ, ਤੀਖਣ ਬੁੱਧ, ਨਿਰਭਉ, ਨਿਰਵੈਰ ਅਤੇ ਕੁਰਬਾਨੀ ਦਾ ਪੁੰਜ ਸਿੱਧ ਕੀਤਾ ਹੈ। ਜਿਵੇਂ ਉਹ ਚੜ੍ਹਦੀ ਜਵਾਨੀ ਵਿੱਚ ਹੀ ਗਿਆਨ ਦਾ ਸ੍ਰੋਤ ਹੋ ਨਿੱਬੜਿਆ ਹੈ, ਉਸਦੀ ਤੁਲਨਾ ਤਾਂ ਸ੍ਰਿਸ਼ਟੀ ਨੂੰ ਰੌਸ਼ਨੀ ਦੇਣ ਵਾਲੇ ਸੂਰਜ ਨਾਲ ਹੀ ਹੋ ਸਕਦੀ ਹੈ। ਹਸਮੁੱਖ ਰਹਿਕੇ ਜਿਵੇਂ ਉਹ ਫਾਂਸੀ 'ਤੇ ਚੜ੍ਹਦਾ ਹੈ ਉਸ ਨਾਲ ਈਸਾ ਮਸੀਹ ਦੀ ਯਾਦ ਤਾਜ਼ਾ ਹੋ ਕੇ ਮੱਧਮ ਪੈ ਜਾਂਦੀ ਹੈ। ਅੰਤਿਮ ਪਲ ਈਸਾ ਮਸੀਹ ਨੂੰ ਤਾਂ ਅੰਤਾਂ ਦੇ ਇਕੱਲ ਦਾ ਅਹਿਸਾਸ ਹੋਇਆ ਸੀ, ਉਸਨੂੰ ਲੱਗਿਆ ਜਿਵੇਂ ਰੱਬ ਨੇ ਵੀ ਉਸਦਾ ਸਾਥ ਛੱਡ ਦਿੱਤਾ ਸੀ ਪਰ ਕੋਈ ਇਸ ਤਰ੍ਹਾਂ ਦਾ ਝੋਰਾ ਭਗਤ ਸਿੰਘ ਦੇ ਤਾਂ ਨੇੜੇ ਵੀ ਨਹੀਂ ਪਹੁੰਚਦਾ।

ਇਹ ਸਾਰੀਆਂ ਗੱਲਾਂ ਨਾਟਕ ਵਿੱਚ ਭਗਤ ਸਿੰਘ ਨੂੰ ਉਸ ਬੰਧਨ ਤੋਂ ਉੱਪਰ ਉਠਾਂਦੀਆਂ ਹਨ ਜਿਸ ਕਾਰਨ ਦੇਸ਼ ਭਗਤੀ ਦਾ ਅਟੱਲ ਬਿੰਬ ਹੋ ਕੇ ਜਾਂ ਉਸਨੂੰ ਗੰਧਲਾਕੇ ਫਿਲਮਾਂ ਵਿੱਚ ਉਹ ਬੋਧਿਕ ਸਿੱਧ ਹੋ ਜਾਂਦਾ ਹੈ। ਨੇੜਲੀ ਨਜ਼ਰ ਦੀ ਕਮਜ਼ੋਰੀ ਦੇ ਦੂਰ ਦੀ ਨਜ਼ਰ ਵਿੱਚ ਲੋਪ ਹੋ ਜਾਣ ਸਦਕਾ ਘਟਨਾਵਾਂ 'ਤੇ ਰੌਸ਼ਨੀ ਪੈਂਦੀ ਹੈ, ਧਾਰਨਾਵਾਂ ਪੇਸ਼ ਹੁੰਦੀਆਂ ਹਨ, ਦਾਅਵੇ ਕੀਤੇ ਜਾਂਦੇ ਹਨ ਪਰ ਕਿਤੇ ਵੀ ਦਵੰਧ ਪੇਸ਼ ਨਹੀਂ ਹੁੰਦਾ। ਅਰਾਜਕ ਭਾਵਨਾ ਅਧੀਨ ਹੱਤਿਆ ਵਿੱਚ ਵਿਸ਼ਵਾਸ ਜਤਲਾਇਆ ਜਾਂਦਾ ਹੈ। ਜਦਕਿ ਇਸਦੇ ਮੁਦੱਈ ਨਿਰਦੋਸ਼ ਦੀ ਹੱਤਿਆ ਨੂੰ ਪਾਪ ਸਮਝਦੇ ਸਨ ਅਤੇ ਖ਼ੁਦ ਦੀ ਹੱਤਿਆ ਰਾਹੀਂ ਸੰਤੋਖ ਦੇ ਭਾਗੀ ਬਣਦੇ ਸਨ, ਨਾਟਕ ਵਿੱਚ ਅਜਿਹਾ ਕੋਈ ਸੰਕਟ ਦਰਪੇਸ਼ ਨਹੀਂ ਹੁੰਦਾ। ਸਾਂਡਰਸ ਦੇ ਨਾਲ ਚੰਨਣ ਸਿੰਘ ਦਾ ਕਤਲ ਹੋ ਜਾਂਦਾ ਹੈ ਪਰ ਇਸ ਕਿਸੇ ਸੰਤਾਪ ਦਾ ਕਾਰਨ ਨਹੀਂ ਬਣਦਾ। ਬਸਤੀਵਾਦੀ ਸਰਕਾਰ ਨੂੰ ਚੇਤਾਵਨੀ ਤਾਂ ਉਪਰੋਂ ਦਿਸਦੇ ਸ਼ਾਂਤ ਸਮੁੰਦਰ ਹੇਠ ਭਿਆਨਕ ਤੂਫ਼ਾਨ" (ਪੰਨਾ-28) ਦੀ ਹੈ। ਜਦੋਂ ਇਸਦੀ ਅਲਾਮਤ ਦੁੱਗਣੀ ਹੁੰਦੀ ਹੈ ਤਾਂ ਏਕ ਕਾਂਗਰਸ ਪਾਰਟੀ ਦੇ ਜਵਾਹਰ ਲਾਲ ਨਹਿਰੂ ਨੂੰ ਪ੍ਰਧਾਨ ਥਾਪਣ 'ਤੇ ਆ ਜਾਂਦੀ ਹੈ।

ਅੰਤ ਵਿੱਚ ਨਾਟਕ ਸਤਲੁਜ ਦਰਿਆ ਨੂੰ ਭਗਤ ਸਿੰਘ ਦੀ ਬੇਮਿਸਾਲ ਸ਼ਹਾਦਤ ਦੀ ਸਾਖੀ ਭਰਨ ਦੀ ਜ਼ਿੰਮੇਵਾਰੀ ਬਖ਼ਸ਼ਕੇ ਸਮਾਪਤ ਹੋ ਜਾਂਦਾ ਹੈ। ਇਹ ਸਾਖੀ ਉਸ ਨਾਲੋਂ ਘੱਟ ਨਹੀਂ ਜੋ ਇਹ ਕਦੀਮੀ ਦਰਿਆ ਆਦਿਕਾਲ ਵਿੱਚ ਅਪਣੇ ਕੰਢੇ ਪਵਿੱਤਰ ਵੇਦਾਂ ਦੇ ਰਚੇ ਜਾਣ ਦੀ ਭਰਦਾ ਹੈ।

ਇਸੇ ਪ੍ਰਕਾਰ ਦਾ ਇੱਕ ਪਾਸਤ ਕੌਤਕ ਸਾਗਰ ਸਰਹੱਦੀ ਨੇ 1983 ਵਿੱਚ ਲਿਖੇ ਨਾਟਕ 'ਭਗਤ ਸਿੰਘ ਦੀ ਵਾਪਸੀ' ਵਿੱਚ ਵਾਪਰਦਾ ਹੈ। ਸਾਗਰ ਸਰਹੱਦੀ ਫਿਲਮਸਾਜ਼ ਹੈ ਅਤੇ ਇਹ ਕਿਰਤ ਨਾਟਕਕਾਰ ਨਾਲੋਂ ਨਿਰਦੇਸ਼ਕ ਦੀ ਲਿਖੀ ਵਧੇਰੇ ਪ੍ਰਤੀਤ ਹੁੰਦੀ ਹੈ। ਇਸ ਨਾਟਕ ਦਾ ਆਰੰਭ ਭਗਤ ਸਿੰਘ ਦਾ ਕਿਰਦਾਰ ਕਰਨ ਵਾਲੇ ਅਦਾਕਾਰ ਦੀ ਮਨਬਚਨੀ ਨਾਲ ਹੁੰਦਾ ਹੈ। ਅਸਲ ਅਤੇ ਨਕਲ ਵਿੱਚ ਜੋ ਅੰਤਰ ਹੁੰਦਾ ਹੈ ਉਸਦੀ ਚਰਚਾ ਨਾਲ ਪਹਿਲੇ ਐਕਟ ਦਾ ਆਰੰਭ ਕਰਦਾ ਹੈ। ਅਸਲ ਭਗਤ ਸਿੰਘ ਹੈ ਅਤੇ ਨਕਲ ਹੈ, ਉਹ ਆਪ ਪਰੰਤੂ ਦੋਨਾਂ ਵਿਚਲੇ ਅੰਤਰ ਨੂੰ ਨਾਟਕ ਦੇ ਵਿਸ਼ੇ ਅਤੇ ਸਰੋਕਾਰ ਨਾਲ ਜੋੜਣ ਦੀ ਥਾਂ, ਉਹ ਭਗਤ ਸਿੰਘ ਨਾਲ ਅਭੇਦ ਹੋ ਕੇ ਅਦਾਕਾਰੀ ਕਰਦਾ ਹੈ। ਪਹਿਲੇ ਐਕਟ ਵਿੱਚ ਉਸਦੀ ਮਾਂ ਨਾਲ ਵਾਰਤਾਲਾਪ ਚੱਲਦੀ ਹੈ। ਉਹ ਉਸਤੋਂ ਕਮਾਈ ਦੀ ਆਸ ਰੱਖਦੀ ਹੈ। ਭਗਤ ਸਿੰਘ ਦੇਸ਼ ਭਗਤੀ ਰਾਹੀਂ ਇਹ ਆਸ ਪੁਗਾਉਣ ਦਾ ਪ੍ਰਣ ਕਰਦਾ ਹੈ ਅਤੇ ਭਾਰਤ ਮਾਤਾ ਦੀ ਰੂਪ ਰੇਖਾ ਉਸੇ ਦੀ ਸੀਰਤ ਅਤੇ ਸੂਰਤ ਅਨੁਸਾਰ ਤਸੱਵਰ ਵਿੱਚ ਲਿਆਉਂਦਾ ਹੈ।

ਇਸ ਕਮਾਈ ਖ਼ਾਤਰ ਕਿਸ ਪ੍ਰਕਾਰ ਦੀ ਘਾਲਣਾ ਲੋੜੀਂਦੀ ਹੈ, ਅੱਗੇ ਇਸਦਾ ਨਿਰਣਾ ਹੈ ਜੋ ਚੰਦਰਸ਼ੇਖ਼ਰ ਨਾਲ ਲੰਮੀ ਵਾਰਤਾਲਾਪ ਰਾਹੀਂ ਨੇਪਰੇ ਚੜ੍ਹਦਾ ਹੈ। ਉਹ ਅੱਸੈਂਬਲੀ ਵਿੱਚ ਬੰਬ ਸੁੱਟਣ ਦਾ ਕਾਰਨਾਮਾ ਹੈ, ਜਿਸ ਨੂੰ ਨੇਪਰੇ ਚਾੜ੍ਹ ਕੇ ਉਹ ਬੰਦੀਖਾਨੇ ਵਿੱਚ ਪਹੁੰਚ ਜਾਂਦਾ ਹੈ। ਉੱਥੇ ਵੀ ਇਹ ਘਾਲਣਾ ਨਿਰੰਤਰ ਰੂਪ ਵਿੱਚ ਚੱਲਦੀ ਰਹਿੰਦੀ ਹੈ, ਇੱਕ ਮੁਕੱਦਮੇ ਰਾਹੀਂ ਭਾਰਤ ਮਾਤਾ ਦੀ ਆਜ਼ਾਦੀ ਦਾ ਪੱਖ ਪੂਰਕੇ ਦੂਜਾ ਅਸਹਿ ਕਸ਼ਟ ਸਹਿ ਕੇ ਜਿਹਨਾਂ ਨਾਲ ਉਸਦੀ ਸੂਰਤ ਅਤੇ ਸੀਰਤ ਹੋਰ

ਦੇਖਣ ਨੂੰ ਤਾਂ ਇਹ ਅਜੀਬ ਲੱਗਦਾ ਹੈ ਕਿ ਜਿਹਨਾਂ ਸਾਲਾਂ ਵਿੱਚ ਭਗਤ ਸਿੰਘ ਬਾਰੇ ਕੋਈ ਫ਼ਿਲਮ ਨਹੀਂ ਸੀ ਬਣ ਰਹੀ, ਉਹਨਾਂ ਸਾਲਾਂ ਦੌਰਾਨ ਉਸ ਬਾਬਤ ਨਾਟਕ ਲਿਖੇ ਜਾਣ ਲੱਗੇ। ਅਸਲ ਵਿੱਚ ਇਹ ਜ਼ਰੂਰੀ ਵੀ ਸੀ ਕਿਉਂ ਜੋ ਫਿਲਮ ਅਤੇ ਨਾਟਕ ਵਿਚਕਾਰ ਜੋ ਜ਼ਰੂਰੀ ਅੰਤਰ ਹੁੰਦਾ ਹੈ ਉਸੇ ਨਾਲ ਇਹ ਅਮਲ ਜਾ ਜੁੜਦਾ ਹੈ। ਫਿਲਮ ਦਾ ਨਿਰਮਾਣ ਕੈਮਰੇ ਰਾਹੀਂ ਹੁੰਦਾ ਹੈ ਜੋ ਅਦਾਕਾਰਾਂ ਦੇ ਅਨੇਕ ਬਿੰਬ ਪ੍ਰਸਤੁਤ ਕਰ ਦਿੰਦਾ ਹੈ। ਦੂਰਵਰਤੀ, ਨਿਕਟਵਰਤੀ, ਚਮਕੀਲੇ, ਮੱਧਮ, ਸਾਹਮਣਿਉਂ, ਪਿੱਛੋਂ ਜਾਂ ਪਾਸੇ ਤੋਂ ਲਏ ਜਾ ਸਕਣ ਕਾਰਨ ਇਹ ਬਿੰਬ ਭਗਤ ਸਿੰਘ ਵਰਗੇ ਕਰਤਾਵਾਚਕ ਬੰਦੇ ਨੂੰ ਵੀ ਕਰਮਵਾਚਕ ਸਿੱਧ ਕਰ ਸਕਦੇ ਹਨ। ਜੋ ਫਿਲਮਾਂ ਬਣੀਆਂ ਉਹਨਾਂ ਵਿੱਚ ਕੁੱਝ ਇਸੇ ਤਰ੍ਹਾਂ ਦਾ ਵਰਤਾਰਾ ਚੱਲਿਆ ਜਿਸਦੇ ਕਾਰਨ ਰਾਜਸੱਤਾ, ਪੂੰਜੀਪਤੀਆਂ, ਫਿਲਮਸਾਜ਼ਾਂ ਦੇ ਹਿੱਤਾਂ ਨਾਲ ਸਿੱਧੇ ਨਹੀਂ ਤਾਂ ਟੇਢੇ ਰੂਪ ਵਿੱਚ ਜ਼ਰੂਰ ਜਾ ਜੁੜਦੇ ਸਨ।



ਵੀ ਰੌਸ਼ਨ ਹੋ ਜਾਂਦੀ ਹੈ। ਅੰਤ ਵਿੱਚ ਸ਼ਹਾਦਤ ਦੇ ਰੂਪ ਵਿੱਚ ਇਸਦਾ ਇਨਾਮ ਰਾਖਵਾਂ ਹੋ ਜਾਂਦਾ ਹੈ ਜਿਸ ਤੋਂ ਪਹਿਲਾਂ ਉਹ ਦੋ ਐਲਾਨ ਕਰਦਾ ਹੈ। ਪਹਿਲਾ ਹੈ ਮਾਂ ਨਾਲ ਜਿਸ ਕਮਾਈ ਦਾ ਪ੍ਰਣ ਕੀਤਾ ਸੀ ਉਸਨੂੰ ਧਰਤੀ ਦੀ ਮੁੱਠੀ ਕੁ ਭਰ ਰਾਖ ਅਰਪਿਤ ਕਰਕੇ ਅਤੇ ਦੂਜਾ ਦੇਸ਼ ਦੇ ਨੌਜਵਾਨਾਂ ਨੂੰ ਨਿਰੰਤਰ ਇਨਕਲਾਬ ਨਾਲ ਜੁੜਣ ਦੀ ਪ੍ਰੇਰਣਾ ਦੇ ਕੇ ਕਿਉਂਕਿ ਕੋਈ ਰਾਜਸੱਤਾ ਆਜ਼ਾਦੀ ਦੇ ਉਸ ਸੁਪਨੇ ਨੂੰ ਸਾਕਾਰ ਨਹੀਂ ਕਰ ਸਕਦੀ ਜਿਸ ਨਾਲ ਜਨਮ ਤੋਂ ਹੀ ਉਸਦਾ ਨਾਤ ਜੁੜ ਗਿਆ ਸੀ।

ਦੇਸ਼ ਭਗਤੀ ਦਾ ਬੰਧਕ ਬਣਾਕੇ ਰਾਜਸੱਤਾ ਨੇ ਜਿਵੇਂ ਭਗਤ ਸਿੰਘ ਨੂੰ ਜਨਤਾ ਨਾਲੋਂ ਵੱਖ ਕਰ ਛੱਡਿਆ, ਉਸਦਾ ਪ੍ਰਗਟਾਵਾ ਗੁਰਸ਼ਰਨ ਸਿੰਘ ਦੇ 1997 ਵਿੱਚ ਲਿਖੇ ਗਏ ਇਕਾਂਗੀ 'ਲਾਰੇ' ਵਿੱਚ ਬੜੇ ਸਪਾਟ ਢੰਗ ਨਾਲ ਹੁੰਦਾ ਹੈ। ਇਹ ਨਿਰਾ ਪ੍ਰਾਪੇਗੰਡਾ ਹੈ ਜਿਸਦਾ ਤੱਤਕਾਲੀ ਪ੍ਰਭਾਵ ਤਾਂ ਪੈ ਸਕਦਾ ਹੈ, ਸਥਾਈ ਪ੍ਰੇਰਣਾ ਜਿਸ ਤੋਂ ਨਾ ਹੋਣ ਦੇ ਬਰਾਬਰ ਹੀ ਹੋ ਸਕਦੀ ਹੈ। ਭਗਤ ਸਿੰਘ ਦੇ ਜਨਮ ਸਥਾਨ ਦੇ ਬਾਹਰ ਜੋ ਉਸਦਾ ਬੁੱਤ ਲੱਗਾ ਹੋਇਆ ਹੈ, ਉਸ ਕੋਲ ਹਰ ਸਾਲ ਸਰਧਾਂਜਲੀ ਮੇਲਾ ਲੱਗਦਾ ਹੈ। ਕੌਮੀ ਸਮੇਤ ਉੱਥੇ ਖੇਤਰੀ ਨੇਤਾ ਪਹੁੰਚੇ ਹੋਏ ਹਨ ਜੋ ਸੁਭਾਵਕ ਹੀ ਵਿਰੋਧੀ ਪਾਰਟੀਆਂ ਦੇ ਹਨ। ਦੋਨੋਂ ਨੇਤਾ ਜਦੋਂ ਆਪੋ ਅਪਣੀ ਵਾਰੀ ਬੁੱਤ ਨੂੰ ਹਾਰ ਪਹਿਨਾਉਣ ਆਉਂਦੇ ਹਨ ਤਾਂ ਮੁਸਕਰਾਹਟ ਨਾਲ ਚਕਾਚੂੰਦ ਕਰਨ ਦੀ ਥਾਂ, ਬੁੱਤ ਘੂਰੀ ਵੱਟ ਕੇ ਉਹਨਾਂ ਦੇ ਘਸੁੰਨ ਕੱਢ ਮਾਰਦਾ ਹੈ। ਨਿੰਮੋਝੂਣੇ ਹੋ ਉਹ ਲੋਲਣੀਆਂ ਕੱਢਣ ਜੋਗੇ ਰਹਿ ਜਾਂਦੇ ਹਨ। ਅਪਣੇ ਆਪ ਨੂੰ ਸ਼ਹੀਦ ਦੀ ਭੈਣ ਦੱਸਦੀ ਜਦ ਇੱਕ ਲੜਕੀ ਹਾਰ ਪਹਿਨਾਉਣ ਆਉਂਦੀ ਹੈ ਤਾਂ ਬੁੱਤ ਖਿੜੇ ਮੱਥੇ ਸਵੀਕਾਰ ਕਰ ਲੈਂਦਾ ਹੈ। ਲੜਕੀ ਜੁੜੀ ਭੀੜ ਨੂੰ ਭਗਤ ਸਿੰਘ ਦੇ ਸੰਦੇਸ਼ ਤੋਂ ਜਾਣੂ ਕਰਵਾਉਂਦੀ ਹੈ। ਭੀੜ ਸੱਚੀ ਜਨਤਾ ਦਾ ਰੂਪ ਧਾਰ ਲੈਂਦੀ ਹੈ। ਨੇਤਾ ਉੱਥੋਂ ਖਿਸਕ ਜਾਂਦੇ ਹਨ, ਲੜਕੀ ਦੇ ਮਗਰ ਜਨਤਾ ਵੀ ਇਨਕਲਾਬ ਜ਼ਿੰਦਾਬਾਦ ਦਾ ਨਾਹਰਾ ਬੁਲੰਦ ਕਰਦੀ ਹੈ। ਭਗਤ ਸਿੰਘ ਦਾ ਬੁੱਤ ਵੀ ਇਸ ਮੁਹਿੰਮ ਵਿੱਚ ਸ਼ਾਮਲ ਹੋ ਜਾਂਦਾ ਹੈ।

ਹੁਣ ਤੱਕ ਲਿਖੇ ਗਏ ਸਾਰੇ ਨਾਟਕਾਂ ਵਿੱਚੋਂ ਅਸਲੋਂ ਗੰਭੀਰ ਕਿਰਤ ਹੈ 'ਭਗਤ ਸਿੰਘ ਸ਼ਹੀਦ' ਡਾ. ਚਰਨਦਾਸ ਸਿੱਧੂ ਦਾ ਤਿੱਕੜੀ ਨਾਟਕ ਜਿਸਦਾ ਪਹਿਲਾ ਸੰਸਕਰਣ 1998 ਵਿੱਚ ਛਪਿਆ। ਇਸ ਦਾ ਪਹਿਲਾ ਭਾਗ ਹੈ 'ਭਾਗਾਂ ਵਾਲਾ ਪੋਤਰਾ' ਜਿਸ ਵਿੱਚ ਭਗਤ ਸਿੰਘ ਦੇ ਇਨਕਲਾਬੀ ਬਣ ਜਾਣ ਨੂੰ ਚਿਤਰਿਆ ਗਿਆ ਹੈ। ਇਸਦਾ ਮੁੱਢਲਾ ਕਾਰਨ ਹੈ ਉਹ ਪੀੜ ਜੋ ਉਸਨੂੰ ਇੱਕ ਚਾਚੇ ਦੇ ਜੇਲ੍ਹ ਵਿੱਚ ਮਾਰੇ ਜਾਣ ਅਤੇ ਦੂਜੇ ਦੇ ਜਲਾਵਤਨ ਹੋ ਜਾਣ ਕਾਰਨ ਪਹੁੰਚਦੀ ਹੈ। ਦੋਹਨਾਂ ਚਾਚੀਆਂ ਦੇ ਹੰਝੂ ਭਿੱਜੇ ਚਿਹਰੇ ਉਸਦੀ ਇਸ ਪੀੜ ਨੂੰ ਹੋਰ ਵੀ ਭਾਵੁਕ ਕਰੀ ਰੱਖਦੇ ਹਨ ਜਿਸ ਨਾਲ ਕੁੰਠਿਤ ਹੋ ਕੇ ਉਹ ਇਨਕਲਾਬੀ ਬਣਨ ਦਾ ਨਿਰਣਾ ਕਰ ਲੈਂਦਾ ਹੈ। ਜ਼ਲ੍ਹਿਆਂ ਵਾਲੇ ਬਾਗ ਵਿੱਚ ਵਾਪਰਿਆ ਸੈਂਕੜੇ ਲੋਕਾਂ ਦਾ ਭਿਆਨਕ ਕਤਲ ਜਿਸਨੂੰ ਉਹ ਅਪਣੀਆਂ ਅੱਖਾਂ ਨਾਲ ਦੇਖਦਾ ਹੈ, ਉਸਦੀ ਜਾਤੀ ਪੀੜ ਨੂੰ ਲੋਕ ਪੀੜ ਵਿੱਚ ਬਦਲ ਦਿੰਦਾ ਹੈ। ਨਾਲ ਹੀ ਉਹ ਧਰਮ-ਨਿਰਪੇਖ ਬਣਨ ਦਾ ਨਿਰਣਾ ਕਰਦਾ ਹੈ, ਆਰੀਆ ਸਮਾਜ ਦੇ ਪ੍ਰਭਾਵ ਅਧੀਨ ਜਿਸਦੇ ਅਪਣੇ ਧਾਰਮਿਕ ਉਦੇਸ਼ ਪ੍ਰਤੀ ਉਹ ਚੇਤੰਨ ਨਹੀਂ। ਉਹ ਸਿੱਖ ਅਦਾਰਿਆਂ ਵਿਰੁੱਧ ਬੋਲਦਾ ਹੈ ਜੋ ਕਾਫ਼ੀ ਹੱਦ ਤੱਕ ਨੈਤਿਕ ਹੈ। ਪਰੰਤੂ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦੀ ਲਿਖਤ 'ਹਮ ਹਿੰਦੂ ਨਹੀਂ' ਨੂੰ ਇਸਦੇ ਨਾਮ ਤੋਂ ਵਿਸ਼ਾ ਵਸਤੂ ਦਾ ਅਨੁਮਾਨ ਲਗਾਕੇ ਜਦ ਭੰਡਦਾ ਹੈ ਤਾਂ ਉਹ ਅਨੈਤਿਕ ਵੀ ਹੋ ਜਾਂਦਾ ਹੈ। ਇਹ ਦੋਸ਼ ਖ਼ੁਦ ਨਾਟਕਕਾਰ ਦਾ ਹੈ ਜਿਸਤੋਂ ਸੁਚੇਤ ਜਾਂ ਅਚੇਤ ਆਰੀਆ ਸਮਾਜ ਨਾਲ ਅਪਣੀ ਨੇੜਤਾ ਛੁਪਾਈ ਨਹੀਂ ਜਾ ਸਕੀ।

ਨਾਟਕ ਦੇ ਦੂਜੇ ਭਾਗ 'ਇਨਕਲਾਬੀ ਪੁੱਤਰ' ਭਗਤ ਸਿੰਘ ਦੇ ਜੇਲ੍ਹ-ਜੀਵਨ ਨਾਲ ਸਬੰਧਿਤ ਹੈ। ਉਸਦੇ ਮਾਪਿਆਂ ਨੂੰ ਪੂਰੀ ਚਿੰਤਾ ਹੈ ਕਿ ਉਹ ਕਤਲ ਦੇ ਦੋਸ਼ ਤੋਂ ਬਰੀ ਹੋ ਜਾਵੇ ਜਿਸ ਅਧੀਨ ਉਸ 'ਤੇ ਮੁਕੱਦਮਾ ਚੱਲ ਰਿਹਾ ਹੈ। ਉਸਦੇ ਬਚਾਅ ਲਈ ਜਿਸ ਵਕੀਲ ਨੇ ਸੇਵਾਵਾਂ ਅਰਪਿਤ ਕੀਤੀਆਂ ਹਨ ਉਹ ਵੀ ਨੈਤਿਕ ਕਦਰਾਂ ਕੀਮਤਾਂ ਨੂੰ ਪਾਬੰਦ ਰਹਿ ਕੇ ਇਸੇ ਯਤਨ ਵਿੱਚ ਹੈ। ਪਰ ਭਗਤ ਸਿੰਘ ਪੱਕਾ ਇਨਕਲਾਬੀ ਬਣ ਚੁੱਕਾ ਹੈ, ਮਹਾਤਮਾ ਗਾਂਧੀ ਦੇ ਅਹਿੰਸਾ-ਸਿਧਾਂਤ ਨਾਲ ਉਸਦਾ ਪੂਰਾ ਵਿਰੋਧ ਹੈ ਅਤੇ ਲੈਨਿਨ ਦੀ ਇਨਕਲਾਬੀ ਸੋਚ ਨਾਲ ਲਗਾਵ ਜਿਸਨੂੰ ਜੇਲ੍ਹ ਵਿੱਚ ਉਸਨੇ ਤਾਜ਼ਾ ਹੀ ਪੜ੍ਹਿਆ ਹੈ। ਤੀਜਾ ਭਾਗ 'ਨਾਸਤਕ ਸ਼ਹੀਦ' ਇਸਦਾ ਅੱਗੇ ਵਿਸਥਾਰ ਹੈ ਜਿਸ ਵਿੱਚ ਉਸਦੀ ਇਨਕਲਾਬੀ ਸੋਚ ਨਾਸਤਿਕਤਾ ਨੂੰ ਵੀ ਅਪਣੇ ਕਲਾਵੇ ਵਿੱਚ ਲੈ ਲੈਂਦੀ ਹੈ। ਇਸਦਾ ਕੁੱਲ ਸਾਰ ਉਸ ਵਾਦ-ਵਿਵਾਦ ਵਿੱਚ ਸਮਾ ਜਾਂਦਾ ਹੈ ਜੋ ਉਸਦਾ ਭਾਈ ਰਣਧੀਰ ਸਿੰਘ ਨਾਲ ਚੱਲਦਾ ਹੈ। ਉਹ ਸੋਲਾਂ ਸਾਲ ਤੋਂ ਇਸ ਕਾਰਨ ਬੰਦੀਖਾਨੇ ਵਿੱਚ ਬੰਦ ਹੈ ਕਿਉਂ ਜੋ ਉਸਦੇ ਸ਼ਬਦ ਕੀਰਤਨ ਤੋਂ ਬਰਤਾਨਵੀ ਸਰਕਾਰ ਨੂੰ ਲੱਗਿਆ ਸੀ ਕਿ ਉਹ ਗ਼ਦਰ ਲਹਿਰ ਦਾ ਸਮਰਥਕ ਹੈ। ਸੁਚੇਤ ਰੂਪ ਵਿੱਚ ਤਾਂ ਉਹ ਇਸਨੂੰ ਵਾਹਿਗੁਰੂ ਦਾ ਭਾਣਾ ਮੰਨਦਾ ਹੈ ਪਰੰਤੂ ਅਚੇਤ ਤੌਰ ਤੇ ਇਸਨੂੰ ਅਪਣੇ ਨਾਲ ਹੋਇਆ ਘੋਰ ਅਨਿਆ ਮਹਿਸੂਸ ਕਰਦਾ ਹੈ। ਫ਼ਲਸਰੂਪ ਉਹ ਅਪਣੇ ਵਿਚਾਰਾਂ ਵਿੱਚ ਬਹੁਤ ਕੱਟੜ ਹੋ ਗਿਆ ਹੈ, ਗੁਰਬਾਣੀ ਅਤੇ ਗੁਰਮਤ ਨੂੰ ਉਸਨੇ ਪੰਜ ਕਕਾਰਾਂ ਤੱਕ ਸੀਮਤ ਕਰ ਲਿਆ ਹੈ। ਇਸ ਕੱਟੜਤਾ ਵੱਸ ਉਹ ਭਗਤ ਸਿੰਘ ਨੂੰ ਕੁਰਾਹੀਆ ਸਮਝਦਾ ਹੈ ਪਰ ਉਹ ਵੀ ਝੁਕਣ ਵਾਲਾ ਨਹੀਂ ਅਤੇ ਜਤਲਾ ਦਿੰਦਾ ਹੈ ਕਿ ਉਸ ਲਈ ''ਸਭ ਜੱਗ ਏਕ ਨੂਰ ਤੋਂ ਉਪਜਿਆ ਨਹੀਂ।'' (ਪੰਨਾ 163) ਜੇ ਭਾਈ ਰਣਧੀਰ ਸਿੰਘ ਦੀ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਭਗਤ ਸਿੰਘ ਦੇ ਗੁਨਾਹ ਮੁਆਫ਼ ਹੋ ਜਾਣ ਤਾਂ ਉਸਦਾ ਵੀ ਦਾਅਵਾ ਹੈ ਕਿ ਨਿਆਸਰਿਆਂ ਨਾਲ ਅਭੇਦ ਹੋ ਕੇ ਉਸਨੇ ਅੰਤਿਮ ਸੱਚ ਪਾ ਲਿਆ ਹੈ।

ਇਹ ਨਾਟਕ ਭਗਤ ਸਿੰਘ ਬਾਰੇ ਲਿਖੀ ਗਈ ਸਭ ਤੋਂ ਗੰਭੀਰ ਕਿਰਤ ਹੈ। ਇਸਦੇ ਬਾਵਜੂਦ ਕਿ ਆਰੀਆ ਸਮਾਜ ਵੱਲ ਖ਼ੁਦ ਨਾਟਕਕਾਰ ਦਾ ਉਲਾਰ ਆਰੰਭ ਵਿੱਚ ਭਗਤ ਸਿੰਘ ਦੇ ਕਿਰਦਾਰ 'ਤੇ ਵੀ ਦਾਗ ਛੱਡ ਜਾਂਦਾ ਹੈ। ਨਾਟਕ ਵਿੱਚ ਇਸ ਨਾਲ ਜੁੜਿਆ ਤਕਨੀਕੀ ਨੁਕਸ ਵੀ ਹੈ, ਵਾਰਤਾਲਾਪ ਵਿੱਚ ਉਹ ਸਭ ਕੁੱਝ ਭਰ ਦੇਣ ਦਾ ਜਿਸਦਾ ਕੁੱਝ ਹੱਦ ਤੱਕ ਨਾਟਕਕਾਰ ਨੂੰ ਗਿਆਨ ਹੈ ਪਰ ਬਾਕੀ ਸੂਚਨਾ ਆਧਾਰਤ ਹੈ। ਇਸ ਕਾਰਨ ਬਹੁਤ ਥਾਵਾਂ 'ਤੇ ਇਹ ਸੂਚਨਾ ਸੰਚਾਰ ਕਰਦਾ ਲੱਗਣ ਲੱਗ ਪੈਂਦਾ ਹੈ, ਸੰਵਾਦ ਪੈਦਾ ਕਰਨ ਦੀ ਥਾਂ ਜੋ ਨਾਟਕ ਦੀ ਵਿਧਾ ਵਿਧੀ ਦਾ ਮੁੱਖ ਉਦੇਸ਼ ਹੁੰਦਾ ਹੈ। ਇਹਨਾਂ ਦੋਸ਼ਾਂ ਦੇ ਹੁੰਦਿਆਂ ਸੁੰਦਿਆਂ, ਇਸ ਨਾਟਕ ਦੀ ਗੰਭੀਰਤਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

ਇਸੇ ਪ੍ਰਸੰਗ ਵਿੱਚ ਵਿਚਾਰਯੋਗ ਨਾਟਕ ਹੈ ਜਗਜੀਤ ਸਿੰਘ ਕੋਮਲ ਦਾ 'ਧੋਤੇ ਮੂੰਹ ਚਪੇੜ' ਜੋ 2004 ਵਿੱਚ ਛਪਿਆ। ਇਸਦਾ ਨਾਇਕ ਤਾਂ ਬਾਬਾ ਸੋਹਣ ਸਿੰਘ ਭਕਨਾ ਹੈ ਪਰ ਭਗਤ ਸਿੰਘ ਦੀ ਜੋ ਉਸ ਨਾਲ ਸਾਂਝ ਬਣਦੀ ਹੈ ਉਸ ਤੇ ਇਸ ਵਿੱਚੋਂ ਕਾਫ਼ੀ ਰੌਸ਼ਨੀ ਮਿਲਦੀ ਹੈ। ਭਗਤ ਸਿੰਘ ਲਾਹੌਰ ਜੇਲ੍ਹ ਵਿੱਚ ਕੈਦ ਹੈ, ਬਾਬਾ ਭਕਨਾ ਵੀ ਉੱਥੇ ਹੀ ਹੈ, ਹੋਰ ਰਾਜਸੀ ਕੈਦੀ ਵੀ ਹਨ, ਖ਼ਾਸ ਕਰਕੇ ਜਿਹੜੇ ਵਾਮਪੰਥੀ ਸੰਸਥਾਵਾਂ ਨਾਲ ਜੁੜੇ ਹੋਏ ਹਨ। ਜੇਲ੍ਹ ਵਿੱਚ ਬੰਦ ਕੈਦੀਆਂ ਦੇ ਭਲੇ ਲਈ ਭਗਤ ਸਿੰਘ ਨੇ ਮਰਨ ਵਰਤ ਰੱਖਿਆ ਹੋਇਆ ਹੈ ਜਿਸਦਾ ਪ੍ਰਭਾਵ ਵੱਧਦਾ ਜਾਂਦਾ ਹੈ। ਇਸ ਪ੍ਰਭਾਵ ਨੂੰ ਘਟਾਉਣ ਲਈ ਜੇਲ੍ਹ ਦੇ ਅਫ਼ਸਰ ਇਕ ਸਾਜਿਸ਼ ਘੜ੍ਹਦੇ ਹਨ, ਬਾਬਾ ਭਕਨਾ ਤੋਂ ਮਰਨ ਵਰਤ ਤੁੜਵਾਉਣ ਦਾ ਪਰ ਉਹਨਾਂ ਦੇ ਇਸ ਬਦਨੀਤੀ ਭਰੇ ਕਦਮ ਦਾ ਉਲਟ ਅਸਰ ਹੁੰਦਾ ਹੈ। ਬਾਬਾ ਭਕਨਾ ਆਪ ਵਰਤ ਰੱਖਣ ਦਾ ਐਲਾਨ ਕਰ ਦਿੰਦਾ ਹੈ। ਬਾਬਾ ਭਕਨਾ ਬਿਰਧ ਅਵਸਥਾ ਵਿੱਚ ਦਾਖ਼ਿਲ ਹੋ ਚੁੱਕਾ ਹੈ ਅਤੇ ਇਹ ਵਰਤ ਉਸ ਲਈ ਜਾਨਲੇਵਾ ਵੀ ਸਿੱਧ ਹੋ ਸਕਦਾ ਹੈ। ਨਾਲੇ ਉਸਦੀ ਰਿਹਾਈ ਦਾ ਦਿਨ ਨਜ਼ਦੀਕ ਹੈ ਅਤੇ ਬਾਹਰ ਜਾ ਕੇ ਉਹ ਕਿਰਸਾਨੀ ਨੂੰ ਲਾਮਬੰਦ ਕਰਨ ਵਿੱਚ ਵਡਮੁੱਲਾ ਯੋਗਦਾਨ ਪਾ ਸਕਦਾ ਹੈ। ਇਹ ਵਾਸਤਾ ਪਾ ਕੇ ਭਗਤ ਸਿੰਘ ਬਾਬਾ ਭਕਨਾ ਨੂੰ ਮਰਨ ਵਰਤ ਰੱਖਣ ਤੋਂ ਤੋੜ ਲੈਂਦਾ ਹੈ। ਇਸ ਤੋਂ ਅੰਤ੍ਰਿਵ ਜਿਹਾ ਸੁਝਾਅ ਮਿਲ ਜਾਂਦਾ ਹੈ ਕਿ ਲੋਕਭਾਵੀ ਲਹਿਰਾਂ ਨੂੰ ਸਮਰੱਥ ਬਣਾਉਣ ਦੀ ਤਮੰਨਾ ਭਗਤ ਸਿੰਘ ਦੀ ਵੀ ਸੀ। ਜਿਉਂਦੇ ਜੀਅ ਉਸ 'ਤੇ ਦੇਸ਼ ਭਗਤੀ ਦੀ ਅਟੱਲ ਭਾਵਨਾ ਨੇ ਪਰਦਾ ਪਾਈ ਰੱਖਿਆ ਅਤੇ ਹੁਣ ਤੱਕ ਇਸਦੇ ਪਰਵਾਰ ਵਿੱਚ ਖੋਇਆ ਇਸਦਾ ਆਕਾਰ ਜਨਤਾ ਨੂੰ ਤਾਂ ਕੀ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਵੀ ਨਜ਼ਰ ਨਹੀਂ ਆਇਆ।

ਲੇਖਕ ਦਾ ਦਾਅਵਾ ਹੈ ਕਿ ਇਹ ਕਾਵਿਨਾਟ ਹੈ ਪਰ ਇਸ ਦੀ ਵਿਸ਼ੇਸ਼ਤਾ ਨੂੰ ਇਹ ਘੱਟ ਹੀ ਪਹੁੰਚਦਾ ਹੈ। ਪਾਤਰਾਂ ਦੀ ਵਾਰਤਾਲਾਪ ਦੇਖਣ ਨੂੰ ਕਵਿਤਾ ਵਿੱਚ ਲੱਗਦੀ ਹੈ ਪਰ ਨਾਟਕੀ ਕਵਿਤਾ ਹੋਣ ਦਾ ਦਾਅਵਾ ਨਹੀਂ ਕਰ ਸਕਦੀ। ਪਾਤਰਾਂ ਦੇ ਮਨਾਂ ਵਿੱਚ ਚਲਦੇ ਵਹਿੰਦੇ ਉਭਾਰ ਨੇ, ਉਹਨਾਂ ਦੇ ਹਾਵਾਂ-ਭਾਵਾਂ ਵਿੱਚ ਆਉਂਦੇ ਜਾਂਦੇ ਬਦਲਾਵ ਨੇ ਜਿਵੇਂ ਪ੍ਰਵਚਨ ਦੀ ਲੈਅ ਨੂੰ ਘੜਣਾ ਹੁੰਦਾ ਹੈ ਉਸਦਾ ਅਭਾਵ ਬਰਾਬਰ ਬਣਿਆ ਰਹਿੰਦਾ ਹੈ। ਜੋ ਵਿਚਾਰਧਾਰਿਕ ਸੁਝਾਅ ਇਸਦੇ ਪਾਠ ਤੋਂ ਗ੍ਰਹਿਣ ਹੁੰਦਾ ਹੈ ਉਸਦੇ ਆਧਾਰ 'ਤੇ ਇਸ ਨਾਟਕ ਨੂੰ ਧਿਆਨ ਗੋਚਰੇ ਰੱਖਣਾ ਜ਼ਰੂਰੀ ਬਣ ਜਾਂਦਾ ਹੈ।

ਨਾਟਕੀ ਰੂਪ ਵਿਚ ਜੋ ਆਖਰੀ ਕਿਰਤ ਭਗਤ ਸਿੰਘ ਬਾਰੇ ਮਿਲਦੀ ਹੈ ਉਹ 'ਛਿਪਣ ਤੋਂ ਪਹਿਲਾਂ' ਨਾਂ ਦਾ ਦਵਿੰਦਰ ਦਮਨ ਦਾ ਸਟੇਜੀ ਨਾਟਕ ਹੈ। ਜਿਹੜਾ ਉਸਨੇ 2006 ਵਿੱਚ ਲਿਖਿਆ। ਇਸਦਾ ਸਬੰਧ ਭਗਤ ਸਿੰਘ ਦੇ ਫਾਂਸੀ ਦਿੱਤੇ ਜਾਣ ਤੋਂ ਪਹਿਲਾਂ ਦੇ ਪਲਾਂ ਨਾਲ ਹੈ। ਅਛੂਤ ਜਾਤ ਦਾ ਜੋ ਭੰਗੀ ਉਸਦੇ ਪਾਖਾਨੇ ਦੀ ਸਫ਼ਾਈ ਕਰਨ ਕਾਲ ਕੋਠੜੀ ਵਿੱਚ ਦਿਨ-ਪ੍ਰਤੀ-ਦਿਨ ਆਉਂਦਾ ਹੈ, ਉਸਦੇ ਘਰ ਵਿੱਚ ਪੱਕੀ ਮੱਕੀ ਦੀ ਰੋਟੀ ਨੂੰ ਸਾਗ ਨਾਲ ਖਾਣ ਦੀ ਭਗਤ ਸਿੰਘ ਦੀ ਦਿਲੀ ਤਮੰਨਾ ਹੈ। ਇਸਦੀ ਉਹ ਭੰਗੀ ਨੂੰ ਦਿਲੋਂ ਬੇਨਤੀ ਕਰਦਾ ਹੈ ਜਿਸਦੀ ਉਸ ਭੋਲੇ-ਭਾਲੇ ਪ੍ਰਾਣੀ ਨੂੰ ਪਹਿਲਾਂ ਤਾਂ ਬਿਲਕੁੱਲ ਸਮਝ ਨਹੀਂ ਪੈਂਦੀ। ਇਹ ਮੰਨ ਕੇ ਕਿ ਭਗਤ ਸਿੰਘ ਵਰਗੇ ਅਦਭੁੱਤ ਸ਼ਹੀਦੀ ਦੀ ਅੰਤਲੀ ਤਮੰਨਾ ਜ਼ਰੂਰ ਪੂਰੀ ਹੋਣੀ ਚਾਹੀਦੀ ਹੈ, ਉਹ ਸਰੋਂ ਦੇ ਸਾਗ ਨਾਲ ਖਾਣ ਲਈ ਮੱਕੀ ਦੀ ਰੋਟੀ ਲੈ ਆਉਂਦਾ ਹੈ।

ਅਪਣੇ ਆਪ ਵਿੱਚ ਤਾਂ ਇਹ ਨਿਗੂਣੀ ਜਿਹੀ ਘਟਨਾ ਹੈ ਪਰ ਇਸਦਾ ਅਲੰਕਾਰਕ ਮਹੱਤਵ ਬਹੁਤ ਦੂਰ ਤੱਕ ਜਾਂਦਾ ਹੈ। ਇਸ ਤੋਂ ਪਰਤੱਖ ਹੋ ਜਾਂਦਾ ਹੈ ਕਿ ਸਮੁੱਚੀ ਮਾਨਵਤਾ ਵਿੱਚ ਵਿਸ਼ਵਾਸ ਕਰਨਾ ਹੀ ਭਗਤ ਸਿੰਘ ਦਾ ਦੀਨ ਧਰਮ ਸੀ। ਜਾਤਪਾਤ, ਵਰਗ, ਨਸਲ ਆਦਿ ਦਾ ਕੋਈ ਵਿਤਕਰਾ ਉਸਨੂੰ ਨਹੀਂ ਸੀ ਟੁੰਬਦਾ। ਜੋ ਉਸਨੂੰ ਟੁੰਬਦਾ ਸੀ ਉਹ ਜਨਤਾ ਦਾ ਫ਼ਿਕਰ ਸੀ ਜਿਸਨੂੰ ਜਦ ਨਾਟਕਕਾਰ ਪਰਿਵਾਰ ਦੇ ਪ੍ਰਸੰਗ ਵਿੱਚ ਪੇਸ਼ ਕਰਦਾ ਹੈ ਤਾਂ ਟਪਲਾ ਖਾ ਜਾਂਦਾ ਹੈ। ਜਦੋਂ ਪਰਿਵਾਰ ਦੇ ਜੀਅ ਉਸਨੂੰ ਫਾਂਸੀ ਲੱਗਣ ਤੋਂ ਪਹਿਲਾਂ ਮਿਲਦੇ ਹਨ ਤਾਂ ਭਗਤ ਸਿੰਘ ਵਿਚਲਾ ਬੱਚਾ ਬਿਲਾਸ ਕਰਦਾ ਹੈ-

ਮੈਂ ਪਰਿਵਾਰ ਲਈ ਕੁੱਝ ਨਹੀਂ ਕੀਤਾ। ਤੁਹਾਡੀਆਂ ਜ਼ਿੰਦਗੀਆਂ ਦਾ ਕੀ ਬਣੇਗਾ? ਗੁਜ਼ਾਰਾ ਕਿਵੇਂ ਚੱਲੇਗਾ?.....ਇਹ ਸੋਚਕੇ ਮੈਂ ਕੰਬ ਜਾਂਦਾ ਹਾਂ। ਪਰ ਬੇਬੇ ਹੌਸਲਾ ਰੱਖਿਓ। ਕੁਲਤਾਰ ਦੀ ਪੜ੍ਹਾਈ ਜਾਰੀ ਰੱਖਣਾ......ਜੇ ਹੋ ਸਕੇ ਤਾਂ ਕੁਲਬੀਰ ਨੂੰ ਵੀ ਅਮਰੀਕਾ ਭੇਜ ਦੇਣਾ।

ਭਗਤ ਸਿੰਘ ਦੇ ਫਾਂਸੀ ਲੱਗਣ ਵੇਲੇ ਅਮਰੀਕਾ ਜਾਣ ਦਾ ਭਾਵ ਖਿੰਡ ਪੁੰਡ ਗਈ ਗ਼ਦਰ ਲਹਿਰ ਨਾਲ ਜੁੜਨਾ ਹੋ ਸਕਦਾ ਸੀ। ਇਸਦਾ ਭਾਵ ਅਜੋਕੇ ਸਮੇਂ ਵਾਲਾ ਨਹੀਂ ਸੀ ਹੋ ਸਕਦਾ ਜੋ ਨੈਤਿਕ, ਅਨੈਤਿਕ ਢੰਗ ਨਾਲ ਉੱਥੇ ਪਹੁੰਚ ਕੇ ਪੂੰਜੀ ਜੁਟਾਉਣ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਨਾਟਕਕਾਰ ਨੇ ਅਚੇਤ ਹੀ ਇਹ ਅਜੋਕਾ ਫ਼ਿਕਰ ਭਗਤ ਸਿੰਘ ਦੇ ਜ਼ਿੰਮੇ ਲਗਾ ਦਿੱਤਾ ਹੈ। ਜੇ ਅਜੇਹਾ ਕਰਨਾ ਉਸਦਾ ਸੁਚੇਤ ਯਤਨ ਹੈ ਤਾਂ ਇਹ ਕਾਰਵਾਈ ਉਸਦੇ ਨਾਟਕਕਾਰ ਨਾਲੋਂ ਵਧੇਰੇ ਨਿਰਦੇਸ਼ਕ ਹੋਣ ਦੀ ਹੈ। ਆਖ਼ਿਰ ਨਿਰਦੇਸ਼ਕ ਨੂੰ ਸਰੋਤਿਆਂ ਅਤੇ ਦਰਸ਼ਕਾਂ ਦਾ ਵੀ ਖ਼ਿਆਲ ਹੁੰਦਾ ਹੈ। ਕਿਸੇ ਸੂਰਤ ਵਿੱਚ ਇਹ ਖ਼ਿਆਲ ਪ੍ਰਮਾਣਕਤਾ ਨਾਲ ਜੁੜੇ ਫ਼ਿਕਰ ਨੂੰ ਭੰਗ ਕਰਨ ਦਾ ਅਧਿਕਾਰ ਨਹੀਂ ਰੱਖਦਾ।

# ਪ੍ਰੋਗਰੈਸਿਵ ਫੋਰਮ ਕੈਲਗਰੀ ਵੱਲੋਂ ਮਈ-ਦਿਵਸ ਮੌਕੇ ਗੰਭੀਰ ਵਿਚਾਰ ਚਰਚਾ

ਭਜਨ ਸਿੰਘ ਗਿੱਲ-ਕੈਲਗਿਰੀ

**ਅੰਤਰਰਾਸ਼ਟਰੀ** ਮਜ਼ਦੂਰ ਦਿਵਸ ਸਬੰਧੀ ਪ੍ਰੋਗਰੈਸਿਵ ਫੋਰਮ ਕੈਲਗਿਰੀ ਵੱਲੋਂ ਕੌਂਸਲ ਆਫ ਸਿੱਖ ਆਰਗੇਨਾਈਜ਼ੇਨ (ਕੋਸੋ) ਦੇ ਹਾਲ ਵਿਖੇ ਵਿਚਾਰ ਚਰਚਾ ਸੋਹਣ ਮਾਨ ਦੀ ਪ੍ਰਧਾਨਗੀ ਹੇਠ ਹੋਈ। ਮਾਸਟਰ ਭਜਨ ਸਿੰਘ ਗਿੱਲ ਨੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਸੰਭਾਲੀ।

ਹਰਕੰਵਲਜੀਤ ਸਾਹਿਲ ਨੇ ਮਈ ਦਿਵਸ ਦੇ ਇਤਿਹਾਸ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ 124 ਸਾਲ ਪਹਿਲਾਂ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ 8 ਘੰਟੇ ਦੀ ਲੜਾਈ ਦੌਰਾਨ ਮਜਦੂਰਾਂ ਦਾ ਡੁੱਲ੍ਹਿਆ ਖੂਨ ਅੱਜ ਵੀ ਸਾਡੇ ਲਈ ਪ੍ਰੇਰਨਾ ਸਰੋਤ ਹੈ।

ਡਾ. ਹਰਭਜਨ ਢਿੱਲੋਂ ਨੇ ਅਪਣੇ ਕੁੰਜੀਵਤ ਭਾਸ਼ਨ ਵਿੱਚ ਕਿਹਾ ਕਿ ਕਾਰਲ ਮਾਰਕਸ ਨੇ ਨਾ ਸਿਰਫ਼ ਸਮਾਜ ਨੂੰ ਸਮਝਿਆ ਸਗੋਂ ਜਮਾਤੀ ਸਮਾਜ ਨੂੰ ਬਦਲਣ ਦੀ ਜਾਚ ਵੀ ਦੱਸੀ। ਉਹਨਾਂ ਕਿਹਾ ਕਿ ਅੱਜ ਸਟੇਟ ਟੈਰੇਰਿਜ਼ਮ ਸਮਾਜ ਲਈ ਸਭ ਤੋਂ ਵੱਡਾ ਖ਼ਤਰਾ ਹੈ। ਉਹਨਾਂ ਕਿਹਾ ਕਿ ਮਾਰਕਸਵਾਦੀ ਫ਼ਲਸਫ਼ਾ ਕਹਿੰਦਾ ਹੈ ''ਦੁਨੀਆ ਭਰ ਦੇ ਮਿਹਨਤਕਸ਼ੋ ਇੱਕ ਹੋ ਜਾਓ''। ਇਸ ਦੇ ਉਲਟ ਸਾਮਰਾਜਵਾਦ ਦਾ ਫ਼ਲਸਫ਼ਾ ਹੈ ''ਦੁਨੀਆ ਭਰ ਦੇ ਲੁਟੇਰਿਓ ਇੱਕ ਹੋ ਜਾਓ, ਲੁੱਟਣ ਲਈ ਸੰਸਾਰ ਪਿਆ ਹੈ''।

ਪ੍ਰੋ. ਮਨਜੀਤ ਸਿੰਘ ਸੰਧੂ ਨੇ ਕਿਹਾ ਕਿ ਭਾਵੇਂ ਸੋਵੀਅਤ ਯੂਨੀਅਨ ਅਤੇ ਚੀਨ ਆਦਿ ਦੇਸ਼ਾਂ 'ਚ ਭਾਵੇਂ ਸਮਾਜਵਾਦੀ ਵਿਚਾਰਧਾਰਾ ਨੂੰ ਵਕਤੀ ਸੱਟ ਵੱਜੀ ਹੈ, ਪਰੰਤੂ ਸੰਸਾਰ ਦੇ 90ਗ ਮਿਹਨਤਕਸ਼ ਲੋਕਾਂ ਦੀ ਮੁਕਤੀ ਦਾ ਇੱਕੋ ਇੱਕ ਹੱਲ ਮਾਰਕਸੀ ਵਿਚਾਰਧਾਰਾ ਹੈ।

ਕਾ. ਭਗਵੰਤ ਸਿੰਘ ਰੰਧਾਵਾ ਨੇ ਕਿਹਾ ਕਿ ਕਾਰਲ ਮਾਰਕਸ ਦੀ ਮਹਾਨ ਰਚਨਾ 'ਕੈਪੀਟਲ' ਸੰਸਾਰ ਦੇ ਲੁੱਟੇ-ਪੁੱਟੇ ਲੋਕਾਂ ਲਈ ਰਾਹ ਦਰਸਾਵਾ ਹੈ। ਜੋਗਿੰਦਰ ਸੰਘਾ ਨੇ ਵਿਕਸਤ ਦੇਸ਼ਾਂ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਆਦਿ ਵਿੱਚ ਟਰੇਡ ਯੂਨੀਅਨਾਂ ਬਣਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ।

ਪ੍ਰਿੰਸੀਪਲ ਸਤਪਾਲ ਕੌਂਸਲ, ਡਾ. ਮਹਿੰਦਰ ਸਿੰਘ, ਮਾਸਟਰ ਤਰਸੇਮ ਪਰਮਾਰ ਅਤੇ ਹੈਪੀ ਮਾਨ ਨੇ ਵਿਚਾਰ-ਚਰਚਾ ਵਿੱਚ ਸਾਂਝ ਪਾਉਂਦਿਆਂ☬ਕਹਾ ਕਿ ਮਈ ਦਿਨ ਤੋਂ ਪ੍ਰੇਰਨਾ ਲੈਂਦੇ ਹੋਏ ਸਾਨੂੰ ਸਭ ਨੂੰ ਸਮਾਜਕ ਬਰਾਬਰੀ ਵਾਲਾ ਸਮਾਜ ਸਿਰਜਣ ਲਈ ਹੰਭਲਾ ਮਾਰਨ ਦੀ ਲੋੜ ਹੈ।

ਮਾਸਟਰ ਭਜਨ ਸਿੰਘ ਗਿੱਲ ਨੇ ਭਾਰਤੀ ਹਕੂਮਤ ਦੀ ਜ਼ੋਰਦਾਰ ਨਿੰਦਿਆਂ ਕਰਦਿਆਂ ਕਿਹਾ ਕਿ ਸਰਕਾਰ ਝਾਰਖੰਡ, ਛੱਤੀਸਗੜ੍ਹ, ਪੱਛਮੀ ਬੰਗਾਲ, ਉੜੀਸਾ, ਆਂਧਰਾ ਪ੍ਰਦੇਸ ਆਦਿ ਦੇ ਆਦਵਾਸੀ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ 'ਗਰੀਨ ਹੰਟ' ਰਾਹੀਂ ਕੁਚਲਣ ਦੇ ਰਾਹ ਤੁਰ ਪਈ ਹੈ।

ਭੋਲਾ ਚੌਹਾਨ ਨੇ ਸੰਤ ਰਾਮ ਉਦਾਸੀ ਦਾ ਗੀਤ ''ਕਿਰਤ ਲੁਟਾਵਣ ਵਾਲਿਓ'' ਪੇਸ਼ ਕੀਤਾ। ਮਾਸਟਰ ਬਚਿੱਤਰ ਗਿੱਲ ਨੇ ਕਰਨੈਲ ਪਾਰਸ ਰਾਮੂਵਾਲੀਆ ਦੀ ਰਚਨਾ ''ਤੈਨੂੰ ਨਮਸਕਾਰ ਮਜ਼ਦੂਰ'' ਕਵੀਸ਼ਰੀ ਗਾਈ। ਡਾ. ਪਰਮਜੀਤ ਬਾਠ ਨੇ ਵੀ ਮਜ਼ਦੂਰ ਦੀ ਕਿਰਤ ਸਬੰਧੀ ਕਵਿਤਾ ਸੁਣਾਈ। ਬਲਜਿੰਦਰ ਸੰਘਾ ਨੇ ਅਪਣੀ ਲਿਖੀ ਕਵਿਤਾ ''ਕੁੱਲੀ, ਗੁੱਲੀ, ਜੁੱਲੀ ਖਾ ਗਈ ਉਮਰਾਂ ਨੂੰ'' ਪੇਸ਼ ਕੀਤੀ। ਕੇਸਰ ਸਿੰਘ ਨੀਰ ਨੇ ਦੋ ਗਜ਼ਲਾਂ ਸੁਣਾਈਆਂ। ਸਰੂਪ ਸਿੰਘ ਮੰਡੇਰ ਨੇ ਸੰਤ ਰਾਮ ਉਦਾਸੀ ਦਾ ਮਕਬੂਲ ਗੀਤ ''ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ'' ਗਾਇਆ।

ਲੱਗਭਗ ਤਿੰਨ ਘੰਟੇ ਚੱਲੀ ਇਸ ਵਿਚਾਰ ਚਰਚਾ ਨੂੰ ਸਮੇਟਦਿਆਂ ਪ੍ਰੋਗਰੈਸਿਵ ਫੋਰਮ ਦੇ ਪ੍ਰਧਾਨ ਸ੍ਰੀ ਸੋਹਣ ਮਾਨ ਨੇ ਕਿਹਾ ਕਿ ਜਦੋਂ ਤੋਂ ਬ੍ਰਹਿਮੰਡ ਵਿੱਚ ਮਨੁੱਖ ਦੀ ਸਿਰਜਣਾ ਹੋਈ ਹੈ ਤੇ ਉਦੋਂ ਤੋਂ ਹੀ ਲੁੱਟ ਦੇ ਖ਼ਿਲਾਫ਼ ਮਨੁੱਖ ਦੇ ਵੱਖ ਵੱਖ ਰੂਪਾਂ 'ਚ ਸੰਘਰਸ਼ ਕੀਤਾ ਹੈ। ਇਹ ਸੰਘਰਸ਼ ਜਮਾਤ ਰਹਿਤ ਸਮਾਜ ਸਿਰਜਣ ਤੱਕ ਜਾਰੀ ਰਹੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਸੋਤਮ ਭਾਰਦਵਾਜ, ਮੁੱਖ ਅਧਿਆਪਕ ਦਲਾਵਰ ਸਿੰਘ ਸਮਾਰਾ, ਗਰਧਾਰੀ ਲਾਲ, ਮਾ. ਮੇਜਰ ਸਿੰਘ, ਇਕਬਾਲ ਖਾਨ, ਕਾ. ਅਜੀਤ ਸਿੰਘ, ਸ੍ਰੀਮਤੀ ਸੁਰਿੰਦਰ ਕੌਰ ਗਿੱਲ, ਸ੍ਰੀਮਤੀ ਕਮਲਪ੍ਰੀਤ ਪੰਧੇਰ, ਪੈਰੀ ਮਹਿਲ, ਕੇ.ਕੇ.ਵਸਿਸਟ, ਸਰਵਣ ਸਿੰਘ ਗਿੱਲ ਅਤੇ ਹੋਰ ਬਹੁਤ ਸਾਰੇ ਪਤਵੰਤੇ ਸ਼ਾਮਲ ਸਨ।

## ਸੁਰਜੀਤ ਪਾਤਰ ਨੂੰ ਸਰਸਵਤੀ ਪੁਰਸਕਾਰ ਲਈ ਮੁਬਾਰਕਾਂ

ਸੁਰਜੀਤ ਪਾਤਰ ਨੇ ਰਾਸ਼ਟਰੀ ਪੱਧਰ ਦਾ ਕਵੀ ਹੋਣ ਦਾ ਮੁਕਾਮ ਤਾਂ ਪਹਿਲਾਂ ਹੀ ਹਾਸਲ ਕਰ ਲਿਆ ਹੈ, ਹੁਣ ਉਸ ਦੀ ਇਸ ਪ੍ਰਾਪਤੀ ਉਪਰ ਵੱਡੇ ਰਾਸ਼ਟਰੀ ਪੁਰਸਕਾਰਾਂ ਦੀ ਮੁਹਰ ਵੀ ਲੱਗਣ ਲੱਗੀ ਹੈ। ਪਿਛਲੇ ਦਿਨੀਂ ਸੁਰਜੀਤ ਪਾਤਰ ਨੂੰ ਵਕਾਰੀ ਸਰਸਵਤੀ ਪੁਰਸਕਾਰ ਨਾਲ ਨਿਵਾਜਿਆ ਗਿਆ। ਦੇਸ਼ ਦੀਆਂ ਕੁਝ ਚੋਣਵੀਆਂ ਵੱਡੀਆਂ ਸਾਹਿਤਕ ਸ਼ਖ਼ਸ਼ੀਅਤਾਂ ਨੂੰ ਹੀ ਇਸ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ। ਸੁਰਜੀਤ ਪਾਤਰ ਪੰਜਾਬੀ ਵਿਚ ਇਸ ਪੁਰਸਕਾਰ ਨੂੰ ਹਾਸਲ ਕਰਨ ਵਾਲੇ ਤੀਜੇ ਸਾਹਿਤਕਾਰ ਹਨ। ਸੁਰਜੀਤ ਪਾਤਰ ਦੀ ਕਵਿਤਾ ਸਮਕਾਲੀ ਪੂੰਜੀਵਾਦੀ ਸਮਾਜ ਵਿਚ ਵਿਚਰਦੇ ਦਮਿਤ ਮਨੁੱਖ ਦੀਆਂ ਜੀਵਨ ਪ੍ਰਸਥਿਤੀਆਂ ਦੇ ਸੰਘਣੇ ਹਨੇਰੇ ਵਿਚ ਸੁਲਘਦੀ ਹੋਈ ਵਰਣਮਾਲਾ ਹੈ। ਇਸ ਕਵਿਤਾ ਨੂੰ ਜਦੋਂ ਸੁਰਜੀਤ ਪਾਤਰ ਵੱਲੋਂ ਪ੍ਰਭਾਵਸ਼ਾਲੀ ਤਰੰਨਮ ਵਿਚ ਮੰਚ 'ਤੇ ਪੇਸ਼ ਕੀਤਾ ਜਾਂਦਾ ਹੈ ਤਾਂ ਸਰੋਤਿਆਂ ਦਾ ਹੁੰਗਾਰਾ ਬੱਸ ਦੇਖਣਾ ਹੀ ਬਣਦਾ ਹੈ। ਸੁਰਜੀਤ ਪਾਤਰ ਨੂੰ ਸਰਸਵਤੀ ਪੁਰਸਕਾਰ ਮਿਲਣ ਨਾਲ ਪੰਜਾਬੀ ਸਾਹਿਤ ਤੇ ਭਾਸ਼ਾ ਦੇ ਗੌਰਵ ਵਿਚ ਵਾਧਾ ਹੋਇਆ ਹੈ। ਅਦਾਰਾ ਨਵੀਂ ਦੁਨੀਆ ਵੱਲੋਂ ਸ਼ਾਇਰ ਨੂੰ ਹਾਰਦਿਕ ਮੁਬਾਰਕਬਾਦ!

## ਵਿਸਾਖੀ ਨੂੰ ਸਮਰਪਤ ਬਾਰ੍ਹਵਾਂ ਮਹਾਨ ਨਗਰ ਕੀਰਤਨ

ਪਿਛਲੇ ਸਾਲਾਂ ਦੀ ਤਰ੍ਹਾਂ ਐਡਮਿੰਟਨ ਦੀਆਂ ਸਮੂਹ ਸੰਗਤਾਂ ਵਲੋਂ ਖਾਲਸੇ ਦੇ ਸਿਰਜਨਾ ਦਿਵਸ ਨੂੰ ਸਮਰਪਤ ਵਿਸਾਖੀ ਨਗਰ ਕੀਰਤਨ ਦਾ ਪ੍ਰਬੰਧ 23 ਮਈ, 2010 ਦਿਨ ਐਤਵਾਰ (ਵਿਕਟੋਰੀਆ ਡੇ ਲੌਂਗ ਵੀਕਐਂਡ) ਨੂੰ ਕੀਤਾ ਗਿਆ ਹੈ। ਪੰਜ ਪਿਆਰਿਆਂ ਅਤੇ ਧੰਨੁ ਧੰਨੁ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਨਗਰ ਕੀਰਤਨ ਠੀਕ ਇਕ ਵਜੇ ਬਾਅਦ ਦੁਪਹਿਰ ਗੁਰਦਵਾਰਾ ਮਿਲਵੁਡਜ਼ ਤੋਂ ਅਰੰਭ ਹੋਵੇਗਾ ਅਤੇ 2:30 ਵਜੇ ਗੁਰਦਵਾਰਾ ਸਿਰੀ ਗੁਰੂ ਸਿੰਘ ਸਭਾ ਪੁਜੇਗਾ। ਇਥੇ ਪਹੁੰਚਣ ਤੇ ਇਕ ਘੰਟੇ ਲਈ ਸਟੇਜ ਸਜੇਗੀ ਜਿਸ ਵਿਚ ਕਵੀਸ਼ਰੀ, ਢਾਡੀ, ਰਾਗੀ ਜੱਥੇ ਅਤੇ ਹੋਰ ਬੁਲਾਰੇ ਗੁਰੂ ਜੱਸ, ਇਤਿਹਾਸ ਸਰਵਣ ਕਰਵਾਉਣਗੇ, ਅਤੇ ਆਪਣੀਆਂ ਸ਼ੁਭ ਇੱਛਾਵਾਂ ਸੰਗਤਾਂ ਨਾਲ ਸਾਂਝੀਆਂ ਕਰਨਗੇ। ਗੁਰਦਵਾਰਾ ਸਿਰੀ ਗੁਰੂ ਸਿੰਘ ਸਭਾ ਤੋਂ ਨਗਰ ਕੀਰਤਨ 3:30 ਵਜੇ ਫਿਰ ਚਾਲੇ ਪਾਕੇ 5:00 ਵਜੇ ਗੁਰਦਵਾਰਾ ਮਿਲਵੁਡਜ਼ ਵਾਪਸ ਪਹੁੰਚੇਗਾ।ਪ੍ਰਬੰਧਕਾਂ ਵਲੋਂ ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਸ ਦਿਨ ਨਗਰ ਕੀਰਤਨ ਵਿਚ ਸ਼ਾਮਲ ਹੋਕੇ ਨਗਰ ਕੀਰਤਨ ਦੀ ਰੌਣਕ ਨੂੰ ਵਧਾਓ ਅਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ।

ਪ੍ਰਬੰਧਕਾਂ ਵਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਿੱਛੇ ਪਿੱਛੇ ਚੱਲਣ, ਅੱਗੇ ਜਾਂ ਬਰਾਬਰ ਚੱਲਣ ਦੀ ਕੋਸ਼ਿਸ ਨਾ ਕੀਤੀ ਜਾਵੇ। ਸੁੱਰਖਿਆ ਦਾ ਖਾਸ ਖਿਆਲ ਰੱਖਣ ਦੇ ਨਾਲ ਨਾਲ, ਆਪਣੇ ਬੱਚਿਆਂ ਨੂੰ ਖ਼ੁਦ ਜ਼ੁੰਮੇਵਾਰੀ ਨਾਲ ਸੰਭਾਲ ਕੇ ਰੱਖਣ। ਲੋਕਾਂ ਦੀਆਂ ਜਾਇਦਾਦਾਂ ਦਾ ਖਿਆਲ ਰੱਖਦਿਆਂ, ਘਾਹ ਵਗੈਰਾ ਉੱਪਰ ਨਾ ਚਲਿਆ ਜਾਵੇ। ਨਗਰ ਕੀਰਤਨ ਦੇ ਰਸਤੇ ਜਾਂ ਜਿੱਥੇ ਕਾਰਾਂ ਪਾਰਕ ਕਰਨੀਆਂ ਮਨ੍ਹਾਂ ਹਨ, ਉਥੇ ਕਾਰਾਂ ਬਿਲਕੁਲ ਪਾਰਕ ਨਹੀਂ ਕਰਨੀਆਂ। ।ਪ੍ਰਬੰਧਕਾਂ ਵਲੋਂ ਸਮੂਹ ਸੰਗਤਾਂ ਅੱਗੇ ਬੇਨਤੀ ਹੈ ਕਿ ਨਗਰ ਕੀਰਤਨ ਲਈ ਹੋਣ ਵਾਲੀ ਸੇਵਾ ਵਿਚ ਵੱਧ ਤੋਂ ਵੱਧ ਹੱਥ ਵਟਾਓ।

ਸੇਵਾ ਵਿਚ ਹਿੱਸਾ ਜਾਂ ਹੋਰ ਸੂਚਨਾ ਲੈਣ ਲਈ ਹੇਠ ਲਿਖੇ ਫੋਨ ਨੰ. ਤੇ ਸ: ਸੁਰਿੰਦਰ ਸਿੰਘ ਹੂੰਜਣ 780-777-3653, ਸ: ਪਰਮਜੀਤ ਸਿੰਘ ਉੱਭੀ 780-498-2126, ਸ: ਪਾਲ ਸਿੰਘ ਪੁਰੇਵਾਲ 780-707-8403, ਸ: ਕਰਨੈਲ ਸਿੰਘ ਮਾਂਗਟ 780-721-4820 ਸ: ਗੁਰਚਰਨ ਸਿੰਘ ਸੰਘਾ 780-660-9961 ਅਤੇ ਸ: ਦਰਸ਼ਨ ਸਿੰਘ ਗਿੱਲ 780-993-1154 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਸੁਲੱਖਣ ਸਰਹੱਦੀ ਨੂੰ ਪ੍ਰਿੰ. ਤਖਤ ਸਿੰਘ ਪੁਰਸਕਾਰ ਤੇ ਕੇਂਦਰੀ ਸਭਾ ਦੀ ਮੀਤ ਪ੍ਰਧਾਨਗੀ ਲਈ ਮੁਬਾਰਕਾਂ

'ਨਵੀਂ ਦੁਨੀਆ' ਦੇ ਸਲਾਹਕਾਰ ਸੁਲੱਖਣ ਸਰਹੱਦੀ ਬਹੁਵਿਧਾਵੀ ਸਾਹਿਤਕਾਰ ਹਨ। ਉਹ ਜਿੰਨੀ ਚੰਗੀ ਕਵਿਤਾ ਲਿਖਦਾ ਹੈ। ਓਨੀ ਚੰਗੀ ਵਾਰਤਕ ਵੀ ਲਿਖਦਾ ਹੈ। ਪੰਜਾਬੀ ਦੀ ਨਵੀਂ ਗ਼ਜ਼ਲ ਵਿਚ ਉਸ ਦਾ ਵਿਸ਼ੇਸ਼ ਸਥਾਨ ਹੈ। ਉਸ ਦੀ ਗ਼ਜ਼ਲ ਨਾ ਕੇਵਲ ਵਿਸ਼ੇ ਪੱਖੋਂ ਨਵੀਂ ਨਵੇਲੀ ਹੁੰਦੀ ਹੈ ਸਗੋਂ ਤਕਨੀਕ ਪੱਖੋਂ ਵੀ ਪੁਖ਼ਤਾ ਹੁੰਦੀ ਹੈ। ਸੁਲੱਖਣ ਸਰਹੱਦੀ ਪਿੰਗਲ ਅਰੂਜ਼ ਦੀ ਜਾਣਕਾਰੀ ਰੱਖਣ ਵਾਲੇ ਚੋਣਵੇਂ ਗ਼ਜ਼ਲਗੋਆਂ ਵਿਚੋਂ ਹੈ। ਗ਼ਜ਼ਲ ਲਈ ਵਿਸ਼ੇਸ਼ ਯੋਗਦਾਨ ਬਦਲੇ ਸੁਲੱਖਣ ਸਰਹੱਦੀ ਨੂੰ ਪ੍ਰਿੰ. ਤਖ਼ਤ ਸਿੰਘ ਯਾਦਗਾਰੀ ਪੁਰਸਕਾਰ ਨਾਲ ਸਾਹਿਤ ਸਭਾ ਜਗਰਾਉਂ ਵੱਲੋ ਸਨਮਾਨਤ ਕੀਤਾ ਗਿਆ ਹੈ। ਪਿਛਲੇ ਦਿਨੀਂ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ ਵਿਚ ਉਹ ਮੀਤ ਪ੍ਰਧਾਨ ਚੁਣੇ ਗਏ ਹਨ। ਅਦਾਰਾ ਨਵੀਂ ਦੁਨੀਆਂ ਵਲੋਂ ਇਨ੍ਹਾਂ ਦੋਵਾਂ ਪ੍ਰਾਪਤੀਆਂ ਲਈ ਸ਼ਾਇਰ ਨੂੰ ਨਿੱਘੀ ਵਧਾਈ।


Ace Immigration Services



Bring your relatives to Canada in 6-12 months*

*Nurses, College & Polytechnic Teachers, Restaurant Managers and many more occupations eligible*

**Competent Services • Reasonable Fee**

**Avail our services for:**

Family Sponsorship • Work Permit
Point System • Business & Investor Class
Provincial Nominee • Study Permit • Nanny

**Shamsher Buttar**

Certified Canadian Immigration Consultant
Member CSIC

**Edmonton 780-465-6900**
**Toronto 1-416-740-3186**
**Email: ss_buttar@yahoo.com**

*some conditions apply

ਰਿਸ਼ਤਿਆਂ ਦੀ ਗਰਾਮਰ

# ਪਾਸ਼ ਤੇ ਰੀੜ੍ਹ ਦੀ ਹੱਡੀ

**ਤੇਜਿੰਦਰ ਵਿਰਲੀ**

ਮੈਂ ਪੜ੍ਹਦਿਆਂ ਪੜ੍ਹਦਿਆਂ ਕਿਤਾਬ ਟੇਬਲ 'ਤੇ ਮੂਧੀ ਮਾਰ ਦਿੱਤੀ। ਮੈਨੂੰ ਜਾਪਿਆ ਉਹਨੇ ਕਿਤਾਬ ਉਪਰ ਬਣੀ ਪਾਸ਼ ਦੀ ਫੋਟੋ ਨੂੰ ਪ੍ਰਣਾਮ ਕੀਤਾ ਹੈ। ਪਰ ਫੇਰ ਮੈਨੂੰ ਜਾਪਿਆ ਇਹਨੇ ਪਾਸ਼ ਨੂੰ ਨਹੀਂ ਕਿਤਾਬ ਨੂੰ ਪ੍ਰਣਾਮ ਕੀਤਾ ਹੈ। ਸ਼ਾਇਦ ਉਸ ਨੇ ਪ੍ਰਣਾਮ ਨਹੀਂ ਕੀਤਾ ਪਾਸ਼ ਨੂੰ ਸਲੂਟ ਮਾਰਿਆ ਹੈ। ਉਸ ਨੇ ਜੋ ਕੁਝ ਵੀ ਕੀਤਾ ਇਵੇਂ ਚੋਰੀ ਜਿਹੇ ਕੀਤਾ ਜਿਵੇਂ ਸਾਨੂੰ ਪਤਾ ਨਾ ਲੱਗੇ। ਪਰ ਇਹ ਤਾਂ ਉਹਨੂੰ ਵੀ ਪਤਾ ਲੱਗ ਗਿਆ ਸੀ ਕਿ ਮੈਂ ਇਹ ਸਭ ਕੁਝ ਦੇਖ ਲਿਆ ਸੀ। ਹੁਣ ਉਸ ਦੇ ਕੰਮ ਕਾਜ ਵਿਚ ਨਾ ਸਹਿਜਤਾ ਸੀ ਨਾ ਉਸ ਦੀਆਂ ਅੱਖਾਂ ਹੀ ਸਾਨੂੰ ਫੇਸ ਕਰ ਪਾ ਰਹੀਆਂ ਸਨ। ਉਹ ਡਰਿਆ ਹੋਇਆ ਲੱਗ ਰਿਹਾ ਸੀ। ਪਰ ਇਹ ਸਾਰਾ ਕੁਝ ਮੇਰੇ ਲਈ ਖਾਸ ਖਿੱਚ ਦਾ ਕੇਂਦਰ ਬਣਿਆ ਹੋਇਆ ਸੀ। ਭਾਂਵੇਂ ਮੈਂ ਗੱਲਾਂ ਤਾਂ ਅਪਣੇ ਰਿਸ਼ਤੇਦਾਰੀ 'ਚ ਲਗਦੇ ਸਾਲੇ ਨਾਲ ਕਰ ਰਿਹਾ ਸਾਂ ਪਰ ਮੇਰੇ ਦਿਲ ਦੀ ਤਾਰ ਉਸੇ ਵਿਚ ਹੀ ਵੱਜਦੀ ਸੀ। ਮੈਂ ਚਾਹੁੰਦਾ ਸਾਂ ਕਿ ਉਸ ਨਾਲ ਗੱਲਾਂ ਕਰਾਂ। ਪਰ ਉਹ ਘਰ ਦੇ ਨਿੱਕੇ- ਨਿੱਕੇ ਕੰਮਾਂ ਵਿਚ ਰੁੱਝਾ ਹੋਇਆ ਸੀ। ਪਾਸ਼ ਦੀ ਫੋਟੋ ਨੂੰ ਮਾਰਿਆ ਉਸ ਦਾ ਸਲੂਟ ਮੇਰੇ ਅੰਦਰ ਖਲਬਲੀ ਜਿਹੀ ਪੈਦਾ ਕਰ ਰਿਹਾ ਸੀ। ਪਰ ਹੁਣ ਉਹ ਮੇਰੀਆਂ ਅੱਖਾਂ ਵਿਚ ਅੱਖਾਂ ਨਹੀਂ ਸੀ ਪਾ ਰਿਹਾ। ਕਦੇ ਬੱਚਿਆਂ ਦੇ ਬੂਟ ਪਾਲਸ਼ ਕਰਦਾ। ਕਦੇ ਉਨ੍ਹਾਂ ਦੇ ਲੰਚ ਬੈਗ ਤਿਆਰ ਕਰਦਾ। ਕਦੇ ਡਸਟਿੰਗ ਕਰਦਾ। ਸਾਰੇ ਕੰਮ ਕਰਦਾ ਉਹ ਮੇਰੇ ਤੋਂ ਜਿਵੇਂ ਨਜ਼ਰਾਂ ਚੁਰਾ ਰਿਹਾ ਸੀ। ਉਹ ਇਕੱਲਾ ਨਹੀਂ ਸੀ ਉਸ ਨਾਲ ਇਕ ਹੋਰ ਸਾਥੀ ਸੀ ਜਿਹੜਾ ਅੰਦਰ ਕਿਚਨ 'ਚ ਮੈਡਮ ਦੀ ਮਦਦ ਕਰ ਰਿਹਾ ਸੀ। ਉਹ ਹੁਣ ਉਖੜਿਆ ਉਖੜਿਆ ਕੰਮ ਕਰ ਰਿਹਾ ਸੀ। ਪਾਸ਼ ਦੀ ਫੋਟੋ ਨੂੰ ਕੀਤੇ ਉਸ ਦੇ ਸਲੂਟ ਨੇ ਉਸ ਦੀ ਸਹਿਜਤਾ ਖ਼ਤਮ ਕਰ ਦਿੱਤੀ ਸੀ। ਪਰ ਇਹ ਏਡੀ ਵੀ ਕਿਹੜੀ ਗੱਲ ਸੀ। ਮੈਂ ਇਸੇ ਬਾਰੇ ਸੋਚਦਾ ਸਾਂ। ਮੈਂ ਇਸ ਬਾਰੇ ਜਾਣਨ ਲਈ ਉਤਸੁਕ ਸਾਂ ਤੇ ਸਾਇਦ ਉਹ ਮੇਰੇ ਅੰਦਰ ਦੀ ਉਤਸੁਕਤਾ ਨੂੰ ਪੜ੍ਹ ਚੁੱਕਾ ਸੀ, ਇਸੇ ਲਈ ਮੈਨੂੰ ਵਕਤ ਹੀ ਨਹੀਂ ਸੀ ਦੇ ਰਿਹਾ ਕਿ ਮੈਂ ਉਸ ਨਾਲ ਗੱਲ ਕਰ ਸਕਾਂ।

ਮੈਂ ਆਖਰ ਗੱਲ ਸ਼ੁਰੂ ਕੀਤੀ, "ਕਾਕਾ ਤੂੰ ਪੜ੍ਹ ਲੈਨਾ ਏਂ ? ਤੂੰ ਜਾਣਦਾ ਏਂ ਇਹ ਫੋਟੋ ਕਿਸ ਦੀ ਹੈ? '' ਮੈਂ ਦੋ ਚਾਰ ਸਵਾਲ ਇਕੱਠੇ ਹੀ ਕਰ ਦਿੱਤੇ।- "ਹਾਂ ਮੈਂ ਪਾਸ਼ ਨੂੰ ਜਾਣਦਾ ਹਾਂ, ਮੈਂ ਇਸ ਦੀਆਂ ਕਵਿਤਾਵਾਂ ਵੀ ਪੜ੍ਹੀਆਂ ਹਨ। ਇਹ ਬਹੁਤ ਵੱਡਾ ਪੰਜਾਬੀ ਸ਼ਾਇਰ ਸੀ। ਅੱਜ ਬੜੇ ਚਿਰਾਂ ਬਾਅਦ ਪਾਸ਼ ਦਾ ਖ਼ਿਆਲ ਮਨ 'ਚ ਆਇਆ ਹੈ।'' ਮੈਨੂੰ ਜਾਪਿਆ ਪਾਸ਼ ਦੀ ਗੱਲ ਕਰਦਾ ਉਹ ਭਾਵੁਕ ਹੋ ਗਿਆ ਸੀ ਪਰ ਗੱਲ ਕਰਦਿਆਂ ਉਸ ਨੇ ਆਪਣੇ ਹੱਥਾਂ ਦੀ ਰਫਤਾਰ ਨਾ ਮੱਧਮ ਹੋਣ ਦਿੱਤੀ ਤੇ ਨਾ ਹੀ ਹੱਥ 'ਚ ਫੜਿਆ ਪਾਲਿਸ਼ ਬੁਰਸ਼ ਰੁਕਣ ਦਿੱਤਾ। ਹੁਣ ਉਸ ਦੇ ਹੱਥ ਵਿਚ ਵੱਡੇ ਫੌਜੀ ਬੂਟ ਸਨ ਜਿਹੜੇ ਉਹ ਚਮਕਾ ਰਿਹਾ ਸੀ, ਨਹੀਂ ਨਹੀਂ ਸਾਇਦ ਚਮਕ ਤੇ ਪਹਿਲਾਂ ਹੀ ਰਹੇ ਸਨ। ਉਹ ਸ਼ਾਇਦ ਚਮਕ ਦਾ ਸਿਖ਼ਰ ਦੇਖ ਰਿਹਾ ਸੀ।

''ਤੁਸੀਂ ਵੀ ਪਾਸ਼ ਬਾਰੇ ਪੜ੍ਹ ਰਹੇ ਹੋ, ਤੁਸੀ ਪਾਸ਼ ਨੂੰ ਜਾਣਦੇ ਹੋ?'' ਉਸ ਨੇ ਮੇਰੇ ਵੱਲ ਮੋੜਵਾਂ ਸਵਾਲ ਕਰ ਮਾਰਿਆ। ''ਹਾਂ ਮੈਂ ਇਸ ਦੀ ਕਵਿਤਾ ਬਾਰੇ ਪੀ ਐਚ ਡੀ ਕਰ ਰਿਹਾ ਹਾਂ। ਇਸ ਲਈ ਇਸ ਦੀ ਸਮੁੱਚੀ ਰਚਨਾ ਦਾ ਦੋਬਾਰਾ ਅਧਿਐਨ ਕਰ ਰਿਹਾ ਹਾਂ।'' ਉਹ ਅਪਣੇ ਸਾਹਿਬ ਦੀ ਹਾਜਰੀ ਵਿਚ ਇਹ ਸਾਰੀਆਂ ਗੱਲਾਂ ਸਹਿਜਤਾ ਨਾਲ ਨਹੀਂ ਸੀ ਕਰ ਰਿਹਾ। ਇਹ ਗੱਲ ਮੈਂ ਮਹਿਸੂਸ ਕਰ ਲਈ ਸੀ ਕਿਉਂਕਿ ਮੇਰੀ ਰੁਚੀ ਉਸ ਵਿਚ ਦੇਖ ਕੇ ਮੇਰੇ ਸਾਲਾ ਸਾਹਿਬ ਬਹੁਤੇ ਖੁਸ਼ ਨਹੀਂ ਸਨ। ਹੁਣ ਮੈਂ ਉਸ ਦੀ ਅਸਹਿਜਤਾ ਦੇ ਕਾਰਨ ਨੂੰ ਸਮਝ ਗਿਆ ਸਾਂ। ਮੈਂ ਦੇਖਿਆ ਉਸ ਦਾ ਸਾਹਿਬ ਜਾਣੀ ਮੇਰਾ ਸਾਲਾ ਉਸ ਨੂੰ ਬਹਾਨੇ ਨਾਲ ਬਾਹਰ ਕਿਚਨ ਗਾਰਡਨ ਦੀ ਗੋਡੀ ਦਾ ਕੰਮ ਨਬੇੜਨ ਦੀ ਹਦਾਇਤ ਸਖ਼ਤੀ ਨਾਲ ਕਰ ਰਿਹਾ ਸੀ।

ਕੁਝ ਸਮੇਂ ਬਾਅਦ ਭਾਜੀ ਤੇ ਭਾਬੀ ਆਪੋ ਅਪਣੀ ਡੀਊਟੀ 'ਤੇ ਚਲੇ ਗਏ। ਮੇਰੀ ਸੱਜ ਵਿਆਹੀ ਪਤਨੀ ਤੇ ਮੈਂ ਹੀ ਘਰ ਵਿਚ ਸਾਂ। ਸਾਡੀ ਟਹਿਲ ਸੇਵਾ ਵਾਸਤੇ ਪੂਰੇ ਚਾਰ ਸੇਵਾਦਾਰ ਘਰ ਵਿਚ ਸਨ ਜਿਹੜੇ ਪਤਾ ਨਹੀਂ ਅੱਜ ਸਾਡੇ ਕਰਕੇ ਹੀ ਆਏ ਸਨ ਜਾਂ ਹਰ ਰੋਜ਼ ਹੀ ਇੱਥੇ ਇੰਝ ਹੀ ਮੇਲਾ ਲੱਗਦਾ ਸੀ। ਹੁਣ ਮੈਂ ਬੇਝਿਜਕ ਉਸ ਕਾਮੇ ਨਾਲ ਗੱਲ ਕਰ ਸਕਦਾ ਸਾਂ ਜਿਹੜਾ ਪਾਸ਼ ਦੀ ਕਵਿਤਾ ਦਾ ਭਗਤ ਸੀ ਤੇ ਜਿਸ ਨਾਲ ਗੱਲ ਕਰਦਿਆਂ ਸ਼ਾਇਦ ਮੇਰੇ ਸਾਲੇ ਦਾ ਸਟੇਟਸ ਨੀਵਾਂ ਹੁੰਦਾ ਸੀ ਤੇ ਇਸੇ ਕਰਕੇ ਹੀ ਉਸ ਨੂੰ ਅੰਦਰ ਦੇ ਕੰਮ ਤੋਂ ਛੁੱਟੀ ਕਰਕੇ ਬਾਹਰ ਵੱਡੇ ਲਾਨ ਵਿਚ ਭੇਜ ਦਿੱਤਾ ਗਿਆ ਸੀ। ਡੀਊਟੀ 'ਤੇ ਜਾਣ ਸਮੇਂ ਮੇਰੇ ਸਾਲੇ ਦੀਆਂ ਨਜ਼ਰਾਂ ਨੇ ਮੈਨੂੰ ਕਿਹਾ ਸੀ- ਐਵੇਂ ਨਿੱਕੇ ਲੋਕਾਂ ਦੇ ਮੂੰਹ ਨਹੀਂ ਲੱਗੀਦਾ। ਕਿਚਨ ਵਿਚ ਕੰਮ ਕਰਦੇ ਜਵਾਨ ਨੂੰ ਉੱਚੀ ਦੇਣੀ ਕਿਹਾ ਗਿਆ ਸੀ ਸਾਹਿਬ ਤੇ ਮੇਮ ਸਾਹਿਬ ਦਾ ਖ਼ਿਆਲ ਰੱਖਣਾ ਹੈ। ਵਿਆਹ ਤੋਂ ਬਾਅਦ ਇਸ ਘਰ ਵਿਚ ਸਾਡੀ ਪਹਿਲੀ ਫੇਰੀ ਸੀ। ਉਹ ਫੇਰੀ ਜਿਸ ਦੇ ਕਈ ਸੱਦੇ ਪੱਤਰ ਵਿਆਹ ਵਾਲੇ ਦਿਨ ਤੋਂ ਹੀ ਮਿਲ ਰਹੇ ਸਨ। ਮੇਰੀ ਇਹ ਫੇਰੀ ਫੌਜੀ ਜੀਵਨ ਨੂੰ ਨੇੜਿਉਂ ਦੇਖਣ ਦਾ ਵੀ ਮੇਰਾ ਪਹਿਲਾ ਅਨੁਭਵ ਸੀ।

ਮੈਂ ਕਿਚਨ ਗਾਰਡਨ ਦੀ ਗੋਡੀ ਕਰਦੇ ਨੌਜਵਾਨ ਕੋਲ ਬਾਹਰ ਚਲਾ ਗਿਆ ਜਿਹੜਾ ਕੁਝ ਸਮੇਂ ਪਹਿਲਾਂ ਅੰਦਰ ਮੇਰੇ ਨਾਲ ਗੱਲਾਂ ਕਰ ਰਿਹਾ ਸੀ। ਉਹ ਗੋਡੀ ਕਰਦਾ ਉੱਠਕੇ ਮੇਰੇ ਲਈ ਕੁਰਸੀ ਲੈਣ ਚਲਾ ਗਿਆ । "ਸਾਹਿਬ ਬੈਠੋ" ਕਹਿ ਕੇ ਉਹ ਆਪ ਗੋਡੀ ਕਰਨ ਰੁੱਝ ਗਿਆ। "ਕੀ ਤੈਨੂੰ ਵੀ ਕਵਿਤਾ ਲਿਖਣ ਪੜ੍ਹਨ ਦਾ ਸ਼ੌਕ ਹੈ?" ਮੈਂ ਉਸ ਨੂੰ ਸਵਾਲ ਕੀਤਾ। "ਹਾਂ ਕਦੇ ਮੈਂ ਵੀ ਕਵਿਤਾ ਲਿਖ ਲੈਂਦਾ ਸਾਂ।" ਸਾਂ ਦਾ ਮਤਲਬ ਹੁਣ ਨਹੀਂ? ਮੈਂ ਇਕ ਹੋਰ ਸਵਾਲ ਕੀਤਾ। "ਇੱਥੇ ਕਵਿਤਾ ਲਿਖਣਾ ਪੜ੍ਹਨਾ ਗੁਨਾਹ ਹੈ। ਨੌਕਰੀ ਤੋਂ ਪਹਿਲਾਂ ਮੈਂ ਲਗਭਗ ਸਾਰੇ ਹੀ ਪੰਜਾਬੀ ਸ਼ਾਇਰ ਪੜ੍ਹੇ ਹਨ। ਬਾਵਾ ਬਲਵੰਤ ਤੋਂ ਪਾਤਰ ਤੱਕ ਸਭ ਬਾਰੇ ਥੋੜ੍ਹਾ ਬਹੁਤ ਜਾਣਦਾ ਹਾਂ।'' ਉਹ ਸ਼ਾਇਦ ਲੰਮਾਂ ਉੱਤਰ ਦਿੰਦਾ ਮੈਂ ਇਕ ਹੋਰ ਸਵਾਲ ਕਰ ਦਿੱਤਾ "ਤੂੰ ਪੜ੍ਹਿਆਂ ਕਿੰਨ੍ਹਾਂ ਕੁ ਏ?'' ਮੈਂ ਅਜੇ ਸਵਾਲ ਪੂਰਾ ਵੀ ਨਹੀਂ ਸੀ ਕੀਤਾ ਕਿ ਉਸ ਠਾਹ ਦੇਣੀ ਜਵਾਬ ਦਿੱਤਾ "ਬਾਰਾਂ ਪਾਸ ਹਾਂ, ਪਲੱਸ ਟੂ''....। ਮੈਂ ਫਿਰ ਪੁੱਛਿਆ, "ਫੌਜ ਵਿਚ ਤੇਰੀ ਨੌਕਰੀ ਕੀ ਹੈ?" "ਬਸ ਇਹ ਹੀ", ਉਹਦਾ ਜਵਾਬ ਤਿਆਰ ਬਰ ਤਿਆਰ ਹੀ ਸੀ। "ਤੂੰ ਬਾਹਰਵੀ ਪਾਸ ਸੀ ਯਾਰ ਤੈਨੂੰ ਤਾਂ ਕੋਈ ਚੰਗੀ ਨੌਕਰੀ ਵੀ ਮਿਲ ਸਕਦੀ ਸੀ।" ਮੈਂ ਵੇਗ ਵਿਚ ਆਇਆ ਬੇਵਕੂਫਾਂ ਵਾਲਾ ਸਵਾਲ ਕਰ ਬੈਠਾਂ ਸਾਂ। ਜਿਵੇਂ ਦੇਸ਼ ਵਿਚ ਕੋਈ ਬੇਰੁਜਗਾਰੀ ਹੀ ਨਾ ਹੋਵੇ। "ਤੇਰੀ ਨੌਕਰੀ ਕੀ ਹੈ? ਮੇਰਾ ਮਤਲਬ ਤੇਰੀ ਪੋਸਟ ਕੀ ਹੈ?'' ਮੈਂ ਆਪਣੇ ਸਵਾਲ ਨੂੰ ਸ਼ਪੱਸ਼ਟ ਕਰਦਿਆਂ ਕਿਹਾ। "ਮੈਂ ਦੇਸ਼ ਦਾ ਜਵਾਨ ਹਾਂ ਜਿਸ ਨੂੰ ਕਦੀ ਦੇਸ਼ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਜੀ ਨੇ ਜੈ ਜਵਾਨ ਕਿਹਾ ਸੀ। ਜਿਸ ਜਵਾਨ ਦੇ ਮੋਢਿਆਂ 'ਤੇ ਪੂਰੇ ਦੇਸ਼ ਦੀ ਰਾਖੀ ਦੀ ਜ਼ਿੰਮੇਵਾਰੀ ਹੈ, ਦੇਸ਼ ਦੀਆਂ ਸਰਹੱਦਾਂ ਦੇ ਅੰਦਰੋਂ ਤੇ ਬਾਹਰੋਂ ਕੋਈ ਹਮਲਾਵਰ ਇਸ ਤੇ ਹਮਲਾ ਨਾ ਕਰ ਸਕੇ। ਅਸੀਂ ਦੇਸ਼ ਦੀ ਖਾਤਰ ਮਰ ਮਿਟਣ ਵਾਲੇ ਫੌਜੀ ਜਵਾਨ ਹਾਂ ਜਿਨ੍ਹਾਂ ਦੇ ਮੋਢਿਆਂ 'ਤੇ ਜ਼ਿੰਮੇਵਾਰੀ ਦੇ ਕੇ ਸਾਰਾ ਦੇਸ਼ ਬੇਫਿਕਰ ਸੌਂ ਜਾਂਦਾ ਹੈ। '' ਉਹ ਅਜੇ ਹੋਰ ਵੀ ਬੋਲਣਾ ਚਾਹੁੰਦਾ ਸੀ ਸ਼ਾਇਦ। ਪਰ ਮੈਂ ਉਸ ਦੇ ਹਰਖੇ ਮਨ ਦੀ ਹਾਲਤ ਨੂੰ ਸਮਝ ਗਿਆ ਸਾਂ। ਮੈਂ ਉਸ ਦਾ ਧਿਆਨ ਹੁਣ ਹੋਰ ਪਾਸੇ ਵੱਲ ਮੋੜਨ ਦੇ ਇਰਾਦੇ ਨਾਲ ਕਿਹਾ "ਕੀ ਇਹ ਸਾਰੇ ਨੌਜਵਾਨ ਫੌਜੀ ਜਵਾਨ ਹਨ?" ਮੇਰਾ ਮਤਲਬ ਇਹ ਜਿਹੜਾ ਕੰਮ ਤੁਸੀਂ ਕਰ ਰਹੇ ਹੋ ਇਹ ਜਵਾਨਾਂ ਨੇ ਕਰਨਾ ਹੁੰਦਾ ਹੈ? ਉਸ ਦਾ ਭਰਿਆ ਮਨ ਤਾਂ ਜਿਵੇਂ ਇਕ ਵਾਰ ਫੱਟ ਹੀ ਪਿਆ "ਸਰ ਪਾਸ਼ ਨੇ ਇਕ ਥਾਂ ਲਿਖਿਆ ਹੈ- 'ਪੀਲੂ ਸ਼ਾਇਰ ਅੱਜ ਕੱਲ ਯੂਨੀਵਰਸਿਟੀ ਵਿਚ ਜਾ ਲੱਗਿਆ ਹੈ ਹੁਣ ਉਹ ਭਾੜੇ ਦੀਆਂ ਨਜ਼ਮਾਂ ਹੀ ਲਿਖਦਾ ਹੈ।' ਸਰ ਤੁਹਾਡੇ ਤੋਂ ਸਾਡਾ ਦਰਦ ਲਿਖਿਆ ਨਹੀਂ ਜਾਣਾ, ਭਾਰਤੀ ਫੌਜ ਦਾ ਦਰਦ। ਜੇ ਇਹ ਲਿਖਿਆ ਨਹੀਂ ਜਾਣਾ ਤਾਂ ਦਰਦ ਸੁਣਨ ਦੀ ਕੀ ਲੋੜ ਹੈ?" ਸ਼ਾਇਦ ਉਹ ਇਹ ਵੀ ਸਮਝ ਗਿਆ ਸੀ ਕਿ ਮੈਂ ਕਾਲਜ ਲੈਕਚਰਾਰ ਹਾਂ। ਉਹਨੇ ਪਾਸ਼ ਦੀ ਨਜ਼ਮ ਮੇਰੇ ਤੇ ਵਿਅੰਗ ਕੱਸਣ ਲਈ ਹੀ ਸੁਣਾਈ ਸੀ। ਜਾਂ ਫਿਰ ਉਹ ਚਾਹੁੰਦਾ ਸੀ ਕਿ ਉਸ ਦਾ ਇਹ ਦਰਦ ਕਲਮ ਤੋਂ ਕਾਗਜ਼ ਤੱਕ ਦਾ ਸਫਰ ਤਹਿ ਕਰੇ।

"ਤੂੰ ਬੰਦਾ ਬੜਾ ਰੋਚਕ ਏਂ ਯਾਰ, ਤੂੰ ਮੈਨੂੰ ਆਪਣਾ ਨਾਮ ਤਾਂ ਦੱਸ?" ਸਰ ਜੇ. ਐਸ. ਭਾਰਤੀ ਮੇਰਾ ਨਾਮ ਹੈ, ਭਾਰਤੀ ਕਹਿ ਕੇ ਬੁਲਾਂਦੇ ਨੇ ਮੈਨੂੰ ਸਾਰੇ।" ਮੈਂ ਵੀ ਮਨੋਵਿਗਿਆਨ ਪੜ੍ਹਿਆ ਹੋਇਆ ਸਾਂ। ਮੈਂ ਉਸ ਦੇ ਵੱਲ ਦਾ ਹੋਕੇ ਸਵਾਲ ਕਰਨਾ ਸ਼ੁਰੂ ਕੀਤਾ ਤਾਂ ਕਿ ਉਹ ਪੂਰਾ ਸਹਿਜ ਹੋਇਆ ਮੇਰੇ ਸਵਾਲਾਂ ਦੇ ਜਵਾਬ ਦੇਵੇ। "ਇਹ ਭਾਰਤੀ ਤੇਰਾ ਨਾਮ ਹੈ ਜਾਂ ਤਖੱਲਸ?" ਇਹ ਮੈਂ ਉਦੋਂ ਆਪਣਾ ਤਖੱਲਸ ਰੱਖਿਆ ਸੀ ਜਦੋਂ ਮੈਨੂੰ ਕਵਿਤਾ ਲਿਖਣ ਦਾ ਭੂਤ ਸਵਾਰ ਹੋਇਆ ਸੀ ਜਦੋਂ ਮੈਂ ਸਭ ਧਰਮਾਂ ਤੋਂ ਉੱਪਰ ਉੱਠਕੇ ਸਭ ਫਿਰਕਿਆਂ ਤੋਂ ਨਿਰਲੇਪ ਹੋਕੇ ਭਾਰਤੀ ਹੋਣ 'ਤੇ ਮਾਣ ਕਰਦਾ ਸਾਂ। ਇਸੇ ਫਤੂਰ ਦੇ ਘੋੜੇ 'ਤੇ ਚੜਿਆ ਮੈਂ ਅੱਗੇ ਪੜ੍ਹਨਾ ਛੱਡਕੇ ਫੌਜ ਵਿਚ ਆ ਭਰਤੀ ਹੋਇਆ ਸਾਂ। ਪਰ ਇਥੇ ਆ ਕੇ ਜੋ ਦੇਖਿਆ ਉਹ ਤਾਂ ਅੱਖਾਂ ਖੋਲਣ ਵਾਲਾ ਸੀ। ਇੱਥੇ ਹਰ ਧਰਮ ਦਾ ਪੂਜਾ ਸਥਾਨ ਜਵਾਨਾਂ ਲਈ ਹੋਰ ਤੇ ਅਫਸਰਾਂ ਲਈ ਹੋਰ। ਇੱਥੇ ਵੰਡ ਕੇਵਲ ਧਰਮਾਂ ਦੀ ਹੀ ਨਹੀਂ ਅਹੁਦੇ ਦੀ ਵੀ ਹੈ। ਜਾਤੀ ਆਧਾਰ 'ਤੇ ਵੰਡੇ ਭਾਰਤ ਦੀ ਫੌਜ ਅੱਗੋਂ ਪੂਰੀ ਤਰ੍ਹਾਂ, ਜਮਾਤੀ ਅਧਾਰ 'ਤੇ ਵੀ ਵੰਡੀ ਹੋਈ ਹੈ। ਜਵਾਨਾਂ ਦੀ ਰਜਮੈਂਟ ਕਟਿੰਗ ਦੇ ਨਾਮ 'ਤੇ ਜਿਹੜੀ ਕਟੌਤੀ ਹੁੰਦੀ ਹੈ ਉਸ ਨਾਲ ਅਫਸਰਾਂ ਦੀਆਂ ਪਾਰਟੀਆਂ ਹੁੰਦੀਆਂ ਹਨ। ਜਵਾਨ ਤਾਂ ਆਪਣੇ ਕੋਲ ਕੈਮਰੇ ਵਾਲਾ ਮੋਬਾਇਲ ਵੀ ਨਹੀਂ ਰੱਖ ਸਕਦਾ। ਅਫਸਰ ਭਾਵੇਂ ਪੂਰੀ ਵੀਡੀਓਗਰਾਫੀ ਕਰਕੇ ਦੁਸ਼ਮਣ ਦੇਸ਼ ਨੂੰ ਵੇਚ ਦੇਵੇ। ਅੱਜ ਤੱਕ ਜਿੰਨੀ ਵੀ ਸੂਚਨਾ ਲੀਕ ਹੋਈ ਹੈ ਇਹ ਸਾਰੀ ਹੀ ਅਫਸਰਾਂ ਨੇ ਹੀ ਕੀਤੀ ਹੈ। ਜਵਾਨਾਂ ਨੇ ਕਦੀ ਦੇਸ਼ ਨਾਲ ਗ਼ਦਾਰੀ ਨਹੀਂ ਕੀਤੀ।" ਉਹ ਕਿਨ੍ਹਾਂ ਕੁਝ ਦੱਸਦਾ ਗਿਆ ਤੇ ਮੈਂ ਸੁਣਦਾ ਰਿਹਾ...

ਜਦੋਂ ਪੰਜਾਬ ਵਿਚ ਧਰਮ ਦੇ ਨਾਮ ਤੇ ਕਤਲੋਗਾਰਦ ਹੋ ਰਹੀ ਸੀ ਉਸ ਵਕਤ ਉਹ ਆਰਮਡ ਕੋਰ ਵਿਚ ਬਤੌਰ ਫੌਜੀ ਜਵਾਨ ਭਰਤੀ ਹੋਇਆ ਸੀ। ਉਸ ਨੇ ਦੱਸਿਆ ਜਦੋਂ ਤੋਂ ਉਹ ਭਰਤੀ ਹੋਇਆ ਉਦੋਂ ਤੋਂ ਹੀ ਇਕ ਟੈਂਕ ਉਸ ਦੇ ਨਾਮ ਚੜਿਆ ਹੋਇਆ ਹੈ। ਉਸ ਦਾ ਕੰਮ ਉਸ ਨੂੰ ਸਾਫ ਕਰਨਾ, ਉਸ ਦੀ ਦੇਖ ਭਾਲ ਕਰਨਾ ਤੇ ਹਰ ਰੋਜ ਉਸ ਨੂੰ ਸਟਾਰਟ ਕਰਨਾ ਹੈ। ਐਸਾ ਨਾ ਹੋਵੇ ਕੇ ਅਚਾਨਕ ਲੋੜ ਪੈਣ 'ਤੇ ਉਹ ਚੱਲੇ ਹੀ ਨਾ। ਉਸ ਨੇ ਦੱਸਿਆ ਕਿ ਇਕ ਟੈਂਕ 'ਤੇ ਅਸੀ ਤਿੰਨ ਜਾਣੇ ਹੁੰਦੇ ਹਾਂ। ਇਕ ਟੈਂਕ ਦਾ ਡਰਾਇਵਰ, ਦੂਜਾ ਫਾਇਰ ਮੈਨ, ਜੋ ਟੈਂਕ 'ਤੇ ਲੱਗੀ ਤੋਪ ਨੂੰ ਚਲਾਉਂਦਾ ਹੈ ਤੇ ਤੀਸਰਾ ਦੋਹਾਂ ਨੂੰ ਇਕ ਤਾਲਮੇਲ ਵਿਚ ਕਰਨ ਵਾਲਾ ਜਿਹੜਾ ਵਾਕੀ ਟਾਕੀ ਰਾਹੀਂ ਇਕ ਪਾਸੇ ਆਪਣੇ ਆਫਸਰਾਂ ਨਾਲ ਜੁੜਿਆ ਹੁੰਦਾ ਹੈ ਤੇ ਦੂਸਰੇ ਪਾਸੇ ਦੋਹਾਂ ਸਾਥੀਆਂ ਨੂੰ ਅਪਰੇਸ਼ਨ ਲਈ ਦਿਸ਼ਾ ਨਿਰਦੇਸ਼ ਦਿੰਦਾ ਹੈ। ਇਨ੍ਹਾਂ ਸਾਰਿਆਂ ਦਾ ਤਾਲਮੇਲ ਆਪਸ ਵਿਚ ਜੁੜਿਆ ਹੋਣਾ ਜਰੂਰੀ ਹੁੰਦਾ ਹੈ। ਪਰ ਇੱਥੇ ਤਾਂ ਇਕ ਮਿੰਟ ਦਾ ਮਰਨ ਦਾ ਵਿਹਲ ਹੀ ਨਹੀਂ। ਕਦੀ ਬੂਟ ਪਾਲਿਸ਼ ਕਰੋ। ਕਦੀ ਕਿਚਨ ਗਾਰਡਨ ਦੀ ਗੋਡੀ ਕਰੋ। ਕਦੀ ਕਪੜੇ ਧੋਵੋ, ਕਦੀ ਸਾਹਿਬ ਦੇ ਬੱਚਿਆਂ ਨੂੰ ਸਕੂਲ ਲੈਕੇ ਜਾਵੋ। ਕਦੀ ਸਾਹਿਬ ਦੀ ਬੀਵੀ ਨੂੰ ਬਜ਼ਾਰ ਲੈਕੇ ਜਾਵੋ। ਸਵੇਰ ਤੋਂ ਲੈਕੇ ਸ਼ਾਮ ਤੱਕ ਚੱਲ ਸੋ ਚੱਲ। ਆਪਣੀ ਡੀਊਟੀ ਦੇ ਟਾਇਮ ਵਿਚ ਅਸੀਂ ਇਹ ਸਾਹਿਬ ਦੀ ਚਾਕਰੀ ਕਰਦੇ ਹਾਂ, ਜਿਹੜੀ ਹੈਲਪਰਾਂ ਜਾਂ ਸੇਵਾਦਾਰਾਂ ਦਾ ਕੰਮ ਹੈ, ਜਿਹੜੇ ਇਨ੍ਹਾਂ ਅਫਸਰਾਂ ਨੇ ਸਿਵਲ ਵਿਚੋਂ ਰੱਖਣੇ ਹੁੰਦੇ ਨੇ ਤੇ ਜਿਨ੍ਹਾਂ ਦਾ ਅਲਾਊਂਸ ਅਫਸਰਾਂ ਨੂੰ ਵੱਖਰਾ ਮਿਲਦਾ ਹੈ। ਅਸੀਂ ਕਿਤਾਬ ਤੱਕ ਨਹੀਂ ਪੜ੍ਹ ਸਕਦੇ। ਸਾਨੂੰ ਬਿਨਾਂ ਕੰਮ ਦੇ ਬਿਜ਼ੀ ਰੱਖਿਆ ਜਾਂਦਾ ਹੈ। ਜਦੋਂ ਮੈਂ ਫੌਜ ਵਿਚ ਭਰਤੀ ਹੋਇਆ ਸਾਂ ਤਾਂ ਦੇਸ਼ ਭਗਤੀ ਹੋਣ ਦਾ ਭੂਤ ਸਵਾਰ ਸੀ। ਜੇ ਇਹ ਬੂਟ ਹੀ ਸਾਲੇ ਪਾਲਿਸ਼ ਕਰਨੇ ਸੀ ਤਾਂ ਰੋਪੜ ਬੱਸ ਅੱਡੇ 'ਤੇ ਬੈਠ ਕੇ ਹੀ ਨਾ ਕਰੀ ਜਾਂਦੇ। ਇਹ ਕੰਮ ਕਿਨ੍ਹਾਂ ਪੀੜਾ ਦੇਹ ਹੈ! ਸਰ ਤੁਸੀਂ ਸ਼ਾਇਦ ਮਹਿਸੂਸ ਨਹੀਂ ਕਰ ਸਕਦੇ। ਇਸ ਕੰਮ ਲਈ ਆਤਮਾ ਮਾਰਨੀ ਪੈਂਦੀ ਹੈ। ਤੇ ਆਤਮਾ ਮਾਰਨ ਨੂੰ ਕਈ ਕਈ ਵਾਰ ਪੂਰੀ ਉਮਰ ਹੀ ਲੱਗ ਜਾਂਦੀ ਹੈ। ਬੱਸ ਆਤਮਾ ਹੀ ਨਹੀਂ ਮਰਦੀ। ਜਿਨ੍ਹਾਂ ਤੋਂ ਆਤਮਾ ਨਹੀਂ ਮਰਦੀ ਉਨ੍ਹਾਂ ਲਈ ਇਹ ਫੌਜੀ ਜ਼ਿੰਦਗੀ ਨਰਕ ਹੈ, ਨਰਕ ਤੋਂ ਵੱਧ ਹੋਰ ਕੁਝ ਨਹੀਂ। ਅਸੀਂ ਨਰਕ ਤੋਂ ਬੱਦਤਰ ਜ਼ਿੰਦਗੀ ਜੀਅ ਲਈ ਹੈ ਇਸ ਲਈ ਹੁਣ ਨਰਕ ਸਵਰਗ ਦੇ ਡਰਾਵੇ ਸਾਡੇ ਲਈ ਬੇਮਾਹਨਾਂ ਹੋ ਗਏ ਹਨ।

ਹੁਣ ਉਹ ਭਾਵੁਕ ਤਾਂ ਸੀ ਪਰ ਪੂਰਾ ਸੱਚ ਦੱਸਣ ਦੇ ਮੂਡ ਵਿਚ ਸੀ। ਮੈਂ ਉਸ ਨੂੰ ਭਾਵੁਕਤਾ ਦੇ ਵਹਿਣ ਵਿਚ ਹੀ ਸਵਾਲ ਕੀਤਾ, "ਕਦੀ ਪਾਸ਼ ਨੂੰ ਮਿਲਿਆ ਵੀ ਸੀ ਜਾਂ ਉਸ ਦੀ ਕਵਿਤਾ ਹੀ ਪੜ੍ਹੀ ਹੈ?'' "ਜੀਉਂਦੇ ਨੂੰ ਤਾਂ ਨਹੀਂ ਸੀ ਮਿਲਿਆ ਪਰ ਬਾਅਦ ਵਿਚ ਕਦੀ ਐਸਾ ਮੌਕਾ ਨਹੀਂ ਆਇਆ ਕਿ ਉਸ 'ਕਿਰਤੀਆਂ ਦੇ ਯਾਰ' ਨੂੰ ਕਦੀ ਅੱਖੋਂ ਪਰੋਖੇ ਕੀਤਾ ਹੋਵੇ ਉਸ ਦੇ ਹਰ ਦੁੱਖ ਸੁਖ ਵਿਚ ਸ਼ਾਮਲ ਹੁੰਦਾ ਹਾਂ, ਉਸ ਦੇ ਸਸਕਾਰ ਤੋਂ ਲੈਕੇ ਹੁਣ ਤੱਕ ਉਹਦੇ ਨਾਲ ਨਾਲ ਤੁਰਿਆ ਹਾਂ। ਮੈਂ ਯੁੱਧ 'ਚ ਵੀ ਸ਼ਾਂਤ ਹੁੰਦਾ ਹਾਂ। ਸ਼ਾਂਤੀ ਦੇ ਦਿਨੀਂ ਵੀ ਇਕ ਯੁੱਧ ਕਰ ਰਿਹਾ ਹੁੰਦਾ ਹਾਂ। ਹੁਣ ਮੇਰੇ ਲਈ 'ਯੁੱਧ ਤੇ ਸ਼ਾਂਤੀ' ਦੇ ਅਰਥ ਬਦਲ ਗਏ ਹਨ। ਮੈਂ ਧਰਤੀ ਮਾਂ ਦਾ ਬੀਬਾ ਪੁੱਤ ਨਹੀਂ ਹਾਂ। ਮੈਂ ਤਾਂ ਹਰ ਯੁੱਧ ਤੋਂ ਭੱਜਾ ਹਾਂ। ਇੱਥੇ ਹਰ ਪਲ ਹਰ ਮੋੜ 'ਤੇ ਇਕ ਯੁੱਧ ਦਾ ਮੈਦਾਨ ਭਖਦਾ ਹੈ। ਕਦੀ ਮੈਸ ਵਿਚ ਘਟੀਆ ਖਾਣੇ ਦਾ ਬੇਜ਼ੁਬਾਨਾ ਯੁੱਧ, ਜੋ ਆਪਣੇ ਹਜ਼ਾਰਾਂ ਜਵਾਨਾਂ ਦੇ ਨਾਲ ਰਲਕੇ ਲੜਨਾ ਤਾਂ ਚਾਹੁੰਦਾ ਹਾਂ ਪਰ ਹਰ ਡੰਗ ਦੇ ਖਾਣੇ ਸਮੇਂ ਅਗਲੇ ਡੰਗ ਤੱਕ ਇਸ ਨੂੰ ਟਾਲ ਦਿੰਦਾ ਹਾਂ। ਕਦੀ ਵਗਾਰ ਦੀ ਲਾਹਣਤ ਭਰੀ ਜਿੰਦਗੀ ਦਾ ਯੁੱਧ ਜੋ ਆਪਣੀ ਆਤਮਾਂ ਨੂੰ ਮਾਰ ਮਾਰ ਕੇ ਮੁਲਤਵੀ ਕਰਦਾ ਹਾਂ। ਕਦੀ ਰਜਮੈਂਟ ਕਟਿੰਗ ਦਾ ਯੁੱਧ ਜੋ ਹਰ ਤਨਖਾਹ ਵਾਲੇ ਦਿਨ ਲੜਨਾ ਚਾਹੁੰਦਾ ਹਾਂ ਪਰ ਦਿਲ ਦੀ ਚੀਸ ਨੂੰ ਨਾਹਰੇ ਵਿਚ ਤਬਦੀਲ ਹੋਣ ਤੋਂ ਪਹਿਲਾਂ ਹੀ ਦਫਨ ਕਰ ਦਿੰਦਾ ਹਾਂ। ਕਦੇ ਸਰਕਾਰੀ ਵਰਦੀ ਦਾ ਯੁੱਧ ਜੋ ਨਾ ਚਾਹੁੰਦਿਆਂ ਹੋਇਆਂ ਵੀ ਆਪਣੀ ਖਰੀਦ ਕੇ ਲੜਦਾ ਹਾਂ। ਅੰਤਿਮ ਯੁੱਧ ਮੈਂ ਉਸ ਦਿਨ ਲੜਦਾ ਹਾਂ ਜਦੋਂ ਬਣਦੀ ਛੁੱਟੀ ਲੈਣ ਲਈ ਮਾਂ ਦੇ ਬਿਮਾਰ ਹੋਣ ਦਾ ਬਹਾਨਾ ਘੜਦਾ ਹਾਂ ਤੇ ਆਖਦਾ ਹਾਂ, "ਸਰ ਮਾਂ ਵੀ ਬਾਪੂ ਵਾਂਗ ਮਿਲਣ ਨੂੰ ਤਰਸਦੀ ਨਾ ਤੁਰ ਜਾਵੇ।'' ਜਿਸ ਜਹਾਲਤ ਨਾਲ ਛੁੱਟੀ ਲੈਕੇ ਆਉਂਦਾ ਹਾਂ ਕਈ ਵਾਰ ਸੋਚਦਾਂ ਹਰ ਰੋਜ ਤਿਲ ਤਿਲ ਕਰਕੇ ਮਰਨ ਨਾਲੋਂ ਇਕ ਦਿਨ ਖੇਡ ਖ਼ਤਮ ਕਿਉਂ ਨਹੀਂ ਕਰ ਦਿੰਦਾ। ਇਸ ਫੌਜ ਦੇ ਭਰਮ ਤੇ ਭਾਵੁਕਤਾ ਦੇ ਭਾਰਤੀ ਪੁਣੇ ਦਾ ਅੰਤ ਕਿਉਂ ਨਹੀਂ ਕਰ ਦਿੰਦਾ। ਜਗ ਨੂੰ ਫੌਜ਼ ਦੀ ਅਸਲੀਅਤ ਜਾਹਰ ਕਿਉਂ ਨਹੀਂ ਕਰ ਦਿੰਦਾ? ਤੇ ਫੇਰ ਸੋਚਦਾਂ ਤੇਰੇ ਕੋਲ ਇਕ ਟੈਂਕ ਹੈ। ਟੈਂਕ ਦੁਸ਼ਮਣ ਤੇ ਚਲਾਉਣ ਲਈ ਹੈ ਦੁਸ਼ਮਣ ਦੀ ਪਹਿਚਾਣ ਕਰ। ਤੇ ਫੇਰ ਬੂਟ ਪਾਲਿਸ਼ ਕਰਦੇ ਹੱਥ ਟੈਂਕ ਚਲਾਉਣ ਲੱਗ ਪੈਂਦੇ ਹਨ ਤੇ ਟੈਂਕ ਸਾਫ ਕਰਦੇ ਹੱਥ ਬੂਟ ਪਾਲਿਸ਼ ਕਰਨ ਲੱਗ ਪੈਂਦੇ ਨੇ। ਬਸ ਇੱਥੇ ਹਰ ਰੋਜ਼ ਇਕ ਯੁੱਧ ਹੰਦਾ ਹੈ ਆਪਣੇ ਆਪ ਨੂੰ ਮਾਰਨ ਦਾ ਯੁੱਧ । ਕਦੋਂ ਬੂਟ ਟੈਂਕ ਬਣ ਜਾਂਦਾ ਹੈ ਤੇ ਕਦੋਂ ਟੈਂਕ ਬੂਟ ਬਣ ਜਾਂਦਾ ਹੈ ਬਸ ਇਸ ਦਾ ਪਤਾ ਹੀ ਨਹੀਂ ਚੱਲਦਾ। ਬੂਟ ਤੇ ਟੈਂਕ ਦੇ ਦਵੰਦ ਵਿਚ ਦਸ ਸਾਲ ਬੀਤ ਗਏ ਨੇ। ਕਦੀ ਲੱਗਦਾ ਬੂਟ ਪਾਲਿਸ਼ ਕਰਨ ਨੂੰ ਹੀ ਭਰਤੀ ਹੋਏ ਸੀ। ਕਦੇ ਲਗਦਾ ਸਾਹਿਬ ਦੇ ਕੁੱਤੇ ਨੂੰ ਸੈਰ 'ਤੇ ਲੈ ਜਾਣਾ ਹੀ ਜਿੰਦਗੀ ਹੈ। ਫੌਜ ਫਾਜ ਕਾਹਦੀ ਸਹਿਬ ਦਿਨ ਕਟੀ ਕਰ ਰਹੇ ਹਾਂ ਜਿਸ ਨੂੰ ਪਾਸ਼ ਆਖਦਾ ਸੀ- 'ਇਕ ਰਜਾਈ ਤੇ ਰੋਟੀ ਦੇ ਟੁਕੜੇ ਲਈ ਯੁੱਧ ਦੇ ਅਰਥਾਂ ਨੂੰ ਟਾਲ ਰਹੇ ਹਾਂ।'"

"ਜੇ ਏਨੀ ਹੀ ਤੰਗੀ ਹੈ ਤਾਂ ਤੁਸੀਂ ਬੋਲਦੇ ਕਿਉਂ ਨਹੀਂ?'' ਮੈਂ ਸਵਾਲ ਤਾਂ ਕਰ ਦਿੱਤਾ ਪਰ ਕਿਸੇ ਵਿੰਗੇ ਟੇਡੇ ਉੱਤਰ ਦੀ ਉਡੀਕ ਵਿਚ ਬੈਠਾ ਸਾਂ ਕਿ ਉਹ ਉਦਾਸ ਮੁਦਰਾ ਵਿਚ ਬੋਲਿਆ ਜਿਵੇਂ ਕੋਈ ਪਿਛਲੇ ਅੰਦਰੋਂ ਬਾਹਰਲੇ ਦਰਵਾਜ਼ੇ 'ਤੇ ਦਸਤਕ ਦੇ ਰਹੇ ਵਿਅਕਤੀ ਦਾ ਜੁਆਬ ਦੇ ਰਿਹਾ ਹੋਵੇ। "ਇਕ ਵਾਰੀ ਇਕ ਜਵਾਨ ਬੋਲਿਆ ਸੀ, ਫੇਰ ਉਸ ਦਾ ਜੋ ਹਸ਼ਰ ਹੋਇਆ ਸਾਰਿਆਂ ਦੀ ਬੋਲਤੀ ਬੰਦ ਹੋ ਗਈ।" ਏਨਾ ਆਖ ਉਹ ਚੁੱਪ ਕਰ ਗਿਆ। ਸ਼ਾਇਦ ਦਰਦ ਨਾਲ ਉਹ ਕੁਰਲਾ ਰਿਹਾ ਸੀ ਤੇ ਆਰਾਮ ਲਈ ਚੁੱਪ ਕਰ ਗਿਆ ਸੀ ਜਾਂ ਉਸ ਦਰਦ ਨੂੰ ਬਿਆਨ ਕਰਨ ਲਈ ਉਸ ਨੂੰ ਅੱਖਰ ਹੀ ਨਹੀਂ ਲੱਭ ਰਹੇ ਸਨ। ਜਾਂ ਇਹ ਗੱਲ ਉਹ ਸੰਖੇਪ ਵਿਚ ਹੀ ਦੱਸਣੀ ਚਾਹੁੰਦਾ ਸੀ। ਮੈਂ ਉਸ ਦੇ ਮੋਢੇ 'ਤੇ ਹੱਥ ਰੱਖਕੇ ਉਸ ਨੂੰ ਜਿਵੇਂ ਹੌਂਸਲਾ ਦਿੰਦਿਆਂ ਫੇਰ ਪੁਛਿਆ, "ਫੇਰ ਕੀ ਹੋਇਆ?'' ਉਹ ਉਦਾਸ ਉਦਾਸ ਬੋਲਿਆ, "ਜੋ ਇਸ ਦੇਸ਼ ਵਿਚ ਬਗ਼ਾਵਤ ਕਰਨ ਵਾਲਿਆਂ ਨਾਲ ਹੁੰਦਾ ਹੀ ਹੈ। ਜੋ 1857 ਦੀ ਬਗ਼ਾਵਤ ਨਾਲ ਹੋਇਆ, ਜੋ 1914 ਦੇ ਗ਼ਦਰ ਨਾਲ ਹੋਇਆ। ਇਸ ਬਗ਼ਾਵਤ ਦਾ ਵੀ ਉਹ ਹੀ ਹਸ਼ਰ ਹੋਇਆ, ਚਾਲੀ ਲੀਟਰ ਪਾਣੀ ਦੀ ਟੈਂਕੀ ਉਸ ਦੇ ਮਗਰ ਪਿੱਠੂ ਵਾਂਗ ਬੰਨ ਦਿੱਤੀ ਗਈ। ਉਸ ਦਾ ਜੁਰਮ ਕੀ ਸੀ? ਕਿ ਉਹ ਸਾਹਿਬ ਦੇ ਬਿਮਾਰ ਕੁੱਤੇ ਦੀ ਉਲਟੀ ਚੁੱਕਣ ਤੋਂ ਨਾਂਹ ਕਰ ਬੈਠਾ ਸੀ। ਫੇਰ ਪੰਜ ਘੰਟੇ ਉਸ ਨੂੰ ਇਹ ਸਜ਼ਾ ਦਿੱਤੀ ਗਈ, ਉਸ ਵਿਚਾਰੇ ਦੀ ਰੀੜ ਦੀ ਹੱਡੀ ਕਰੈਕ ਹੋ ਗਈ। ਉਹ ਬੇਹੋਸ਼ ਹੋ ਕੇ ਡਿੱਗ ਪਿਆ। ਉੱਪਰ ਅਫਸਰਾਂ ਤੱਕ ਗੱਲ ਗਈ। ਸਾਰੇ ਹੀ ਗੱਲ ਨੂੰ ਰਫਾ ਦਫਾ ਕਰਨਾ ਚਾਹੁੰਦੇ ਸਨ। ਇਸ ਹਿਮਾਮ ਵਿਚ ਸਾਰੇ ਨੰਗੇ ਸਨ। ਸਾਰਿਆਂ ਨੇ ਦੋਸ਼ੀ ਮੇਜਰ ਦਾ ਸਾਥ ਇਕਜੁਟ ਹੋਕੇ ਦਿੱਤਾ। ਹੋਰ ਤਾਂ ਹੋਰ ਡਾਕਟਰ ਨੇ ਵੀ ਲਿਖ ਦਿੱਤਾ, "ਇਹ ਬਚਪਨ ਤੋਂ ਹੀ ਕਮਜ਼ੋਰ ਰੀੜ ਦੀ ਹੱਡੀ ਵਾਲਾ ਸੀ ਉਸ ਨੇ ਉਸ ਦੀ ਰਿਟਾਇਰਮੈਂਟ ਰਿਕਮੈਂਡ ਕਰ ਦਿੱਤੀ। ਉਸ ਵਿਚਾਰੇ ਨੇ ਉਸੇ ਮੇਜਰ ਦੇ ਤਰਲੇ ਪਾਏ ਸਾਹਿਬ ਮੈਂ ਅਜੇ ਕੁਆਰਾ ਹਾਂ। ਘਰ ਵਿਚ ਮੇਰੀ ਭੈਣ ਵਿਆਹੁਣ ਵਾਲੀ ਹੈ। ਬਾਪ ਬਚਪਨ ਵਿਚ ਮਰ ਗਿਆ ਸੀ। ਮੇਰੇ ਘਰ ਦੀ ਆਮਦਨ ਦਾ ਕੇਵਲ ਮੈਂ ਹੀ ਇਕੋ ਇਕ ਵਸੀਲਾ ਹਾਂ। ਡਾਕਟਰ ਸਾਹਿਬ ਨੂੰ ਕਹਿ ਕੇ ਮੈਨੂੰ ਅਨਫਿਟ ਨਾ ਕਰਵਾਇਓ ਤੇ ਫੇਰ ਉਹ ਸਮੇਤ ਵਿਦਰੋਹੀ ਯਾਰਾਂ ਦੇ ਮੇਜਰ ਸਾਹਿਬ ਦੇ ਪੈਰੀ ਪੈ ਗਿਆ ਸੀ। ਮੇਜਰ ਦੀ ਪਤਨੀ ਨੇ ਬਸ ਏਨਾਂ ਹੀ ਕਿਹਾ ਸੀ, "ਹੁਣ ਕੁੱਤੇ ਦੀ ਉਲਟੀ ਵਿੱਚੋਂ ਬੋ ਤੇ ਨਹੀਂ ਆਏਗੀ। ਘਰ 'ਚ ਤੇਰੀ ਬਿਮਾਰ ਮਾਂ ਉੱਲਟੀ ਨਹੀਂ ਕਰਦੀ ਤੇ ਬਸ ਉਹ ਹੁਣ ਅਫਸਰਾਂ ਦੇ ਘਰਾਂ ਅੰਦਰ 'ਉਲਟੀ ਵਾਲਾ ਜਵਾਨ' ਕਰਕੇ ਜਾਣਿਆਂ ਜਾਂਦਾ ਹੈ। ਇੱਧਰ ਰਾਤ ਰਾਤ ਭਰ ਬੈਰਕ ਅੰਦਰ ਉਸ ਦੀ ਚੀਕਾਂ ਸਾਨੂੰ ਬੇਚੈਨ ਕਰਦੀਆਂ ਸੌਣ ਨਹੀਂ ਦਿੰਦੀਆਂ। ਸਵੇਰੇ ਉੱਠਦਿਆਂ ਹੀ ਅਸੀਂ ਸਾਹਿਬ ਲੋਕਾਂ ਦੇ ਘਰਾਂ ਵਿਚ ਵਗਾਰ ਕਰਨ ਦੌੜ ਜਾਂਦੇ ਹਾਂ। ਗੱਲ ਦੱਸ ਕੇ ਉਹ ਤਾਂ ਹੁਣ ਸਹਿਜ ਸੀ ਪਰ ਮੈਂ ਕੁਝ ਬੇਚੈਨ ਸਾਂ। ਜਿਸ ਕਿਸਮ ਦੀ ਬੇਚੈਨੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਉਸ ਦੇ ਚਹਿਰੇ 'ਤੇ ਮੈਂ ਪੜ੍ਹੀ ਸੀ, ਹੁਣ ਉਹ ਮੇਰੀ ਬੇਚੈਨੀ ਨੂੰ ਪੜ੍ਹ ਰਿਹਾ ਸੀ। ਆਖਰ ਉਹ ਵੀ ਤਾਂ ਇਕ ਕਵੀ ਸੀ। ਮੈਂ ਪਾਸ਼ ਦੀ ਕਵਿਤਾ ਦਾ ਕੇਵਲ ਪਾਠਕ ਸਾਂ ਤੇ ਉਹ ਪਾਸ਼ ਦੀ ਕਵਿਤਾ ਨੂੰ ਹਰ ਪਲ ਹਰ ਘੜੀ ਜੀਅ ਰਿਹਾ ਸੀ। ਇਸੇ ਲਈ ਹਰ ਪਲ ਹਰ ਘੜੀ ਕਵਿਤਾ ਹੀ ਉਸ ਦੇ ਅੰਦਰੋਂ ਬਾਹਰ ਨਿਕਲ ਰਹੀ ਸੀ।

ਮੈਂ ਅੰਦਰ ਬਾਹਰ ਕੰਮ ਕਰਦੇ ਫੌਜੀ ਜਵਾਨਾਂ ਨੂੰ ਦੇਖਿਆ ਮੈਨੂੰ ਜਾਪਿਆ ਸਾਰੇ ਟੁੱਟੀ ਹੋਈ ਰੀੜ ਦੀ ਹੱਡੀ ਵਾਲੇ ਹਨ। ਇਨ੍ਹਾਂ ਵਿਚਾਰਿਆਂ ਨੇ ਦੇਸ਼ ਦੀ ਰਾਖੀ ਕੀ ਕਰਨੀ ਹੈ? ਫੌਜ ਦੀ ਚੜ੍ਹਤ ਦੀਆਂ ਡੀਂਗਾਂ ਮਾਰਨ ਵਾਲਿਆ ਲੀਡਰਾਂ ਬਾਰੇ ਮੈਂ ਸੋਚ ਹੀ ਰਿਹਾ ਸਾਂ ਕਿ ਅੰਦਰੋਂ ਇਕ ਹੋਰ ਫੌਜੀ ਜਵਾਨ ਮੇਰੇ ਲਈ ਬਿਨਾਂ ਕਹੇ ਚਾਹ ਦਾ ਕੱਪ ਲੈ ਆਇਆ। ਮੈਂ ਉਸ ਨੂੰ ਕਿਹਾ "ਜਾ ਇਕ ਖਾਲੀ ਕੱਪ ਹੋਰ ਲੈਕੇ ਆ, ਮੈਂ ਤੇ ਭਾਰਤੀ ਅੱਧਾ ਅੱਧਾ ਕੱਪ ਪੀਵਾਂਗੇ।" ਭਾਰਤੀ ਇਕ ਦਮ ਚੀਕਿਆ "ਸਰ ਜੇ ਮੇਰੀ ਰੀੜ ਦੀ ਹੱਡੀ ਤੁੜਵਾਉਣੀ ਹੈ ਤਾਂ ਮੈਨੂੰ ਚਾਹ ਦਾ ਕੱਪ ਦਿਓ। ਸਰ ਏਥੇ ਸਾਰੇ ਚਮਚੇ, ਕੜਛੇ ਨੇ ਸਾਰੀ ਗੱਲ ਮੇਮ ਸਾਹਿਬਾ ਤੱਕ ਪਹੁੰਚ ਜਾਵੇਗੀ ਤੇ ਸਾਹਿਬ ਦਾ ਗੁੱਸਾ ਬੋਫਰਜ਼ ਤੋਪ ਦੇ ਗੋਲੇ ਵਾਂਗ ਮੇਰੇ 'ਤੇ ਵਰੇਗਾ। ਪਲੀਜ਼ ਇਹ ਜੁਰਮ ਨਾ ਕਰੇਓ। ਤੁਹਾਨੂੰ ਪਾਸ਼ ਦੀ ਕਸਮ।''

ਮੈਂ ਚਾਹ ਦਾ ਕੱਪ ਕੋਲ ਹੀ ਪਏ ਕੁੱਤੇ ਦੇ ਬਰਤਣ ਵਿਚ ਮੂਧਾ ਕਰ ਦਿੱਤਾ। ਝੱਟ ਹੀ ਭਾਰਤੀ ਨੇ ਮੇਰੀ ਇਸ ਗ਼ਲਤੀ ਨੂੰ ਦੂਰ ਕਰਨ ਲਈ ਬਿਜਲੀ ਵਰਗੀ ਫੁਰਤੀ ਦਿਖਾਈ ਤੇ ਕੁੱਤੇ ਦਾ ਬਰਤਣ ਉਸ ਦੇ ਮੂੰਹ ਲਾਉਣ ਤੋਂ ਪਹਿਲਾਂ ਹੀ ਨਾਲੀ ਵਿਚ ਮੂਧਾ ਕਰ ਦਿੱਤਾ।- "ਸਾਹਿਬ ਕੁੱਤੇ ਨੂੰ ਮੇਮ ਸਾਹਿਬਾ ਚਾਹ ਨਹੀਂ ਪਾਉਣ ਦਿੰਦੇ ਅਖੇ ਕੁੱਤਾ ਬਿਮਾਰ ਹੋ ਜਾਂਦਾ ਹੈ। ਸਰ ਤੁਹਾਡੀ ਗਲਤੀ ਦੀ ਸਜ਼ਾ ਮੈਨੂੰ ਭੁਗਤਣੀ ਪੈ ਜਾਣੀ ਸੀ।"

"ਭਾਰਤੀ ਤੂੰ ਫਿਕਰ ਨਾ ਕਰ ਤੇਰਾ ਸਾਹਿਬ ਮੇਰਾ ਸਾਲਾ ਹੈ। ਮੈਂ ਉਸ ਨੂੰ ਕਹਿ ਕੇ ਜਾਂਵਾਗਾ ਉਹ ਤੇਰਾ ਪੂਰਾ ਖ਼ਿਆਲ ਰੱਖੇਗਾ। ਤੇਨੂੰ ਪੜ੍ਹਨ ਦਾ ਵਕਤ ਦੇਵੇਗਾ। ਮੈਂ ਤੇਰੀ ਰੀੜ ਦੀ ਹੱਡੀ ਨਹੀਂ ਟੁੱਟਣ ਦਿੰਦਾ।" ਉਹ ਮੇਰੀ ਰਿਸ਼ਤੇਦਾਰੀ ਬਾਰੇ ਜਾਣ ਕੇ ਵੀ ਟੱਸ ਤੋਂ ਮੱਸ ਨਾ ਹੋਇਆ। ਉਸ ਦੇ ਚਹਿਰੇ ਦੇ ਹਾਵ ਭਾਵ ਨਾ ਬਦਲੇ। ਉਸ ਦੀਆਂ ਅੱਖਾਂ ਮੈਨੂੰ ਕਹਿ ਰਹੀਆਂ ਸਨ, "ਸਾਹਿਬ ਫੌਜੀ ਅਫਸਰ ਕਿਸੇ ਦੇ ਜੀਜੇ ਤਾਂ ਹੋ ਸਕਦੇ ਹਨ ਇਹ ਕਿਸੇ ਦੇ ਸਾਲੇ ਨਹੀਂ ਹੁੰਦੇ। ਫੌਜ ਵਿਚ ਰਿਸ਼ਤਿਆਂ ਦੀ ਗਰਾਮਰ ਬਦਲ ਜਾਂਦੀ ਹੈ।" ਬਦਲੀ ਰਿਸ਼ਤਿਆਂ ਦੀ ਗਰਾਮਰ ਵਿਚ ਮੈਂ ਆਪਣੀ ਪਤਨੀ ਨੂੰ ਪੁੱਛ ਰਿਹਾ ਸਾਂ, "ਆਪਾਂ ਕਿੱਥੇ ਆਏ ਹਾਂ ਇਹ ਸੀਓ ਸਾਹਿਬ ਸਾਡੇ ਕੀ ਲੱਗਦੇ ਹਨ? ਮੈਂ ਸੀਓ ਸਾਹਿਬ ਦੇ ਬੱਚਿਆਂ ਦਾ ਮਾਮਾ ਹਾਂ ਜਾਂ ਸੀਓ ਸਾਹਿਬ ਮੇਰੇ ਬੱਚਿਆ ਦੇ ਮਾਮਾ ਜੀ ਹਨ? ਮੈਂ ਰਿਸ਼ਤਿਆਂ ਦੀ ਟੁੱਟੀ ਰੀੜ ਦੀ ਹੱਡੀ ਨੂੰ ਗੰਡਣ ਲਈ ਅਪਣੀ ਪਤਨੀ ਦੀ ਮਦਦ ਲੈ ਰਿਹਾ ਸਾਂ। ਕੁੱਤਾ ਹਵਾ ਵੱਲ ਮੂੰਹ ਕਰਕੇ ਭੌਂਕ ਰਿਹਾ ਸੀ। ਜਿਵੇਂ ਕਿਸੇ ਆਉਣ ਵਾਲੀ ਆਫਤ ਦਾ ਪਹਿਲਾਂ ਹੀ ਸੰਕੇਤ ਕਰ ਰਿਹਾ ਹੋਵੇ। ਖੇਤਾਂ ਦਾ ਪੁੱਤ ਭਾਰਤੀ ਹੁਣ ਪਾਸ਼ ਪਾਸ਼ ਹੋਇਆ ਪਿਆ ਸੀ।

# A-WIN Insurance

## ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ








## For Friendly Service and Quick Quotes

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

- Car, Motorcycle
- Home, Condominium
- Tenant Package, Rental Dwellings
- Trucks: Long Haul & Gravel
- Commercial & Business Insurance
- Travel & Medical Insurance

**Discounts up to 60%**

**Payment options available**

## ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

**We Provide Service In English, Punjabi, Hindi & Urdu.**

## ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

ਐਡਮਿੰਟਨ: 780-465-6900
ਰਾਜੀਵ ਜੌਲੀ, ਜੈਸ ਬਦੇਸ਼ਾ, ਸ਼ਾਲੂ ਬਦੇਸ਼ਾ,
ਮੈਡੀ ਹਿਜ਼ਮਾਨ, ਨਵਤੇਜ ਬੈਂਸ, ਸੋਨਮ ਦਿਉਲ
ਅਤੇ ਜਸਵੀਰ ਦਿਉਲ।

ਕੈਲਗਰੀ: 403-775-2100
ਰੂਪੀ ਚੇਰਾ, ਡੈਨਾ ਨਮਿਥ, ਸੁਭਾਸ਼
ਤਰਨਪ੍ਰੀਤ ਮੇਹਦਵਾਨ ਅਤੇ ਜੈਸੀ ਸਿੰਘ

Shaheed Bhagat Singh Sports Tournament



(Dedicated to Shaheed Bhagat Singh and his co-patriots Raj Guru and Sukhdev)

Progressive Peoples Foundation & Punjab United Club

*Organize*

# 3rd Soccer Tournament

To provide a platform for our youth to play Soccer with a mission to strengthen community participation and infuse leadership spirit among them

*On*
Saturday & Sunday,
July 03 & 04, 2010

ਤੀਜਾ ਸ਼ਹੀਦ ਭਗਤ ਸਿੰਘ ਸੌਕਰ ਟੂਰਨਾਮੈਂਟ

ਇਸ ਟੂਰਨਾਮੈਂਟ ਵਿਚ ਛੇ ਸਾਲ ਤੋਂ ਘੱਟ ਉਮਰ ਵਰਗ ਦੇ ਬੱਚੇ, ਬੱਚੀਆਂ ਤੋਂ ਲੈ ਕੇ ਬਾਲਗਾਂ ਤੱਕ ਦੇ ਮੁਕਾਬਲੇ ਕਰਵਾਏ ਜਾਣਗੇ।

ਰਜ਼ਿਸਟਰੇਸ਼ਨ ਫੀਸ $20/ਖਿਡਾਰੀ, ਬਾਲਗ ਟੀਮਾਂ $200 ਵਾਪਸੀ ਯੋਗ ਫੀਸ ਪ੍ਰਤੀ ਟੀਮ।

Registration Fee: $20 per Child, Refundable Security: $ 200 per Adult Team

ਹੋਰ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਫੋਨ ਕਰੋ:

For registration or more information:

Dr. P. R. Kalia: 780-440-2766; Gurcharan Brar:780-265-3752
Navtej Bains:780-465-6900; Mohinder Banga: 780 913-1820
Dalbir Sangione: 780-995-5475 ;Joginder Randhawa:780-266-1757
Bakhsh Sangha: 780-278-7520; Sonny Gill: 780-497-8801
Raju Virk: 780-298-4499; Gursewak Mann: 780-982-3132



Immunizations are an important part of keeping you and your family healthy. At The Medicine Shoppe Pharmacy you'll get the immunization care you deserve from the pharmacy you trust.

Come in today and speak with our certified immunizing pharmacist for more information. Immunizations including:

- Influenza
- Hepatitis A & B
- Typhoid
- HPV
- Tetanus
- ...and more



✓ Free city-wide delivery to your home or office.
✓ Prompt, personal service in a warm, friendly environment.

Supplier of Brand Product.

*Try us today and experience* The Medicine Shoppe Difference.

Your Vaccine Specialists. Now offering Zostavax®. Stop by or call for details.

Your protection against Shingles.



Jasbir Bhui
B.Sc. Pharm., Pharmacist/Owner

Free Accu-Pak™ blister packaging to conveniently organize all of your prescriptions.

Immediately enjoy
$5 OFF!
your purchase of $10 or more on select over-the-counter products.

*Some conditions apply. Limit one coupon per household. Cannot be combined with other offers. Not valid on sale items and diabetic supplies. See in-store for details. Offer expires May 31st, 2010.

0510Injections_MS170

The Medicine Shoppe

127 Millbourne Road East
Edmonton, AB
Ph (780) 461-8648

Proud Supporter of the Alzheimer Society
Ask about The Medicine Shoppe's Alzheimers Caregiver Support Program today



# Guaranteed Paid up Life Insurance

Get your money back if you don't develop any critical illness

Life Insurance
ਲਾਈਫ ਇੰਸ਼ੋਰੈਂਸ

Retirement Savings Plans
ਰਿਟਾਇਰਮੈਂਟ ਸੇਵਿੰਗਜ਼ ਪਲੈਨਜ਼

Mortgage Insurance
ਮੋਰਟਗੇਜ ਇੰਸ਼ੋਰੈਂਸ

Critical Illness Plans
ਕਰਿਟੀਕਲ ਇਲਨੈਸ ਇੰਸ਼ੋਰੈਂਸ

Health Plans
ਹੈਲਥ ਪਲੈਨਜ਼

Disability Insurance
ਡਿਸਏਬਿਲਟੀ ਇੰਸ਼ੋਰੈਂਸ

Travel Insurance
ਟਰੈਵਲ ਇੰਸ਼ੋਰੈਂਸ

For More Information Please Contact :

Jasvir Deol
Phone: 780-465-6900
Cell: 780-906-4497

DEOL
Insurance & Financial Planning

# Gurkeerat Holding Ltd.



- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸੱਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

Ph. 780-996-2873

Millbourne Road

# Medical Clinic

WALK-INS WELCOME



Dr. B. Jassar

**Dr. Vijay Thapar** (M.D., CCFP)*
Family Physician
By Appointment Only

**Dr. B. Jassar** (M.D., Ph. D, CCFP)*
Family Physician
Cell: 780-918-0516



Dr. Vijay Thapar

131 Millbourne Road East, Lee Ridge Plaza Edmonton, AB. T6K 1P6
Tel: 780-462-4229 Fax: 780-462-3315 *Professional Corporation

Welcome to

# Maharaja

Banquet Facility & Sultan Banquet Hall

The Maharaja Banquet Facility and The Sultan Banquet Hall. We Can accomodate all your functions, whether they are small or big. We can accomodate upto 1,000 People.

* Reception,* Birthday Parties,
* Special Occasions,* Christmas Parties,
* Catering Service,* Great Music System,
* Big Dance Floor,* Excellent Bridal Chair



ਜੀ ਆਇਆਂ ਨੂੰ

For reservation please contact us at:
9257-34A Ave. Edmonton, AB (Maharaja Banquet Facility)
Call: (780) 485 8585
9241-34A Avenue, Edmonton (Sultan Banquet Hall)
Ph. 780 496-9696, (780) 695-7200
www.sultanhall.com

WESTFORK Interiors

## Specializing in Cabinets & Counter tops

Kitchen & Vanities, Custom Cabinets, Staining & Spraying Doors

Endless Options

- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ **ਵੈਸਟਫੋਰਕ ਇੰਟੀਰੀਅਰਜ਼**



Westfork Interiors, 8307 Argyll Road, Edmonton T6C 4B2
Tel: 780-462-5325
Fax: 780-462-2672
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889

# Fancy Doors & Mouldings

Interior & Exterior, Prehung Unit, Locks & Hardware, French Doors, Bi-Folds, Mouldinghs & Accessories





French Doors

Cascade with Zinc Bars | Deco Frosted Clear
Heritage V-Groove Fully Sandblasted | Heritage V-Groove Clear
Montana Clear Slab | Pantry Slab

Interior Doors

2-Panel Curved Top | 3-Panel MDF Shaker-Slab | 3-Panel Shaker-Mission | 6-Panel Oak-Slab | Stratos-Slab

Fibreglass Exterior Door



ALEXANDRIA Moulding

## Moulding

Available in MDF, Oak & Maple

| Baseboards | Casings | Crowns | Chair Rails | Architrave |
|---|---|---|---|---|
| 094 Base 5/8" x 4" MDF Primed BDL-6 | 092 Casing 5/8" x 2-1/2" MDF Primed BDL-6 | 47 Crown 9/16" x 4-1/4" MDF Primed BDL-6 | 297 Chair Rail 11/16" x 3" MDF Primed BDL-5 | 5010 Architrave 1-1/4" x 4-3/16" MDF Primed BDL-4 |
| 095 Base 5/8" x 5" MDF Primed BDL-6 | 093 Casing 5/8" x 3-1/4" MDF Primed BDL-6 | 47D Crown 9/16" x 4-3/16" Ultralite BDL-8 | | |
| 238 Base 1/2" x 5" MDF Primed BDL-1 | 338 Casing 5/8" x 3" MDF Primed BDL-6 | 51 Crown 5/8" x 3-1/4" MDF Primed BDL-6 | | |
| 387 Casing 9/16" x 3-1/4" MDF Primed BDL-6 | 386 Base 9/16" x 3-1/4" MDF Primed BDL-6 | 512 Crown 9/16" x 5-1/4" MDF Primed BDL-4 | | |
| 405 Base 1/2" x 4" MDF Primed BDL-10 | 403 Casing 5/8" x 3" MDF Primed BDL-6 | 712 Crown 11/16" x 4-1/2" Ultralite, BDL - 4 11/16" x 4-1/2" MDF Primed BDL - 4 | | |
| 412 Base 5/8" x 4-1/4" MDF Primed BDL-6 | 411 Casing 11/16" x 3" MDF Primed BDL-6 | | | |
| 425 Base 1/2" x 4" MDF Primed BDL-10 | 423 Casing 5/8" x 3" MDF Primed BDL-6 | | | |
| 545 Base 9/16" x 5" Ultralite Primed BDL - 5 5/8 x 5" MDF Primed BDL-4 | 535 Casing 1/16" x 3-1/2" Ultralite BDL - 5 11/16"x3-1/2" MDF Primed BDL-6 | | | |
| 3140 Base 3/8" x 3-1/4" MDF Primed BDL-10 | 8263 Base 9/16" x 6-1/2" Ultralite BDL-4 | | | |
| 356 Casing MDF 356 Casing Oak 356 Casing Maple | 908 Casing 9/16" x 3-1/4" Ultralite BDL-7 | | | |
| | 8063 Casing 11/16" x 3-1/4" Ultralite BDL-8 | | | |

New Stock!

24" White Medallion

24" Coloured Medallion

Bath Fixtures
Pearl
Lux
Ax--------------
A--------------
Door Locks
WEISER LOCK

Ask about our finishing packages!

* Interior and Exterior
* Prehung Units
* Locks and Hardware
* French Doors
* Bi-folds
* Mouldings
* MDF Sheet: Oak & Maple
* Plywood
* Bullnose Shelf
* Adhesives
* DAP
* Shims
* Brad Nails
* Fireplace Mantels
* Accessories

Alberta Location: 9129-35 Avenue, Edmonton, AB T6E 5Y1
Phone: 780-432-7700 Fax: 780-432-7710

We Supply and install Building Materials!

www.fancy-doors.com

ADVANCED
Roofing Systems Ltd.
RESIDENTIAL COMMERCIAL

* Residential/Commercial Insurance Claims * Asphalt & Specialty Shingles
* Siding, Soffits,Fascia * 2 Ply Membranes (SBS)
* Cedar Shakes New & Re-Roof Specialists * Condominums Welcome
* Steep Roofs Welcome Licaenced & Insured * Pine Shake Replacement
* Roof Top Snow removel * FREE Estimates

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365



GILL Olson
(MANAGER)

HARRY'S EXCAVATING
Ph 780-918-2252
Specialist in : Digging Basements
& All Kind of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ



C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims



KOPY CENTRE & PRINTING
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

Sidhu Stucco Ltd.
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।
Stucco is a versatile, beautiful, durable and fire resistant cladding.



Harinder Dhaliwal
All kind of Stucco
Acrylic & Rain Screen (780) 297-9165

Advance Driving School
Learn to be Collision Free



Misha Sooch DRIVER EDUCATION COUNCILLOR
* Lady Instructor Available * Defensive Training Classes
* Available to Restore Demerits * Free Pick up & Drop off Service
ਵਧੀਆ ਡਰਾਈਵਿੰਗ ਟ੍ਰੇਨਿੰਗ ਲਈ ਹਮੇਸ਼ਾ ਯਾਦ ਰੱਖੋ
ਐਡਵਾਂਸ ਡਰਾਈਵਿੰਗ ਸਕੂਲ
#202-3456 91 St. South Side, Edmonton
16105-Stony Plain Rd.West End, Edmonton
10211-100 Ave Fort Saskatchewan
Contact: (780) 660 4090
Sherwood Park, AB, Canada, T8C1H3 www.advancedrivingschool.ca

Advance Limos Ltd.
Phone: 780 236 5000, Fax: 780 922 2705
www.advancelimos.ca
The Services we Provide
• Airport Service-Flat Rate
• Weddings Ceremony
• Anniversaries
• Birthday Parties
• Dinner & Theatre Ceremony
• Night On The Town
• Graduation Ceremonies
• Concerts & Sports Events
• Promos & Religious Programs
• & Other Functions
Contact Aman Sooch
Book Your LIMO Now & Enjoy the Luxurious Ride
(780) 236 5000



# ਅਜੋਕੇ ਸੰਦਰਭ ਵਿਚ ਮਈ ਦਿਵਸ ਦਾ ਮਹੱਤਵ

ਮੰਗਤ ਰਾਮ ਪਾਸਲਾ



**ਪਹਿਲੀ ਮਈ** ਦਾ ਦਿਨ ਸੰਸਾਰ ਭਰ ਦੇ ਮਿਹਨਤਕਸ਼ਾਂ ਲਈ ਭਾਰੀ ਅਹਿਮੀਅਤ ਰੱਖਦਾ ਹੈ। ਸੰਨ 1886 ਵਿਚ ਇਸ ਦਿਨ ਸ਼ਹਿਰ ਸ਼ਿਕਾਗੋ (ਅਮਰੀਕਾ) ਦੇ ਮਜ਼ਦੂਰਾਂ ਨੇ ਕੰਮ ਦੇ ਘੰਟੇ ਘਟਾਉਣ ਅਤੇ ਦੂਸਰੀਆਂ ਮੰਗਾਂ ਦੀ ਪ੍ਰਾਪਤੀ ਵਾਸਤੇ ਸ਼ਾਂਤਮਈ ਰੋਸ ਮੁਜ਼ਾਹਰਾ ਕੀਤਾ ਅਤੇ ਮਿੱਲ ਮਾਲਕਾਂ ਨੂੰ ਇਸ ਸੰਬੰਧੀ ਮੰਗ ਪੱਤਰ ਦਿੱਤਾ। ਇਸ ਮੰਗ ਪੱਤਰ ਦਾ ਢੁਕਵਾਂ ਹੁੰਗਾਰਾ ਭਰਕੇ ਹੱਕੀ ਮੰਗਾਂ ਸਵੀਕਾਰ ਕਰਨ ਦੀ ਥਾਂ ਜ਼ਾਲਮ ਪੂੰਜੀਪਤੀਆਂ ਤੇ ਇਸਦੀ ਪੁਲਸ ਨੇ ਉਹੀ ਕਾਰਾ ਕੀਤਾ ਜੋ ਵੱਖ ਵੱਖ ਰੂਪਾਂ ਵਿਚ ਇਹ ਲੁਟੇਰੀਆਂ ਜਮਾਤਾਂ ਕਿਰਤੀਆਂ ਨਾਲ ਸਦੀਆਂ ਤੋਂ ਹੀ ਕਰਦੀਆਂ ਆਈਆਂ ਹਨ। ਗੋਲੀਆਂ ਤੇ ਲਾਠੀਆਂ ਦੀ ਬੁਛਾੜ ਨਾਲ ਅਨੇਕਾਂ ਕੀਮਤੀ ਜਾਨਾਂ ਦੀ ਬਲੀ ਲਈ ਗਈ, ਹੋਰਨਾਂ ਉਤੇ ਝੂਠੇ ਕੇਸ ਚਲਾਏ ਗਏ ਅਤੇ ਮਿਹਨਤਕਸ਼ਾਂ ਦੇ ਇਸ ਨਵੇਂ ਪੁੰਗਰ ਰਹੇ ਬੂਟੇ ਨੂੰ ਸਦਾ ਸਦਾ ਲਈ ਉਖਾੜਨ ਦੀ ਨਾਕਾਮ ਕੋਸ਼ਿਸ਼ ਕੀਤੀ ਗਈ। ਉਸੇ ਦਿਨ ਤੋਂ ਸ਼ਿਕਾਗੋ ਸ਼ਹਿਰ ਵਿਚ ਡੁੱਲ੍ਹੇ ਮਜ਼ਦੂਰ ਖੂਨ ਦੇ ਤੁੱਬਕਿਆਂ ਨੇ ਆਪਣਾ ਝਲਕਾਰਾ ਸੰਸਾਰ ਪੱਧਰ ਉਤੇ ਦਿਖਾਉਣਾ ਸ਼ੁਰੂ ਕਰ ਦਿੱਤਾ। ਉਸ ਦਿਨ ਤੋਂ ਸ਼ੁਰੂ ਹੋਈ ਇਸ ਲੰਮੀ ਯਾਤਰਾ ਦਾ ਸਿੱਟਾ ਹੀ ਹੈ ਕਿ ਅੱਜ ਦੁਨੀਆਂ ਦੇ ਹਰ ਕੋਨੇ ਵਿਚ ਮਜ਼ਦੂਰਾਂ ਦਾ ਇਹ ਸੂਹਾ ਨਿਸ਼ਾਨ ਉਚੇ ਅਸਮਾਨਾਂ ਅੰਦਰ ਬੇਖੌਫ ਤੇ ਸ਼ਾਨਮੱਤੇ ਢੰਗ ਨਾਲ ਝੁਲਦਾ ਦਿਖਾਈ ਦੇ ਰਿਹਾ ਹੈ। ਇਸਤੋਂ ਬਾਅਦ ਜਗੀਰੂ ਤੇ ਸਾਮਰਾਜੀ ਲੁੱਟ ਵਿਰੁੱਧ ਸੰਸਾਰ ਭਰ ਦੇ ਕਿਰਤੀਆਂ ਨੇ ਲੜਾਕੂ ਜਥੇਬੰਦੀਆਂ ਕਾਇਮ ਕਰਨੀਆਂ ਅਤੇ ਜਮਾਤੀ ਦੁਸ਼ਮਣਾਂ ਵਿਰੁੱਧ ਸਮਝੌਤਾ ਰਹਿਤ ਲਹੂ ਵੀਟਵੀਂ ਜਦੋਜਹਿਦ ਆਰੰਭ ਕਰ ਦਿੱਤੀ। ਭਾਵੇਂ ਜਮਾਤੀ ਸੰਘਰਸ਼ ਵੱਖ ਵੱਖ ਰੂਪਾਂ ਵਿਚ ਸਦੀਆਂ ਤੋਂ ਹੀ ਜਾਰੀ ਸੀ, ਪ੍ਰੰਤੂ ਹੁਣ ਮਾਰਕਸਵਾਦੀ-ਲੈਨਿਨਵਾਦੀ ਵਿਗਿਆਨਕ ਵਿਚਾਰਧਾਰਾ ਨਾਲ ਲੈਸ ਹੋ ਕੇ ਮਿਹਨਤਕਸ਼ ਲੋਕਾਂ ਨੇ ਪੂੰਜੀਵਾਦੀ ਪ੍ਰਬੰਧ ਨੂੰ ਬੁਨਿਆਦੀ ਰੂਪ ਵਿਚ ਬਦਲ ਕੇ ਸਮਾਜਵਾਦ ਦੀ ਕਾਇਮੀ ਲਈ ਸੰਗਰਾਮ ਸ਼ੁਰੂ ਕਰ ਦਿੱਤਾ ਜਿੱਥੇ ਰਾਜ ਸੱਤਾ ਕਿਰਤੀ ਲੋਕਾਂ ਦੇ ਹੱਥਾਂ ਵਿਚ ਆਵੇ ਤੇ ਆਪਣੀ ਹੋਣੀ ਦੇ ਉਹ ਆਪ ਮਾਲਕ ਬਣਨ। ਇਸ ਘੋਲ ਵਿਚ ਜਿੱਥੇ ਪੂੰਜੀਵਾਦੀ ਪ੍ਰਬੰਧ ਦੇ ਹਮੈਤੀਆਂ ਨੇ ਇਸਨੂੰ ਅਸਫਲ ਕਰਨ ਲਈ ਹਰ ਯਤਨ ਕੀਤਾ, ਉਥੇ ਮਜ਼ਦੂਰ ਲਹਿਰ ਵਿਚ ਘੁਸੇ ਬੈਠੇ ਸੋਧਵਾਦੀ ਤੇ ਸੰਕੀਰਨਤਾਵਾਦੀ ਤੱਤਾਂ ਨੇ ਵੀ ਵੱਖ ਵੱਖ ਢੰਗਾਂ ਨਾਲ ਇਨਕਲਾਬੀ ਲਹਿਰ ਨੂੰ ਕਮਜੋਰ ਕਰਨ ਦਾ ਯਤਨ ਕੀਤਾ। ਪ੍ਰੰਤੂ ਮਜ਼ਦੂਰ ਲਹਿਰ ਦੇ ਇਨਕਲਾਬੀ ਭਾਗਾਂ ਨੇ ਸਾਰੀਆਂ ਔਕੜਾਂ ਤੇ ਸਿਧਾਂਤਕ ਹਮਲਿਆਂ ਦਾ ਟਾਕਰਾ ਕਰਦਿਆਂ ਹੋਇਆਂ ਮਿਹਨਤਕਸ਼ ਲੋਕਾਈ ਨੂੰ ਅੰਸ਼ਿਕ ਮੰਗਾਂ ਦੀ ਪ੍ਰਾਪਤੀ ਤੱਕ ਹੀ ਸੀਮਤ ਨਹੀਂ ਰੱਖਿਆ ਸਗੋਂ ਬੇਇਨਸਾਫੀ ਉਤੇ ਟਿਕੇ ਹੋਏ ਸਮਾਜਕ-ਆਰਥਕ ਢਾਂਚੇ ਨੂੰ ਪਰਾਂਹ ਵਗਾਹ ਮਾਰਨ ਦੇ ਵਡੇਰੇ ਨਿਸ਼ਾਨੇ ਲਈ ਤਿਆਰ ਕੀਤਾ।

ਇਹ ਸੀ ਸੁਨੇਹਾ ਮਈ ਦਿਵਸ ਦੀਆਂ ਇਨਕਲਾਬੀ ਰਵਾਇਤਾਂ ਦਾ ਜਿਸ 'ਤੇ ਚਲਦਿਆਂ ਦੁਨੀਆਂ ਭਰ ਦੇ ਮਜ਼ਦੂਰਾਂ ਨੇ ਸਾਮਰਾਜੀ ਸ਼ਕਤੀਆਂ ਨਾਲ ਲੋਹਾ ਲਿਆ ਅਤੇ ਗੁਲਾਮ ਦੇਸ਼ਾਂ ਨੂੰ ਆਜ਼ਾਦੀ ਦੇ ਰਾਹਾਂ ਵੱਲ ਨੂੰ ਮੋੜਿਆ। 1917 ਵਿਚ ਰੂਸ ਅੰਦਰ ਪਹਿਲੇ ਸਮਾਜਵਾਦੀ ਇਨਕਲਾਬ ਦਾ ਜਨਮ ਅਤੇ ਇਸਤੋਂ ਬਾਅਦ ਸੰਸਾਰ ਦੇ ਵੱਖ ਵੱਖ ਭਾਗਾਂ ਵਿਚ ਇਨਕਲਾਬੀ ਤਬਦੀਲੀਆਂ ਰਾਹੀਂ ਸਮਾਜਵਾਦੀ ਪ੍ਰਬੰਧ ਦੀ ਕਾਇਮੀ ਨੇ ਪੂੰਜੀਵਾਦ ਦੇ ਮੁਕਾਬਲੇ ਇਕ ਅਜਿਹੀ ਵਿਵਸਥਾ ਦੀ ਤਸਵੀਰ ਪੇਸ਼ ਕਰ ਦਿੱਤੀ ਜਿੱਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਖਾਤਮਾ ਕਰ ਦਿੱਤਾ ਗਿਆ ਸੀ। ਸੋਵੀਅਤ ਰੂਸ ਅਤੇ ਇਸਦੇ ਯੂਰਪੀ ਭਾਈਵਾਲ ਦੇਸ਼ਾਂ ਵਿਚ ਸਮਾਜਵਾਦੀ ਪ੍ਰਬੰਧ ਕਿਵੇਂ ਅਤੇ ਕਿਉਂ ਢਹਿ-ਢੇਰੀ ਹੋਇਆ, ਇਹ ਵੱਖਰਾ ਵਿਸ਼ਾ ਹੈ ਪ੍ਰੰਤੂ ਇਸ ਪ੍ਰਬੰਧ ਦੀ ਕਾਇਮੀ ਦੇ 7 ਦਹਾਕਿਆਂ ਤੋਂ ਵੱਧ ਦੇ ਸਮੇਂ ਵਿਚ ਧਰਤੀ ਉਤੇ ਕਿਰਤੀਆਂ ਦੇ ਵਿਹੜਿਆਂ ਵਿਚ ਆਈਆਂ ਬਰਕਤਾਂ ਅਤੇ ਸਮਾਜਵਾਦੀ ਵਿਵਸਥਾ ਵਿਚ ਹੈਰਾਨ ਕਰਨ ਵਾਲੀ ਸਰਵਪੱਖੀ ਉੱਨਤੀ ਨੂੰ ਕਮਿਊਨਿਸਟ ਤਾਂ ਕੀ ਇਸਦੇ ਦੁਸ਼ਮਣ ਵੀ ਸਵੀਕਾਰ ਕਰਦੇ ਹਨ। ਇਸ ਢਾਂਚੇ ਦੇ ਟੁਟਣ ਤੋਂ ਬਾਅਦ ਸਾਮਰਾਜੀ ਬਰਬਰਤਾ ਦੇ ਦੌਰ ਵਿਚ ਆਈਆਂ ਤੇਜ਼ੀਆਂ ਨੂੰ ਵੀ ਹੁਣ ਸੰਸਾਰ ਭਰ ਦੇ ਕਿਰਤੀ ਲੋਕ ਆਪਣੀਆਂ ਅੱਖਾਂ ਨਾਲ ਦੇਖ ਰਹੇ ਹਨ ਅਤੇ ਹੱਡਾਂ ਨਾਲ ਹੰਢਾ ਰਹੇ ਹਨ। ਉਸ ਦਿਨ ਦੀ ਸਿਰਜਣਾ ਕਰਨ ਲਈ ਸੰਸਾਰ ਭਰ ਦੇ ਕਾਮੇ ਲਗਾਤਾਰ ਸੰਘਰਸ਼ਸ਼ੀਲ ਹਨ, ਜਿਸ ਦਿਨ ਦੁਨੀਆਂ ਦੀ ਪੱਧਰ ਉਤੇ ਲੁਟੇਰੇ ਪੂੰਜੀਵਾਦੀ ਢਾਂਚੇ ਦਾ ਪੂਰਨ ਰੂਪ ਵਿਚ ਖਾਤਮਾ ਹੋਵੇਗਾ ਅਤੇ ਸਮਾਨਤਾ ਉਤੇ ਆਧਾਰਤ ਸਰਵ ਸਾਂਝੇ ਸਮਾਜ ਦੀ ਸਥਾਪਨਾ ਇਕ ਹਕੀਕਤ ਵਿਚ ਬਦਲੇਗੀ। ਮਈ ਦਿਵਸ ਅਜਿਹੀਆਂ ਹੀ ਵਿਚਾਰਾਂ ਕਰਨ ਦਾ ਸਮਾਂ ਹੈ। ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਸੁੱਟ ਦਾ ਖਾਤਮਾ ਮਨੁੱਖੀ ਇਤਿਹਾਸ ਦੇ ਐਸੇ ਦੌਰ ਨੂੰ ਸ਼ੁਰੂ ਕਰੇਗਾ ਜਿੱਥੇ ਸਮੁੱਚੇ ਸਮਾਜਕ ਵਿਕਾਸ ਦੀਆਂ ਅਸੀਮ ਸੰਭਾਵਨਾਵਾਂ ਉਜਾਗਰ ਹੋ ਜਾਣਗੀਆਂ ਅਤੇ ਹਰ ਇਨਸਾਨ ਨੂੰ ਨਿੱਜੀ ਤੌਰ 'ਤੇ ਸਰਵਪੱਖੀ ਉਨਤੀ ਕਰਨ ਦੇ ਪੂਰਨ ਮੌਕੇ ਉਪਲੱਬਧ ਹੋਣਗੇ। ਜਿਥੇ ਪਹਿਲਾਂ ਹੀ ਕੁੱਲ ਸਮਾਜਕ ਉਤਪਾਦਨ ਸਾਰਾ ਸਮਾਜ ਕਰਦਾ ਹੈ, ਉਸਦੀ ਮਾਲਕੀ ਅਤੇ ਵੰਡ ਵੀ ਨਿਆਂਪੂਰਨ ਤੇ ਸਰਵ ਸਾਂਝੀ ਹੋਵੇਗੀ। ਸੀ.ਪੀ.ਐਮ. ਪੰਜਾਬ ਇਸ ਮਹਾਨ ਕਾਰਜ ਦੀ ਪ੍ਰਾਪਤੀ ਲਈ ਯਤਨਸ਼ੀਲ ਹੈ ਅਤੇ ਆਪਣੇ ਆਪ ਨੂੰ ਇਕ ਵਾਰ ਮੁੜ ਮਈ ਦਿਵਸ ਦੇ ਮਹਾਨ ਅਵਸਰ ਉਤੇ ਸਮਾਜਵਾਦ ਦੀ ਸਥਾਪਨਾ ਲਈ ਪੂਰੀ ਤਰ੍ਹਾਂ ਸਮਰਪਤ ਹੋਣ ਦਾ ਐਲਾਨ ਦੁਹਰਾਉਂਦੀ ਹੈ।

ਇਸ ਸੰਦਰਭ ਵਿਚ ਫੇਰ ਇਹੀ ਸਵਾਲ ਦੋਬਾਰਾ ਉਭਰਦਾ ਹੈ ਕਿ ਉਪਰੋਕਤ ਕਾਰਜ ਦੀ ਪ੍ਰਾਪਤੀ ਲਈ ਅਸੀਂ ਆਪਣੇ ਸਮੁੱਚੇ ਖਿੱਤੇ ਵਿਚ ਅਤੇ ਖਾਸਕਰ ਪੰਜਾਬ ਅਤੇ ਗੁਆਂਢੀ ਰਾਜਾਂ ਵਿਚ ਇਨਕਲਾਬੀ ਲਹਿਰ ਨੂੰ ਕਿਵੇਂ ਮਜ਼ਬੂਤ ਬਣਾਈਏ ਅਤੇ ਸਾਰੇ ਮਿਹਨਤਕਸ਼ ਲੋਕਾਂ ਨੂੰ ਇਸਦੇ ਕਲਾਵੇ ਵਿਚ ਲੈ ਕੇ ਸੰਘਰਸ਼ਾਂ ਦੇ ਮੈਦਾਨ ਵਿਚ ਉਤਾਰੀਏ। ਅਜਿਹਾ ਕਰਨ ਨਾਲ ਹੀ ਅਸੀਂ ਲੋਕ ਵਿਰੋਧੀ ਕਿਰਦਾਰ ਦੇ ਮਾਲਕ ਹੁਕਮਰਾਨਾਂ ਨੂੰ ਗੱਦੀ ਤੋਂ ਪਰਾਂਹ ਵਗਾਹ ਮਾਰਕੇ ਇਕ ਲੋਕ ਪੱਖੀ ਵਿਵਸਥਾ ਦਾ ਗਠਨ ਕਰ ਸਕਦੇ ਹਾਂ। ਇਸ ਸਾਰੀ ਪ੍ਰਕਿਰਿਆ ਵਿਚ ਕੁੰਜੀਵਤ ਸਵਾਲ ਹੈ ਕਿ ਮਜ਼ਦੂਰ ਜਮਾਤ ਦੀ ਪਾਰਟੀ ਸੀ.ਪੀ.ਐਮ. ਪੰਜਾਬ, ਜਿਸਨੇ ਇਸ ਇਨਕਲਾਬੀ ਲਹਿਰ ਨੂੰ ਸੰਗਠਤ ਵੀ ਕਰਨਾ ਹੈ ਤੇ ਇਸਦੀ ਅਗਵਾਈ ਕਰਕੇ ਵਿਸ਼ਾਲ ਆਧਾਰ ਵਾਲੀ ਲੋਕ ਲਹਿਰ ਸਿਰਜਣੀ ਹੈ, ਨੂੰ ਕਿਵੇਂ ਬਲਵਾਨ ਬਣਾਇਆ ਜਾਵੇ? ਐਸੇ ਕਿਹੜੇ ਗੁਣ ਹਨ ਜਿਨ੍ਹਾ ਨੂੰ ਬੀਤੇ ਤਜ਼ਰਬੇ ਦੇ ਆਧਾਰ ਉਤੇ ਜ਼ਿਆਦਾ ਤੇਜ਼ੀ ਨਾਲ ਹੋਰ ਗ੍ਰਹਿਣ ਕੀਤਾ ਜਾਵੇ ਅਤੇ ਕਿਹੜੀਆਂ ਘਾਟਾਂ ਹਨ ਜਿਨ੍ਹਾਂ ਨੂੰ ਭਵਿੱਖ ਵਿਚ ਦੂਰ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਇਸ ਰਾਹ ਵਿਚ ਪੈਣ ਵਾਲੀਆਂ ਸੰਭਾਵਿਤ ਰੁਕਾਵਟਾਂ ਨੂੰ ਹਟਾਇਆ ਜਾ ਸਕੇ? ਸੰਨ 2001 ਵਿਚ ਆਪਣੇ ਜਨਮ ਤੋਂ ਲੈ ਕੇ ਸੀ.ਪੀ.ਐਮ. ਪੰਜਾਬ ਨੇ ਉਨ੍ਹਾਂ ਸਾਰੀਆਂ ਸਹੀ ਸੇਧਾਂ ਨੂੰ ਅਪਣਾ ਕੇ ਜਨਤਕ ਲਹਿਰ ਨੂੰ ਅੱਗੇ ਵਧਾਉਣ ਦਾ ਰਾਹ ਫੜਿਆ, ਜਿਹੜੀਆਂ ਸੇਧਾਂ 1964 ਵਿਚ ਸੀ.ਪੀ.ਆਈ.(ਐਮ) ਦੀ ਸਥਾਪਨਾ ਸਮੇਂ ਸਾਥੀ ਪੀ.ਸੁੰਦਰਈਆ ਦੀ ਅਗਵਾਈ ਵਿਚ ਉਲੀਕੀਆਂ ਗਈਆਂ ਸਨ। ਉਨ੍ਹਾਂ ਸੇਧਾਂ ਉਤੇ ਅਮਲਾਂ ਦੇ ਸਿੱਟੇ ਵਜੋਂ ਹੀ ਪੱਛਮੀ ਬੰਗਾਲ, ਕੇਰਲਾ, ਤਰੀਪੁਰਾ, ਆਂਧਰਾ ਪ੍ਰਦੇਸ਼ ਤੇ ਦੇਸ਼ ਦੇ ਹੋਰ ਅਨੇਕਾਂ ਹਿੱਸਿਆਂ ਵਿਚ ਸੀ.ਪੀ.ਆਈ.(ਐਮ) ਇਕ ਸਮੇਂ ਮਜ਼ਬੂਤ ਧਿਰ ਵਜੋਂ ਉਭਰਨ ਦੇ ਸਮਰਥ ਹੋਈ ਸੀ। ਇਹ ਸੇਧਾਂ ਹਨ : ਜਮਾਤੀ ਸੰਘਰਸ਼ਾਂ ਉਤੇ ਟੇਕ, ਪਾਰਲੀਮਾਨੀ ਮੌਕਾਪ੍ਰਸਤ ਦਾਅਪੇਚਾਂ ਤੋਂ ਛੁਟਕਾਰਾ, ਹਾਕਮਾਂ ਦੀਆਂ ਨੀਤੀਆਂ ਵਿਰੁੱਧ ਬੇਕਿਰਕ ਲੜਾਈ ਅਤੇ ਲੈਨਿਨਵਾਦੀ ਲੀਹਾਂ ਉਤੇ ਪਾਰਟੀ ਜਥੇਬੰਦੀ ਦੀ ਉਸਾਰੀ ਆਦਿ। ਭਾਵੇਂ ਸੀ.ਪੀ.ਆਈ. (ਐਮ) ਦੀ ਮੌਜੂਦਾ ਲੀਡਰਸ਼ਿਪ ਅੱਜ 1964 ਦੇ ਪਾਰਟੀ ਪ੍ਰੋਗਰਾਮ ਦੇ ਉਸ ਇਨਕਲਾਬੀ ਪੈਂਤੜੇ ਤੋਂ ਪੂਰੀ ਤਰ੍ਹਾਂ ਉਖੜ ਗਈ ਹੈ ਤੇ ਪਾਰਲੀਮਾਨੀ ਮੌਕਾਪ੍ਰਸਤੀ ਦੇ ਰਾਹ ਪੈ ਕੇ ਲਗਾਤਾਰ ਰਸਾਤਲ ਵੱਲ ਨੂੰ ਧਸਦੀ ਜਾ ਰਹੀ ਹੈ, ਪ੍ਰੰਤੂ ਪਹਿਲੀਆਂ ਠੀਕ ਰਾਜਸੀ ਪੁਜੀਸ਼ਨਾਂ ਅਤੇ ਅਮਲਾਂ ਦੇ ਨਤੀਜੇ ਵਜੋਂ ਉਪਜੀਆਂ ਲਹਿਰਾਂ ਦੇ ਨਿਸ਼ਾਨ ਅਜੇ ਵੀ ਇਕ ਠੋਸ ਹਕੀਕਤ ਵਜੋਂ ਸਪੱਸ਼ਟ ਦਿਖਾਈ ਦੇ ਰਹੇ ਹਨ। ਸੀ.ਪੀ.ਐਮ. ਪੰਜਾਬ ਦੁਸ਼ਮਨ ਹਾਕਮ ਜਮਾਤਾਂ ਦੀ ਸਪੱਸ਼ਟ ਨਿਸ਼ਾਨਦੇਹੀ ਕਰਕੇ ਮੌਜੂਦਾ ਕੇਂਦਰੀ ਤੇ ਭਾਂਤ ਭਾਂਤ ਦੇ ਰੰਗਾਂ ਦੀਆਂ ਸਰਮਾਏਦਾਰ-ਜਗੀਰਦਾਰ ਜਮਾਤਾਂ ਦੇ ਰਾਜਸੀ ਦਲਾਂ ਦੀਆਂ ਰਾਜ ਸਰਕਾਰਾਂ ਵਿਰੁੱਧ ਬੇਕਿਰਕ ਤੇ ਸਮਝੌਤਾ ਰਹਿਤ ਲੜਾਈ ਲੜਨ ਦਾ ਯਤਨ ਕਰ ਰਹੀ ਹੈ। ਅਜਿਹਾ ਕਰਦਿਆਂ ਅਸੀਂ ਵੱਖ ਵੱਖ ਕਿਸਮਾਂ ਦੀਆਂ ਫਿਰਕੂ ਸ਼ਕਤੀਆਂ ਵਿਰੁੱਧ ਵਿਚਾਰਧਾਰਕ ਲੜਾਈ ਲੜਨ ਵਿਚ ਵੀ ਕੋਈ ਨਰਮਾਈ ਨਹੀਂ ਦਿਖਾ ਰਹੇ ਸਗੋਂ ਇਸ ਵਿਚ ਵੀ ਸੁਚੇਤ ਹੋ ਕੇ ਪੂਰੇ ਜ਼ੋਰ ਨਾਲ ਆਪਣਾ ਬਣਦਾ ਫਰਜ਼ ਅਦਾ ਕਰਨ ਦਾ ਯਤਨ ਕਰ ਰਹੇ ਹਾਂ। ਸੀ.ਪੀ.ਐਮ. ਪੰਜਾਬ ਅੰਤਰ ਰਾਸ਼ਟਰੀ ਪੁਲਸੀਏ ਅਮਰੀਕਨ ਸਾਮਰਾਜ ਤੇ ਇਸਦੇ ਜੋਟੀਦਾਰਾਂ, ਨੂੰ ਦੁਨੀਆਂ ਭਰ ਦੇ ਕਿਰਤੀਆਂ, ਸੰਘਰਸ਼ਸ਼ੀਲ ਅਤੇ ਜਮਹੂਰੀਅਤ ਲਈ ਜੂਝ ਰਹੇ ਲੋਕਾਂ ਦਾ ਸਭ ਤੋਂ ਵੱਡਾ ਵੈਰੀ ਸਮਝਦੇ ਹੋਏ ਜਿੱਥੇ ਇਸ ਵਿਰੁੱਧ ਜਨਤਕ ਲਹਿਰ ਖੜੀ ਕਰਨ ਲਈ ਪ੍ਰਤੀਬੱਧ ਹੈ, ਉਥੇ ਭਾਰਤੀ ਹਾਕਮਾਂ ਦੀਆਂ ਸਾਮਰਾਜ ਨਾਲ ਸਾਂਝ ਭਿਆਲੀ ਵਧਾਉਣ ਦੀਆਂ ਦੇਸ਼ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕਰਨ ਵਿਚ ਵੀ ਕੋਈ ਕਸਰ ਬਾਕੀ ਨਹੀਂ ਛੱਡੇਗੀ। ਪਾਰਲੀਮਾਨੀ ਤੇ ਗੈਰ ਪਾਰਲੀਮਾਨੀ ਸੰਘਰਸ਼ਾਂ ਦੀ ਮਹਾਨਤਾ ਨੂੰ ਸਮਝਦਿਆਂ ਹੋਇਆ ਦੋਨਾਂ ਤਰ੍ਹਾਂ ਦੇ ਘੋਲਾਂ ਰਾਹੀਂ ਜਨ ਸ਼ਕਤੀ ਇਕਜੁੱਟ ਕਰਦੀ ਹੋਈ ਸੀ.ਪੀ.ਐਮ. ਪਜੰਾਬ ਗੈਰ ਪਾਰਲੀਮਾਨੀ ਸੰਘਰਸ਼ਾਂ ਨੂੰ ਜਮਾਤੀ ਤਾਕਤਾਂ ਦਾ ਤੋਲ ਬਦਲਣ ਲਈ ਕੁੰਜੀਵਤ ਸਾਧਨ ਸਮਝਕੇ ਇਸ ਉਤੇ ਜ਼ਿਆਦਾ ਟੇਕ ਰੱਖਦੀ ਹੈ। ਅਸੀਂ ਮਾਰਕਸਵਾਦ-ਲੈਨਿਨਵਾਦ ਦੀ ਵਿਗਿਆਨ ਨੂੰ ਆਧਾਰ ਬਣਾ ਕੇ ਕਮਿਊਨਿਸਟ ਲਹਿਰ ਵਿਚ ਆਏ ਸੱਜੇ ਸੋਧਵਾਦੀ ਅਤੇ ਖੱਬੀ ਮਾਅਰਕੇਬਾਜ਼ੀ ਦੇ ਭਟਕਾਵਾਂ ਵਿਰੁੱਧ ਵਿਚਾਰਧਾਰਕ ਲੜਾਈ ਜਾਰੀ ਰੱਖਾਂਗੇ। ਪ੍ਰੰਤੂ ਅਜਿਹਾ ਕਰਦੇ ਹੋਏ ਅਸੀਂ ਸਮੂਹ ਖੱਬੀਆਂ ਤੇ ਜਮਹੂਰੀ ਧਿਰਾਂ ਨਾਲ ਮਿਲਕੇ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਮਿਹਨਤਕਸ਼ ਲੋਕਾਂ ਦੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਸਾਂਝੇ ਘੋਲ ਵਿਕਸਤ ਕਰਨ ਲਈ ਵੀ ਪੂਰੀ ਵਾਹ ਲਾਵਾਂਗੇ।

ਪੰਜਾਬ ਅੰਦਰ ਅਕਾਲੀ ਦਲ-ਭਾਜਪਾ ਗਠਜੋੜ ਅਤੇ ਕਾਂਗਰਸ ਪਾਰਟੀ ਦੀ ਅਗਵਾਈ ਵਾਲੀਆਂ ਸਰਕਾਰਾਂ ਵਿਰੁੱਧ ਬੱਝਵੀਂ ਲੜਾਈ ਅਤੇ ਕਿਸੇ ਵੀ ਹੋਰ ਫਿਰਕੂ ਤੱਤਾਂ ਨਾਲ ਕੋਈ ਸਾਂਠ ਗਾਂਠ ਨਾ ਰੱਖਣ ਦੀ ਨੀਤੀ ਉਤੇ ਚਲਦਿਆਂ ਹੋਇਆਂ, ਸੀ.ਪੀ.ਐਮ. ਪੰਜਾਬ ਸੂਬੇ ਦੀਆਂ ਸਾਰੀਆਂ ਖੱਬੀਆਂ ਧਿਰਾਂ ਨਾਲ ਮਿਲਕੇ ਘੱਟੋ ਘੱਟ ਸਾਂਝੇ ਪ੍ਰਵਾਨਤ ਪ੍ਰੋਗਰਾਮਾਂ ਉਤੇ ਸਾਂਝੀਆਂ ਜਨਤਕ ਕਾਰਵਾਈਆਂ ਕਰਨ ਲਈ ਯਤਨਸ਼ੀਲ ਹੈ।

ਜਿੱਥੇ ਸਾਨੂੰ ਕੇਂਦਰੀ ਅਤੇ ਸੂਬਾਈ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਵੱਖ ਵੱਖ ਪੱਧਰਾਂ ਉਤੇ ਸੰਘਰਸ਼ ਵਿੱਢਣ ਦੀ ਜ਼ਰੂਰਤ ਹੈ, ਉਥੇ ਸਥਾਨਕ ਪੱਧਰ ਉਤੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਅਤੇ ਸਰਕਾਰ ਦੀਆਂ ਧੱਕੇਸ਼ਾਹੀਆਂ ਵਿਰੁੱਧ ਆਵਾਜ਼ ਉਠਾਉਣ ਦੀ ਵੀ ਅਹਿਮ ਲੋੜ ਹੈ। ਸਥਾਨਕ ਮਸਲੇ ਪੀਣ ਵਾਲੇ ਪਾਣੀ, ਸਿਹਤ ਤੇ ਵਿੱਦਿਅਕ ਸੇਵਾਵਾਂ, ਬਿਜਲੀ, ਪੁਲੀਸ ਧੱਕੇਸ਼ਾਹੀਆਂ ਅਤੇ ਭਰਿਸ਼ਟਾਚਾਰ ਆਦਿ ਨਾਲ ਸਬੰਧਤ ਹੋ ਸਕਦੇ ਹਨ। ਇਹਨਾਂ ਦਾ ਸੰਬੰਧ ਲੋਕਾਂ ਦੇ ਵਿਕਾਸ ਕਾਰਜਾਂ, ਸਾਫ ਵਾਤਾਵਰਣ ਅਤੇ ਜੀਵਨ ਦੀਆਂ ਹੋਰਨਾਂ ਲੋੜਾਂ ਨਾਲ ਵੀ ਹੋ ਸਕਦਾ ਹੈ। ਇਨ੍ਹਾਂ ਮੁੱਦਿਆਂ ਦੁਆਲੇ ਸਥਾਨਕ ਲੋਕਾਂ ਨੂੰ ਰਾਜਨੀਤਕ ਪਾਰਟੀਆਂ, ਧਰਮਾਂ ਅਤੇ ਫਿਰਕਿਆਂ ਤੋਂ ਉਪਰ ਉਠ ਕੇ ਸੰਗਠਤ ਅਤੇ ਸਰਗਰਮ ਕੀਤਾ ਜਾ ਸਕਦਾ ਹੈ। ਅਜਿਹੇ ਘੋਲਾਂ ਵਿਚੋਂ ਜਿੱਥੇ ਪਾਰਟੀ ਦਾ ਲੜਾਕੂ ਤੇ ਇਮਾਨਦਾਰ ਅਕਸ ਲੋਕਾਂ ਵਿਚ ਉਭਰੇਗਾ ਉਥੇ ਨਵੀਂ ਲੀਡਰਸ਼ਿਪ ਵਿਕਸਤ ਹੋਣ ਦੀਆਂ ਵੀ ਅਸੀਮ ਸੰਭਾਵਨਾਵਾਂ ਪੈਦਾ ਹੋ ਸਕਦੀਆਂ ਹਨ। ਅਜਿਹੇ ਘੋਲਾਂ ਵਿਚ ਲੀਡਰਸ਼ਿਪ ਦੀ ਯੋਗਤਾ ਤੇ ਇਨਕਲਾਬੀ ਪਹੁੰਚ ਦੀ ਵੀ ਪਰਖ ਹੋ ਜਾਂਦੀ ਹੈ। ਜਿੱਥੇ ਪਾਰਟੀ ਸਿਰਫ ਸਰਕਾਰ ਦੀਆਂ ਸਮੁੱਚੀਆਂ ਨੀਤੀਆਂ ਵਿਰੁੱਧ ਹੀ ਲੋਕਾਂ ਨੂੰ ਲਾਮਬੰਦ ਕਰਦੀ ਹੋਈ ਸਥਾਨਕ ਪੱਧਰ ਦੇ ਸੰਘਰਸ਼ਾਂ ਤੋਂ ਪਾਸਾ ਵੱਟਦੀ ਹੈ, ਉਥੇ ਨਾ ਤਾਂ ਪਾਰਟੀ ਆਧਾਰ ਦਾ ਤਸੱਲੀਬਖਸ਼ ਵਾਧਾ ਹੁੰਦਾ ਹੈ ਤੇ ਨਾ ਹੀ ਲੋਕਾਂ ਦਾ ਵੱਡਾ ਹਿੱਸਾ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਹਰਕਤ ਵਿਚ ਆਉਂਦਾ ਹੈ। ਕੁੱਝ ਗੈਰ ਕਮਿਊਨਿਸਟ ਮੌਕਾਪ੍ਰਸਤ ਤੱਤ, ਜੋ ਪਾਰਟੀ ਸਫਾਂ ਵਿਚ ਘੁਸੇ ਹੋਏ ਹੁੰਦੇ ਹਨ ਤੇ ਅਫਸਰਸ਼ਾਹੀ ਨਾਲ ਸਾਂਝਾਂ ਪਾ ਕੇ ਲੋਕਾਂ ਦੇ ਹਿੱਤਾਂ ਨਾਲ ਖਿਲਵਾੜ ਕਰ ਰਹੇ ਹੁੰਦੇ ਹਨ, ਵੀ ਆਮ ਤੌਰ 'ਤੇ ਸਥਾਨਕ ਸੰਘਰਸ਼ਾਂ ਦੇ ਪਿੜ ਵਿਚ ਪਹਿਚਾਣੇ ਜਾਂਦੇ ਹਨ ਤੇ ਪਾਰਟੀ ਸਫਾਂ ਤੋਂ ਸੌਖਿਆਂ ਹੀ ਬਾਹਰ ਕੀਤੇ ਜਾ ਸਕਦੇ ਹਨ। ਸਥਾਨਕ ਸੰਘਰਸ਼ ਕਰਨ ਵੇਲੇ ਪੀੜਤ ਜਨਤਾ ਦੇ ਬਹੁਗਿਣਤੀ ਹੇਠਲੇ ਭਾਗਾਂ ਨਾਲ ਸਬੰਧਤ ਸਾਂਝੇ ਮੁੱਦਿਆਂ ਦੀ ਚੋਣ ਕਰਨੀ ਤੇ ਸੰਘਰਸ਼ਾਂ ਵਿਚ ਜਨ ਸਧਾਰਣ ਦੇ ਵੱਡੇ ਹਿੱਸਿਆਂ ਦੀ ਸ਼ਮੂਲੀਅਤ ਕਰਾਉਣ ਵਿਚ ਪਾਰਟੀ ਆਗੂਆਂ ਨੂੰ ਨਿਪੁੰਨਤਾ ਹਾਸਲ ਕਰਨ ਦੀ ਲੋੜ ਹੈ। ਇਨ੍ਹਾਂ ਜੱਦੋਂ ਜਹਿਦਾਂ ਵਿਚੋਂ ਹਾਸਲ ਹੋਈਆਂ ਜਿੱਤਾਂ ਜਿੱਥੇ ਲੋਕਾਂ ਵਿਚ ਆਤਮ ਵਿਸ਼ਵਾਸ ਪੈਦਾ ਕਰਦੀਆਂ ਹਨ ਉਥੇ ਨਾਲ ਹੀ ਉਨ੍ਹਾਂ ਨੂੰ ਮੌਜੂਦਾ ਪ੍ਰਬੰਧ ਬਦਲਣ ਲਈ ਵੱਡੇ ਸੰਗਰਾਮਾਂ ਵਿਚ ਕੁੱਦਣ ਲਈ ਵੀ ਉਤਸ਼ਾਹਿਤ ਕਰਦੀਆਂ ਹਨ। ਅਜਿਹੇ ਘੋਲਾਂ ਸਮੇਂ ਲੋਕਾਂ ਦੀ ਚੇਤਨਾ ਉਚਿਆਉਣ ਅਤੇ ਉਨ੍ਹਾਂ ਵਿਚ ਆਮ ਲੋਕ ਹਿੱਤਾਂ ਵਾਸਤੇ ਆਪਾਵਾਰੂ ਭਾਵਨਾ ਪੈਦਾ ਕਰਨ ਲਈ ਆਪਣੇ ਇਤਿਹਾਸ ਦੀਆਂ ਅਗਾਂਹਵਧੂ ਤੇ ਜੰਗਜ਼ੂ ਰਵਾਇਤਾਂ ਦੀ ਭਰਪੂਰ ਵਰਤੋਂ ਕੀਤੀ ਜਾਣੀ ਚਾਹੀਦੀ ਹੈ ਜੋ ਲੋਕਾਂ ਦੇ ਦਿਲਾਂ ਦਿਮਾਗਾਂ ਦੇ ਜ਼ਿਆਦਾ ਨੇੜੇ ਹੁੰਦੀਆਂ ਹਨ। ਇਨਕਲਾਬੀ ਲਹਿਰ ਦੇ ਵਾਧੇ ਲਈ ਅਜਿਹਾ ਰਕਨਾ ਹਮੇਸ਼ਾਂ ਹੀ ਲਾਹੇਵੰਦ ਰਹਿੰਦਾ ਹੈ।

ਸੀ.ਪੀ.ਐਮ. ਪੰਜਾਬ ਸੂਬੇ ਅੰਦਰ ਸਮਾਜਕ ਜਬਰ ਦਾ ਸ਼ਿਕਾਰ ਕਥਿਤ ਅਛੂਤ ਤੇ ਨੀਵੀਆਂ ਜਾਤਾਂ ਨਾਲ ਸੰਬੰਧਤ ਲੋਕਾਂ ਦੇ ਹਿੱਤਾਂ ਦੀ ਰਾਖੀ ਵੱਲ ਉਚੇਚਾ ਧਿਆਨ ਦੇਣ ਦਾ ਯਤਨ ਕਰੇਗੀ। ਸਾਡੇ ਸਮਾਜ ਦਾ ਇਹ ਭਾਗ ਆਰਥਕ ਲੁੱਟ ਖਸੁੱਟ ਦੇ ਨਾਲ ਨਾਲ ਹਰ ਕਿਸਮ ਦੇ ਸਮਾਜਕ ਵਿਤਕਰਿਆਂ ਤੇ ਜ਼ਿਆਦਤੀਆਂ ਦਾ ਵੀ ਸ਼ਿਕਾਰ ਬਣ ਰਿਹਾ ਹੈ। ਸਰਮਾਏਦਾਰ-ਜਗੀਰਦਾਰ ਜਮਾਤਾਂ ਦੀਆਂ ਰਾਜਸੀ ਪਾਰਟੀਆਂ ਇਨ੍ਹਾਂ ਲੋਕਾਂ ਨਾਲ ਕੁੱਝ ਲਾਲਚ ਤੇ ਦਬਾਅ ਦੇ ਕੇ ਧੋਖਾ ਤਾਂ ਕਰ ਸਕਦੀਆਂ ਹਨ, ਪ੍ਰੰਤੂ ਹਕੀਕਤ ਵਿਚ ਉਨ੍ਹਾਂ ਦਾ ਸੰਵਾਰ ਕੁੱਝ ਨਹੀਂ ਸਕਦੀਆਂ। ਕਾਂਗਰਸ ਤੇ ਅਕਾਲੀ ਦਲ ਦੇ ਪਿਛਲੇ ਕਾਰਜਕਾਲਾਂ ਦੇ ਲੰਬੇ ਅਰਸਿਆਂ ਵਿਚ ਇਨ੍ਹਾਂ ਦਲਿਤ ਤੇ ਪੱਛੜੇ ਵਰਗਾਂ ਨਾਲ ਸੰਬੰਧਤ ਲੋਕਾਂ ਨੇ ਹਰ ਜਬਰ ਤੇ ਜ਼ੁਲਮ ਨੂੰ ਆਪਣੇ ਪਿੰਡਿਆਂ ਉਤੇ ਹੰਢਾਇਆ ਹੈ। ਇਸ ਲਈ ਜੇਕਰ ਅੱਜ ਵੀ ਅਸੀਂ ਇਸ ਵਰਗ ਨਾਲ ਸੰਬੰਧਤ ਮਿਹਨਤਕਸ਼ਾਂ ਨੂੰ ਆਪਣੇ ਕਲਾਵੇ ਵਿਚ ਨਹੀਂ ਲੈ ਸਕਦੇ ਤਾਂ ਇਸ ਵਿਚ ਦੋਸ਼ ਸ਼ੱਤ ਪ੍ਰਤੀਸ਼ਤ ਸਾਡਾ ਹੀ ਹੋਵੇਗਾ। ਇਹ ਕੰਮ ਨਿਰਾ ਕਾਗਜ਼ਾਂ ਜਾਂ ਫੋਕੀ ਬਿਆਨਬਾਜ਼ੀ ਰਾਹੀਂ ਨਹੀਂ ਸਗੋਂ ਅਮਲਾਂ ਰਾਹੀਂ ਕੀਤਾ ਜਾਣਾ ਚਾਹੀਦਾ ਹੈ। ਅਮਲਾਂ ਰਾਹੀਂ ਹੀ ਪੀੜਤ ਧਿਰ ਆਪਣੇ ਸਹੀ ਦੋਸਤ ਅਤੇ ਦੁਸ਼ਮਣ ਦੀ ਪਹਿਚਾਣ ਕਰ ਸਕੇਗੀ ਅਤੇ ਇਨਕਲਾਬੀ ਲਹਿਰ ਸੰਗ ਨਾਤਾ ਜੋੜ ਸਕੇਗੀ। ਸੀ.ਪੀ.ਐਮ. ਪੰਜਾਬ ਅਜਿਹਾ ਕਰਕੇ ਇਸ ਵਰਗ ਦੇ ਲੋਕਾਂ ਉਤੇ ਕੋਈ ਅਹਿਸਾਨ ਨਹੀਂ ਕਰ ਰਹੀ, ਸਗੋਂ ਉਸ ਜਮਾਤ ਨੂੰ ਸੰਗਠਤ ਕਰਕੇ ਆਪਣਾ ਫਰਜ ਅਦਾ ਕਰ ਰਹੀ ਹੋਵੇਗੀ, ਜਿਸ ਦੀ ਸੇਵਾਦਾਰ ਹੋਣ ਦਾ ਉਸਨੇ ਪ੍ਰਣ ਕੀਤਾ ਹੋਇਆ ਹੈ। ਅਜਿਹਾ ਕਰਦਿਆਂ ਪੇਂਡੂ ਜਗੀਰਦਾਰਾਂ ਤੇ ਧਨੀਆਂ ਦਾ ਇਕ ਹਿੱਸਾ ਦਲਿਤਾਂ ਪ੍ਰਤੀ ਵਧੇਰੇ ਨਫਰਤ ਤੇ ਈਰਖਾ ਦਾ ਪ੍ਰਗਟਾਵਾ ਵੀ ਕਰੇਗਾ ਤੇ ਸਮਾਜਕ ਜਬਰ ਦੇ ਹੋਰ ਵੀ ਤਿੱਖੇ ਵਾਰ ਕਰਨ ਤੋਂ ਗੁਰੇਜ਼ ਨਹੀਂ ਕਰੇਗਾ। ਪ੍ਰੰਤੂ ਇਹ ਸਭ ਕੁੱਝ ਭਾਪਦਿਆਂ ਹੋਇਆਂ ਸੀ.ਪੀ.ਐਮ. ਪੰਜਾਬ ਡਟਕੇ ਸਮਾਜ ਦੇ ਸਭ ਤੋਂ ਵੱਧ ਦਰੜੇ ਜਾ ਰਹੇ ਅਛੂਤ ਸਮਝੇ ਜਾਂਦੇ ਦਲਿਤ ਸਮਾਜ ਨਾਲ ਆਪਣੀ ਜਮਾਤ ਦੇ ਤੌਰ 'ਤੇ ਮੋਢੇ ਨਾਲ ਮੋਢਾ ਜੋੜ ਕੇ ਖੜੇਗੀ। ਨਾਲ ਹੀ ਸਮਾਜ ਦੀ ਅੱਧੀ ਅਬਾਦੀ ਔਰਤਾਂ ਨੂੰ ਜਥੇਬੰਦ ਕਰਨ ਵਿਚ ਪਿਛਲੇਰੇ ਸਮੇਂ ਦੀ ਕਮਜ਼ੋਰੀ ਨੂੰ ਪੂਰੀ ਸ਼ਿੱਦਤ ਨਾਲ ਦੂਰ ਕਰਨ ਦਾ ਹਰ ਹੀਲਾ ਕੀਤਾ ਜਾਵੇਗਾ।

ਪੰਜਾਬ ਅੰਦਰ ਸੀ.ਪੀ.ਐਮ. ਪੰਜਾਬ ਨੇ ਇਨਕਲਾਬੀ ਲਹਿਰ ਦਾ ਪਸਾਰਾ ਕਰਨ ਹਿੱਤ ਜਨਤਕ ਜਥੇਬੰਦੀਆਂ ਵਿਚ ਕੰਮ ਕਰਨ ਦੀ ਵਿੱਧੀ ਵਿਚ ਪਹਿਲਾਂ ਹੀ ਕਾਫੀ ਸੁਧਾਰ ਕੀਤਾ ਹੈ। ਜਨਤਕ ਜਥੇਬੰਦੀਆਂ ਨੂੰ ਪਾਰਟੀ ਦੀਆਂ ਜੇਬੀ ਜਥੇਬੰਦੀਆਂ ਬਣਾਉਣ ਦੇ ਕੁਰਾਹੇ ਨੂੰ ਤਿਆਗ ਕੇ ਇਹ ਯਤਨ ਕੀਤਾ ਜਾ ਰਿਹਾ ਹੈ ਕਿ ਸਮਾਜ ਦੇ ਵੱਖ ਵੱਖ ਵਰਗਾਂ ਦੀਆਂ ਜਨਤਕ ਜਥੇਬੰਦੀਆਂ ਦੀ ਮੈਂਬਰਸ਼ਿਪ ਦੀ ਭਰਤੀ ਜਨਤਕ ਹੋਵੇ ਤੇ ਕਾਰਜ ਵਿਧੀ ਜਮਹੂਰੀ ਹੋਵੇ। ਭਾਵ ਕਮਿਊਨਿਸਟਾਂ ਤੋਂ ਬਿਨਾਂ ਗੈਰ ਕਮਿਊਨਿਸਟ ਤੇ ਦੂਸਰੀਆਂ ਰਾਜਸੀ ਪਾਰਟੀਆਂ ਦੇ ਆਧਾਰ ਹੇਠਲੇ ਲੋਕ ਵੀ ਇਹਨਾਂ ਵਿਚ ਸ਼ਾਮਲ ਕੀਤੇ ਜਾਣ।

ਸੀ.ਪੀ.ਐਮ. ਪੰਜਾਬ ਮਈ ਦਿਵਸ ਦੇ ਇਤਿਹਾਸਕ ਦਿਹਾੜੇ ਉਤੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਨਤਮਸਤਕ ਹੁੰਦਿਆਂ ਹੋਇਆਂ ਸਹੀ ਅਰਥਾਂ ਵਿਚ ਮਜ਼ਬੂਤ ਇਨਕਲਾਬੀ ਲਹਿਰ ਉਸਾਰਨ ਦਾ ਪ੍ਰਣ ਲੈਂਦੀ ਹੈ ਜੋ ਮੌਜੂਦਾ ਲੁੱਟ ਖਸੁੱਟ ਆਧਾਰਤ ਸਮਾਜ ਨੂੰ ਬੁਨਆਦੀ ਰੂਪ ਵਿਚ ਬਦਲ ਕੇ ਸਮਾਜਵਾਦੀ ਵਿਵਸਥਾ ਕਾਇਮ ਕਰਨ ਦੇ ਸਮਰਥ ਹੋਵੇ, ਜਿਸ ਵਿਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਹੋਵੇ ਤਾਂਕਿ ਗਰੀਬੀ ਤੇ ਅਮੀਰੀ ਦਾ ਪਾੜਾ ਹਮੇਸ਼ਾਂ ਹਮੇਸ਼ਾਂ ਲਈ ਮਿਟਾਇਆ ਜਾ ਸਕੇ।

*ਲੇਖਕ ਸੀ ਪੀ ਐਮ, ਪੰਜਾਬ ਦੇ ਜਨਰਲ ਸਕੱਤਰ ਹਨ*


A City Limos Ltd.

Ph: 780-462-4940

Toll Free: 1-888-462-4623





Wedding
School Proms
Birthday
City Tours
Airport Service

Edmonton-Calgary
Vancouver

Contact
780-951-7260



e-mail: dhaliwalsd@hotmail.com, www.acitylimousine.com

ਕਹਾਣੀਆਂ

# ਹਲ–ਵਾਹ

– ਸੰਤ ਸਿੰਘ ਸੇਖੋਂ

**ਸਾਹਬੋ** ਅਠਾਰਾਂ ਵਰ੍ਹਿਆਂ ਦੀ ਲਗਰ ਵਰਗੀ ਮੁਟਿਆਰ ਹੋ ਗਈ ਸੀ। ਨਿੱਤ ਦਿਹਾੜੇ ਉਸਦੇ ਜਾਂਗਲੀ ਮਾਂ ਬਾਪ, ਚਾਚੇ ਤਾਏ, ਉਸ ਦੇ ਸਾਕ ਦਾ ਫੈਸਲਾ ਕਰਨ ਦੀਆਂ ਸੋਚਾਂ ਕਰਦੇ ਸਨ, ਤੇ ਕਈ ਵਾਰੀ ਇਕੱਠੇ ਬੈਠ ਕੇ ਸਲਾਹਾਂ ਵੀ ਕਰ ਚੁੱਕੇ ਸਨ। ਪਰ ਸਾਹਬੋ ਨੂੰ ਅਪਣੇ ਚਾਚੇ ਤਾਏ ਦੇ ਪੁੱਤਰਾਂ ਵਿੱਚੋਂ ਕੋਈ ਵੀ ਪਸੰਦ ਨਹੀਂ ਸੀ। ਉਸਦੇ ਤਾਏ ਦਾ ਵੱਡਾ ਪੁੱਤਰ, ਅਮੀਰ, ਦੋ ਵਾਰੀ ਚੋਰੀ ਵਿੱਚ ਕੈਦ ਹੋ ਚੁੱਕਾ ਸੀ, ਤੇ ਭਾਵੇਂ ਉਹ ਬੜਾ ਲੰਮਾ ਤੇ ਸੋਹਣਾ ਸੀ, ਸਾਹਬੋ ਉਸਨੂੰ ਕਾਇਰ ਸਮਝਦੀ ਸੀ। ਉਹ ਦੋਵੇਂ ਵਾਰੀ ਸੰਨ੍ਹ ਤੋਂ ਪਕੜਿਆ ਗਿਆ ਸੀ ਤੇ ਇਹਨਾਂ ਨਵੇਂ ਆਬਾਦਕਾਰ ਜੱਟਾਂ ਦੇ ਮੁੰਡਿਆਂ ਨੇ ਉਸ ਨੂੰ ਦੋ ਵਾਰ ਮਾਰਿਆ ਕੁੱਟਿਆ ਵੀ ਸੀ। ਜੇ ਉਹ ਕਾਇਰ ਜਾਂ ਘੱਟੋ-ਘੱਟ ਫੋਸਲ ਨਾ ਹੁੰਦਾ ਤਾਂ ਉਹ ਪਿੱਛਾ ਕਰਨ ਵਾਲਿਆਂ ਨੂੰ ਮਾਰਦਾ-ਕੁੱਟਦਾ ਜਾਂ ਛੜਾ ਡਰਾ ਕੇ ਸੰਨ੍ਹ ਤੋਂ ਨੱਸ ਜਾਂਦਾ? ਇਹਨਾਂ ਆਬਾਦਕਾਰ ਸਿੱਖਾਂ ਦੇ ਮੁੰਡੇ ਉਸ ਨੂੰ ਫੋਸਲ ਸੱਦਦੇ ਸਨ। ਉਸ ਕਹਿੰਦੇ ਸਨ ਇਸਦਾ ਧੜ ਤਾਂ ਬਥੇਰਾ ਹੈ ਪਰ ਦਿਲ ਨਹੀਂ। ਤੇ ਸਾਹਬੋ ਦਿਲ ਦੀ ਗਾਹਕ ਸੀ, ਧੜ ਦੀ ਨਹੀਂ, ਧੜ ਵੱਲੋਂ ਉਸ ਦੇ ਅਪਣੇ ਪਾਸ ਕੋਈ ਘਾਟਾ ਸੀ? ਪੰਜ ਫੁੱਟ ਛੇ ਇੰਚ ਲੰਬੀ ਸੀ। ਮੱਖਣਾਂ ਦਾ ਪਲਿਆ ਉਸ ਦਾ ਸਰੀਰ ਮੱਖਣ ਜਿਹਾ ਚਿੱਟਾ ਤੇ ਮੱਖਣ ਤੋਂ ਵੀ ਵਧੇਰੇ ਕੂਲਾ ਸੀ?

ਤੇ ਨਾਲੇ ਸਾਹਬੋ ਦੇ ਮਨ ਉੱਤੇ ਇਹਨਾਂ ਜੱਟਾਂ ਸਿੱਖਾਂ ਦਾ ਛੱਪਾ ਪਿਆ ਹੋਇਆ ਸੀ। ਇਹ ਮੁਰੱਬਿਆਂ ਵਾਲੇ ਸਨ। ਅੰਗਰੇਜ਼ ਨੇ ਨਹਿਰਾਂ ਕੱਢਕੇ ਇਸ ਸਾਂਦਲ ਬਾਰ ਵਿੱਚ ਇਹਨਾਂ ਨੂੰ ਲਿਆ ਵਸਾਇਆ ਸੀ, ਭਾਵੇਂ ਸਾਹਬੋ ਦੇ ਪਿਉ ਦਾਦੇ ਇਸ ਬਾਰ ਵਿੱਚ ਪੁਸ਼ਤਾਂ ਤੋਂ, ਜੁਗਾਂ ਜੁਗਾਦਾਂ ਤੋਂ ਵੱਸਦੇ ਸਨ। ਜੇ ਉਸਦੇ ਪਿਉ ਦਾਦੇ ਬਹਾਦਰ ਹੁੰਦੇ ਤਾਂ ਅਪਣੀ ਭੋਏਂ ਉੱਤੇ ਹੋਰ ਕਿਸੇ ਨੂੰ ਵਸਣ ਦੇਂਦੇ? ਪਰ ਸ਼ਾਇਦ ਸਾਹਬੋ ਇਸ ਭਾਂਤ ਸੋਚਦੀ ਤਾਂ ਨਹੀਂ ਸੀ, ਉਸਨੇ ਕੇਵਲ ਅਪਣੇ ਪਿਉ, ਚਾਚੇ ਤਾਇਆਂ ਨੂੰ ਸ਼ਿਕਾਇਤਾਂ ਕਰਦੇ ਸੁਣਿਆ ਸੀ। ਤੇ ਨਾਲੇ ਇਸ ਪਿੰਡ ਵਿੱਚ ਸਾਹਬੋ ਦੇ ਪਿਉ ਦਾ ਨਾ ਘਰ ਸੀ ਨਾ ਜ਼ਮੀਨ। ਉਸ ਪਾਸ ਡੰਗਰ, ਮੱਝੀ ਗਾਈਂ, ਤੇ ਭੇਡਾਂ ਬੱਕਰੀਆਂ ਬਹੁਤ ਸਨ, ਤੇ ਭਾਵੇਂ ਕਿਸੇ ਦਾ ਵਾਹਕ ਬਣ ਕੇ ਜ਼ਮੀਨ ਨਹੀਂ ਸੀ ਵਾਹੁੰਦਾ, ਇਉਂ ਗਾਈਂ ਮੱਝੀ ਦੇ ਘਿਉ ਤੋਂ, ਕੱਟੀਆਂ ਵੱਛੀਆਂ ਤੇ ਬੱਕਰੇ ਲੇਲੇ ਵੇਚ ਕੇ ਸੁਹਣਾ ਗੁਜ਼ਾਰਾ ਕਰ ਰਿਹਾ ਸੀ, ਪਰ ਰਹਿਣ ਨੂੰ ਤਾਂ ਘਰ ਉਸਨੂੰ ਆਬਾਦਕਾਰ ਸਿੱਖ, ਗੁਰਨਾਮ ਸਿੰਘ ਨੇ ਹੀ ਦਿੱਤਾ ਹੋਇਆ ਸੀ। ਉਸ ਸਿੱਖ ਨੇ ਸਾਹਬੋ ਦੇ ਪਿਉ, ਬਹਾਵ ਨੂੰ ਅਪਣੇ ਹਾਤੇ ਵਿੱਚੋਂ ਅੱਧਾ ਵੰਡ ਕੇ ਦੇ ਦਿੱਤਾ ਹੋਇਆ ਸੀ, ਕਿਉਂ ਜੋ ਇਸ ਨਾਲ ਬਹਾਵ ਦੇ ਡੰਗਰਾਂ ਤੇ ਇੱਜੜ ਦੇ ਗੋਹੇ ਦਾ ਮਾਲਕ ਉਹ ਸਹਿਜੇ ਹੀ ਬਣ ਜਾਂਦਾ ਸੀ। ਤੇ ਭਾਵੇਂ ਸਾਹਬੋ ਦਾ ਪਿਉ ਤੇ ਭਰਾ, ਗਾਮਾ ਤੇ ਸਜਾਦਾ ਤੇ ਅੱਲੂ ਤੇ ਸੂਜੀ, ਗੁਰਨਾਮ ਸਿੰਘ ਤੋਂ ਕੋਈ ਝੇਪ ਨਹੀਂ ਖਾਂਦੇ ਸਨ, ਤੇ ਗੁਰਨਾਮ ਸਿੰਘ ਦੇ ਘਰਵਾਲੀ, ਹਰ ਕੌਰ ਮਿਣ-ਮਿਣ ਕਰਦੀ ਹੌਲੀ-ਹੌਲੀ ਬੋਲਦੀ, ਸਾਹਬੋ ਦੀ ਮਾਂ, ਆਇਸ਼ਾ, ਦੀ ਜਾਣੋ ਖ਼ੁਸ਼ਾਮਦ ਕਰਦੀ ਰਹਿੰਦੀ ਸੀ-ਹਰ ਕੌਰ ਨਾ ਤਾਂ ਕੀ ਇਹਨਾਂ ਜੱਟਾਂ ਨੂੰ ਵੀ ਸਾਹਬੋ ਦੀ ਮਾਂ ਦਾ ਨਾਉਂ ਠੀਕ ਲੈਣਾ ਨਹੀਂ ਸੀ ਆਉਂਦਾ। ਉਹ ਸਾਰੇ ਆਇਸ਼ਾ ਨੂੰ ਐਸ਼ਾ ਹੀ ਸੱਦਦੇ ਸਨ-ਤਾਂ ਵੀ ਸਾਹਬੋ ਇਹਨਾਂ ਜੱਟਾਂ ਨੂੰ ਕੋਈ ਵਧੀਆ ਕਿਸਮ ਦੇ ਬੰਦੇ ਸਮਝਣ ਲਈ ਮਜ਼ਬੂਰ ਸੀ।

ਇਹਨਾਂ ਜੱਟਾਂ ਸਿੱਖਾਂ ਦੀਆਂ ਕੁੜੀਆਂ-ਵਹੁਟੀਆਂ ਵਿੱਚੋਂ ਕੋਈ ਵੀ ਤਾਂ ਸਾਹਬੋ ਜਿਹੀ ਸੁਹਣੀ ਨਹੀਂ ਸੀ। ਇਹ ਸਾਹਬੋ ਦੀ ਅਪਣੀ ਹਉਮੈ ਦੀ ਗੱਲ ਨਹੀਂ ਸੀ, ਸਾਰੇ ਪਿੰਡ ਦੀਆਂ ਸੁਆਣੀਆਂ ਸਾਹਬੋ ਦੇ ਤੇ ਸਾਹਬੋ ਦੀ ਮਾਂ ਦੇ ਸਾਹਮਣੇ ਇਹ ਕਹਿ ਦਿੰਦੀਆਂ ਸਨ। ਗੁਆਂਢ ਦੇ ਚੰਹੁ ਘਰਾਂ ਦੀਆਂ ਕੁੜੀਆਂ ਆਪ ਸਾਹਬੋ ਦੀ ਸੁੰਦਰਤਾ ਦੀ ਸਲਾਹੁਣਾ ਕਰਦੀਆਂ ਰਹਿੰਦੀਆਂ ਸਨ। ਉਸ ਜਿੰਨੀ ਲੰਮੀ, ਪਤਲੀ ਇਸ ਪਿੰਡ ਵਿੱਚ ਕੋਈ ਵੀ ਤੀਵੀਂ ਨਹੀਂ ਸੀ ਤੇ ਜਿਤਨੀ ਸੁਹਣੀ ਸਾਹਬੋ ਕੱਪੜਿਆਂ ਦੇ ਅੰਦਰ ਸੀ, ਉਸ ਦਾ ਅੰਦਾਜ਼ਾ ਸਾਹਬੋ ਤੋਂ ਬਿਨਾਂ ਹੋਰ ਕਿਸੇ ਨੂੰ ਭਲਾ ਕੀ ਹੋ ਸਕਦਾ ਸੀ? ਪਰ ਸਾਹਬੋ ਚਾਹੁੰਦੀ ਸੀ ਉਹ ਇਹਨਾਂ ਜੱਟਾਂ ਸਿੱਖਾਂ ਦਾ ਅੰਗ ਬਣ ਜਾਵੇ, ਇਹਨਾਂ ਦੇ ਭਾਈਚਾਰੇ ਦੀ ਰੂਪ-ਰਾਣੀ ਬਣ ਜਾਵੇ।

ਸਾਹਬੋ ਦੇ ਘਰ ਕੋਈ ਪੰਜ ਛੇ ਕੋਹ ਤੋਂ ਕਿਸੇ ਚੱਕ ਵਿੱਚੋਂ ਇੱਕ ਜਾਂਗਲੀ ਪਰਾਹੁਣਾ ਆਉਂਦਾ ਹੁੰਦਾ ਸੀ, ਪੰਜੀ ਕੁ ਸਾਲ ਦਾ ਲੰਮਾ ਝੰਮਾ ਜੁਆਨ। ਉਸਦਾ ਪੂਰਾ ਨਾਮ ਸ਼ਹਾਬਦੀਨ ਸੀ। ਉਸ ਦੀ ਸਾਂਢਣੀ ਸਾਹਬੋ ਨੂੰ ਅਪਣੇ ਜਿੱਡੀ ਸੁਹਣੀ ਲੱਗਦੀ ਸੀ। ਸਾਰੇ ਆਖਦੇ ਸਨ ਕਿ ਉਹ ਚੱਕ ਵਿੱਚ ਅਪਣੇ ਇੱਕ ਮੁਰੱਬੇ ਦਾ ਮਾਲਕ ਸੀ, ਇਸੇ ਤਰ੍ਹਾਂ ਗੁਰਨਾਮ ਸਿੰਘ, ਵਧਾਵਾ ਸਿੰਘ, ਈਸ਼ਰ ਸਿੰਘ ਤੇ ਕਿਸ਼ਨ ਸਿੰਘ ਵਾਕਰ, ਪਰ ਸਾਹਬੋ ਨੂੰ ਯਕੀਨ ਨਹੀਂ ਸੀ ਆਉਂਦਾ। ਲੋ ਸ਼ਹਾਬਦੀਨ ਜਾਂਗਲੀ ਨੂੰ ਅੰਗਰੇਜ਼ ਨੇ ਮੁਰੱਬਾ ਦੇਣਾ ਹੁੰਦਾ ਤਾਂ ਸਾਹਬੋ ਦੇ ਪਿਉ, ਚਾਚਿਆਂ-ਤਾਇਆਂ ਵਿੱਚ ਕੀ ਨੁਕਸ ਸੀ? ਤੇ ਸ਼ਹਾਬਦੀਨ ਵੀ ਤਾਂ ਉਸ ਨੂੰ ਪਰਾਹੁਣਾ ਜਾਣ ਕੇ ਹੀ ਸਾਰੇ ਕਹਿੰਦੇ ਸਨ। ਖ਼ਬਰੇ ਉਸਦੇ ਪਿੰਡ ਦੇ ਲੋਕ, ਇਹੋ ਜਿਹੇ ਜੱਟ ਸਿੱਖ, ਉਸ ਨੂੰ ਸਾਭਾ ਹੀ ਆਖਦੇ ਹੋਣ। ਇਸ ਪਿੰਡ ਦੇ ਲੋਕ ਵੀ ਤਾਂ ਉਸਨੂੰ ਸਾਹਬੋ ਨਹੀਂ, ਸਾਭੋ ਆਖਦੇ ਸਨ। ਖੈਰ, ਜੇ ਉਹ ਸ਼ਹਾਬਦੀਨ ਮੁਰੱਬੇ ਵਾਲਾ ਸੀ, ਤਾਂ ਭੀ ਸਾਹਬੋ ਦੇ ਪਿਉ ਤੇ ਉਸ ਦੇ ਭਰਾਵਾਂ ਨੇ ਕਦੀ ਉਸ ਨੂੰ ਸਾਹਬੋ ਦੇ ਯੋਗ ਵਰ ਨਹੀਂ ਸੀ ਸਮਝਿਆ। ਸ਼ਹਾਬਦੀਨ ਸਾਹਬੋ ਵੱਲ ਸਦਾ ਚੋਰ ਨਜ਼ਰ ਨਾਲ ਦੇਖਦਾ ਸੀ। ਸਾਹਬੋ ਜਦ ਵੀ ਉਸ ਦੇ ਸਾਹਮਣੇ ਹੁੰਦੀ, ਉਸ ਨੂੰ ਇਉਂ ਲੱਗਦਾ ਜਿਵੇਂ ਇਹ ਆਦਮੀ ਉਸਨੂੰ ਉਸਦੇ ਕੱਪੜਿਆਂ ਵਿੱਚੋਂ ਅੱਖਾਂ-ਅੱਖਾਂ ਵਿੱਚ ਹੀ ਦੇਖ ਰਿਹਾ ਹੁੰਦਾ ਸੀ, ਮਿਣ ਰਿਹਾ ਹੁੰਦਾ ਸੀ। ਤੇ ਇਸ ਲਈ ਸਾਹਬੋ ਉਸ ਤੋਂ ਝਿਜਕਦੀ ਸੀ, ਉਸ ਨੂੰ ਚੰਗਾ ਨਹੀਂ ਸੀ ਜਾਣਦੀ। ਸਾਹਬੋ ਤਾੜ ਰਹੀ ਸੀ ਕਿ ਉਹ ਆਦਮੀ, ਸ਼ਹਾਬਦੀਨ, ਉਹਨਾਂ ਪਾਸ ਉਸ ਖ਼ਾਤਰ ਹੀ ਆਉਂਦਾ ਸੀ। ਕਿਤੇ ਲਾਇਲਪੁਰ ਆਉਂਦੇ ਉਹ ਸਾਹਬੋ ਦੇ ਭਰਾ ਅੱਲੂ ਨੂੰ ਮਿਲ ਗਿਆ ਸੀ ਤੇ ਅੱਲੂ ਉਸਨੂੰ ਘਰ ਲੈ ਆਇਆ ਸੀ। ਸਾਹਬੋ ਨੂੰ ਯਾਦ ਆ ਗਿਆ ਸੀ ਕਿ ਉਸ ਦਿਨ ਉਸ ਵੇਲੇ ਜਦੋਂ ਉਹ ਆਏ ਸਨ, ਸਾਹਬੋ ਦਰਵਾਜ਼ੇ ਉੱਤੇ ਖਲੋਤੀ ਸੀ। ਸ਼ਾਇਦ ਉਸ ਘੜੀ ਤੋਂ ਹੀ ਸ਼ਹਾਬਦੀਨ ਫੱਟਿਆ ਗਿਆ ਸੀ। ਪਰ ਸਾਹਬੋ ਨੂੰ ਉਹ ਛੇਵੇਂ ਸੱਤਵੇਂ ਦਿਨ ਨੂਹ ਦੇ ਕੇ ਆ ਵੱਜਦਾ ਚੰਗਾ ਨਹੀਂ ਸੀ ਲੱਗਦਾ। ਤੇ ਫੇਰ ਉਹ ਸਾਹਬੋ ਦੇ ਪਿਉ ਨੂੰ ਕਹਿ ਕਿਉਂ ਨਹੀਂ ਸੀ ਦੇਂਦਾ ਕਿ ਉਹ ਸਾਹਬੋ ਦਾ ਨਿਕਾਹ ਉਸ ਨਾਲ ਪੜ੍ਹਾ ਦੇਣ? ਖ਼ਬਰੇ ਕਿਹਾ ਵੀ ਹੋਵੇ ਸੂ, ਸਾਹਬੋ ਸੋਚਦੀ, ਮੇਰੇ ਪਿਉ ਨੂੰ, ਤੇ ਉਸ ਜਵਾਬ ਦੇ ਦਿੱਤਾ ਹੋਵੇ ਸੂ। ਪਰ ਅਪਣੀ ਮਾਂ ਪਾਸੋਂ ਸਾਹਬੋ ਨੂੰ ਅਜਿਹੀ ਕੋਈ ਕਨਸੋ ਕਦੀ ਨਹੀਂ ਸੀ ਪਈ। ਖ਼ਬਰੇ ਉਹ ਸਾਹਬੋ ਨੂੰ ਇਸ ਸ਼ਹਾਬਦੀਨ ਨੂੰ ਨਾ ਦੇਣ ਉੱਤੇ ਇੰਨੇ ਪੱਕੇ ਸਨ, ਕਿ ਉਹ ਸਾਹਬੋ ਕੋਲ ਇਸ ਗੱਲ ਦਾ ਜ਼ਿਕਰ ਕਰਕੇ ਸਾਹਬੋ ਦੇ ਦਿਲ ਵਿੱਚ ਉਸ ਲਈ ਕੋਈ ਤਾਂਘ ਪੈਦਾ ਕਰਨਾ ਠੀਕ ਨਹੀਂ ਸਮਝਦੇ ਸਨ। ਤੇ ਲੋੜ ਵੀ ਕੀ ਏ? ਸਾਹਬੋ ਖ਼ਿਆਲ ਕਰਦੀ। ਜੇ ਇਹ ਮੈਨੂੰ ਚੰਗਾ ਲੱਗਦਾ ਹੋਵੇ ਤਾਂ ਮੈਂ ਆਪੇ ਨਾ ਇਹਦੇ ਨਾਲ ਨੱਠ ਜਾਵਾਂ? ਇਹਦੇ ਕੋਲ ਏਨੀ ਨੱਠਣ ਵਾਲੀ ਸਾਂਢਣੀ ਏ। ਇਹ ਸਾਨੂੰ ਦੋਹਾਂ ਨੂੰ ਲੈ ਕੇ ਰੇਲ ਨਾਲੋਂ ਵੀ ਤੇਜ਼ ਨਾ ਜਵੇ? ਇੱਕ ਦਿਨ ਸ਼ਹਾਬਦੀਨ ਨੇ ਉਸ ਨੂੰ ਕਹਿ ਵੀ ਦਿੱਤਾ, ਸਾਹਬੋ, ਕਦੀ ਸਾਂਢਣੀ 'ਤੇ ਵੀ ਚੜ੍ਹ ਡਿਠਾ ਈਊ? ਸਾਹਬੋ ਨੇ ਕੋਈ ਜਵਾਬ ਨਹੀਂ ਸੀ ਦਿੱਤਾ, ਹਾਂ ਉਹ ਮੁਸਕਰਾ ਜ਼ਰੂਰ ਪਈ ਸੀ। ਭਾਵੇਂ ਮੂੰਹ ਉਸ ਨੇ ਪੱਲੇ ਨਾਲ ਢੱਕ ਲਿਆ ਸੀ, ਪਰ ਮੁਸਕਰਾਹਟ ਤਾਂ ਉਸ ਦੀਆਂ ਅੱਖਾਂ ਵਿੱਚੋਂ ਸ਼ਹਾਬਦੀਨ ਵੇਖ ਸਕਦਾ ਸੀ। ਖੈਰ, ਕੁਝ ਵੀ ਹੋਵੇ, ਸਾਹਬੋ ਉਸ ਨਾਲ ਨੱਸ ਜਾਣ ਨੂੰ ਤਿਆਰ ਨਹੀਂ ਸੀ।

ਜੇ ਗੁਰਨਾਮ ਸਿੰਘ ਦਾ ਕੋਈ ਪੁੱਤਰ ਜਵਾਨ ਹੁੰਦਾ ਤਾਂ, ਭਾਵੇਂ ਇਹ ਜੱਟੀਆਂ ਜਾਂਗਲਿਆਣੀਆਂ ਨੂੰ ਚੌਂਕੇ ਉੱਤੇ ਨਹੀਂ ਸਨ ਚੜ੍ਹਨ ਦੇਂਦੀਆਂ ਤੇ ਇਹਨਾਂ ਦੀਆਂ ਖਾਣ ਵਾਲੀਆਂ ਚੀਜ਼ਾਂ ਨੂੰ ਜਾਂਗਲਿਆਣੀਆਂ ਤੇ ਭਿੱਟ ਚੜ੍ਹ ਜਾਂਦੀ ਸੀ। ਸਾਹਬੋ ਨੂੰ ਉਹ ਮੁਹੱਬਤ ਨਾ ਵੀ ਕਰਦਾ? ਸਾਹਬੋ ਗੁਰਨਾਮ ਸਿੰਘ ਦੀ ਨੂੰਹ ਬਣ ਕੇ ਨਾ ਰਹਿੰਦੀ? ਪਰ ਕਿੱਥੇ ਇਹਨਾਂ ਜੱਟਾਂ ਵਿੱਚ ਇਹ ਹੌਸਲਾ? ਸਾਹਬੋ ਫਿਰ ਸੋਚਦੀ, ਤੇ ਨਾਲੇ ਗੁਰਨਾਮ ਸਿੰਘ ਦਾ ਪੁੱਤਰ ਤਾਂ ਮਸਾਂ ਅੱਠਾਂ ਸਾਲਾਂ ਦਾ ਸੀ। ਗੁਰਨਾਮ ਸਿੰਘ ਦੀ ਬਾਰ੍ਹਾਂ ਸਾਲਾਂ ਦੀ ਧੀ ਨੇ ਕਈ ਵਾਰੀ ਉਸ ਮੁੰਡੇ ਪਾਸੋਂ ਮਖੌਲ ਵਿੱਚ ਅਖਵਾਇਆ ਸੀ, ਮੈਂ ਸਾਹਬੋ ਨਾਲ ਵਿਆਹ ਕਰਨਾ ਏ। ਪਰ ਮਖੌਲ ਮਖੌਲ ਹੀ ਹੁੰਦਾ ਹੈ, ਆਖ਼ਰ। ਸਾਹਬੋ ਕੋਈ ਏਡੀ ਅੰਞਾਣੀ ਨਹੀਂ ਸੀ ਕਿ ਏਨਾ ਵੀ ਨਾ ਸਮਝ ਸਕਦੀ।

ਪਰ ਇਹਨਾਂ ਦਿਨਾਂ ਵਿੱਚ ਹੀ ਸਾਹਬੋ ਦੀ ਮੁਰਾਦ ਬਰ ਆਉਣ ਦੇ ਇੱਕ ਹੋਰ ਪਾਸੇ ਤੋਂ ਲੱਛਣ ਬਣਦੇ ਜਾਪੇ। ਗੁਰਨਾਮ ਸਿੰਘ ਦਾ ਭਾਣਜਾ, ਪੁਰਾਣੇ ਦੇਸ ਲੁਧਿਆਣੇ ਵਿੱਚੋਂ, ਮਾਮੇ ਪਾਸ ਮਿਲਣ ਆ ਗਿਆ। ਉਸ ਦੀ ਉਮਰ ਕੋਈ ਅਠਾਰਾਂ ਕੁ ਵਰ੍ਹਿਆਂ ਦੀ ਹੀ ਹੋਵੇਗੀ ਮਸਾਂ। ਮੋਤੀਆ ਪੀਲੀ ਮਲਮਲ ਦੀ ਉਸ ਨੇ ਪੱਗ ਬੰਨ੍ਹੀ ਹੋਈ ਸੀ ਤੇ ਚਿੱਟਾ ਲੱਠੇ ਦਾ ਚਾਦਰਾ ਲੱਕ ਸੀ। ਸਾਹਬੋ ਨੂੰ ਉਹ ਸੋਹਣਾ ਲੱਗਾ। ਉਸ ਦਾ ਨਾਉਂ ਹੀ ਸੋਹਣਾ ਸੀ, ਨਿਰੰਜਣ।

ਗੁਰਨਾਮ ਸਿੰਘ ਨੇ ਭਾਣਜੇ ਨੂੰ ਮੁੜ ਜਾਣ ਤੋਂ ਕਈ ਮਹੀਨੇ ਰੋਕੀ ਰੱਖਿਆ। ਸਾਉਣ ਭਾਦੋਂ ਦੀ ਰੁੱਤ, ਵਾਹੀ ਦੇ ਦਿਨ ਸਨ, ਕਣਕ ਲਈ ਖੇਤ ਤਿਆਰ ਕਰਨ ਦੇ ਤੇ ਨਿਰੰਜਣ ਜਿਹਾ ਕਾਮਾਂ ਮੁਫ਼ਤ ਰੋਟੀਆਂ ਉੱਤੇ ਧਰਿਆ ਪਿਆ ਸੀ ਕਿਤੇ ਇਸ ਬਾਰ ਵਿੱਚ? ਪਹਿਲੇ ਕੁਝ ਦਿਨ ਨਿਰੰਜਣ ਨੇ ਆਰਾਮ ਨਾਲ ਵਿਹਲੀਆਂ ਖਾਧੀਆਂ, ਪਰ ਫਿਰ ਚਾਉ ਚਾਉ ਵਿੱਚ ਹੀ ਗੁਰਨਾਮ ਸਿੰਘ ਨਾਲ ਹਲੀ ਜਾਣ ਲੱਗ ਪਿਆ। ਗੁਰਨਾਮ ਸਿੰਘ ਨੇ ਜਿਹੜਾ ਸਾਂਝੀ ਕਾਮਾ ਰੱਖਣਾ ਸੀ, ਮਹੀਨੇ ਲਈ ਹੋਰ ਨਾ ਰੱਖਣ ਦਾ ਫੈਸਲਾ ਕਰ ਲਿਆ। ਗੁਰਨਾਮ ਸਿੰਘ ਲੋਭੀ ਤਾਂ ਪੁੱਜ ਕੇ ਸੀ ਨਾ।

ਨਿਰੰਜਣ ਨੂੰ ਵੀ ਸਾਹਬੋ ਸੁਹਣੀ ਲੱਗੀ। ਘਰੋਂ ਨਿਕਲਦੇ ਵੜਦੇ ਉਹ ਸਦਾ ਉਸਨੂੰ ਸਾਹਮਣੇ ਦਿਸਦੀ, ਤੇ ਬਹੁਤ ਵਾਰੀ ਉਸ ਵੱਲ ਦੇਖਣ ਤੋਂ ਨਾ ਝਿਜਕਦੀ। ਨਿਰੰਜਣ ਨੂੰ ਉਸ ਨਾਲ ਅੱਖਾਂ ਮਿਲਾਣ ਦਾ ਜਾਣੋਂ ਭੁਸ ਹੀ ਪੈ ਗਿਆ। ਸੋ ਗੁਰਨਾਮ ਸਿੰਘ ਨੂੰ ਬਹੁਤਾ ਨਾ ਕਹਿਣਾ ਪਿਆ, ਨਿਰੰਜਣ ਝੱਟ ਹੀ ਕੁਝ ਚਿਰ ਹੋਰ ਰਹਿਣਾ ਮੰਨ ਗਿਆ।

ਪਰ ਤੜਕੇ ਉੱਠ ਕੇ ਹਲਾਂ ਦਾ ਚਾਉ ਨਿਰੰਜਣ ਦਾ ਛੇਤੀ ਹੀ ਲਹਿ ਗਿਆ ਤੇ ਨਾਲੇ ਏਥੇ ਬਾਰ ਵਿੱਚ ਕੁਝ ਅਜਿਹੀ ਮਾਰ ਵੱਗੀ ਹੋਈ ਸੀ ਹਾਲੀਆਂ ਨੂੰ, ਕਿ ਅੱਧੀ ਰਾਤ ਤੋਂ ਜ਼ਰਾ ਪਿੱਛੋਂ ਹੱਲ ਜੋੜ ਕੇ ਤੁਰ ਪੈਂਦੇ ਤੇ ਸਵੇਰੇ ਸੱਤ-ਅੱਠ ਵਜੇ ਕਿੱਲਾ ਪੌਣਾ ਕਿੱਲਾ ਵਾਹ ਕੇ ਵਾਪਸ ਘਰਾਂ ਨੂੰ ਆ ਜਾਂਦੇ। ਗਰਮੀਆਂ ਦੀਆਂ ਰਾਤਾਂ, ਤੇ ਉਹ ਵੀ ਅੱਧਾ ਮਹੀਨਾ ਚਾਨਣੀਆਂ, ਕਬੱਡੀ ਆਦਿ ਖੇਡਣ ਨੂੰ ਹੀ ਤਾਂ ਬਣੀਆਂ ਸਨ। ਪਿੰਡ ਦੇ ਮੁੰਡੇ ਅੱਧੀ-ਅੱਧੀ ਰਾਤ ਤਾਈਂ ਬਾਹਰ ਨਿਆਈ ਵਿੱਚ, ਖੇਤਾਂ ਵਿੱਚ ਕਬੱਡੀ ਖੇਡਦੇ ਰਹਿੰਦੇ ਤੇ ਨਿਰੰਜਣ ਵੀ ਕਈ ਵਾਰੀ ਉਹਨਾਂ ਵਿੱਚ ਖੇਡਦਾ ਅੱਧੀ ਰਾਤੀਂ ਮੁੜ ਕੇ ਆ ਕੇ ਸੌਂਦਾ। ਕਈ ਵਾਰੀ ਤਾਂ ਨਿਰੰਜਣ ਨੂੰ ਮਸਾਂ ਦੋ ਘੰਟੇ ਹੀ ਸੌਣਾ ਮਿਲਦਾ ਤੇ ਗੁਰਨਾਮ ਸਿੰਘ ਉਸ ਨੂੰ ਹਲ ਲਈ ਜਗਾ ਲੈਂਦਾ। ਬਥੇਰਾ ਨਿਰੰਜਣ ਸੁਣੀ ਅਣਸੁਣੀ ਕਰਦਾ, ਗੁਰਨਾਮ ਸਿੰਘ ਦੀਆਂ ਦਸਾਂ ਵੀਹਾਂ ਆਵਾਜ਼ਾਂ ਬਾਅਦ ਉਸ ਨੂੰ ਜਾਗਣਾ ਹੀ ਪੈਂਦਾ। ਵਿਚਾਰਾ ਨਿਰੰਜਣ ਰੁਲ ਗਿਆ। ਉਸਦੀ ਪੀਲੀ ਮੋਤੀਆ ਪੱਗ ਮੁੜ ਕਦੀ ਨਾ ਰੰਗੀ ਗਈ। ਮੁੜ ਕਦੀ ਉਸ ਪੱਗ ਨੂੰ ਕਿਸੇ ਮਾਇਆ ਨਾ ਲਾਈ ਤੇ ਮੁੜ ਕਦੀ ਨਿਰੰਜਣ ਦਾ ਪੂੰਛਾ ਫਬ ਕੇ ਨਾ ਖਲੋਤਾ। ਦਸੀਂ ਪੰਦ੍ਹਰੀਂ ਦਿਨੀਂ ਗੁਰਨਾਮ ਸਿੰਘ ਦੀ ਧੀ ਉਸ ਪੱਗ ਨੂੰ ਧੋ ਦੇਂਦੀ, ਪਰ ਨਿਰੀ ਧੋਤੀ ਪੱਗ ਨਾਲ ਕਿਸੇ ਦੀ ਕੀ ਫੱਬ ਬਣਨੀ ਸੀ? ਨਿਰੰਜਣ ਨਵੀਂ ਧੋਤੀ ਪੱਗ ਦਾ ਪੂੰਛਾ ਛੱਡਦਾ, ਪਰ ਦੋ ਚਾਰ ਘੰਟੇ ਲਈ ਮਾੜਾ ਜਿਹਾ ਖੜਾ ਰਹਿ ਕੇ ਇਹ ਪੂੰਛਾ ਡਿੰਗ ਪੈਂਦਾ। ਦੁਖੱਲੀ ਨੋਕਦਾਰ ਜੁੱਤੀ ਉਸ ਦੀ ਮੈਲੀ ਹੋ ਗਈ, ਪਰ ਤਿੱਖੀ ਹੋਣ ਤੋਂ ਉਸ ਨੂੰ ਨਿਰੰਜਣ ਨੇ ਬੜੀ ਖ਼ਬਰਦਾਰੀ ਨਾਲ ਬਚਾਈ ਰੱਖਿਆ। ਨਾ ਹੀ ਉਸਦੇ ਚਾਦਰੇ ਵਿੱਚ ਉਹ ਖੜ-ਖੜ ਰਹੀ। ਸਾਰੇ ਲੋਕੀਂ ਉਹਨੂੰ ਹੱਸਦੇ ਤੇ ਲਾਗਬਾਜ਼ੀ ਨਾਲ ਮਖੌਲ ਕਰਦੇ, ''ਓਏ ਸਹੁਰਿਆ, ਕਿਹੜੀ ਗੱਲੋਂ ਨਰਕ ਭੋਗਦਾ ਏਂ, ਮਾਮੇ ਨੇ ਕੋਈ ਜਾਗੀਰ ਲਵਾ ਦੇਣੀ ਐ ਤੇਰੀ?''

ਪਰ ਨਿਰੰਜਣ ਅਪਣੇ ਹਾਲ ਨੂੰ ਉਹਨਾਂ ਨਾਲੋਂ ਵਧੇਰੇ ਸਮਝਦਾ ਸੀ। ਉਸ ਨੂੰ ਪਤਾ ਸੀ ਪਿੱਛੇ ਮਾਜਰੀ ਪਿੰਡ ਵਿੱਚ ਕਿਹੜੀ ਚੌਧਰ ਉਸ ਨੂੰ ਉਡੀਕ ਰਹੀ ਸੀ। ਜਿੱਥੇ ਬਾਰ ਵਿੱਚ ਮਾਮੇ ਕੋਲ ਉਸਨੂੰ ਇੱਕ ਵੇਲੇ ਹਲ ਵਾਹੁਣਾ ਪੈਂਦਾ ਸੀ ਤੇ ਖਾਣ ਨੂੰ ਮੱਖਣ, ਪੀਣ ਨੂੰ ਦੁੱਧ ਥੋੜ੍ਹਾ ਬਹੁਤਾ ਮਿਲ ਜਾਂਦਾ ਸੀ, ਉੱਥੇ ਮਾਜਰੀ ਉਸ ਨੂੰ ਦੋ ਵੇਲੇ ਹਲ ਵਾਹੁਣਾ ਪੈਂਦਾ ਸੀ ਤੇ ਰੋਟੀ ਉਹ ਜਿਹੜੀ ਬਾਪੂ ਖਾਂਦਾ ਸੀ। ਅਪਣੀ ਜ਼ਮੀਨ ਉਹਨਾਂ ਦੀ ਵਾਹੁਣ ਜੋਗੀ ਨਹੀਂ ਸੀ ਤੇ ਹੋਰ ਕਿਸੇ ਦੀ ਵਟਾਈ ਉੱਤੇ ਲੈਣ ਦੀ ਉਹਨਾਂ ਦੀ ਤਾਕਤ ਨਹੀਂ ਸੀ। ਇੱਕ ਤਾਂ ਜੋੜੀ ਸੀ ਬਲ੍ਹਦਾਂ ਦੀ ਉਹਨਾਂ ਕੋਲ। ਉਸ ਨਾਲ ਹਲ ਚਾਹੇ ਬਾਪੂ ਵਾਹ ਲਵੇ, ਚਾਹੇ ਨਿਰੰਜਣ। ਬਾਪੂ ਤਾਂ ਬਥੇਰਾ ਚਿੱਠੀਆਂ ਰਾਹੀਂ ਸੱਦ ਚੁੱਕਾ ਸੀ, ਨਿਰੰਜਣ ਨੂੰ ਹਲ ਦੇ ਕੇ ਆਪ ਪਰ੍ਹੇ ਵਿੱਚ ਫੜ੍ਹਾਂ ਮਾਰਨ ਨੂੰ। ਮੈਂ ਘਾਹ ਖੋਤ ਲਿਆਇਆ ਕਰਾਂ, ਜੋ ਤੂੰ ਆ ਕੇ ਹਲ ਸਾਂਭ ਲਵੇਂ, ਉਹ ਚਿੱਠੀਆਂ ਵਿੱਚ ਲਿਖਾਂਦਾ। ਪਰ ਨਿਰੰਜਣ ਜਾਣਦਾ ਸੀ ਕਿ ਘਾਹ ਖੋਤਣ ਦੀ ਇਹਨਾਂ ਸਾਉਣ ਭਾਦੋਂ ਦੇ ਮਹੀਨਿਆਂ ਵਿੱਚ ਉਹਨਾਂ ਦੇ ਬਲਦਾਂ ਤੇ ਇੱਕ ਸੁੱਕੀ ਹੋਈ ਮੱਝ ਵਲਿਆਂ ਨੂੰ ਬਹੁਤੀ ਲੋੜ ਨਹੀਂ ਸੀ। ਅਣਵਾਹੇ ਖੇਤਾਂ ਦੇ ਢਕ ਵਿੱਚ ਡੰਗਰਾਂ ਦੇ ਚਰਨ ਲਈ ਘਾਹ ਉਂਜ ਹੀ ਬਥੇਰਾ ਸੀ ਤੇ ਨਾਲੇ ਨਿਰੰਜਣ ਦੀ ਮਾਂ ਨੇ ਕਹਿ ਭੇਜਿਆ ਸੀ, ਪੁੱਤ ਰਹਿ ਮਾਮੇ ਕੋਲ ਦੋ ਮਹੀਨੇ ਬਾਰ ਵਿੱਚ ਘਿਓ ਦੁੱਧ ਖੁੱਲ੍ਹਾ ਏ, ਤਕੜਾ ਹੋ ਕੇ ਆਈਂ। ਖੁੱਲ੍ਹੇ ਦੁੱਧ ਘਿਓ ਦਾ ਗੁਣ ਤਾਂ ਸ਼ਾਇਦ ਨਿੱਤ ਦਾ ਉਣੀਂਦਾ ਨਿਰੰਜਣ ਨੂੰ ਬਹੁਤਾ ਹੋਣ ਨਹੀ ਸੀ ਦੇਂਦਾ ਪਰ ਮਾਂ ਦੀ ਇਸ ਗੱਲ ਨੇ ਨਿਰੰਜਣ ਦਾ ਦਿਲ ਮਾਮੇ ਪਾਸ ਟਿਕੇ ਰਹਿਣ ਲਈ ਤਕੜਾ ਜ਼ਰੂਰ ਕਰ ਦਿੱਤਾ ਸੀ। ਅਸਲ ਗੱਲ ਤਾਂ ਇਹ ਸੀ ਜਦੋਂ ਤੱਕ ਕਿ ਸਾਹਬੋ ਉਸ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਤੱਕਣ ਨੂੰ ਤਿਆਰ ਸੀ, ਉਸਦੇ ਦਰ-ਘਰ ਲੰਘਦੇ ਕਰਦੇ, ਉਦੋਂ ਤੱਕ ਨਿਰੰਜਣ ਦੀ ਰੂਹ ਮਾਮੇ ਪਾਸੋਂ ਚਲੇ ਜਾਣ ਲਈ ਤਿਆਰ ਨਹੀਂ ਸੀ।

ਨਿਰੰਜਣ ਭੁੱਲ ਗਿਆ ਸੀ ਤੇ ਸਭ ਉਸ ਨੂੰ ਠੱਠਾ ਕਰਦੇ ਸਨ। ਪਰ ਪਤਾ ਨਹੀਂ ਕਿਉਂ ਸਾਹਬੋ ਨੂੰ ਉਹ ਹਾਲੀ ਵੀ ਚੰਗਾ ਲੱਗੀ ਜਾ ਰਿਹਾ ਸੀ, ਉਸ ਨੂੰ ਹਾਲੀ ਵੀ ਉਹ ਪੀਲੀ ਮੋਤੀਆ ਪੱਗ ਤੇ ਖੜ-ਖੜ ਕਰਦੇ ਚਾਦਰੇ ਵਾਲਾ ਨਿਰੰਜਣ ਦਿੱਸਦਾ ਸੀ। ਸਾਹਬੋ ਨੇ ਇੱਕ ਦਿਨ ਨਿਰੰਜਣ ਨੂੰ ਬੁਲਾ ਹੀ ਲਿਆ, ਗੋਹੇ ਦਾ ਟੋਕਰਾ ਚੁਕਾਣ ਦੇ ਬਹਾਨੇ। ਪਿਛਲੀ ਰਾਤ ਮੀਂਹ ਪਿਆ ਸੀ ਤੇ ਨਿਰੰਜਣ ਹੋਰੀਂ ਹਲ ਜੋੜ ਕੇ ਨਹੀਂ ਸਨ ਗਏ ਤੇ ਸਾਹਬੋ ਨੂੰ ਉਹ ਸਵੇਰ ਸਾਰ ਵਿਹਲਾ ਮਿਲ ਪਿਆ ਸੀ।

''ਹੁਣ ਤਾਂ ਸਾਹਬੋ ਮੈਂ ਚਲਿਆ ਜਾਣੈ'' ਨਿਰੰਜਣ ਨੇ ਕੁਝ ਦਿਨਾਂ ਬਾਅਦ ਕਿਸੇ ਅਜਿਹੇ ਸਮੇਂ ਹੀ ਸਾਹਬੋ ਨੂੰ ਆਖਿਆ ਸੀ।

''ਤੇ ਮੈਨੂੰ ਵੀ ਲੈ ਚੱਲ ਨਾਲ ਈ'' ਸਾਹਬੋ ਨੇ ਹੌਸਲਾ ਕਰਕੇ ਆਖ ਦਿੱਤਾ ਸੀ।

ਇਸ ਤਰ੍ਹਾਂ ਅੱਧਾ ਠੱਠਾ ਤੇ ਅੱਧਾ ਪਿਆਰ ਥੋੜ੍ਹੇ ਦਿਨਾਂ ਵਿੱਚ ਹੀ ਵਧੇਰਾ ਬਣ ਗਿਆ ਸੀ। ਸਾਹਬੋ ਤੇ ਨਿਰੰਜਣ ਦੀ ਇੱਕ ਰਾਤ ਨੱਸ ਜਾਣ ਦੀ ਸਲਾਹ ਬਣ ਗਈ। ਗੱਡੀ ਦੋ ਮੀਲ ਉੱਤੇ ਰਸਾਲੇ ਵਾਲੇ ਸਟੇਸ਼ਨ ਤੋਂ ਤੜਕੇ ਚਾਰ ਵਜੇ ਤੁਰਦੀ ਸੀ। ਉਸ ਗੱਡੀ ਉਹਨਾ ਚੜ੍ਹਨਾ ਸੀ ਤੇ ਸਾਹਬੋ ਨੇ ਆਪ ਆ ਕੇ ਕੋਠੇ ਉੱਤੋਂ ਬਾਕੀ ਟੱਬਰ ਤੋਂ ਦੂਰ ਪਏ ਇਕੱਲੇ ਨਿਰੰਜਣ ਨੂੰ ਜਗਾਣਾ ਸੀ।

ਬਚਨਾਂ ਦੀ ਬੱਧੀ ਸਾਹਬੋ ਨਿਰੰਜਣ ਨੂੰ ਉਸ ਦੇ ਮੋਢੇ ਨੂੰ ਹੌਲਾ ਜਿਹਾ ਹਲੂਣ ਦੇ ਕੇ ਜਗਾਣ ਲੱਗੀ। ਨਿਰੰਜਣ ਨੇ ਊਂ ਆਖ ਕੇ ਪਾਸਾ ਪਰਤ ਲਿਆ। ਸਾਹਬੋ ਨੇ ਦੂਜੇ ਪਾਸੇ ਹੋ ਕੇ ਉਸ ਨੂੰ ਇਸੇ ਤਰ੍ਹਾਂ ਮਲਕੜੇ ਜਿਹੇ ਜਗਾਣਾ ਚਾਹਿਆ। ਨਿਰੰਜਣ ਨੇ ਪਹਿਲੇ ਰੁਖ਼ ਹੀ ਪਾਸਾ ਮੋੜ ਲਿਆ। ਸ਼ਾਇਦ ਸਾਹਬੋ ਨੇ ਇੱਕ ਦੋ ਟੁੰਬਣਾਂ ਹੋਰ ਦਿੱਤੀਆਂ, ਪਰ ਨਿਰੰਜਣ ਨਾ ਜਾਗਿਆ। ਸਾਹਬੋ ਨਿਰਾਸ਼ ਹੋ ਕੇ ਮੁੜ ਅਪਣੇ ਮੰਜੇ ਉੱਤੇ ਆ ਪਈ।

ਕੁਝ ਦਿਨਾਂ ਬਾਅਦ ਇੱਕ ਸਵੇਰ ਪਿੰਡ ਵਿੱਚ ਖ਼ਬਰ ਧੁੰਮ ਗਈ ਕਿ ਸਾਹਬੋ ਕਿਸੇ ਨਾਲ ਨੱਸ ਗਈ ਹੈ। ਦੂਜੇ ਦਿਨ ਪਤਾ ਲੱਗ ਗਿਆ ਉਹ ਚੱਕ 34 ਦੇ ਸ਼ਹਾਬਦੀਨ ਨਾਲ, ਜੋ ਬਹਾਵ ਦੇ ਆਉਂਦਾ ਸੀ, ਚਲੀ ਗਈ ਹੈ, ਉਸ ਦੀ ਸਾਂਢਣੀ ਉੱਤੇ ਪਿੱਛੇ ਬੈਠ ਕੇ। ਤੀਜੇ ਦਿਨ ਬਹਾਵ ਤੇ ਉਸ ਦੇ ਭਾਈਚਾਰੇ ਦੀ ਮਰਜ਼ੀ ਨਾਲ ਸਾਹਬੋ ਤੇ ਸ਼ਹਾਬਦੀਨ ਦਾ ਨਿਕਾਹ ਚੱਕ 34 ਵਿੱਚ ਹੀ ਪੜ੍ਹਿਆ ਗਿਆ।

''ਮੈਂ ਸਮਝਿਆ, ਮਾਮਾ ਹਲਾਂ ਨੂੰ ਜਗਾਉਂਦੈ'' ਨਿਰੰਜਣ ਭੈੜਾ ਜਿਹਾ ਪੈ ਕੇ ਦੋਸਤਾਂ ਮਿੱਤਰਾਂ ਨੂੰ ਆਖ ਛੱਡਦਾ।

*ਗੁਰਨਾਮ ਸਿੰਘ ਨੇ ਭਾਣਜੇ ਨੂੰ ਮੁੜ ਜਾਣ ਤੋਂ ਕਈ ਮਹੀਨੇ ਰੋਕੀ ਰੱਖਿਆ। ਸਾਉਣ ਭਾਦੋਂ ਦੀ ਰੁੱਤ, ਵਾਹੀ ਦੇ ਦਿਨ ਸਨ, ਕਣਕ ਲਈ ਖੇਤ ਤਿਆਰ ਕਰਨ ਦੇ ਤੇ ਨਿਰੰਜਣ ਜਿਹਾ ਕਾਮਾਂ ਮੁਫ਼ਤ ਰੋਟੀਆਂ ਉੱਤੇ ਧਰਿਆ ਪਿਆ ਸੀ ਕਿਤੇ ਇਸ ਬਾਰ ਵਿੱਚ? ਪਹਿਲੇ ਕੁਝ ਦਿਨ ਨਿਰੰਜਣ ਨੇ ਆਰਾਮ ਨਾਲ ਵਿਹਲੀਆਂ ਖਾਧੀਆਂ, ਪਰ ਫਿਰ ਚਾਉ ਚਾਉ ਵਿੱਚ ਹੀ ਗੁਰਨਾਮ ਸਿੰਘ ਨਾਲ ਹਲੀ ਜਾਣ ਲੱਗ ਪਿਆ। ਗੁਰਨਾਮ ਸਿੰਘ ਨੇ ਜਿਹੜਾ ਸਾਂਝੀ ਕਾਮਾ ਰੱਖਣਾ ਸੀ, ਮਹੀਨੇ ਲਈ ਹੋਰ ਨਾ ਰੱਖਣ ਦਾ ਫੈਸਲਾ ਕਰ ਲਿਆ। ਗੁਰਨਾਮ ਸਿੰਘ ਲੋਭੀ ਤਾਂ ਪੁੱਜ ਕੇ ਸੀ ਨਾ।*

**''ਹੁਣ ਤਾਂ ਸਾਹਬੋ ਮੈਂ ਚਲਿਆ ਜਾਣੈ'' ਨਿਰੰਜਣ ਨੇ ਕੁਝ ਦਿਨਾਂ ਬਾਅਦ ਕਿਸੇ ਅਜਿਹੇ ਸਮੇਂ ਹੀ ਸਾਹਬੋ ਨੂੰ ਆਖਿਆ ਸੀ।
''ਤੇ ਮੈਨੂੰ ਵੀ ਲੈ ਚੱਲ ਨਾਲ ਈ'' ਸਾਹਬੋ ਨੇ ਹੌਸਲਾ ਕਰਕੇ ਆਖ ਦਿੱਤਾ ਸੀ।
ਇਸ ਤਰ੍ਹਾਂ ਅੱਧਾ ਠੱਠਾ ਤੇ ਅੱਧਾ ਪਿਆਰ ਥੋੜ੍ਹੇ ਦਿਨਾਂ ਵਿੱਚ ਹੀ ਵਧੇਰਾ ਬਣ ਗਿਆ ਸੀ। ਸਾਹਬੋ ਤੇ ਨਿਰੰਜਣ ਦੀ ਇੱਕ ਰਾਤ ਨੱਸ ਜਾਣ ਦੀ ਸਲਾਹ ਬਣ ਗਈ। ਗੱਡੀ ਦੋ ਮੀਲ ਉੱਤੇ ਰਸਾਲੇ ਵਾਲੇ ਸਟੇਸ਼ਨ ਤੋਂ ਤੜਕੇ ਚਾਰ ਵਜੇ ਤੁਰਦੀ ਸੀ। ਉਸ ਗੱਡੀ ਉਹਨਾ ਚੜ੍ਹਨਾ ਸੀ ਤੇ ਸਾਹਬੋ ਨੇ ਆਪ ਆ ਕੇ ਕੋਠੇ ਉੱਤੋਂ ਬਾਕੀ ਟੱਬਰ ਤੋਂ ਦੂਰ ਪਏ ਇਕੱਲੇ ਨਿਰੰਜਣ ਨੂੰ ਜਗਾਣਾ ਸੀ।
ਬਚਨਾਂ ਦੀ ਬੱਧੀ ਸਾਹਬੋ ਨਿਰੰਜਣ ਨੂੰ ਉਸ ਦੇ ਮੋਢੇ ਨੂੰ ਹੌਲਾ ਜਿਹਾ ਹਲੂਣ ਦੇ ਕੇ ਜਗਾਣ ਲੱਗੀ। ਨਿਰੰਜਣ ਨੇ ਊਂ ਆਖ ਕੇ ਪਾਸਾ ਪਰਤ ਲਿਆ। ਸਾਹਬੋ ਨੇ ਦੂਜੇ ਪਾਸੇ ਹੋ ਕੇ ਉਸ ਨੂੰ ਇਸੇ ਤਰ੍ਹਾਂ ਮਲਕੜੇ ਜਿਹੇ ਜਗਾਣਾ ਚਾਹਿਆ। ਨਿਰੰਜਣ ਨੇ ਪਹਿਲੇ ਰੁਖ਼ ਹੀ ਪਾਸਾ ਮੋੜ ਲਿਆ। ਸ਼ਾਇਦ ਸਾਹਬੋ ਨੇ ਇੱਕ ਦੋ ਟੁੰਬਣਾਂ ਹੋਰ ਦਿੱਤੀਆਂ, ਪਰ ਨਿਰੰਜਣ ਨਾ ਜਾਗਿਆ। ਸਾਹਬੋ ਨਿਰਾਸ਼ ਹੋ ਕੇ ਮੁੜ ਅਪਣੇ ਮੰਜੇ ਉੱਤੇ ਆ ਪਈ।**

# ਰਾਸ

– ਗੁਲਜ਼ਾਰ ਮੁਹੰਮਦ ਗੌਰੀਆ

ਚੰਦਾ ਸਿਹੁੰ ਨੇ ਮੰਜੇ ਤੇ ਲੰਮਾ ਪੈਂਦਿਆਂ ਇਕ ਲੰਮਾ ਸਾਹ ਖਿੱਚਿਆ। ਇਹ ਸਾਹ ਹਾਉਕਾ ਲੈਣ ਵਰਗਾ ਨਹੀਂ ਸਗੋਂ ਇਸ ਵਿਚ ਇਕ ਖਾਸ ਕਿਸਮ ਦੀ ਤਸੱਲੀ ਵਰਗਾ ਭਾਵ ਹੈ। ਅਸਮਾਨ ਤਾਰਿਆਂ ਨਾਲ ਭਰਿਆ ਪਿਆ ਹੈ। ਕੋਈ-ਕੋਈ ਮੱਛਰ ਭੀਂ-ਭੀਂ ਕਰ ਰਿਹਾ ਹੈ। -ਪਰ ਉਸਨੇ ਪੁਆਂਦੀ ਪਿਆ ਦਾਤੀ ਫਰਾ ਪੱਖਾ ਨਹੀਂ ਚਲਾਇਆ। ਇਸ ਦੀ ਤੇਜ਼ ਹਵਾ ਤੇ ਵਾਧੂ ਰੌਲਾ ਉਸਨੂੰ ਸੁਖਾਵਾਂ ਨਹੀਂ ਪ੍ਰਤੀਤ ਹੁੰਦਾ। ਨਿਆਈਂ ਵਿਚ ਛੱਤਿਆ ਉਸਦਾ ਇਹ ਕੋਠੀ ਜਿਹਾ ਮਕਾਨ ਉਸਨੇ ਪੰਜ ਕੁ ਸਾਲ ਹੋਏ ਨਵਾਂ ਬਣਵਾਇਆ ਹੈ। ਪਿੰਡ ਵਿਚਲਾ ਮਕਾਨ ਹੁਣ ਤੂੜੀ-ਤੰਪਾ ਪਾਉਣ ਲਈ ਹੀ ਕੰਮ ਆਉਂਦਾ ਹੈ। ਇਸ ਮਕਾਨ ਵਿਚ ਆਉਣ ਪਿੱਛੋਂ ਉਸਨੂੰ ਆਪਣੀ ਜ਼ਿੰਦਗੀ ਹੋਰ ਵੀ ਸੁਖਾਵੀਂ ਲੱਗਣ ਲੱਗ ਪਈ ਹੈ। ਖੁੱਲ੍ਹਾ-ਡੁੱਲ੍ਹਾ ਵਿਹੜਾ। ਇਕ ਪਾਸੇ ਮੱਝਾਂ ਲਈ ਸ਼ੈਡ ਹੈ। ਇਕ ਪਾਵਰ ਦੀ ਬੰਬੀ ਮੂਹਰੇ ਚਬੱਚਾ। ਟ੍ਰੈਕਟਰ ਅੰਦਰ ਜਾਂਦਾ ਹੈ। ਗੇਟ ਤੇ ਵੱਢੀ ਹੋਈ ਪੂਛ ਵਾਲਾ ਕੁੱਤਾ ਬੰਨ੍ਹਿਆ ਰਹਿੰਦਾ ਹੈ।

ਉਸਦੇ ਦਲਿੱਦਰੀ ਦੇ ਦਿਨ ਕਿਵੇਂ ਖੰਭ ਲਾ ਕੇ ਉੱਡ ਗਏ, ਕਈ ਵਾਰ ਉਸਨੂੰ ਸੋਚਿਆਂ ਤੇ ਵੀ ਸਮਝ ਨਹੀਂ ਲਗਦੀ। ਉਸਦਾ ਸਹੁਰਾ ਮਰਿਆ ਸੀ। ਉਸਦੀ ਅੱਧੀ ਜ਼ਮੀਨ ਉਸਨੂੰ ਆ ਗਈ ਸੀ। ਚਿੰਤ ਕੁਰ, ਜਿਸ 'ਚ ਉਸ ਨੂੰ ਕਦੇ ਆਮ ਜਿਹੀਆਂ ਤੀਵੀਆਂ ਨਾਲੋਂ ਕੋਈ ਜ਼ਿਆਦਾ ਗੱਲ ਮਹਿਸੂਸ ਨਹੀਂ ਸੀ ਹੋਈ-ਚੰਗੀ ਲੱਗਣ ਲੱਗ ਪਈ। ਅਪਣੇ ਬਾਪ ਦੇ ਦੋਵੇਂ ਧੀਆਂ ਸਨ ਇਹ, ਚਿੰਤ ਕੁਰ ਅਤੇ ਸਤਨਾਮ। ਬਿਨਾਂ ਕਿਸੇ ਰੌਲੇ ਗੌਲੇ ਦੇ ਪੰਜ ਕਿੱਲੇ ਆ ਗਏ। ਅਪਣੀ ਧੀ ਉਸਨੇ ਚੰਗੇ ਘਰ ਵਿਆਹੀ। ਮੰਗ ਮੁਤਾਬਿਕ ਮੁੰਦੀਆਂ ਕੜੇ ਪਾਏ। ਸਕੂਟਰ ਵੀ ਦਿੱਤਾ। ਕੁੜੀ ਸੁੱਖ 'ਚ ਹੈ। ਫਿਰ ਮੁੰਡਿਆਂ ਦੇ ਵਿਆਹ 'ਚ ਉਸਨੂੰ ਜਮਾਂ ਈ ਦਿੱਕਤ ਨਹੀਂ ਆਈ। ਹੁਣ ਉਸਦੀ ਕੁੱਲ ਬਾਰਾਂ ਕਿੱਲਿਆਂ ਦੀ ਮਾਲਕੀ ਦੇ ਵਾਰਸ ਹਨ। ਇਕ ਤਾਂ ਕਨੇਡਾ ਰਹਿੰਦੀ ਕੁੜੀ ਨਾਲ ਵਿਆਹਿਆ ਗਿਆ। ਦੂਜਾ ਸਬੱਬੀ ਕੱਲੀ ਧੀ ਦੇ ਪਿਓ ਜੱਟ ਦੇ ਘਰ। ਬਥੇਰਾ ਨਿੰਕ ਸੁੱਕ ਆ ਗਿਆ ਵਿਆਹ 'ਚ। ਸੱਤ ਕਿੱਲਿਆਂ ਦੀ ਮਾਲਕਣ ਬਹੂ ਘਰ ਆ ਗਈ। ਇਨ੍ਹਾਂ ਸਾਰੀਆਂ ਪ੍ਰਾਪਤੀਆਂ ਬਾਰੇ ਸੋਚਦਿਆਂ ਉਸਦਾ ਮਨ ਕਦੇ-ਕਦੇ ਅਦਿੱਖ ਡਰ ਨਾਲ ਸਹਿਮ ਜਾਂਦਾ। 'ਕਿਸੇ ਕੋਹਤੀ ਦੀ ਨਜ਼ਰ ਨਾ ਲੱਗ ਜੇ'! ਉਹ ਸੋਚਦਾ। ਅਜਿਹੀ ਗੱਲ ਇੱਕ ਦੋ ਵਾਰ ਉਸਨੇ ਅਪਣੀ ਘਰ ਵਾਲੀ ਨਾਲ ਵੀ ਸਾਂਝੀ ਕੀਤੀ। ਉਸਨੇ ਫ਼ਿਕਰਮੰਦੀ ਨੂੰ ਬਿਲਕੁਲ ਦਰੁਸਤ ਮੰਨਿਆ ਅਤੇ ਇਹ ਰਾਇ ਦਿੱਤੀ ਕਿ ਕਟਾਣਾ ਸਾਹਿਬ ਗੁਰਦੁਆਰੇ 'ਚ ਆਖੰਡ ਪਾਠ ਕਰਵਾ ਦਿੱਤਾ ਜਾਵੇ। ਕਵਿੰਟਲ ਕਣਕ ਲੰਗਰ ਲਈ ਸੁੱਟੀ ਗਈ। ਉਸਦੀ ਨਿਰਮਤਾ ਅਤੇ ਹੱਕ-ਸੱਚ ਦੀ ਕਮਾਈ 'ਚੋ ਦਸਵੰਧ ਕੱਢੇ ਜਾਣ ਦੀ ਜੋ ਅਰਦਾਸ ਭਾਈ ਜੀ ਨੇ ਕੀਤੀ ਉਸ ਨਾਲ ਉਸਦੇ ਤੌਖਲੇ ਭਰੇ ਮਨ ਨੂੰ ਬੜੀ ਸ਼ਾਂਤੀ ਮਿਲੀ। ਫਿਰ ਤਾਂ ਆਏ ਸਾਲ ਕਟਾਣਾ ਸਾਹਿਬ ਆਖੰਡ ਪਾਠ ਕਰਵਾਉਣਾ ਉਨ੍ਹਾਂ ਦਾ ਨੇਮ ਹੀ ਬਣ ਗਿਆ। ਅੱਜ ਵੀ ਹਾੜੀ ਦੀ ਫਸਲ ਚੱਕਣ ਤੋਂ ਬਾਅਦ ਉਹ ਆਖੰਡ ਪਾਠ ਤੋਂ ਵਿਹਲੇ ਹੋ ਕੇ ਮੁੜੇ ਹਨ-ਵਾਹਿਗੁਰੂ ਦਾ ਆਸ਼ੀਰਵਾਦ ਲੈ ਕੇ। ਉਨ੍ਹਾਂ ਨੂੰ ਆਖੰਡ ਪਾਠ ਲਈ ਦਸ ਪੰਦਰਾਂ ਦਿਨ ਉਡੀਕਣਾ ਪਿਆ। ਪਹਿਲਾਂ ਹੀ ਤਾਰੀਖਾਂ ਬੁੱਕ ਸਨ। ਏਨੇ ਚਿਰ ਵਿਚ ਉਨ੍ਹਾਂ ਜੀਰੀ ਲਾਉਣ ਦਾ ਕੰਮ ਆਰੰਭ ਲਿਆ ਸੀ। ਭੱਈਏ ਲਾਗਲੀ ਮੋਟਰ ਤੇ ਟਿਕੇ ਹੋਏ ਹਨ। ਉਹ ਵੀ ਦਿਨ ਭਰ ਕੰਮ ਕਰਕੇ ਆਪਣਾ ਲੰਗਰ ਤਿਆਰ ਕਰ ਰਹੇ ਹਨ।

ਘਰ 'ਚ ਖੁਸ਼ੀ ਭਰਿਆ ਮਾਹੌਲ ਹੈ। ਉਸਦੀ ਲੜਕੀ ਆਈ ਹੋਈ ਹੈ। ਉਸਦਾ ਵੱਡਾ ਮੁੰਡਾ-ਭਿੰਦਰ, ਬੈਠਕ 'ਚ ਪ੍ਰਾਹੁਣੇ ਕੋਲ ਬੈਠਾ ਉਸਦੀ 'ਸੇਵਾ' ਕਰ ਰਿਹਾ ਹੈ। ਕੁੜੀਆਂ-ਕੱਤਰੀਆਂ ਵੀ.ਸੀ.ਆਰ. 'ਤੇ 'ਹਮ ਆਪ ਕੇ ਹੈਂ ਕੌਨ' ਫਿਲਮ ਵੇਖ ਰਹੀਆਂ ਹਨ। ਚੰਦਾ ਸਿਹੁੰ ਨੇ ਪਿਛਲੇ ਸਾਲ ਅਮ੍ਰਿਤ ਛਕ ਲਿਆ ਸੀ। ਆਮ ਨਹੀਂ ਸੀ ਪੀਂਦਾ ਹੁਣ ਉਹ। ਚਿੰਤ ਕੁਰ ਉਸਦੀ ਇਸ ਤੋੜ ਦਾ ਖ਼ਿਆਲ ਰੱਖਦੀ ਹੈ। ਇਕ ਦੋ ਪੈੱਗ ਪਰਦੇ ਨਾਲ ਉਸਨੂੰ ਦੇ ਜਾਂਦੀ ਹੈ। ਊਂ ਵੀ ਪੈਂਚੀ ਦੀ ਚੋਣ ਸਮੇਂ ਉਸਨੇ ਸਾਰੇ ਪਿੰਡ ਵਿਚ ਇਹ ਗੱਲ ਧੁੰਮਾ ਦਿੱਤੀ ਸੀ ਕਿ ਉਹ ਪੀਂਦਾ ਨਹੀਂ। ਲੋਕਾਂ ਨੂੰ ਪਿਲਾਉਣ 'ਚ ਭਾਵੇਂ ਕੋਈ ਕਸਰ ਨਹੀਂ ਰੱਖੀ।

ਚਿੰਤ ਕੁਰ ਡੋਲੀ ਅਤੇ ਗਲਾਸ ਲੈ ਕੇ ਉੱਤੇ ਪਹੁੰਚ ਗਈ। ਮਜ਼੍ਹਬੀਆਂ ਦਾ ਨੌਕਰ ਮੁੰਡਾ, ਪਾਣੀ ਤੇ ਸਲਾਦ ਵਾਲੀ ਪਲੇਟ ਰੱਖਕੇ ਮੁੜ ਗਿਆ। ਚੰਦਾ ਸਿਹੁੰ ਉਠਕੇ ਬੈਠਾ ਹੋ ਗਿਆ। ਪਹਿਲਾਂ ਉਸਨੇ ਥੱਲਲ੍ਹੇ ਲਾਣੇ ਦਾ ਹਾਲ ਪੁੱਛਿਆ। 'ਸਭ ਠੀਕ ਐ' ਦੀ ਤਸੱਲੀ ਦੇ ਨਾਲ ਉਸਨੇ ਡੋਲੀ ਦਾ ਢੱਕਣ ਚੁੱਕਿਆ। ਘਰ ਦੀ ਕੱਢੀ ਸੌਂਫੀਆ ਦਾਰੂ ਦੀ ਮਹਿਕ ਹਵਾ 'ਚ ਖਿਲਰ ਗਈ। ਉਸਨੇ ਚੰਗਾ ਜਿਹਾ ਪੈੱਗ ਬਣਾਕੇ ਪੀਤਾ।

''ਬਸ ਸੰਜਮ ਦੀ ਓ ਠੀਕ ਐ, ਭੀਰੇ ਦਾ ਬਾਪੂ। ਪ੍ਰਾਹੁਣਾ ਆਇਆ ਹੋਇਐ।'' ਚਿੰਤ ਕੁਰ ਚਿੰਤਾ ਨਾਲ ਬੋਲੀ।

''ਹੋਰ ਕੀ। ਗੱਲ ਮੁੱਕੀ ਲੈ। ਫ਼ਿਰਤ 'ਚ ਲੱਤਾਂ ਜਿਹੀਆਂ ਫੁੱਲਣ ਲੱਗ ਜਾਂਦੀਐਂ। ਊਂ ਤਾਂ ਲੋੜ ਨੀ ਪੈਂਦੀ ਇਹਦੀ।''

''ਆਦਤ ਨਹੀਂ ਰਹੀ ਤੇਰੀ ਬਹੁਤਾ ਫੇਰੇ ਤੋਰੇ ਦੀ। ਤਾਹੀਂ ਇਊਂ ਲੱਗਦੈ'', ਚਿੰਤ ਕੁਰ ਨੇ ਹੁੰਗਾਰਾ ਭਰਿਆ।

ਸਰੂਰ ਜਿਹੇ 'ਚ ਹੋ ਕੇ ਉਸਨੇ ਲੱਤ ਨਿਸਾਲ ਕੇ ਚਿੰਤ ਕੁਰ ਦੇ ਪਿੱਠੇ ਨਾਲ ਲਾ ਦਿੱਤੀ। ਪਹਿਲਾਂ ਤਾਂ ਉਹ ਆਰਾਮ ਨਾਲ ਬੈਠੀ ਰਹੀ। ਜਦ ਲੱਤ ਦਾ ਦਬਾਅ ਜਿਸਮ ਨਾਲ ਬਹੁਤਾ ਮਹਿਸੂਸ ਹੋਇਆ ਤਾਂ ਬੋਲੀ,

''ਹੁਣ ਕਾਹਦੀਆਂ ਗੱਲਾਂ ਰਹਿ ਗਈਆਂ। ਸਾਰਾ ਟੱਬਰ ਤਾਂ ਸਿਆਣਾ ਹੋ ਗਿਆ।''

''ਲੈ ਤਾਂ ਕੀ ਹੋ ਗਿਆ।'' ਉਹ ਦੂਜਾ ਪੈੱਗ ਪਾਉਣ ਲੱਗ ਪਿਆ।

''ਦੇਖੀ ਜਾਊ ਕਦੇ ਨ੍ਹੇਰੇ ਸਵੇਰੇ। ਥੱਲੇ ਦੇਖਾਂ, ਪ੍ਰਾਹੁਣੇ ਨੇ ਰੋਟੀ ਖਾ ਲਈ ਕਿ ਅਜੇ ਖਿਲਾਰ ਪਾਈ ਬੈਠੇ ਨੇ। ਹੋਰ ਟੱਬਰ ਤਾਂ ਫ਼ਿਲਮ 'ਚ ਉਲਝਿਆ ਪਿਆ ਏ।'' ਕਹਿੰਦੀ ਹੋਈ ਉਹ ਥੱਲੇ ਨੂੰ ਲਹਿ ਪਈ।

ਪੈੱਗ ਲਾਉਂਦਿਆਂ ਚੰਦਾ ਸਿਹੁੰ ਘੜੀ ਕੁ ਚਿੰਤ ਕੁਰ ਦੀ ਮਜਬੂਰੀ ਬਾਰੇ ਸੋਚਣ ਲੱਗਿਆ। ਕਿਵੇਂ ਘਿਰ ਜਾਂਦੈ ਬੰਦਾ। ਆਪਣੇ ਹੀ ਟੱਬਰ 'ਚ ਕੈਦ। ਉਹ ਵੀ ਪਹਿਲਾਂ ਆਮ ਹੀ ਅਪਣੇ ਜਿਹੇ ਬੇਲੀਆਂ 'ਚ ਫਸਲ ਸਿੱਟਣ ਗਿਆ, ਪੀ ਲੈਂਦਾ ਹੁੰਦਾ ਸੀ। ਜਿਉਂ-ਜਿਉਂ ਉਹ ਸਰਦਾ-ਪੁੱਜਦਾ ਜ਼ਿਮੀਦਾਰ ਕਹਾਉਣ ਲੱਗਿਆ ਸੀ ਉਸਦੇ ਸਾਥੀ ਜੇਬ ਨੂੰ ਘੁੱਟਕੇ ਰੱਖਦੇ। ਉਸਦੀ ਵਾਧੂ ਪ੍ਰਸੰਸਾ ਕਰਦੇ। ਉਸਨੂੰ ਹਊਂ ਰੱਖਣ ਲਈ ਹੋਰ ਮੰਗਾਉਣੀ ਪੈਂਦੀ। ਫਿਰ ਮੁੰਡੇ ਵੀ ਵਰਜਣ ਲੱਗ ਪਏ ਸਨ। ਅਖੇ, ''ਬਾਪੂ ਐਵੇਂ ਨਾ ਕਿਸੇ ਨਾਲ ਪੰਗਾ ਪਾ ਲਈਂ। ਲੋਕ ਤਾਂ ਊਈਂ ਗਲ੍ਹ ਪੈਣ ਨੂੰ ਫਿਰਦੇ ਐ। ਅੰਦਰੋਂ ਨੀਂ ਜਰਦੇ। ਘੜੀ 'ਚ ਹੱਤਕ ਕਰਨ ਦੀ ਕੋਸ਼ਿਸ਼ ਕਰਦੇ ਨੇ।'' -ਅਜਿਹੇ ਹੀ ਬੰਨਣ ਲਈ ਉਸਨੂੰ ਅੰਮ੍ਰਿਤ ਛਕਣਾ ਪਿਆ ਸੀ। ਬਾਹਰੀ ਪੈਰ ਵਢਾਈ ਤੋਂ ਹੁਣ ਉਹ ਬਚ ਗਿਆ ਸੀ। ਬਾਹਰੇ-ਪੈਹਰੇ ਜਾਣ ਲਈ ਉਹ ਗਾਤਰਾ ਜ਼ਰੂਰ ਪਾਉਂਦਾ। ਇਸ ਨਾਲ ਉਸਨੂੰ ਖਾਸ ਕਿਸਮ ਦਾ ਰੋਹਬ ਮਹਿਸੂਸ ਹੁੰਦਾ ਅਤੇ ਅਪਣਾ ਆਪ ਵੱਡਾ ਤੇ ਦਾਨੀ ਲੱਗਦਾ। ਉਸਦੇ ਤੀਜੇ ਪੈੱਗ ਦੀ ਤਿਆਰੀ ਸਮੇਂ ਚਿੰਤ ਕੁਰ ਰੋਟੀ ਲੈ ਕੇ ਆ ਗਈ। ਉਸਨੇ ਡੋਲੀ ਦਾ ਢੱਕਣ ਬੰਦ ਕਰ ਦਿੱਤਾ। ਰੋਟੀ ਖਾਂਦਿਆਂ ਉਹ ਆਖੰਡ ਪਾਠ ਦੇ ਸਹੀ ਢੰਗ ਨਾਲ ਭੋਗ ਪੈਣ ਤੱਕ ਦੀਆਂ ਗੱਲਾਂ ਕਰੀਂ ਗਏ, ਅਗਲਾ ਪਾਠ ਉਨ੍ਹਾਂ ਨੇ ਅਪਣੇ ਛੋਟੇ ਮੁੰਡੇ ਦੀ ਕਨੇਡਾ ਤੋਂ ਪਿੰਡ ਪਹਿਲੀ ਫੇਰੀ ਸਮੇਂ ਰਖਾਉਣ ਬਾਰੇ ਸੋਚਿਆ ਹੋਇਆ ਸੀ।

ਚੰਦਾ ਸਿਹੁੰ ਨੇ ਤਸੱਲੀ ਨਾਲ ਰੋਟੀ ਖਾਧੀ।

ਭਾਂਡੇ ਸਮੇਟ ਕੇ ਚਿੰਤ ਕੁਰ ਥੱਲੇ ਉੱਤਰ ਗਈ।

ਰੋਟੀ 'ਖਾਂਦੇ ਉਸਨੂੰ ਮੁੜ੍ਹਕਾ ਆ ਗਿਆ ਸੀ। ਪੱਖਾ ਚਲਾਉਣ ਨੂੰ ਉਸਦਾ ਦਿਲ ਕੀਤਾ। ਫਿਰ ਅੰਦਰੋਂ ਮਨ ਮੁਕਰੀ ਖਾ ਗਿਆ। ਉਹ ਖੜ੍ਹਾ ਹੋ ਕੇ ਝੱਗੇ ਦੇ ਪੱਲੇ ਨਾਲ ਚਿਹਰੇ ਨੂੰ ਹਵਾ ਦੇਣ ਲੱਗ ਪਿਆ।

ਉਸਦੀ ਨਾਲ ਲੱਗਦੀ ਮੋਟਰ ਤੇ ਭੱਈਏ ਵੀ ਆਪਣਾ ਲੰਗਰ ਛਕ ਚੁੱਕੇ ਸਨ। ਗੋਲ ਦਾਇਰੇ ਵਿਚ ਬੈਠੇ ਪਹਿਲਾਂ ਤਾਂ ਉਹ ਕਿਸੇ ਗੱਲ ਤੇ ਉੱਚੀ ਉੱਚੀ ਹੱਸਦੇ ਰਹੇ। ਫਿਰ ਗਾਉਣ ਲੱਗ ਪਏ।

'ਠਾਣਾ ਮੇਂ ਓ-ਠਾਣਾ ਮਾ

ਮੋਰਾ ਭੋਲਾ ਚਰੁੱਸੀਆ ਠਾਣਾ ਮਾ।'

ਪਹਿਲਾਂ ਤਾਂ ਬੋਲਾਂ ਦੀ ਗਤੀ ਧੀਮੀ ਸੀ। ਫਿਰ ਉੱਚੀ ਹੁੰਦੀ ਗਈ। ਪੂਰੀ ਰੌਂਅ 'ਚ ਆ ਕੇ ਤਾੜੀਆਂ ਮਾਰਦੇ ਉਹ ਗਾ ਰਹੇ ਸਨ। ਹੋਰ ਨਵਾਂ ਗੀਤ ਸ਼ੁਰੂ ਕਰ ਲਿਆ-

'ਕੇਸਰੀਆ ਬਾਲਮ'

ਆਓ ਨੀ

ਪਧਾਰੋ ਮਾਰੇ ਦੇਸ਼...'

ਉਹ ਬਿੰਦ ਕੁ ਉਨ੍ਹਾਂ ਨੂੰ ਚਾਭੜਾਂ ਪਾਉਂਦਿਆ ਨੂੰ ਵੇਖਦਾ ਰਿਹਾ। 'ਸਾਲਾ ਭੱਈਆ ਲਾਣਾ ਕਿਵੇਂ ਭੂਤਰਿਆ।' ਉਸਨੇ ਮਨ 'ਚ ਗਾਲ੍ਹ ਜਿਹੀ ਕੱਢੀ। ਮੰਜੇ ਤੇ ਟੇਢਾ ਹੋਇਆ ਤਾਂ ਫਿਜ਼ਾ 'ਚ ਅਜੀਬ ਕਿਸਮ ਦੇ ਸ਼ੋਰ ਦਾ ਰਲ ਗੱਡ ਉਸਨੂੰ ਮਹਿਸੂਸ ਹੋਇਆ। ਥੱਲਿਓਂ ਟੀ. ਵੀ . ਦੀ ਆਵਾਜ਼ ਮੋਟਰ ਤੋਂ ਭਈਆਂ ਦੀ ਆਵਾਜ਼। 'ਕੇਸਰੀਆ-ਸੰਬੋਧਨ ਜੀ...ਕੇਸਰੀਆ ਸੰਬੋਧਨ ਜੀ।'

ਦੇ ਬੋਲ ਉਸਦੇ ਸਿਰ 'ਚ ਖੌਰੂ ਪਾਉਣ ਲੱਗੇ। ਉਹ ਤਲਖ਼ੀ ਨਾਲ ਮੰਜੇ ਤੋਂ ਉਠਿਆ। ਬਨੇਰੇ ਤੇ ਬਣੀ ਓਟ ਕੋਲ ਖਲੋਕੇ, ਥੱਲੇ ਨੂੰ ਮੂੰਹ ਕਰਕੇ ਉੱਚੀ ਦੇਣੀ ਬੋਲਿਆ, ''ਓਏ ਹੌਲੀ ਫੂਕ ਲਓ ਟੀ. ਵੀ.। ਕੰਨ ਖਾਧੇ ਪਏ ਨੇ।'' ਚਿੰਤ ਕੁਰ ਨੇ ਝੱਟ ਦੇਣੀ ਬਾਹਰ ਆ ਕੇ ਉਸ ਵੱਲ ਇਕ ਪਲ ਵੇਖਿਆ ਫਿਰ ਕਾਹਲੀ ਨਾਲ ਅੰਦਰ ਜਾ ਕੇ ਬੋਲੀ, ''ਥੋਡਾ ਬਾਪੂ ਜੀ ਔਖਾ ਹੁੰਦਾ। ਹੌਲੀ ਕਰ ਲੋ ਕੁੜੇ।''

ਥੱਲਿਓਂ ਆਵਾਜ਼ ਘੱਟ ਹੋਈ ਤਾਂ ਮੋਟਰ ਦੀ ਗੂੰਜ ਉੱਪਰ ਤੈਰਦੀ ਭੱਈਆਂ ਦੇ ਗਾਉਣ ਦੀ ਆਵਾਜ਼ ਹੋਰ ਉੱਚੀ ਹੋ ਕੇ ਉਸਦੇ ਕੰਨਾਂ 'ਚ ਟਕਰਾਉਣ ਲੱਗੀ। ਅਸਲ 'ਚ ਉਹ ਕੁੱਝ ਪਲ ਦੀ ਚੁੱਪ-ਚਾਂ ਚਾਹੁੰਦਾ ਸੀ। ਕੁੱਝ ਸੁਖਾਵੇਂ ਪਲਾਂ 'ਚ ਖੋ ਜਾਣਾ ਚਾਹੁੰਦਾ ਸੀ। ਪਰ ਕਿੱਥੇ! ਉਸ ਅੰਦਰਲੀ ਅੱਚਵੀ ਵੱਧਦੀ ਗਈ। ਉਹ ਤਾਂ ਬੇਤਾਜ਼ ਬਾਦਸ਼ਾਹ ਸੀ ਇਸ ਕੁੱਝ ਕਿੱਲਿਆਂ ਦੇ ਚੁਫੇਰੇ ਦਾ। 'ਇਨ੍ਹਾਂ ਸਾਲਿਆਂ ਨੂੰ ਕੀ ਹੋ ਗਿਆ। ਖਾ ਲਿਆ ਪੀ ਲਿਆ। ਹੁਣ ਟਿਕ ਨਹੀਂ ਸਕਦੀ ਸਤੌਲ।' ਉਹ ਮੰਜੇ ਤੋਂ ਉੱਠ ਖਲੋਇਆ। ਚਾਦਰੇ ਦੀ ਗੰਠ ਠੀਕ ਕੀਤੀ। ਜੂੜਾ ਖੋਲ੍ਹ ਕੇ ਦੁਬਾਰਾ ਬੰਨ੍ਹਿਆ। ਫਿਰ ਪੌੜੀਆਂ ਉੱਤਰਨ ਲੱਗ ਪਿਆ। ਥੱਲੇ ਪੂੰਛ ਵੱਢਿਆ, ਵੱਡਾ ਸਾਰਾ ਕੁੱਤਾ ਉਸਦੇ ਸਵਾਗਤ ਲਈ ਪੈਰ ਚੱਟਣ ਨੂੰ ਔਹਲਿਆ। ਉਸਨੇ ਬੇਗੌਰੀ ਜਿਹੀ ਕੀਤੀ-ਪਰ ਕੁੱਤਾ ਪੂੰਛ ਹਿਲਾਉਣ ਦੀ ਮੁਦਰਾ 'ਚ ਪਿੱਠੇ ਨੂੰ ਹਿਲਾਉਂਦਾ ਉਸਦੇ ਪਿੱਛੇ ਹੋ ਲਿਆ। ਉਸਨੇ ਕੁੱਤੇ ਨੂੰ ਅੰਦਰ ਰਹਿਣ ਲਈ ਘੁਰਕਿਆ ਨਾ-ਸਗੋਂ ਪਿੱਛੇ ਆਉਣ ਦਿੱਤਾ।

ਭੱਈਏ ਗੋਲ ਦਾਇਰਾ ਬੰਨ੍ਹੀ ਤਾੜੀਆਂ ਪਿੱਟਦੇ ਅਪਣੀ ਰਉਂ ਵਿਚ, ਗਾਉਂਦੇ ਹੋਏ ਝੂਮ ਰਹੇ ਸਨ।

ਕੇਸਰੀਆ ਬਾਲ੍ਹਮਾ

ਆਓ ਨੀ

ਪਧਾਰੋ ਮਾਰੇ ਦੇਸ਼ ਮਾ।

''ਚੁੱਪ ਕਰੋ ਓਏ! ਖਾ ਲਿਆ-ਪੀ ਲਿਆ। ਹੁਣ ਟਿਕ ਨਹੀਂ ਹੁੰਦਾ। ਕਿਵੇਂ ਧਮੱਚੀ ਪਾਈ ਆ!'' ਉੱਚੀ ਆਵਾਜ਼ ਵਿਚ ਉਸਨੇ ਡਾਂਟਣ ਦੇ ਲਹਿਜੇ ਨਾਲ ਕਿਹਾ। ਕੁੱਤਾ ਵੀ ਇਸੇ ਤਰਜ਼ 'ਚ ਭੌਂਕਿਆ। ਇਕ ਲਖ਼ਤ ਭੱਈਏ ਸਹਿਮ ਜਿਹੇ ਗਏ। ਉਨ੍ਹਾਂ ਦਾ ਲਾਣੇਦਾਰ ਰਾਮ ਲਖਨ ਉੱਠਿਆ। ਉਸਨੂੰ ਅਪਣੇ ਵੱਲ ਆਉਂਦਾ ਵੇਖਕੇ ਕੁੱਤਾ ਜ਼ੋਰ ਦੀ ਭੌਂਕਣ ਲੱਗਿਆ। ਚੰਦਾ ਸਿਹੁੰ ਨੇ ਕੁੱਤੇ ਨੂੰ ਡੱਕ ਲਿਆ। ਭੱਈਏ ਨੇ ਬੜੀ ਆਜਜ਼ੀ ਨਾਲ ਉਸਦੇ ਕੋਲ ਆਉਂਦਿਆਂ ਪੁੱਛਿਆ, ''ਕਾ ਬਾਤ ਏ ਸਰਦਾਰ ਜੀ।''

''ਬਾਤ ਬੂਤ ਕੁਸ਼ ਨੀਂ। ਆਰਾਮ ਨਾਲ ਪੈ ਜੋ ਬਸ। ਰੌਲ਼ਾ ਗੌਲ਼ਾ ਜਿਹਾ ਬੰਦ ਕਰੋ।'' ਚੰਦਾ ਸਿਹੁੰ ਨੇ ਹੁਕਮ ਦਿੱਤਾ।

''ਅੱਛਾ ਜੀ।'' ਕਹਿਕੇ ਲਾਣੇਦਾਰ ਭੱਈਆ ਮੁੜ ਗਿਆ।

ਜੇਤੂ ਭਾਵ ਨਾਲ ਚੰਦਾ ਸਿਹੁੰ ਦਾ ਸਿਰ ਉਤਾਂਹ ਹੋ ਗਿਆ। ਉਹ ਚਾਰ ਕਦਮ ਪਰ੍ਹਾਂ ਨੂੰ ਹੋ ਕੇ ਪਿਸ਼ਾਬ ਕਰਨ ਲਈ ਬੈਠ ਗਿਆ। ਅਜੇ ਵੀ ਇਕ ਭਈਆ ਪਿਆ ਪਿਆ ਜਿਵੇਂ ਕਸਮੇਤੇ ਲੈ ਰਿਹਾ ਸੀ। 'ਬਲਮਾ ਪਧਾਰੋ ਮੋਰੇ' ਗੀਤ ਦੇ ਟੁੱਟਵੇਂ ਜਿਹੇ ਬੋਲ ਜਿਵੇਂ ਉਸਦੇ ਸੰਘ 'ਚ ਕਸੀਰ ਵਾਂਗ ਅੜੇ ਹੋਏ ਸਨ। ਪਿਸ਼ਾਬ ਕਰਕੇ ਮੁੜਦਿਆਂ ਚੰਦਾ ਸਿਹੁੰ ਫਿਰ ਬੋਲਿਆ, '' ਟੂੰ-ਟਾਂ ਨਾ ਕਰੋ। ਪੈ ਜੋ ਆਰਾਮ ਨਾਲ। ਘਰ ਵਸਦੈ ਨੇੜੇ ਹੈ!'' ਭਈਆਂ ਨੇ ਅੱਗ ਬੁਝਾ ਦਿੱਤੀ।

ਉਸਦਾ ਵੱਡਾ ਲੜਕਾ ਤੜਕੇ ਤੋਂ ਕੱਦੂ ਕਰ ਰਿਹਾ ਸੀ। ਅਪਣਾ ਕੰਮ ਸਾਝਰੇ ਹੀ ਮੁਕਾਕੇ ਉਹ ਕੁੜੀ ਅਤੇ ਪ੍ਰਾਹੁਣੇ ਨੂੰ ਸ਼ਹਿਰ ਤੀਕਰ ਛੱਡਣ ਜਾਣਾ ਚਾਹੁੰਦਾ ਸੀ। 'ਪਿੱਛੋਂ ਆਪੇ ਭਈਏ ਲਾਉਂਦੇ ਰਹਿਣਗੇ ਜੀਰੀ ਦਿਨ ਭਰ' ਉਸ ਨੇ ਸੋਚਿਆ ਸੀ। ਜਦੋਂ ਉਹ ਇਕ ਕਿੱਲੇ ਦਾ ਕੱਦੂ ਕਰਕੇ ਟ੍ਰੈਕਟਰ ਮੋਟਰ ਵੱਲ ਲਿਆਇਆ ਤਾਂ ਵੇਖਿਆ 'ਭੱਈਏ' ਕੱਠੇ ਜਿਹੇ ਬੈਠੇ ਹੋਏ ਹੌਲੀ ਹੌਲੀ ਗੱਲਾਂ ਕਰ ਰਹੇ ਸਨ। ਭਿੰਦਰ ਉਵੇਂ ਜਿਵੇਂ ਸਟਾਰਟ ਟ੍ਰੈਕਟਰ ਛੱਡਕੇ ਥੱਲੇ ਉੱਤਰ ਆਇਆ।

''ਓਏ ! ਰਾਮ ਨਾਲ ਬੈਠੇਂ ਓਂ। ਉੱਠਕੇ ਪੌਧ ਪੁੱਟਣ ਲੱਗੋ। ਚਾਹ ਵੀ ਨੀਂ ਧਰੀ ਅਜੇ!''

ਕੋਈ ਵੀ ਅੱਗੋਂ ਕੁਸ਼ ਨਾ ਬੋਲਿਆ। ਕੁੱਝ ਡੱਕਿਆਂ ਨਾਲ ਜ਼ਮੀਨ 'ਤੇ ਲੀਕਾਂ ਵਾਹੁਣ ਲੱਗੇ। ਭਿੰਦਰ ਖਿਝ ਤੇ ਝੁੰਜਲਾਹਟ ਨਾਲ ਭਰਿਆ ਉਨ੍ਹਾਂ ਦੇ ਸਿਰ 'ਤੇ ਆ ਖਲੋਇਆ '' ਓਏ ਗੱਲ ਕੀ ਐ! ਕੱਦੂ ਕਰਿਆ ਪਿਆ। ਉੱਠੋ ਹੁਣ।''

ਲਾਣੇਦਾਰ ਭੱਈਆ ਸਹਿਜ ਨਾਲ ਉੱਠਿਆ। ਭਿੰਦਰ ਨੂੰ ਮੁਖਾਤਿਬ ਹੋਇਆ, ''ਕਾਮ ਨਹੀਂ ਲਗੇਂਗੇ ਜੀ। ਹਮਾਰਾ ਅਬ ਤੱਕ ਕਾ ਹਸਾਬ ਕਰਦੋ ਜੀ।'' ''ਇਹ ਕੀ ਗੱਲ ਹੋਈ ਬਈ, ਕੰਮ ਅੱਧ ਵਿਚਾਲੇ ਪਿਆ। ਐਂ ਕਿਵੇਂ ਹੋ ਜੂ ਹਸਾਬ।'' ਭਿੰਦਰ ਨੂੰ ਹੈਰਾਨੀ ਨਾਲੋਂ ਉਨ੍ਹਾਂ ਤੇ ਗੁੱਸਾ ਬਹੁਤਾ ਆ ਰਿਹਾ ਸੀ। ਉਸਦਾ ਜੀ ਕਰਦਾ ਸੀ ਕਿ ਡੰਡਾ ਲੈ ਕੇ ਚਾਰ-ਚਾਰ ਕੱਲੇ ਕੱਲੇ ਦੇ ਜੜੇ ਤੇ ਡੰਗਰਾਂ ਵਾਂਗ ਹੱਕ ਕੇ ਅਪਣੇ ਅੱਗੇ ਲਾ ਲਵੇ। ਉਹ ਹਰਖ ਨੂੰ ਥੰਮੀ ਖੜ੍ਹਾ ਸੀ। ''ਜੈਸਾ ਹਸਾਬ ਹੋ ਵੈਸਾ ਕਰਦੋ ਜੀ। ਕਾਮ ਨਹੀਂ ਲਗੇਂਗੇ।'' ਲਾਣੇਦਾਰ ਨੇ ਗੱਲ ਮੁਕਾ ਦਿੱਤੀ। ਇਹ ਸੁਣਕੇ ਭਿੰਦਰ ਭੜਕ ਪਿਆ।

''ਸਾਲਿਓ ਥੋਡੇ ਪਿਉ ਦਾ ਰਾਜ ਐ। ਮਾਰ ਮਾਰ ਕੇ ਤਮੂੜ ਮੂੰਹ ਸਜਾ ਦੂੰ। ਬੈਠ ਗਏ ਬਿਟਰ ਕੇ। ਗੱਲ ਨਾ ਬਾਤ। ਜਾਓ ਨੱਠ ਜੋ। ਸਾਡਾ ਨੀਂ ਕੋਈ ਹਿਸਾਬ ਕਿਤਾਬ ਥੋਡੇ ਨਾਲ। ਲੈ ਲਿਓ ਪੈਸੇ ਜੀਹਤੋਂ ਲੈਣੇ ਨੇ।'' ਬਿਫਰਿਆ ਉਹ ਟ੍ਰੈਕਟਰ ਤੇ ਆ ਬੈਠਾ ''ਗਾਲ੍ਹੀ ਵਾਲ੍ਹੀ ਮੱਤ ਦੇਨਾ'', ਵਾਲੀ ਆਵਾਜ਼ ਟ੍ਰੈਕਟਰ ਦੇ ਸ਼ੋਰ 'ਚ ਗੁੰਮ ਗਈ। ਟਰੈਕਟਰ ਅਪਣੇ ਵਿਹੜੇ 'ਚ ਵਾੜਦਿਆਂ ਵੀ ਉਹ ਉਵੇਂ ਜਿਵੇਂ ਭੱਈਆਂ ਨੂੰ ਗਾਲ੍ਹਾਂ ਦੇ ਰਿਹਾ ਸੀ।

ਭਿੰਦਰ ਤੋਂ ਸਾਰੀ ਗੱਲ ਸੁਣ ਕੇ ਟੱਬਰ ਹੈਰਾਨ ਰਹਿ ਗਿਆ, ਚੰਦਾ ਸਿਹੁੰ ਪ੍ਰਾਹੁਣੇ ਦੇ ਕੋਲ ਬੈਠਾ ਚਾਹ ਪੀ ਰਿਹਾ ਸੀ-ਉਹ ਵੀ ਮਾੜਾ ਜਿਹਾ ਤ੍ਰਬਕਿਆ। ਪਰ ਭਿੰਦਰ ਦੀਆਂ ਕਹੀਆਂ ਗੱਲਾ ਨੇ ਉਸਨੂੰ ਤਸੱਲੀ ਦਿੱਤੀ। ਉਸਨੂੰ ਯਕੀਨ ਸੀ ਕਿ ਪੈਸੇ ਨਾਂਹ ਮਿਲਣ ਦੇ ਡਰੋਂ ਮਜਬੂਰੀ 'ਚ ਭੱਈਆਂ ਨੂੰ ਜੀਰੀ ਲਾਉਣ ਲੱਗਣਾ ਹੀ ਪੈਣਾ ਸੀ। ਭਾਵੇਂ ਉਸਦੇ ਮਨ 'ਚ ਰਾਤ ਅਪਣੇ ਜਜ਼ਬਾਤੀ ਹੋ ਜਾਣ ਦੀ ਗੱਲ ਵੀ ਆਈ। ਪੰਜ ਕਿੱਲਿਆਂ ਦੀ ਲਵਾਈ ਦੇ ਪੈਸੇ ਛੱਡ ਕੇ ਉਹ ਕਿੱਧਰ ਜਾਣਗੇ। ਇਸ ਅਹਿਸਾਸ ਨੇ ਉਸ ਨੂੰ ਠੁੰਮਣਾ ਦਿੱਤਾ। ਚਿੰਤ ਕੁਰ ਔਡ ਕਲਪ ਰਹੀ ਸੀ, ''ਭੀਰੇ ਦੇ ਬਾਪੂ ਤੈਂ ਤਾਂ ਨੀ ਵੈਅ ਜਾਣਿਆਂ ਨੂੰ ਕੁਸ਼ ਕਹਿ ਤਾ। ਤੂੰ ਹੀ ਰਾਤ ਕੋਠਿਓਂ ਉੱਤਰਕੇ ਮੋਟਰ ਵੱਲ ਨੂੰ ਗਿਆ ਤੀ।''

''ਲੈ! ਮੈਂ ਸਾਲਿਆਂ ਦੇ ਕੀ ਗੋਲੀ ਮਾਰਤੀ। ਮਿੰਟ 'ਚ ਤਾਂ ਮੁੜ ਆਇਆ ਮੈਂ, ਪਿਸ਼ਾਬ ਕਰਕੇ।'' ਚੰਦਾ ਸਿਹੁੰ ਨੇ ਸਫ਼ਾਈ ਦਿੱਤੀ।

''ਏਹ ਭੱਈਆ ਕੌਮ ਏਨੀਂ ਭਲਾਮਾਣਸ ਨੀਂ ਹੁੰਦੀ ਜਿਨੀ ਆਪਾਂ ਸਮਝਦੇ ਐਂ। ਮਿੰਨ੍ਹੇ ਹੁੰਦੇ ਨੇ ਇਹ। ਜੁੱਤੀ ਨਾਲ ਲੋਟ ਆਉਂਦੇ ਨੇ।'' ਪ੍ਰਾਹੁਣੇ ਨੇ ਅਪਣਾ ਤਜ਼ਰਬਾ ਦੱਸਿਆ।

''ਕੋਈ ਨਾ ਵੇਖਦਿਆਂ'' ਵਾਲੀ ਸਥਿਤੀ 'ਚ ਗੱਲ ਮੁੱਕ ਗਈ। ਚੰਦਾ ਸਿਹੁੰ ਦੁੱਧ ਵਾਲੀ ਡੋਲੀ ਚੁੱਕਕੇ ਡੇਅਰੀ ਵੱਲ ਤੁਰ ਪਿਆ। ਭਿੰਦਰ ਪ੍ਰਾਹੁਣੇ ਨੂੰ ਨਵ੍ਹਾਉਣ ਲਈ ਮੋਟਰ ਵੱਲ ਲੈ ਤੁਰਿਆ।

ਪਿੰਡ ਦੇ ਕਿਸਾਨ ਯੂਨੀਅਨ ਲੀਡਰ ਅੱਛਰ ਸਿਹੁੰ ਨੇ ਭੱਈਆਂ ਦੀ ਗੱਲ ਬੜੇ ਤਹੱਮਲ ਨਾਲ ਸੁਣੀ। ਅਪਣੇ ਵੱਡੇ ਲੀਡਰਾਂ ਦੇ ਭਾਸ਼ਣ ਸੁਣ ਸੁਣ ਕੇ ਉਹ ਕਿਸਾਨ ਹਿੱਤਾਂ ਦੀਆਂ ਗੱਲਾਂ ਦਾ ਨਿਬੇੜਾ ਕਰਨਾ ਚੰਗੀ ਤਰ੍ਹਾਂ ਸਿੱਖ ਗਿਆ ਸੀ। ਉਹ ਸਮਝ ਗਿਆ ਸੀ ਭਿੰਦਰ ਨੇ ਇਵੇਂ ਹੀ ਕਹਿਣਾ ਸੀ। ਜੇ ਉਹ ਆਪ ਵੀ ਭਿੰਦਰ ਦੀ ਥਾਂ ਤੇ ਹੁੰਦਾ ਉਹ ਵੀ ਭੱਈਆਂ ਨੂੰ ਇਵੇਂ ਹੀ ਆਖਦਾ। ਪਰ ਉਸਦਾ ਅੰਦਰਲਾ ਸ਼ਰੀਕ ਜੱਟ ਉਸ ਨੂੰ ਭੱਈਆਂ ਦਾ ਪੱਖ ਪੂਰਨ ਲਈ ਉਤਸ਼ਾਹਿਤ ਕਰ ਰਿਹਾ ਸੀ। ਭੱਈਆਂ ਦੇ ਇਸ ਰੌਲੇ ਰਾਹੀਂ ਉਹ ਚੰਦਾ ਸਿਹੁੰ ਦੇ ਲਾਣੇ ਦੀ ਬਣੀ 'ਟੌਅਰ' ਨੂੰ ਢੰਗ ਨਾਲ ਠਿੱਬੀ ਲਾਉਣੀ ਚਾਹੁੰਦਾ ਸੀ।

''ਭਈਆਂ ਆਪ ਫ਼ਿਕਰ ਮੱਤ ਕਰੋ। ਹਮ ਆਪ ਕੇ ਸਾਥ ਹੈਂ। ਆਪਕੇ ਪੈਸੇ ਦਿਲਵਾਏ ਜਾਏਂਗੇ।'' -ਭੱਈਆਂ ਦੇ ਟੋਲੇ ਨੂੰ ਨਾਲ ਲਈ ਉਹ ਉਨ੍ਹਾਂ ਨੂੰ ਤਸੱਲੀਆਂ ਦਿੰਦਾ ਆ ਰਿਹਾ ਸੀ।

ਪਿੰਡ ਦੇ ਦਰਵਾਜ਼ੇ ਮੂਹਰੇ ਦੁੱਧ ਦੀ ਡੇਅਰੀ ਬਣੀ ਹੋਈ ਸੀ। ਜਿੱਥੇ ਪਹਿਲਾਂ ਹੀ ਫੈਟ ਨਿਕਲਣ ਦੀ ਉਡੀਕ ਵਿਚ ਪੰਜ ਸੱਤ ਜਣੇ ਖੜ੍ਹੇ ਸਨ। ਚੰਦਾ ਸਿਹੁੰ ਵੀ ਉਨ੍ਹਾਂ 'ਚ ਹੀ ਖੜ੍ਹਾ ਸੀ। ਜਿਵੇਂ ਆਮ ਹੀ ਪਿੰਡਾਂ 'ਚ ਮਾੜੀ ਜਿਹੀ ਗੱਲ ਦੀ ਸੁਰਤਲ-ਸੁਰਤਲ ਹੋ ਜਾਂਦੀ ਹੈ ਇਵੇਂ ਇਸ ਗੱਲ ਦੀ ਵੀ ਹੋ ਚੁੱਕੀ ਸੀ। ਪਰ ਚੰਦਾ ਸਿਹੁੰ ਦੇ ਵਿਚ ਖਲੋਤਾ ਹੋਣ ਕਾਰਨ ਕੋਈ ਉਭਾਸਰ ਨਹੀਂ ਸੀ ਰਿਹਾ।

ਅੱਛਰਾ ਸਿਹੁੰ ਨੇ ਪਹਿਲਾਂ ਤਾਂ ਸਾਰਿਆਂ ਨੂੰ ਨਿਮਰਤਾ ਨਾਲ ਫ਼ਤਿਹ ਬੁਲਾਈ। ਫਿਰ ਬੜੀ ਅਪੱਣਤ ਨਾਲ ਚੰਦਾ ਸਿਹੁੰ ਨੂੰ ਪੁੱਛਿਆ, ''ਪੰਚ ਸਾਹਬ! ਆਹ ਭੱਈਆਂ ਨਾਲ ਕੀ ਰੌਲਾ ਹੋ ਗਿਆ?'' ਜਿਵੇਂ ਕਸੂਰ-ਵਾਰ ਪੰਚ ਨਾ ਹੋਵੇ ਭੱਈਏ ਹੋਣ।

''ਰੌਲਾ ਕਾਹਦਾ ਹੋਣਾ ਤੀ। ਮੁੰਡਾ ਤਾਂ ਤੜਕੇ ਦਾ ਕੱਦੂ ਕਰਨ ਲੱਗਿਆ ਪਿਆ। ਖੇਤ ਤਿਆਰ ਐ। ਇਹ ਕਹਿੰਦੇ ਹਿਸਾਬ ਕਰੋ।'' ਚੰਦਾ ਸਿਹੁੰ ਬੇਲਿਹਾਜ਼ੀ ਨਾਲ ਬੋਲਿਆ, ''ਐਂ ਕੋਈ ਮਖੌਲ ਐ। ਕੱਲ ਨੂੰ ਇਹ ਕਿਸੇ ਹੋਰ ਜੱਟ ਦਾ ਕੰਮ ਵਿਚਾਲੇ ਛੱਡਕੇ ਨੱਠ ਜਾਣਗੇ। ਤੁਸੀ ਦੱਸੋ ਬਈ ਅੱਜ ਤੱਕ ਕਿਸੇ ਮਜ਼ੂਰ ਦੀ ਪੰਜੀ ਵੀ ਦੱਬੀ ਹੋਵੇ ਮੈਂ। ਇਹ ਸਾਲੇ ਬਦਨਾਮ ਕਰਦੇ ਨੇ ਬੰਦੇ ਨੂੰ ਊਈਂ ਹੈਂ।'' ਖੜ੍ਹੇ ਬੰਦਿਆਂ ਤੇ ਉਸਦੀਆਂ ਇਨ੍ਹਾਂ ਗੱਲਾਂ ਦਾ ਚੰਗਾ ਅਸਰ ਪਿਆ।

''ਹਾਂ ਭਈਆ ਆਪ ਬਤਾਓ। ਕਾਮ ਕਿਉਂ ਛੋੜ ਰਹਾ ਹੈ। ਸੱਚ ਬਾਤ ਬੋਲੋ। ਪੈਸੇ ਹਮ ਦੇਂਗੇ ਆਪ ਕੋ। ਸਮਝੇ'' ਅੱਛਰ ਸਿਹੁੰ ਨੇ ਪੈਂਤੜਾ ਬਦਲਿਆ। ਰਾਮ ਲਖਨ ਸਾਰੀ ਗੱਲ ਬਾਤ ਬੜੇ ਧਿਆਨ ਨਾਲ ਸੁਣ ਰਿਹਾ ਸੀ। ਉਸਦੇ ਸਾਥੀ ਸਿਰ ਨਿਵਾਈਂ ਖੜ੍ਹੇ ਸਨ। ਸਹਿਜ ਸੁਭਾਅ ਨਾਲ ਰਾਮ ਲਖਨ ਬੋਲਿਆ, ''ਦੇਖੋ ਸਰਦਾਰ ਜੀ! ਹਮੇ ਪੈਸੇ ਬੇਸ਼ੱਕ ਨਾ ਦੇਣਾ ਜੀ। ਬਾਤ ਯਹ ਹੈ ਕਿ ਹਮ ਸਾਰਾ ਦਿਨ ਖੇਤੋਂ ਮੇਂ ਕਾਮ ਕਰਤਾ ਜੀ। ਫਿਰ ਰੋਟੀ ਬਨਾਤਾ। ਖਾ ਕਰਕੇ ਕੁਛ ਵਕਤ ਗਾਤਾ ਵਜਾਤਾ। ਕੱਲ ਰਾਤ ਸਰਦਾਰ ਬੋਲਾ ਗਾਨਾ ਮੱਤ ਗਾਓ। ਹਮ ਕਾਮ ਕਰਕੇ ਪੈਸਾ ਲੈਤਾ ਹੈ ਜੀ। ਕਾਮ ਕਹੀਂ ਭੀ ਮਿਲ ਜਾਏਗਾ।

ਪਰ ਗਾਨਾ ਤੋ ਗਾਏਂਗੇ ਜੀ!''

ਉਸਦੀ ਇਹ ਗੱਲ ਸੁਣ ਕੇ ਸਾਰੇ ਠਹਾਕਾ ਮਾਰਕੇ ਹੱਸ ਪਏ। ਪ੍ਰੰਤੂ ਰਾਮ ਲਖਨ ਤੇ ਉਸਦੇ ਸਾਥੀ ਭੱਈਆਂ ਦੇ ਚਿਹਰੇ ਸ਼ਾਂਤ ਸਨ।

''ਚੰਗਾ ਬਾਈ ਤੁਸੀ ਕੰਮ ਤੇ ਚਲੋ। ਗਾਈ ਜਾਇਓ ਜਿਹੜਾ ਗੌਣੈਂ। ਕੋਈ ਨੀ ਰੋਕਦਾ ਟੋਕਦਾ ਥੋਨੂੰ।'' ਅੱਛਰੇ ਨੇ ਸਾਰਿਆਂ ਵੱਲੋਂ ਜਿਵੇਂ ਫੈਸਲਾ ਸੁਣਾਇਆ। ਭੱਈਏ ਸਾਬਤ ਕਦਮੀਂ ਮੋਟਰ ਵੱਲ ਨੂੰ ਤੁਰ ਗਏ। ਉਨ੍ਹਾਂ ਦੇ ਬੁੱਲ੍ਹਾਂ ਤੇ ਗੀਤ ਥਿਰਕ ਰਿਹਾ ਸੀ।

# ਓੜਕ ਪੁੱਤਰ ਪਰਾਇਆ

## ਲੋਕ-ਗੀਤਾਂ ਦੇ ਨਾਲ ਨਾਲ



ਡਾ. ਕਰਮਜੀਤ ਸਿੰਘ

ਹੁਣ ਜਦੋਂ ਮੈਂ ਕੀਤੇ ਖੇਤਰੀ ਕਾਰਜ ਦਾ ਲੇਖਾ ਜੋਖਾ ਕਰਨ ਲੱਗਦਾ ਹਾਂ ਤਾਂ ਇਕ ਘਾਟ ਹਮੇਸ਼ਾ ਖਟਕਦੀ ਹੈ ਕਿ ਮੈਂ ਰੋਜ਼ਾਨਾ ਡਾਇਰੀ ਕਿਉਂ ਨਹੀਂ ਲਿਖਦਾ। ਇਹ ਮੇਰੇ ਸੁਸਤ ਸੁਭਾਅ ਦਾ ਹਿੱਸਾ ਹੈ। ਲਿਖਣ ਲੱਗੋ ਤਾਂ ਚਲ ਸੋ ਚਲ। ਨਾਂ ਲਿਖੋ ਤਾਂ ਕਈ ਮਹੀਨੇ ਸਾਫ਼। ਪਰ ਇਸਦਾ ਨੁਕਸਾਨ ਇਹ ਹੋਇਆ ਕਿ ਮੈਂ ਗੀਤਾਂ ਦੀ ਰਿਕਾਰਡਿੰਗ ਦਾ ਦਿਨ ਵਾਰ ਚੇਤੇ ਨਹੀਂ ਕਰ ਸਕਦਾ। ਪਰ ਹੁਣ ਹੋ ਵੀ ਕੀ ਸਕਦਾ ਹੈ।

ਮਈ ਜੂਨ ਦੀ ਗਰਮੀ ਅਪਣੇ ਪੂਰੇ ਜ਼ੋਰਾਂ 'ਤੇ ਸੀ। ਪਰ ਛੁੱਟੀਆਂ ਦਾ ਲਾਹਾ ਲੈਣ ਮੈਂ ਕਦੇ ਕਿਸੇ ਮਿੱਤਰ ਨੂੰ ਨਾਲ ਲੈ ਲੈਂਦਾ ਤੇ ਕਦੇ ਕਿਸੇ ਨੂੰ। ਅਜਿਹਾ ਇਸ ਲਈ ਕਰਨਾ ਪੈਂਦਾ ਕਿ ਮੇਰੇ ਲਈ ਤਾਂ ਇਹ ਸੁਆਦਲਾ ਕੰਮ ਸੀ ਇੱਕ ਗੀਤ ਵੀ ਨਵਾਂ ਲੱਭ ਪੈਂਦਾ ਤਾਂ ਮੈਂ ਮਾਨਸਿਕ ਤੌਰ 'ਤੇ ਸੰਤੁਸ਼ਟ ਹੋ ਜਾਂਦਾ ਪਰ ਸਾਥੀ ਲਈ ਇਹ ਸਭ ਕੁੱਝ ਬੋਰਿੰਗ ਹੁੰਦਾ। ਇਸੇ ਲਈ ਇੱਕ ਵਾਰ ਤੋਂ ਬਾਅਦ ਕੋਈ ਮੇਰੇ ਨਾਲ ਜਾਣ ਨੂੰ ਤਿਆਰ ਨਾ ਹੁੰਦਾ। ਪਰ ਮੇਰਾ ਜਿਗਰੀ ਦੋਸਤ ਅਮਰੀਕ ਸਿੰਘ ਹੀ ਇੱਕੋ-ਇੱਕ ਆਦਮੀ ਹੈ ਜੋ ਜਦੋਂ ਵੀ ਮੈਂ ਕਿਹਾ, ਨਾਲ ਤੁਰ ਪੈਂਦਾ ਤੇ ਕਈ-ਕਈ ਦਿਨ ਅਸੀਂ ਦੋਨੋਂ ਲੋਕ-ਮੂੰਹਾਂ ਵਿੱਚੋਂ ਗੀਤਾਂ ਦੀ ਭਾਲ ਕਰਦੇ ਰਹਿੰਦੇ।

ਇਸ ਵਾਰ ਮੈਂ ਸਿੱਧਾ ਅਮਰੀਕ ਸਿੰਘ ਦੇ ਪਿੰਡ ਜਾ ਵੱਜਾ। ਸਿਖਰ ਦੁਪਹਿਰ। ਪਰ ਮੈਨੂੰ ਪਤਾ ਸੀ ਇਸ ਵੇਲੇ ਨੰਜੋ ਨੇ ਘਰ ਮਿਲਣਾ ਸੀ। ਇਸ ਤੋਂ ਪਹਿਲਾਂ ਕਈ ਵਾਰ ਮੈਂ ਉਸ ਦੇ ਘਰ ਗਿਆ ਪਰ ਕਿਸੇ ਕਾਰਣ ਉਹ ਗੀਤ ਨਹੀਂ ਸੀ ਗਾ ਸਕੀ। ਪਰ ਅੱਜ ਮੈਨੂੰ ਆਸ ਸੀ ਕਿ ਸ਼ਾਇਦ ਕੁੱਝ ਕੰਮ ਬਣ ਹੀ ਜਾਏ। ਅਮਰੀਕ ਦੇ ਘਰ ਪਾਣੀ-ਧਾਣੀ ਪੀ ਕੇ ਝੋਲਾ ਮੋਢੇ ਲਟਕਾਈ ਮੈਂ ਤਿਆਰ ਹੋਇਆ। ਪਿੰਡਾਂ ਵਿੱਚ ਬਿਜਲੀ ਦਾ ਮਾੜਾ ਹਾਲ ਸੀ। ਮੈਂ ਟੇਪ ਲਈ ਸੈੱਲ ਮੰਗਵਾ ਲਏ। ਅਮਰੀਕ ਸਿੰਘ ਤੇ ਮੈਂ ਘਰ ਪਹੁੰਚੇ। ਇੱਕ ਪੁਰਾਣਾ ਜਿਹਾ ਦਰ ਤੇ ਤਖ਼ਤਿਆਂ ਵਾਲਾ ਦਰਵਾਜ਼ਾ ਖੜਕਾਇਆ। ਨੰਜੋ ਦੀ ਮਾਂ ਔਖੀ-ਔਖੀ ਦਰਵਾਜ਼ਾ ਖੋਹਲਣ ਆਈ। ਅੰਦਰ ਵੜ ਕੇ ਦੇਖਿਆ ਇੱਕ ਕੱਚਾ ਕੋਠਾ, ਨਾਲ ਲੱਗਦੀ ਓਟੇ ਵਾਲੀ ਰਸੋਈ ਤੇ ਨਿੱਕ-ਸੁੱਕ। ਨੰਜੋ ਵੀ ਅੰਦਰੇ ਸੀ। ਉਹ ਹੇਠਾਂ ਬਿੱਨੇ (ਮੂਹੜੇ) ਉਪਰ ਬੈਠੀ ਸੀ।

ਸਾਡੇ ਜਾਣ ਦਾ ਮੰਤਵ ਉਸਨੂੰ ਪਤਾ ਸੀ। ਸੁੱਖ ਸਾਂਦ ਬਾਅਦ ਅਸੀਂ ਅਪਣਾ ਕੰਮ ਕਰਨਾ ਚਾਹੁੰਦੇ ਸਾਂ। ਪਰ ਨੰਜੋ ਅਜੇ ਗਾਉਣ ਦੇ ਰਉਂ ਵਿੱਚ ਨਹੀਂ ਸੀ। ਮੈਂ ਗੀਤਾਂ ਬਾਰੇ ਗੱਲਾਂ ਛੇੜ ਲਈਆਂ। ਇਹਨਾਂ ਗੱਲਾਂ ਦਾ ਵੀ ਇੱਕ ਮੰਤਵ ਹੁੰਦਾ ਹੈ। ਮੇਰੇ ਹੱਥ ਵਿੱਚ ਕਾਗਜ਼ ਅਤੇ ਪੈੱਨ ਹੁੰਦਾ ਹੈ। ਗੱਲਾਂ-ਗੱਲਾਂ ਵਿੱਚ ਅਨੇਕਾਂ ਗੀਤਾਂ ਦੀਆਂ ਪਹਿਲੀਆਂ ਪੰਗਤੀਆਂ ਆਉਂਦੀਆਂ ਹਨ। ਜੋ ਗੀਤ ਨਵਾਂ ਹੁੰਦਾ ਹੈ ਮੈਂ ਉਸਨੂੰ ਨੋਟ ਕਰਦਾ ਜਾਂਦਾ ਹਾਂ। ਇੱਕ ਘੰਟੇ ਦੀ ਗੱਲਬਾਤ ਵਿੱਚ ਕਈ ਵਾਰ ਪੰਦਰਾਂ ਵੀਹ ਗੀਤਾਂ ਦੀ ਲਿਸਟ ਬਣ ਜਾਂਦੀ ਹੈ। ਹੁਣ ਹੌਲ਼ੀ-ਹੌਲ਼ੀ ਸ਼ੁਰੂਆਤ ਹੁੰਦੀ ਹੈ, ਇਹਨਾਂ ਨੂੰ ਗਾਉਣ ਦੀ। ਨੰਜੋ ਨੇ ਇੱਕ ਗੀਤ ਨੂੰ ਹੱਟ-ਹੱਟ ਕੇ ਕਈ ਕਿਸ਼ਤਾਂ ਵਿੱਚ ਪੂਰਾ ਕੀਤਾ। ਪਰ ਇਸ ਨਾਲ ਹੀ ਅਗਲੇ ਗੀਤਾਂ ਨੇ ਆਉਣਾ ਸੀ। ਮੈਂ ਪਹਿਲੇ ਗੀਤ ਨੂੰ ਚਾਰ ਪੰਜ ਵਾਰੀ ਨੰਜੋ ਨੂੰ ਸੁਣਾਇਆ। ਉਸਨੂੰ ਅਪਣੀ ਆਵਾਜ਼ ਸੁਹਣੀ ਲੱਗਣ ਲੱਗੀ ਤੇ ਵਾਰੀ-ਵਾਰੀ ਹੋਰ ਗੀਤ ਵੀ ਰਿਕਾਰਡ ਹੋਣ ਲੱਗੇ। ਕੁੱਝ ਸੁਹਾਗ, ਕੁੱਝ ਬੋਲੀਆਂ, ਕੁੱਝ ਟੱਪੇ। ਅਗਲਾ ਗੀਤਾ ਲੰਮੇਰਾ ਸੀ। ਪਹਿਲੀਆਂ ਪੰਗਤੀਆਂ ਹੀ ਦੱਸਦੀਆਂ ਸਨ ਕਿ ਇਹ ਸਾਉਣ ਮਹੀਨੇ ਨਾਲ ਸਬੰਧਿਤ ਸੀ। ਮੈਂ ਹੁਸ਼ਿਆਰ ਹੋ ਗਿਆ। ਸਤਰਕ ਤਾਂ ਮੈਨੂੰ ਇੱਕ-ਇੱਕ ਸ਼ਬਦ ਲਈ ਰਹਿਣਾ ਪੈਂਦਾ ਹੈ ਨਹੀਂ ਤਾਂ ਟੇਪ ਤੋਂ ਉਤਾਰਦਿਆਂ ਦਿੱਕਤ ਪੇਸ਼ ਆਉਂਦੀ ਹੈ । ਜੋ ਸ਼ਬਦ ਮੇਰੇ ਗੇੜ ਵਿੱਚ ਨਹੀਂ ਆਉਂਦੇ ਮੈਂ ਗਾਇਕਾਵਾਂ ਪਾਸੋਂ ਹੀ ਸਪੱਸ਼ਟ ਕਰਵਾ ਲੈਂਦਾ ਹਾਂ, ਜਦੋਂ ਮੈਨੂੰ ਤਸੱਲੀ ਨਹੀਂ ਹੁੰਦੀ ਤਾਂ ਹੋਰਨਾਂ ਪਾਸੋਂ ਪੁੱਛਦਾ ਹਾਂ। ਕਈ ਵਾਰ ਇੱਕ ਸ਼ਬਦ ਨੂੰ ਸਮਝਣ ਲਈ ਬਹੁਤ ਦੇਰ ਲੱਗਦੀ ਜਾਂਦੀ ਹੈ। ਨੰਜੋ ਨੇ ਹੇਕ ਚੁੱਕੀ।

ਸਾਉਣ ਮਹੀਨੇ ਸੱਸੂ ਡੇਕਾਂ ਜੋ ਫੁੱਲੀਆਂ,
ਫੁੱਲ ਖਿੜੇ ਗੁਲਾਨਾਰੀ ਨੀ ਬੇਦਰਦਣੇ।

''ਬੇਦਰਦਣੇ'' ਸ਼ਬਦ ਦੀ ਲੈਅ ਐਸੀ ਦਰਦੀਲੀ ਸੀ ਤੇ ਉਸ ਵਿੱਚ ਅਜਿਹਾ ਉਲਾਂਭਾ ਸੀ ਕਿ ਸੁਣਨ ਵਾਲਾ ਵੀ ਦਿਲ ਨੂੰ ਕੁੱਝ ਹੁੰਦਾ ਮਹਿਸੂਸ ਕਰਦਾ। ਡੇਕ (ਧ੍ਰੇਕ) ਦੇ ਗੁਲਾਨਾਰੀ ਫੁੱਲ ਅੱਖਾਂ ਸਾਹਵੇਂ ਸਾਕਾਰ ਹੋ ਗਏ। ਨੰਜੋ ਹੁਣ ਬਿਨਾਂ ਅਟਕਿਆਂ ਗਾ ਰਹੀ ਸੀ। ਗੀਤ ਟੇਪ ਹੋ ਰਿਹਾ ਸੀ ਤੇ ਮੇਰੀ ਕਲਪਨਾ ਉਡਾਰੀ ਮਾਰ ਨਾਲ-ਨਾਲ ਚੱਲ ਰਹੀ ਸੀ।

ਪੁੱਤਰ ਤੇਰਾ ਸੱਸੇ ਰਾਜੇ ਦਾ, ਨੌਕਰ,
ਕਿਦੇ ਵਲ ਦੇਖ ਕੇ ਜੀਵਾਂ, ਨੀ ਬੇਦਰਦਣੇ।

ਸਥਿੱਤੀ ਅਜਿਹੀ ਬਣ ਗਈ ਕਿ ਸਾਉਣ ਮਹੀਨੇ ਵਿੱਚ ਔਰਤ ਇਕੱਲੀ ਬਿਰਹਾ ਭੋਗ ਰਹੀ ਹੈ। ਉਸਦਾ ਪਤੀ ਨੌਕਰ ਹੈ, ਫਿਰ ਉਹ ਕੀ ਕਰੇ?

ਦੇਵਰ ਤੇਰਾ ਨੋਹੇਂ ਉਹਤੋਂ ਵੀ ਸੁਹਣਾ,
ਉਹਦੇ ਵੱਲ ਦੇਖ ਕੇ ਜੀਵੇਂ ਨੀ ਬੇਦਰਦਣੇ।

ਸੱਸ ਵਧੇਰੇ ਵਿਹਾਰਕ ਲੱਗਦੀ ਹੈ, ਜੋ ਨੂੰਹ ਨੂੰ ਦੇਵਰ ਨਾਲ ਮਨ ਪਰਚਾਉਣ ਲਈ ਕਹਿੰਦੀ ਹੈ। ਅਜਿਹੇ ਸਬੰਧ ਆਮ ਬਣ ਵੀ ਜਾਂਦੇ ਹਨ, ਉਹਨਾਂ ਵਿੱਚੋਂ ਦੁਖਾਂਤ ਵੀ ਪੈਦਾ ਹੁੰਦੇ ਹਨ, ਜੋ ਗੀਤਾਂ ਦਾ ਵਿਸ਼ਾ ਵੀ ਬਣਦੇ ਹਨ, ਪਰ ਇਸ ਗੀਤ ਦੀ ਨਾਇਕਾ ਦਾ ਜਵਾਬ ਕੀ ਹੋ ਸਕਦਾ ਹੈ? ਲੰਬੇ ਗੀਤ ਪ੍ਰਸਥਿੱਤੀਆਂ ਬਦਲਦੇ ਦੋ ਪਾਤਰਾਂ ਦੇ ਸੰਵਾਦਾਂ ਦੀ ਸਿਰਜਣ ਕਰਦੇ ਹਨ। ਇਹ ਸੰਵਾਦ ਰਿਸ਼ਤਿਆਂ ਅਨੁਸਾਰ ਤੇ ਭਾਵਨਾਵਾਂ ਅਨੁਸਾਰ ਠੰਡੇ-ਤੱਤੇ ਰੂਪ ਧਾਰਣ ਕਰਦੇ ਹਨ। ਨੂੰਹ ਸੱਸ ਦੀ ਤਕਰਾਰ ਤਾਂ ਮਸ਼ਹੂਰ ਹੈ।

ਅੱਜ ਗੱਲ ਆਖੀ ਸੁ ਆਖੀ,
ਫਿਰ ਕਦੇ ਨਾ ਆਖੀਂ, ਨੀ ਬੇਦਰਦਣੇ।
ਕਦੇ ਨਾ ਭੇਜਿਆ ਸਿੰਘ ਜੀ ਸੁਖ ਦਾ ਸੁਨੇਹਾ,
ਕਦੀ ਨਾ ਭੇਜੀਆਂ ਚਿੱਠੀਆਂ ਵੇ ਬੇਦਰਦੀਆ।

ਸੱਸ ਨਾਲ ਸੰਵਾਦ ਰਚਾਉਣ ਤੋਂ ਬਾਅਦ, ਨਾਇਕਾ ਅਪਣੇ ਪਤੀ ਨੂੰ ਸੰਬੋਧਿਤ ਹੁੰਦੀ ਹੈ। ਜਿਵੇਂ ਉਹ ਸਾਹਮਣੇ ਬੈਠਾ ਹੋਵੇ। ਮਨ ਦਾ ਆਤਮਲਾਪ, ਬਾਹਰੀ ਰੂਪ ਧਾਰਣ ਕਰ ਗਿਆ। ਇੱਥੇ ਨੰਜੋ ਦੀ ਆਵਾਜ਼ ਵਧੇਰੇ ਗੰਭੀਰ ਤੇ ਸੋਜ਼ਮਈ ਹੋ ਗਈ। ਕਿਤੇ ਉਹ ਅਪਣੇ ਪਤੀ ਨਾਲ ਜਾ ਜੁੜੀ ਸੀ। ਅਣਬਣ ਹੋ ਜਾਣ ਕਾਰਨ ਉਹ ਕਾਫ਼ੀ ਦੇਰ ਤੋਂ ਅਪਣੀ ਮਾਂ ਕੋਲ ਰਹਿ ਰਹੀ ਸੀ। ਇੱਥੇ ਹੀ ਅਸੀਂ ਉਸਦੀ ਮਾਨਸਿਕ ਵੇਦਨਾ ਨੂੰ ਸੁਣ ਰਹੇ ਸਾਂ।

ਕਿਹਦੇ ਹੱਥ ਭੇਜਾਂ ਗੋਰੀਏ ਸੁਖ ਦਾ ਸੁਨੇਹਾ,
ਕਿਹਦੇ ਹੱਥ ਭੇਜਾਂ ਮੈਂ ਚਿੱਠੀਆਂ, ਨੀ ਬੇਦਰਦਣੇ।

ਗੀਤ ਤਾਂ ਪਤੀ ਵੱਲੋਂ ਸੰਭਾਵਿਤ ਉੱਤਰਾਂ ਨੂੰ ਉਚਾਰ ਰਿਹਾ ਸੀ। ਪਤਾ ਗੀਤ ਦੀ ਲੋੜ ਨਾਇਕਾ ਨੂੰ ਵੀ ਹੈ। ਚਿੱਠੀ ਪਾਉਣ ਦੇ ਕਈ ਬਹਾਨੇ ਘੜੇ ਜਾ ਸਕਦੇ ਹਨ।

ਕਿੱਥੋਂ ਮਿਲਦਾ ਗੋਰੀਏ ਕੋਰੜਾ ਕਾਗਜ਼,
ਕਿੱਥੋ ਮਿਲਦੀ ਐ ਸਾਹੀ, ਨੀ ਬੇਦਰਦਣੇ।

ਗ਼ਰ ਨਾਇਕਾ ਤਾਂ ਇਹੋ ਜਿਹੇ ਸੰਭਾਵਿਤ ਸਵਾਲਾਂ ਦੇ ਉੱਤਰ ਵੀ ਨਾਲ ਹੀ ਦੇ ਰਹੀ ਹੈ। ਬਲਕਿ ਕਿਉਂਕਿ ਉਹ ਸਵਾਲਾਂ ਜਵਾਬਾਂ ਦੀ ਰਚੈਤਾ ਆਪ ਹੈ ਇਸ ਲਈ ਉਹ ਅਪਣੇ ਆਪ ਨੂੰ ਸਹੀ ਸਾਬਤ ਕਰ ਸਕਦੀ ਹੈ।

ਬੰਗਾਲੋਂ ਮਿਲਦਾ ਸਿੰਘ ਜੀ, ਕੋਰੜਾ ਕਾਗਜ਼,
ਉਥੋਂ ਮਿਲਦੀ ਸ਼ਾਹੀ ਵੇ ਬੇਦਰਦੀਆ।

ਨੰਜੋ ਦੀ ਮਾਂ, ਗੀਤਾਂ ਦੀਆਂ ਸਥਿੱਤੀਆਂ ਨੂੰ ਨੰਜੋ ਦੀਆਂ ਸਥਿੱਤੀਆਂ ਨਾਲ ਜੋੜ ਕੇ ਹੌਕੇ ਭਰਦੀ ਰਹੀ ਸੀ ਤੇ ਨਾਲ-ਨਾਲ ਮੱਥੇ 'ਤੇ ਹੱਥ ਵੀ ਮਾਰ ਰਹੀ ਸੀ। ਨੰਜੋ ਨੂੰ ਕੋਈ ਹੋਰ ਖ਼ਤਰਾ ਹੋਣ ਲੱਗਾ। ਉਸਨੇ ਇਸ਼ਾਰੇ ਨਾਲ ਮਾਂ ਨੂੰ ਚਾਹ ਬਣਾਉਣ ਲਈ ਭੇਜ ਦਿੱਤਾ ਅਤੇ ਆਪ ਹਿੰਮਤ ਕੱਠੀ ਕਰਕੇ ਗੀਤ ਨੂੰ ਅਗਾਂਹ ਵਧਾਉਣ ਲੱਗੀ।

ਕਿਹਦੇ ਹੱਥ ਭੇਜਾਂ ਗੋਰੀਏ, ਸੁਖ ਦਾ ਸੁਨੇਹਾ,
ਡਾਕੇ ਪਾ ਦੇਵਾਂ ਚਿੱਠੀਆਂ, ਨੀ ਬੇਦਰਦਣੇ।
ਢਲ ਪਰਛਾਵੇਂ ਸੱਸੂ ਚਰਖਾ ਜੁ ਡਾਹਿਆ,
ਚਿੱਠੀਆਂ ਵਾਲੜਾ ਆਇਆ, ਨੀ ਬੇਦਰਦਣੇ।

ਗੀਤ ਆਤਮਲਾਪ ਵਿੱਚੋਂ ਨਿਕਲ ਕੇ ਫਿਰ ਘਰ ਨਾਲ ਆ ਜੁੜਿਆ। ਜ਼ਾਹਿਰ ਹੈ ਕਿ ਪਤਨੀ ਦੀ ਉਤਸੁਕਤਾ ਵਧੇਰੇ ਹੋ ਸਕਦੀ ਹੈ। ਮੇਰੀ ਕਲਪਨਾ ਕੁਝ ਅੰਦਾਜ਼ਾ ਲਗਾ ਰਹੀ ਸੀ। ਨੰਜੋ ਗੀਤ ਉਚਾਰ ਰਹੀ ਸੀ।

ਪਿਛਾਂਹ ਹੱਟ ਸੱਸੂ ਪਿਛਾਂਹ ਹੱਟ ਨਣਦੇ,
ਚਿੱਠੀ ਮਾਹੀਏ ਦੀ ਬੋਚਾਂ, ਨੀ ਬੇਦਰਦਣੇ।

ਸੱਚ-ਮੁੱਚ ਬੇਕਰਾਰੀ ਹੱਦਾਂ ਬੰਨੇ ਟੱਪ ਗਈ ਸੀ ਇਸੇ ਲਈ ਚਿੱਠੀ ਫੜੀ ਨਹੀਂ ਜਾਂਦੀ, ਬੋਚੀ ਜਾ ਰਹੀ ਸੀ। ਇਹ ਚਿੱਤਰ ਮੇਰੀ ਕਲਪਨਾ ਵਿੱਚ ਵੀ ਉੱਕਰਿਆ ਗਿਆ। ਪਰ ਅਜੇ ਤਾਂ ਚਿੱਠੀ ਪੜ੍ਹਨ ਵਾਲੀ ਰਹਿੰਦੀ ਸੀ।

ਲੈ ਚਿੱਠੀ ਮਾਹੀਏ ਦੀ ਪੜ੍ਹਨ ਜੋ ਲੱਗੀ,
ਨੈਣ ਕਿਣੋ ਕਿਣ ਰੋਏ, ਨੀ ਬੇਦਰਦਣੇ।

ਗੀਤ ਨੇ ਅਚਾਨਕ ਤਿੱਖਾ ਮੋੜ ਕੱਟ ਲਿਆ ਸੀ। ਖ਼ੁਸ਼ੀ ਦੀ ਥਾਂ ਗ਼ਮ ਨੇ ਲੈ ਲਈ ਸੀ। ਨਾਇਕਾ ਨੇ ਸਿੱਧਾ ਨਹੀਂ ਦੱਸਿਆ ਕਿ ਉਸਦੇ 'ਨੈਣ ਕਿਣੋ ਕਿਣ' ਕਿਉਂ ਰੋਏ ਸਨ। ਪਰ ਸੁਝਾਅ ਜ਼ਰੂਰ ਮਿਲ ਰਿਹਾ ਸੀ ਕਿ ਸ਼ਾਇਦ ਖ਼ਤ ਵਿੱਚ ਉਸਦਾ ਨਾਂ ਨਹੀਂ ਸੀ। 'ਕਿਣੋ ਕਿਣ ਰੋਏ' ਦੀ ਗੱਲ ਮੈਂ ਕਿਤੇ ਹੋਰ ਗੀਤ ਵਿੱਚ ਤੇ ਨਾ ਹੀ ਕਿਸੇ ਸਾਹਿਤ ਵਿੱਚ ਪੜੀ ਸੀ। ਲੋਕ ਗਾਇਕਾ ਨੇ ਅਪਣੀ ਸਥਿੱਤੀ ਦੇ ਬਿਆਨ ਲਈ ਨਵੇਂ ਸ਼ਬਦ ਵੀ ਲੱਭ ਲਏ ਸਨ। ਨੰਜੋ ਦੀ ਆਵਾਜ਼ ਮਾਂ ਦੇ ਦੂਰ ਹੋਣ ਦੇ ਬਾਵਜੂਦ ਰੁਆਂਸੀ ਗਈ ਸੀ, ਪਰ ਉਹ ਗੀਤ ਨੂੰ ਅਧੂਰਾ ਨਹੀਂ ਸੀ ਛੱਡਣਾ ਚਾਹੁੰਦੀ।

ਤੁਸੀਂ ਕਿਉਂ ਰੋਂਦੇ ਬੰਦਿਉ ਵੇ ਨੈਣੋਂ,
ਓੜਕ ਪੁੱਤਰ ਪਰਾਇਆ, ਵੇ ਬੇਦਰਦੀਆ।

ਗੀਤ ਥੰਮ ਗਿਆ। ਨੰਜੋ ਦੀ ਸੁਰ ਗੰਭੀਰ ਸੀ। ਉਸਨੇ ਪਸੀਨੋ ਪਸੀਨਾ ਹੋਏ ਚਿਹਰੇ ਨੂੰ ਪੱਲੇ ਨਾ ਪੂੰਝਿਆ। ਮਾਂ ਚਾਹ ਲੈ ਆਈ। ਏਨੀ ਗਰਮੀਂ ਵਿੱਚ ਪੱਖੀਆਂ ਝੱਲਦਿਆਂ ਅਸੀਂ ਚਾਹ ਪੀ ਗਏ। ਗੰਭੀਰ ਚਿਹਰਿਆਂ ਨਾਲ ਅਸੀਂ ਵਿਦਾ ਲਈ।

ਅਮਰੀਕ ਨਾਲ ਮੈਂ ਪਿੰਡ ਤੱਕ ਆਉਂਦਿਆਂ ਸਾਰੀ ਵਾਟ ਇਸੇ ਗੀਤ ਦੀ ਉਪਲੱਬਧੀ ਬਾਰੇ ਚਰਚਾ ਕਰਦਾ ਰਿਹਾ। ਅਮਰੀਕ ਨੂੰ ਵੀ ਮੇਰੇ ਇਸ ਖਬਤ ਦਾ ਪਤਾ ਸੀ। ਉਹ ਸੁਣਦਾ ਰਿਹਾ ਤੇ ਵਿੱਚ-ਵਿੱਚ ਹੁੰਗਾਰਾ ਭਰਦਾ ਰਿਹਾ।

ਕਾਫ਼ੀ ਦੇਰ ਬਾਅਦ ਮੈਨੂੰ ਪਤਾ ਲੱਗਾ ਕਿ ਨੰਜੋ ਹੁਣ ਅਪਣੇ ਪਤੀ ਨਾਲ ਹੁਸ਼ਿਆਰਪੁਰ ਰਹਿੰਦੀ ਸੀ। ਸ਼ਾਇਦ ਹੁਣ ਉਹ ਇਹ ਗੀਤ ਨਾ ਹੀ ਗੁਣਗੁਣਾਉਂਦੀ ਹੋਵੇ, ਕਿਉਂਕਿ ''ਪਰਾਇਆ ਪੁੱਤ'' ਉਸਦੇ ਕੋਲ ਸੀ।

---

## ਸੁਖ਼ਨ ਸਾਜ਼

ਸੁਲੱਖਣ ਸਰਹੱਦੀ



# ਸਮਰੱਥ ਗ਼ਜ਼ਲਕਾਰ ਪਾਲ ਢਿੱਲੋਂ (ਕੈਨੇਡਾ)

ਪੰਜਾਬੀ ਗ਼ਜ਼ਲ ਪੰਜਾਬੀਆਂ ਦੀ ਉਂਗਲ ਫੜ੍ਹ ਕੇ ਅੰਤ ਕਦੇ ਗੰਧਾੜੇ ਚੜ੍ਹ ਕੇ ਉਹਨਾਂ ਦੇ ਨਾਲ ਹੀ ਵਲੈਤ ਵੀ ਚਲੀ ਗਈ। ਕੀ ਕੈਨੇਡਾ, ਕੀ ਅਮਰੀਕਾ ਜਾਂ ਇੰਗਲੈਂਡ-ਆਸਟਰੇਲੀਆ, ਅੱਜ ਪੰਜਾਬੀ ਗ਼ਜ਼ਲ ਹਰ ਉਸ ਦੇਸ ਵਿਚ ਬਾਖ਼ੂਬੀ ਲਿਖੀ ਜਾ ਰਹੀ ਹੈ, ਜਿੱਥੇ ਵੀ ਪੰਜਾਬੀ ਵੱਸਦੇ ਹਨ।



ਪਾਲ ਢਿੱਲੋਂ ਸ. ਰਜਿੰਦਰ ਸਿੰਘ ਦੇ ਘਰ ਪਿੰਡ ਗੁਗਦਿਆ, ਜ਼ਿਲ੍ਹਾ ਜਲੰਧਰ ਵਿਖੇ ਪੈਦਾ ਹੋਇਆ ਸੀ। ਉਸ ਨੇ ਗ੍ਰੈਜ਼ੂਏਸ਼ਨ ਸਿੱਖ ਨੈਸ਼ਨਲ ਕਾਲਜ ਬੰਗਾ ਤੋਂ 1977 ਵਿਚ ਕੀਤੀ। ਐਮ.ਪੀ.ਐੱਡ ਦੀ ਡਿਗਰੀ ਉਸਨੇ ਪੰਜਾਬ ਯੂਨੀਵਰਸਿਟੀ ਤੋਂ 1980 ਵਿਚ ਹਾਸਿਲ ਕੀਤੀ। ਇਹ ਡਿਗਰੀਆਂ ਖੇਡਾਂ ਦੇ ਮੈਦਾਨ ਦੀਆਂ ਸਨ ਪਰੰਤੂ ਪਾਲ ਨੂੰ ਤਾਂ ਸੁਖਨ ਦੀ ਗਰਾਊਂਡ ਉਡੀਕਦੀ ਸੀ।

ਉਹਨੂੰ ਵਤਨ ਛੱਡ ਕੇ ਕੈਨੇਡਾ ਵੱਸਣਾ ਪਿਆ। ਹਥਲੀ ਪੁਸਤਕ ਤੋਂ ਪਹਿਲਾਂ ਉਹ ਖ਼ੂਬਸੂਰਤ ਪੰਜ ਗ਼ਜ਼ਲ ਸੰਗ੍ਰਹਿ 'ਜੰਗਲ ਪਹਾੜ ਝੀਲਾਂ, ਬਰਫ਼ਾਂ ਲੱਦੇ ਰੁੱਖ, ਖ਼ੁਸ਼ੀ ਖ਼ੁਸ਼ਬੂ ਖ਼ੁਮਾਰੀ, ਦਿਸਹੱਦੇ ਤੋਂ ਪਾਰ ਅਤੇ ਖੰਨਿਉਂ ਤਿੱਖਾ ਸਫ਼ਰ' ਛਪ ਚੁੱਕੇ ਹਨ। ਪਾਲ ਢਿੱਲੋਂ ਦੀਆਂ ਗ਼ਜ਼ਲਾਂ ਦਾ ਵਿਸ਼ਾ ਅਤੇ ਤਕਨੀਕੀ ਪੱਖ ਦੋਵੇਂ ਹੀ ਸਲਾਹੁਣਯੋਗ ਹਨ। ਵਿਰਲੇ ਸ਼ਾਇਰ ਹੀ ਐਨੀ ਸ਼ਿੱਦਤ ਨਾਲ ਗ਼ਜ਼ਲ ਨਾਲ ਜੁੜੇ ਹਨ। ਪਰਵਾਸੀ ਗ਼ਜ਼ਲ ਸ਼ਾਇਰਾਂ ਵਿਚ ਉਹਦਾ ਉੱਭਰਵਾਂ ਨਾਮ ਹੈ।

ਆਓ ਉਸਦੇ ਨਵੇਂ ਗ਼ਜ਼ਲ ਸੰਗ੍ਰਹਿ ਖੰਨਿਉਂ ਤਿੱਖਾ ਸਫ਼ਰ ਵਿਚੋਂ ਕੁਝ ਗ਼ਜ਼ਲਾਂ ਦਾ ਆਨੰਦ ਮਾਣਦੇ ਹਾਂ।

---

ਦਰਦ ਕਿੰਨਾਂ ਕੁ ਜਰਿਆ ਇਹ ਰੁੱਖਾਂ ਤੋਂ ਪੁੱਛ
ਪੱਤੇ ਜਦ ਵੀ ਉਨਾਂ ਤੋਂ ਝੜੇ ਹੋਣਗੇ
ਓਸ ਜੰਗਲ 'ਚੋਂ ਮੁਸ਼ਕਿਲ ਬੜਾ ਲੰਘਣਾ
ਰੁੱਖ ਜਿੱਥੇ ਉਦਾਸੇ ਖੜੇ ਹੋਣਗੇ।

ਬਲ਼ਦੇ ਜੰਗਲ ਦੇ ਵਿੱਚੋਂ ਬਚੇ ਨੇ ਓਹੀ
ਹੌਂਸਲੇ ਨਾਲ ਜਿਹੜੇ ਓੜੇ ਹੋਣਗੇ
ਰੀਂਘਦੇ ਪਰਤ ਆਏ ਜੋ ਅਪਨੇ ਘਰੀਂ
ਪਰ ਉਨਾਂ ਪੰਛੀਆਂ ਦੇ ਸੜੇ ਹੋਣਗੇ।

ਜ਼ਿੰਦਗੀ ਤੇ ਮੌਤ ਵਿਚਲਾ ਫ਼ਾਸਲਾ
ਹੈ ਨਹੀਂ ਪਰ ਕਹਿਣ ਨੂੰ ਹੈ ਬੜਾ।

ਨੇੜਿਓਂ ਜਿਸ ਨੇ ਵੀ ਤੱਕਿਆ ਮੌਤ ਨੂੰ
ਮੌਤ ਦਾ ਡਰ ਓਸ ਦੇ ਸਿਰ 'ਤੇ ਖੜਾ।

ਜ਼ਿੰਦਗੀ ਤੇ ਮੌਤ ਦੀ ਇਸ ਖੇਡ ਵਿਚ
ਜ਼ਿੰਦਗੀ ਨੇ ਆਖਰਾਂ ਨੂੰ ਹਾਰਨਾ।

ਸਬਜ ਪੱਤੇ ਹੋਣ ਨਾ ਜਿਸ ਸ਼ਾਖ਼ 'ਤੇ
ਫ਼ਲ ਐਸੀ ਸ਼ਾਖ਼ 'ਤੇ ਨਾ ਲੱਗਿਆ।

ਮਰਨ ਜੰਮਣ ਜੇ ਖ਼ੁਦਾ ਦੇ ਹੱਥ ਵਿਚ ਹੈ
ਫੇਰ ਕਿਉਂ ਬੰਦੇ ਨੂੰ ਬੰਦਾ ਮਾਰਦਾ।

ਵਕਤ ਕਰਦਾ ਨਾ ਕਿਸੇ ਦਾ ਹੀ ਲਿਹਾਜ
ਵਕਤ ਨੇ ਹੈ ਕਦ ਕਿਸੇ ਨੂੰ ਬਖ਼ਸ਼ਿਆ।

ਆਦਮੀ ਤਾਂ ਹੈ ਮੁਸਾਫ਼ਿਰ 'ਪਾਲ' ਜੀ
ਆ ਗਿਆ ਦੁਨੀਆ 'ਤੇ ਆ ਕੇ ਤੁਰ ਗਿਆ।

******

ਕਰ ਸਕੋ ਤਾਂ ਪੌਣ ਖ਼ਾਤਿਰ ਇਸ ਤਰ੍ਹਾ ਕੁਝ ਕਰ ਦਿਓ
ਕਰ ਸਕੇ ਆਰਾਮ ਇਹ ਵੀ ਏਸ ਨੂੰ ਇਕ ਘਰ ਦਿਓ।

ਸ਼ੋਰ ਆਪੇ ਚੁੱਪ ਹੋ ਜਾਣਾ ਹੈ ਪਰ ਵਿਚ ਖ਼ੁਦ-ਬ-ਖ਼ੁਦ
ਚੁੱਪ ਕਰਕੇ ਚੁੱਪ ਦੀ ਸਰਦਲ 'ਤੇ ਚੁੱਪ ਨੂੰ ਧਰ ਦਿਓ।

ਮਹਿਕ ਨੂੰ ਚੋਰੀ ਨਾ ਕਰਕੇ ਪੌਣ ਨਾ ਹੁਣ ਲੈ ਜਾ ਸਕੇ
ਮਹਿਕਦੇ ਫੁੱਲਾਂ ਦੁਆਲੇ ਕੰਧ ਉੱਚੀ ਕਰ ਦਿਓ।

ਹੁਣ ਡਰਾਵੇ ਨਾ ਹਨੇਰਾ ਵੀ ਕਿਸੇ ਨੂੰ ਏਸ ਵਿਚ
ਰੋਸ਼ਨੀ ਦੇ ਰੰਗ ਨੀਲ਼ੇ, ਲਾਲ, ਪੀਲ਼ੇ ਭਰ ਦਿਓ।

ਕਰ ਲਿਆ ਹੈ ਮੈਂ ਤਾਂ ਨਿਰਣਾ ਹੁਣ ਤੁਸੀਂ ਵੀ ਕਰ ਲਓ
ਮੁਸਕਰਾਉਣਾ ਹਾਰ ਕੇ ਵੀ ਹਾਰ ਕੋਲੋਂ ਹਰ ਦਿਓ।

ਵਕਤ ਕਿਓਂ ਰੁਕਦਾ ਨਹੀਂ ਹੈ, ਕਿਓਂ ਨਹੀਂ ਰੁਕਦੀ ਹਵਾ
ਹੈ ਤੁਹਾਡੇ ਕੋਲ ਤਾਂ ਇਸ ਦਾ ਕੋਈ ਉੱਤਰ ਦਿਓ।

*****

ਹਰ ਕਦਮ ਅਪਣਾ ਸੋਚ ਕੇ ਤੂੰ ਧਰੀਂ
ਜ਼ਿੰਦਗੀ ਮੁਸ਼ਕਿਲਾਂ ਪਰ ਕਦੇ ਨਾਂ ਡਰੀਂ
ਹੌਂਸਲੇ ਨਾਲ ਮੰਜ਼ਿਲ 'ਤੇ ਤੂੰ ਪਹੁੰਚਣਾਂ
ਤੇਰੇ ਰਾਹਾਂ 'ਚ ਪੱਥਰ ਬੜੇ ਹੋਣਗੇ।

ਚਿਹਰਿਆਂ ਤੋਂ ਇਬਾਰਤ ਵਫ਼ਾ ਦੀ ਪੜ੍ਹੀ
ਦੀਦਿਆਂ 'ਚੋਂ ਮੁਹੱਬਤ ਦਿਸੀ ਛਲਕਦੀ
ਦੋਸਤੀ ਦਾ ਉਹ ਖ਼ੁਦ ਆਪ ਪੈਗਾਮ ਨੇ
ਹੱਥ ਵਿਚ ਫੁੱਲ ਜਿਨ੍ਹਾਂ ਦੇ ਫੜੇ ਹੋਣਗੇ।

ਪੱਤ ਬਿਖਰੇ ਪਏ ਟ੍ਹਾਣ ਟੁੱਟੇ ਪਏ
ਕੁਝ ਜੜ੍ਹਾਂ ਤੋਂ ਹੀ ਲਗਦਾ ਨੇ ਪੁੱਟੇ ਗਏ
ਜਾਪਦਾ ਹੈ ਕਿ ਇਹ ''ਪਾਲ'' ਦੇ ਵਾਂਗ ਹੀ
ਬਿਰਖ਼ ਝੱਖੜ ਦੇ ਅੱਗੇ ਅੜੇ ਹੋਣਗੇ।

*****

ਜੇ ਰਹੇ ਨਾ ਸਿਰ ਧੜਾਂ 'ਤੇ, ਕੀ ਕਰਾਂਗੇ ਕਲ਼ਗੀਆਂ ਨੂੰ
ਜਾਨ ਤੋਂ ਵੀ ਵੱਧ ਮੁਹੱਬਤ, ਜੇ ਕਰਾਂਗੇ ਕੁਰਸੀਆਂ ਨੂੰ।

ਰਲ਼ ਗਏ ਸਾਹਿਲ ਤੂਫ਼ਾਨਾਂ ਨਾਲ ਲੱਗਣਾ ਪਾਰ ਕਿੱਦਾਂ

ਹੌਂਸਲੇ ਦੇ ਨਾਲ ਕੁਝ ਸੋਚੋ ਸੰਭਾਲੋ ਕਿਸ਼ਤੀਆਂ ਨੂੰ।
ਉਹ ਬਣੂ ਆਤੰਕਵਾਦੀ ਤੇ ਫੜੂ ਹਥਿਆਰ ਹੱਥ ਵਿਚ
ਸਹਿ ਨਹੀਂ ਸਕਦਾ ਜੋ ਅਪਣੇ ਦਿਲ 'ਚ ਰੀਝਾਂ ਮਰਦੀਆਂ ਨੂੰ।

ਸ਼ਾਂਤ ਰਹਿਣੇ ਦਾ ਸੁਨੇਹਾ ਦੇਣ ਦੇ ਕਾਬਿਲ ਹੈ ਉਹ ਹੀ
ਅਪਣੇ ਤੋਂ ਦੂਰ ਜਿਸ ਨੇ ਰੱਖਿਆ ਹੈ ਤਲਖ਼ੀਆਂ ਨੂੰ।

ਅਮਨ ਦਾ ਜੇਕਰ ਸੁਨੇਹਾ ਹਰ ਨਗਰ ਹਰ ਘਰ ਪਹੁੰਚਾਉਣਾ
ਕਰ ਮੁਹੱਬਤ ਸ਼ਿਕਰਿਆਂ ਨੂੰ, ਦੇ ਹਿਫ਼ਾਜ਼ਤ ਤਿਤਲੀਆਂ ਨੂੰ

ਸਿਰ 'ਤੇ ਰਹਿਣੀ ਨਾ ਪਰਾਈ ਛਾਂ ਹਮੇਸ਼ਾ ਰਸਤਿਆਂ ਵਿਚ
ਤੁਰ ਪਏ ਹੋ ਜੇ ਸਫ਼ਰ 'ਤੇ ਕੋਲ ਰੱਖੋ ਛਤਰੀਆਂ ਨੂੰ।

ਬਾਹਰ ਤਾਂ ਕਰਦੈਂ ਸੁਤੰਤਰਤਾ ਦੀ ਗੱਲ ਸਭ ਨਾਲ ਤੂੰ ਪਰ
ਸ਼ੌਂਕ ਨੂੰ ਘਰ ਪਿੰਜਰੇ ਵਿਚ ਕੈਦ ਕੀਤਾ ਪੰਛੀਆਂ ਨੂੰ।

*****

# ਮੁੜ ਜਾਣਾ ਅਸੀਂ ਤਾਂ ਭਰੇ ਭਰਾਏ...

ਸੁਰਜੀਤ ਮਾਨ

**ਭਾਵੇਂ** ਸੈਂਤੀ ਵਰ੍ਹੇ ਹੋ ਗਏ ਹਨ ਸ਼ਿਵ ਕੁਮਾਰ ਨੂੰ ਜੋਬਨ ਰੁੱਤੇ ਆਈ ਸ਼ਾਇਦ ਖ਼ੁਦ ਬੁਲਾਈ-ਮਰਗ ਦੇ ਗਲ਼ ਲੱਗਿਆ, ਪਰ ਉਸਦੀ ਸ਼ੁਹਰਤ, ਕੁਛ ਕਥਿੱਤ ਦੋਸਤਾਂ ਅਤੇ ਕੁਛ ਈਰਖ਼ਾਲੂ, ਅਦਨੇ ਕਵੀਆਂ ਦੇ ਨਿੰਦਿਆ-ਪਾਠ ਦੇ ਬਾਵਜੂਦ ਪ੍ਰਚੰਡ ਦਾਵਾਨਲ ਵਾਂਗ ਦਿਨੋਂ-ਦਿਨ ਵਧੇਰੇ ਵਧਦੀ ਜਾ ਰਹੀ ਹੈ ਅਤੇ ਸ਼ਾਇਰੀ ਹੋਰ ਨਿੱਖਰਦੀ ਜਾ ਰਹੀ ਹੈ। ਮਹਾਨ ਕਵੀ ਆਲੋਚਕ ਟੀ.ਐਸ. ਈਲੀਅਟ ਅਨੁਸਾਰ 'ਕਵਿਤਾ ਕਿਸੇ ਫਲਸਫ਼ੇ, ਥੀਔਲੋਜੀ ਜਾਂ ਧਰਮ ਦਾ ਬਦਲ ਨਹੀਂ ਹੁੰਦੀ। ਇਸਦਾ ਅਪਣਾ ਹੀ ਰੰਗ ਹੁੰਦਾ ਹੈ, ਸੁਨੇਹਾ ਹੁੰਦਾ ਹੈ, ਜੋ ਬੁੱਧੀ ਨਾਲ ਨਹੀਂ ਭਾਵਨਾਵਾਂ ਨਾਲ ਸਬੰਧਤ ਹੁੰਦਾ ਹੈ।' ਸ਼ਿਵ ਕੁਮਾਰ ਨੂੰ ਇਸਦਾ ਅਚੇਤੇ ਹੀ ਪਤਾ ਸੀ, ਇਸ ਲਈ ਉਸਨੇ ਕਵਿਤਾ ਨੂੰ ਕਿਸੇ 'ਵਾਦ' ਨਾਲ ਨਹੀਂ ਜੋੜਿਆ।

ਉਸ ਦੇ ਬਾਰ੍ਹਾਂ ਵਰ੍ਹਿਆਂ (1961-1973) ਦੇ ਰਚਨਾਤਮਕ ਸਫ਼ਰ ਤੋਂ ਪਤਾ ਲੱਗਦਾ ਹੈ ਕਿ ਉਸ ਦਾ ਸਫ਼ਰ ਸਿਖ਼ਰ ਤੋਂ ਸਿਖ਼ਰ ਤੱਕ ਦਾ ਸੀ। ਉਸ ਦੀ ਕਵਿਤਾ ਨੂੰ ਪੜਾਵਾਂ ਵਿਚ ਨਹੀਂ ਵੰਡਿਆ ਜਾ ਸਕਦਾ ਅਤੇ ਨਾ ਹੀ ਉਸ ਵਿਚ ਕੋਈ ਰਸਮੀ ਵਿਕਾਸ ਹੈ। ਇਹੋ ਸੱਚ ਉਸਦੀ ਸ਼ੁਹਰਤ ਦਾ ਵੀ ਹੈ। ਅਪਣੀ ਪਹਿਲੀ ਪੁਸਤਕ 'ਪੀੜਾਂ ਦਾ ਪਰਾਗਾ' ਤਾਂ ਕੀ, ਉਹ ਤਾਂ ਅਪਣੀ ਪਹਿਲੀ ਬਹੁ-ਚਰਚਿਤ ਕਵਿਤਾ 'ਕੰਡਿਆਲੀ ਥੋਹਰ' ਨਾਲ ਹੀ ਪੰਜਾਬੀ ਕਵਿਤਾ 'ਚ ਵਿਲੱਖਣ ਹਸਤਾਖ਼ਰ ਬਣ ਗਿਆ ਸੀ। ਇਹ ਵੀ ਸੱਚ ਹੈ ਕਿ ਸ਼ਿਵ ਕੁਮਾਰ ਤੋਂ ਪਹਿਲੇ ਕਵੀ-ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਪ੍ਰੀਤਮ ਸਿੰਘ ਸਫ਼ੀਰ, ਬਾਵਾ ਬਲਵੰਤ ਅਤੇ ਹਰਿਭਜਨ ਸਿੰਘ ਪੰਜਾਬ ਅਤੇ ਪੰਜਾਬੀ ਤੋਂ ਬਾਹਰ ਘੱਟ ਹੀ ਜਾਣੇ ਜਾਂਦੇ ਸਨ। ਲੱਗਦਾ ਨਹੀਂ ਕਿ ਕਿਸੇ ਭਾਰਤੀ ਕਵਿਤਾ ਸੰਗ੍ਰਹਿ ਵਿਚ ਕਿਸੇ ਪੰਜਾਬੀ ਕਵੀ ਦੀ ਰਚਨਾ ਦੀ ਸ਼ਮੂਲੀਅਤ ਕੀਤੀ ਗਈ ਹੋਵੇ, ਪਰੰਤੂ ਸ਼ਿਵ ਕੁਮਾਰ ਨੇ ਇਸ ਨੂੰ ਕੌਮੀ ਪੱਧਰ 'ਤੇ ਪਹੁੰਚਾਇਆ ਅਤੇ ਬਣਦਾ ਸਤਿਕਾਰ ਦਿਵਾਇਆ। ਅੰਤਰ-ਭਾਸ਼ਾਈ ਕਵੀ ਦਰਬਾਰਾਂ ਵਿਚ ਵੀ ਉਸਦੀ ਆਮਦ ਨੂੰ ਤਾਂਘ ਲਈ ਉਡੀਕਿਆ ਜਾਂਦਾ ਅਤੇ ਉਸਦੀ ਕਵਿਤਾ ਨੂੰ ਸਭ ਤੋਂ ਵੱਧ ਦਾਦ ਮਿਲਦੀ। ਜਦੋਂ ਉਹ ਡੋਰਿਆਂ ਵਾਲੇ ਨੈਣਾਂ ਨਾਲ ਅਪਣੀ 'ਲਟਕੰਦੜੀ' ਚਾਲ ਵਿਚ ਸਟੇਜ ਵੱਲ ਜਾਂਦਾ (ਅਕਸਰ ਕੁਝ ਲੇਟ) ਸਰੋਤਿਆਂ ਵਿਚ ਖੁਸ਼ੀ ਦੀ ਲਹਿਰ ਦੌੜ ਜਾਂਦੀ। ''ਔਹ ਆ ਗਿਆ ਸ਼ਿਵ ਕੁਮਾਰ'' ਇਕ ਦੂਜੇ ਨੂੰ ਦੱਸਿਆ ਜਾਂਦਾ। 'ਸੁਣਨ' ਦੇ ਨਾਲ-ਨਾਲ ਉਸਨੂੰ 'ਵੇਖਣਾ' ਵੀ ਮਾਣ ਵਾਲੀ ਗੱਲ ਸੀ। ਯਾਦ ਹੈ ਮੈਨੂੰ ਸਤੰਬਰ, 1970 ਵਿਚ ਸਰਕਾਰੀ ਕਾਲਜ, ਲੁਧਿਆਣੇ ਹੋਇਆ ਵਿਸ਼ਾਲ ਮੁਸ਼ਾਇਰਾ, ਜਿਸ ਵਿਚ ਸ਼ਿਰਕਤ ਕਰ ਰਹੇ ਸਨ ਕੈਫ਼ੀ ਆਜ਼ਮੀ, ਮਜਰੂਹ ਸੁਲਤਾਨਪੁਰੀ, ਬਸ਼ੀਰ ਬਦਰ, ਪੰਡਤ ਨੀਰਜ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਵਰਗੇ ਕੱਦਵਾਰ ਕਵੀ ਅਤੇ ਜਿਸ ਦੀ ਸਦਾਰਤ ਕਰ ਰਿਹਾ ਸੀ ਸ਼ਾਹਿਰ ਲੁਧਿਆਣਵੀ, ਪਰ ਮੁਸ਼ਇਰਾ 'ਲੁੱਟਿਆ' ਸ਼ਿਵ ਨੇ ਅਪਣੇ ਗੀਤ ''ਕੀ ਪੁੱਛਦੇ ਓ ਹਾਲ ਫ਼ਕੀਰਾਂ ਦਾ.....'' ਨਾਲ।

ਸ਼ਿਵ ਕੁਮਾਰ ਦੀ ਸਭ ਤੋਂ ਵੱਧ ਸਵੀਕਾਰੀ ਅਤੇ ਸਰਾਹੀ ਰਚਨਾ 'ਲੂਣਾ' ਹੈ, ਜਿਸ ਲਈ ਉਸਨੂੰ ਸਾਹਿਤ ਅਕੈਡਮੀ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ, ਜਦੋਂ ਉਹ ਸਿਰਫ਼ ਸਤਾਈ ਵਰ੍ਹਿਆਂ ਦਾ ਸੀ। ਲੂਣਾ ਰਾਜੇ ਸਲਵਾਨ ਦੀ ਦੂਸਰੀ ਰਾਣੀ ਸੀ ਅਤੇ ਭਗਤ ਪੂਰਨ ਦੀ ਹਮਉਮਰ ਮਾਂ। ਭਗਤ ਪੂਰਨ ਦੇ ਕਿੱਸੇ ਦਾ ਸਿਰਲੇਖ ਲੂਣਾ ਰੱਖ ਕੇ ਸ਼ਿਵ ਕੁਮਾਰ ਨੇ ਇਸ ਦੇ ਅਰਥ ਹੀ ਬਦਲ ਦਿੱਤੇ। ਉਸ ਲਈ ਇਹ ਪੂਰਨ ਦੇ ਜਤ-ਸਤ ਦਾ ਗਾਇਨ ਨਹੀਂ, ਸਗੋਂ ਲੂਣਾ ਨਾਲ ਹੋਏ ਅਨਿਆਂ ਅਤੇ ਜ਼ੁਲਮ ਦੀ ਦਰਦਵੰਦ ਗਾਥਾ ਹੈ। ਲੂਣਾ ਜੁੱਗਾਂ-ਜੁੱਗਾਂਤਰਾਂ ਤੋਂ ਹੋ ਰਹੇ ਗ਼ਰੀਬ, ਪਰ ਹੁਸਨਵਾਨ ਤੇ ਵਹਿਸ਼ੀਆਨਾ ਜ਼ੁਲਮਾਂ ਨੂੰ ਨੰਗਾ ਕਰਦੀ ਹੈ ਅਤੇ ਉਹ ਵੀ ਭਾਵੁਕ ਨਹੀਂ ਤਰਕ ਦੇ ਮੁਹਾਵਰੇ ਰਾਹੀਂ-

''ਚਰਿੱਤਰਹੀਣ **ਤਾਂ, ਫਿਰ ਕੋਈ ਆਖੇ,**
ਜੇਕਰ ਲੂਣਾ ਵੇਚੇ ਹਾਸੇ,
ਪਰ ਜੇ ਵਰ ਨਾ ਲੱਭਣ ਮਾਪੇ,
ਵਰ ਲੱਭਣ ਵਿਚ ਗੱਲ ਕੀ ਹੈ ਅਪਮਾਨ ਦੀ
ਮੈਂ ਪੂਰਨ ਦੀ ਮਾਂ ਪੂਰਨ ਦੇ ਹਾਣ ਦੀ।''

**ਸਲਵਾਨ** 'ਕੋਹ-ਕੋਹ ਲੰਬੇ ਵਾਲ਼ਾਂ ਵਾਲੀ, ਭਾਰੇ ਜਿਹੇ ਨਿਤੰਭਾ ਵਾਲੀ' ਨੂੰ ਮਹਿਲੀਂ ਤਾਂ ਲੈ ਆਉਂਦਾ ਹੈ, ਪਰ ਉਸਦੀ ਇੱਛਾ ਅਤੇ ਚੇਤਨਤਾ 'ਤੇ ਰਾਜ ਨਹੀਂ ਕਰ ਸਕਦਾ। ਸ਼ਿਵ ਕੁਮਾਰ ਖ਼ੁਦ ਲੂਣਾ ਦੇ ਦੁਖਾਂਤ ਬਾਰੇ ਇੰਜ ਮਹਿਸੂਸਦਾ ਸੀ।

''ਲੂਣਾ ਬਾਰੇ ਮੇਰੇ ਅੰਦਰ ਜੋ ਤਸਵੀਰ ਬਣਦੀ ਸੀ, ਉਹ ਇਕ ਅਤਿ ਸੁੰਦਰ ਅਤੇ ਭਰੀ ਹੋਈ ਡੁੱਲ੍ਹ-ਡੁੱਲ੍ਹ ਪੈਂਦੀ ਜੁਆਨ ਔਰਤ ਦੀ ਸੀ। ਇਸ ਦੇ ਉਲਟ ਸਲਵਾਨ ਉਹ ਰਾਜਾ, ਜਿਸ ਦੇ ਮੂੰਹ 'ਤੇ ਝੁਰੜੀਆਂ ਅਤੇ ਹੱਥਾਂ 'ਚ ਮੌਤ ਹੋਵੇ, ਇਕ ਫ਼ਜ਼ੂਲ ਜਿਹਾ ਬੰਦਾ, ਮੈਨੂੰ ਬਹੁਤਾ ਯਾਦ ਨਹੀਂ ਹੈ ਇੰਜ ਕਿਉਂ ਲਿਖਣਾ ਚਾਹਿਆ ਸੀ।'' ਜਦੋਂ 'ਲੂਣਾ' ਲਈ ਉਸਨੂੰ ਪੁਰਸਕਾਰ ਮਿਲਿਆ, ਉਹ ਬਹੁਤ ਉਦਾਸ ਲੱਗ ਰਿਹਾ ਸੀ। ਜਦੋਂ ਕਿਸੇ ਨੇ ਪੁੱਛਿਆ, ਉਸਦਾ ਜਵਾਬ ਸੀ :

''ਮੈਨੂੰ ਖੁਸ਼ੀ ਤਾਂ ਜ਼ਰੂਰ ਹੈ ਇੰਨੀ ਨਿੱਕੀ ਉਮਰੇ ਇਹ ਪੁਰਸਕਾਰ ਮਿਲਿਆ ਹੈ, ਪਰ ਮੇਰੇ ਅੰਦਰ ਅਪਣਾ ਕੋਈ ਨਿੱਜੀ ਗ਼ਮ ਹੋਣ ਕਰਕੇ, ਸ਼ਾਇਦ ਇੰਨਾ ਖੁਸ਼ ਨਾ ਹੋ ਸਕਾਂ। ਨਾਲ ਕਿਸੇ ਕਵੀ ਲਈ ਅਸਲੀ ਪੁਰਸਕਾਰ ਉਹੀ ਹੁੰਦਾ ਹੈ, ਜੋ ਉਸਨੂੰ ਪਾਠਕ ਦਿੰਦੇ ਨੇ।''

ਪਾਠਕਾਂ ਅਤੇ ਸਰੋਤਿਆਂ ਨੇ ਤਾਂ ਜੋ ਪੁਰਸਕਾਰ ਸ਼ਿਵ ਕੁਮਾਰ ਨੂੰ ਦਿੱਤਾ ਅਤੇ ਦੇ ਰਹੇ ਹਨ, ਉਹ ਕਿਸੇ ਹੋਰ ਪੰਜਾਬੀ ਕਵੀ ਨੂੰ ਨਹੀਂ ਮਿਲਿਆ।



ਅੰਗਰੇਜ਼ੀ ਦੇ ਬਹੁ-ਚਰਚਿਤ ਲੇਖਕ ਡੀ.ਐਚ. ਲਾਅਰੈਂਸ ਦਾ ਕਹਿਣਾ ਸੀ ਅਤੇ ਠੀਕ ਵੀ ਹੈ, ਕਿ ''ਆਲੋਚਨਾ ਕਵਿਤਾ ਦੀ ਹੋਣੀ ਚਾਹੀਦੀ ਹੈ, ਕਵੀ ਦੀ ਨਹੀਂ'' ਪਰ ਸ਼ਿਵ ਕੁਮਾਰ ਦੀ ਕਥਿੱਤ ਆਲੋਚਨਾ ਇਸ ਤੋਂ ਉਲਟ ਹੈ। ਹਰੇਕ ਨੇ ਉਸ ਨਾਲ ਅਪਣੀ ਨੇੜਤਾ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਜਾਂ ਕੁਝ ਫਜ਼ੂਲ ਜਿਹੀਆਂ ਨਿੱਜੀ ਗੱਲਾਂ। ਮਸਲਨ ਇਹ ਕਿ ਉਹ ਦਾਰੂ ਬਹੁਤ ਪੀਦਾਂ ਸੀ, ਕੁੜੀਆਂ-ਕੱਤਰੀਆਂ ਵਿਚ ਘਿਰਿਆ ਰਹਿੰਦਾ ਸੀ, ਜਿਸ ਦਾ ਉਸਦੀ ਕਵਿਤਾ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ।

ਇਹ ਹਲਕੀ ਪਰ ਹੈਰਾਨ ਕਰਨ ਵਾਲੀ ਗੱਲ ਹੈ। ਸ਼ਿਵ ਕੁਮਾਰ ਨੂੰ 'ਬਟਾਲਵੀ' ਦੇ ਤਖ਼ੱਲੁਸ ਨਾਲ ਬਹੁਤ ਚਿੜ੍ਹ ਸੀ, ਨਫ਼ਰਤ ਸੀ। ਉਸ ਦੀ ਕਿਸੇ ਵੀ ਕਵਿਤਾ ਜਾਂ ਕਿਤਾਬ ਉੱਪਰ ਉਸ ਨੇ ਕਦੇ ਵੀ ਅਪਣੇ ਨਾਂ ਸ਼ਿਵ ਕੁਮਾਰ ਨਾਲ 'ਬਟਾਲਵੀ' ਨਹੀਂ ਲਿਖਿਆ। ਉਹ ਆਖਦਾ ਹੁੰਦਾ ਸੀ, ''ਬਟਾਲਵੀ ਸ਼ਬਦ ਤੋਂ ਮੈਨੂੰ ਸਾਡੇ ਸ਼ਹਿਰ ਦੀ ਮੰਡੀ 'ਚ ਪਈਆਂ ਕਹੀਆਂ, ਸੱਬਲਾਂ, ਹਥੌੜੀਆਂ, ਸੰਗਲ ਅਤੇ ਦਾਤੀਆਂ-ਖੁਰਪੇ ਯਾਦ ਆ ਜਾਂਦੇ ਹਨ। ਪਤਾ ਨਹੀਂ ਇਹ ਬਟਾਲਵੀ ਤਖ਼ੱਲੁਸ ਮੇਰੇ ਚੰਗੇ-ਭਲੇ ਨਾਂ ਨਾਲ ਕੀਹਨੇ ਅਤੇ ਕਿਉਂ ਜੋੜ ਦਿੱਤਾ। ਵੈਸੇ ਵੀ ਪੰਜਾਬੀ ਕਵੀ ਅਪਣੇ ਨਾਂ ਵਿਗਾੜਨ ਵਿਚ ਮਸ਼ਹੂਰ ਹਨ।''

ਫਿਰ ਵੀ ਅਜਬ ਹੈਰਾਨੀ ਹੁੰਦੀ ਹੈ, ਜਦੋਂ ਸ਼ਿਵ ਕੁਮਾਰ ਨੂੰ ਬਿਰਹਾ ਦਾ ਕਵੀ ਕਿਹਾ ਜਾਂਦਾ ਹੈ, ਕਿਉਂਕਿ ਸ਼ੇਖ ਫਰੀਦ ਤੋਂ ਸੁਰਜੀਤ ਪਾਤਰ ਤੱਕ ਕਿਹੜਾ ਕਵੀ ਹੈ, ਜੋ ਬਿਰਹਾ ਵਿਹੂਣਾ ਹੈ? ਦੁੱਖ, ਵਿਯੋਗ, ਦਰੇਗ ਅਤੇ ਦਰਦ ਤਾਂ ਮਨੁੱਖ ਦੀ ਮੁੱਢਲੀ ਹੋਣੀ ਹੈ। ਖੁਸ਼ੀ, ਵਸਲ ਦੇ ਪਲ਼ ਤਾਂ ਛਿੰਨ ਭੰਗਰੇ ਹੀ ਹੁੰਦੇ ਹਨ।

ਗ਼ਾਲਿਬ ਤਾਂ ਜ਼ਿੰਦਗੀ ਅਤੇ ਗ਼ਮ ਨੂੰ ਸਮਾਨਾਰਥਕ ਹੀ ਸਮਝਦਾ ਹੈ। ਸ਼ਿਵ ਨੇ ਵੀ ਇਸ ਮਾਨਵੀ ਹੋਣੀ ਨੂੰ ਜ਼ੁਬਾਨ ਦਿੱਤੀ ਹੈ ਅਤੇ ਉਹ ਵੀ ਜਿਵੇਂ ਕੋਈ ਹੋਰ ਪੰਜਾਬੀ ਕਵੀ ਨਹੀਂ ਦੇ ਸਕਿਆ।

''ਹਾਏ ਨੀ ਧਰਤ ਸੁਹਾਵੀਏ, ਤੂੰ ਲਏ ਕੀ ਲੇਖ ਲਿਖਾ,
ਤੇਰਾ ਹਰ ਦਿਨ ਹੀ ਮਰ ਜਾਂਵਦਾ, ਲੈ ਕਿਰਨਾਂ ਦੀ ਫਾਹ।''

**ਸੰਤ** ਸਿੰਘ ਸੇਖੋਂ ਨੇ ਸ਼ਿਵ ਕੁਮਾਰ ਦੀ ਦੂਜੀ ਪੁਸਤਕ 'ਲਾਜਵੰਤੀ' ਦੇ ਮੁੱਖ ਬੰਧ ਵਿਚ ਕਿਹਾ ਸੀ, ''ਸ਼ਿਵ ਕੁਮਾਰ ਦਰਦ ਨੂੰ ਬੂਰੇ ਦੇ ਘਰ ਤੱਕ ਲੈ ਜਾਂਦਾ ਹੈ ਅਤੇ ਇਸੇ ਵਿਚ ਉਸਦੀ ਨਵੀਨਤਾ ਹੈ।'' ਵੈਸੇ ਵੀ-

''ਵਿਯੋਗੀ ਹੋਗਾ ਪਹਿਲਾ ਕਵੀ, ਆਹ ਸੇ ਉਪਜਾ ਹੋਗਾ ਗਾਨ,
ਉਮਡ ਕਰ ਆਖੋਂ ਸੇ ਚੁੱਪ-ਚਾਪ, ਵਹੀ ਹੋਗੀ ਕਵਿਤਾ ਅਨਜਾਨ।''

ਇਹੋ ਸੱਚ ਅਤੇ ਹੋਣੀ ਸ਼ਿਵ ਕੁਮਾਰ ਦੀ ਹੈ।

ਕਦੇ ਕਾਲੀਦਾਸ ਨੂੰ ਭਾਰਤੀ ਕਾਵਿ ਦਾ ਸ਼ੈਕਸਪੀਅਰ ਆਖਿਆ ਜਾਂਦਾ ਸੀ। ਅੱਜ ਇਹ ਸਮਾਨਤਾ ਸ਼ਿਵ ਕੁਮਾਰ ਅਤੇ ਕੀਟਸ ਵਿਚ ਵੇਖੀ ਜਾਂਦੀ ਹੈ। ਸੇਖੋਂ ਅਨੁਸਾਰ-ਸ਼ਿਵ ਕੁਮਾਰ ਦੇ ਦੁੱਖ ਉਥੋਂ ਸ਼ੁਰੂ ਹੁੰਦੇ ਹਨ, ਜਿੱਥੋਂ ਕੀਟਸ ਦੇ ਖ਼ਤਮ ਹੁੰਦੇ ਹਨ। ਦੋਵਾਂ ਦੇ ਨਿੱਕੀ ਉਮਰੇ ਤੁਰ ਜਾਣ ਤੋਂ ਬਿਨਾਂ ਵੀ ਕਈ ਇਕਸਾਰਤਾਵਾਂ ਹਨ। ਸਾਹਿਤਕ ਰਿਸ਼ਤੇ ਹਨ। ਕੀਟਸ ਵਾਂਗ ਸ਼ਿਵ ਕੁਮਾਰ ਦੀ ਕਵਿਤਾ 'ਚ ਦੋ ਸਮਕਾਲੀ ਵਿਸ਼ੇ ਬਹੁਤ ਭਾਰੂ ਹਨ- ਮੌਤ ਅਤੇ ਮੁਹੱਬਤ। ਕੀਟਸ ਦੀਆਂ ਕਵਿਤਾਵਾਂ ਅਤੇ ਖ਼ਤਾਂ ਤੋਂ ਪਤਾ ਲੱਗਦਾ ਹੈ ਕਿ ਉਸਨੂੰ ਅਪਣੀ ਆਉਣ ਵਾਲੀ ਦਰਦਨਾਕ ਮੌਤ (ਉਹ ਟੀ.ਬੀ. ਜੋਂ ਉਨ੍ਹੀਂ ਦਿਨੀਂ ਲਾਇਲਾਜ ਸੀ, ਦਾ ਮਰੀਜ਼ ਸੀ)। ਮਾਰੂ ਮੁਹੱਬਤ ਦਾ ਦੁੱਖ ਅਤੇ ਝੋਰਾ ਅੰਦਰੋਂ-ਅੰਦਰੀਂ ਖਾ ਰਿਹਾ ਸੀ। ਉਸ ਦੀ ਮਸ਼ਹੂਰ ਓਡ 'ਓਡ ਟੂ ਏ ਨਾਈਟਿੰਗੇਲ', ਸੌਨਟ 'ਬਰਾਈਟ ਸਟਾਰ' ਅਤੇ ਵ੍ਹੈਨ ਆਈ ਹੈਵ ਫੀਅਰਜ਼' ਵਿਚ ਇਹ ਬੇਵਸੀ ਵਾਰ-ਵਾਰ ਪ੍ਰਗਟਾਈ ਹੈ। ਉਸਦੇ ਅਪਣੇ ਸ਼ਬਦਾਂ 'ਚ ਮੇਰੀ ਮੌਤ ਦਾ ਭੈਅਨੁਮਾ ਪਲ਼ ਅਤੇ 'ਉਸਦਾ' ਸੁੰਦਰ ਚਿਹਰਾ ਹਮੇਸ਼ਾ ਮੇਰੇ ਅੰਗ-ਸੰਗ ਰਹਿੰਦੇ ਹਨ।

ਸ਼ਿਵ ਕੁਮਾਰ ਨੇ ਤਾਂ ਸਿੱਧੇ ਮੁਹਾਵਰੇ ਵਿਚ ਹੀ ਪੇਸ਼ੀਨਗੋਈ ਕੀਤੀ ਹੈ-

''ਅਸਾਂ ਤਾਂ ਜੋਬਨ ਰੁੱਤੇ ਮਰਨਾ,
ਮੁੜ ਜਾਣਾ ਅਸੀਂ ਭਰੇ-ਭਰਾਏ,
ਹਿਜਰ ਤੇਰੇ ਦੀ ਕਰ ਪਰਕਰਮਾ,
ਜੋਬਨ ਰੁੱਤੇ ਜੋ ਵੀ ਮਰਦਾ,
ਫੁੱਲ ਬਣੇ ਜਾਂ ਤਾਰਾ,
ਜੋਬਨ ਰੁੱਤੇ ਆਸ਼ਕ ਮਰਦੇ,
ਯਾ ਕੋਈ ਕਰਮਾਂ ਵਾਲਾ।''

**'ਲੂਣਾ'** ਵਿਚਲਾ ਸੱਪਣੀ ਦਾ ਪ੍ਰਤੀਕ ਕੀਟਸ ਦੀ ਲੰਬੀ ਕਵਿਤਾ 'ਐਨਡੀਮੀਅਨ' ਦੀ 'ਸਿੰਥੀਆ' ਅਤੇ 'ਲਾ ਬੈਲ ਦਾਮ ਸਾਂ ਮਰਸੀ' ਦੀ 'ਪਰੀ ਬੇਰਹਿਮ' ਨਾਲ ਮਿਲਦਾ ਹੈ। ਕੀਟਸ ਅਪਣੇ ਅਖ਼ੀਰਲੇ ਦਿਨੀਂ ਸਭ ਪਾਸਿਓਂ ਹਾਰ-ਟੁੱਟ ਕੇ, ਅੰਦਰੋਂ-ਬਾਹਰੋਂ ਟੁੱਟ ਕੇ, ਅਪਣੇ ਜਿਗਰੀ ਦੋਸਤ ਸੈਵਰਨ ਕੋਲ ਰਹਿਣ ਲੱਗ ਗਿਆ ਸੀ ਅਤੇ ਆਖ਼ਰੀ ਸਾਹ ਵੀ ਉਸਦੀਆਂ ਕੰਬਦੀਆਂ ਬਾਹਾਂ 'ਚ ਲਿਆ। ਸ਼ਿਵ ਵੀ ਸਾਰੇ ਸੰਗੀ-ਸਾਥੀਆਂ ਤੋਂ ਨਿਰਾਸ਼ ਹੋ ਕੇ ਅਪਣੇ ਸਹੁਰੇ ਘਰ ਕੀਰ ਮੰਗਿਆਲ ਆ ਗਿਆ ਸੀ ਅਤੇ ਆਖ਼ਰੀ ਸਾਹਾਂ ਵੇਲੇ, ''ਅਰੁਣਾ ਦੀਆਂ ਕੰਬਦੀਆਂ ਬਾਹਾਂ ਅਤੇ ਭਿੱਜੀਆਂ ਅੱਖਾਂ ਤੋਂ ਸਿਵਾ ਕੋਈ ਉਸ ਕੋਲ ਨਹੀਂ ਸੀ।''

ਅਪਣੀ ਨਿੱਜੀ ਜ਼ਿੰਦਗੀ 'ਚ ਵੀ ਸ਼ਿਵ ਕੁਮਾਰ ਕੀਟਸ ਦਾ ਇੰਨਾ ਸ਼ੈਦਾਈ ਸੀ, ਜਿੰਨਾ ਕੀਟਸ ਸ਼ੈਕਸਪੀਅਰ ਦਾ। ਜੇ ਕੀਟਸ ਸ਼ੈਕਸਪੀਅਰ ਵਰਗਾ ਬਣਨਾ ਚਾਹੁੰਦਾ ਸੀ, ਤਾਂ ਸ਼ਿਵ ਕੁਮਾਰ ਕੀਟਸ ਵਰਗਾ। ਉਹ ਅਕਸਰ ਜਜ਼ਬਾਤੀ ਹੋ ਕੇ ਭਰੇ ਦਿਲ ਨਾਲ ਆਖਦਾ ਹੁੰਦਾ ਸੀ-ਤੁਸੀਂ ਮੈਨੂੰ ਕੀਟਸ ਵਾਂਗ ਮੌਤ ਤੋਂ ਬਾਅਦ ਯਾਦ ਕਰਿਆ ਕਰੋਗੇ। ਇਹ ਨਿਕਲਿਆ ਵੀ ਸੱਚ।

ਅੰਗਰੇਜ਼ੀ ਦੇ ਬਹੁ-ਚਰਚਿਤ ਲੇਖਕ ਡੀ.ਐਚ. ਲਾਅਰੈਂਸ ਦਾ ਕਹਿਣਾ ਸੀ ਅਤੇ ਠੀਕ ਵੀ ਹੈ, ਕਿ ''ਆਲੋਚਨਾ ਕਵਿਤਾ ਦੀ ਹੋਣੀ ਚਾਹੀਦੀ ਹੈ, ਕਵੀ ਦੀ ਨਹੀਂ'' ਪਰ ਸ਼ਿਵ ਕੁਮਾਰ ਦੀ ਕਥਿੱਤ ਆਲੋਚਨਾ ਇਸ ਤੋਂ ਉਲਟ ਹੈ। ਹਰੇਕ ਨੇ ਉਸ ਨਾਲ ਅਪਣੀ ਨੇੜਤਾ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਜਾਂ ਕੁਝ ਫਜ਼ੂਲ ਜਿਹੀਆਂ ਨਿੱਜੀ ਗੱਲਾਂ। ਮਸਲਨ ਇਹ ਕਿ ਉਹ ਦਾਰੂ ਬਹੁਤ ਪੀਦਾਂ ਸੀ, ਕੁੜੀਆਂ-ਕੱਤਰੀਆਂ ਵਿਚ ਘਿਰਿਆ ਰਹਿੰਦਾ ਸੀ, ਜਿਸ ਦਾ ਉਸਦੀ ਕਵਿਤਾ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ। ਸਿਰਫ਼ ਇਕ ਉਦਹਾਰਣ- ''ਇਕ ਦਿਨ ਉਹ ਮੈਨੂੰ ਮਿਲਣ ਆਇਆ। ਆਖੇ- ਮੈਨੂੰ ਪਿਆ। ਮੈਂ ਬਹੁਤ ਛੇਤੀ ਮਰ ਜਾਣਾ ਹੈ। ਮੈਂ ਉਸਨੂੰ ਹਮੇਸ਼ਾਂ ਵਾਂਗ ਵਰਜਿਆ ਅਤੇ ਘੂਰਿਆ ਵੀ। ਐਨੇ ਨੂੰ ਇਕ ਵੱਡੀ ਗੱਡੀ ਵਾਲੀ ਸੁਨੱਖੀ ਕੁੜੀ ਆਈ ਅਤੇ ਉਸ ਨੂੰ ਨਾਲ ਲੈ ਗਈ।'' ਅਜਿਹੀਆਂ ਹੋਛੀਆਂ ਗੱਲਾਂ ਕਰਨ ਵਾਲੇ ਅਪਣੇ-ਆਪ ਨੂੰ ਲੇਖਕ ਵੀ ਸਮਝਦੇ ਹਨ। ਅਜਿਹੇ ਕਥਿੱਤ ਆਰਟੀਕਲ ਛਾਪਣ ਵਾਲਿਆਂ ਦੇ ਵੀ ਵਾਰੇ-ਵਾਰੇ ਜਾਈਏ। ਦਰਅਸਲ ਉਸ 'ਤੇ ਅਜੇ ਤੱਕ ਸਿਰਫ਼ ਇਕੋ ਗੰਭੀਰ ਆਲੋਚਨਾ ਦੀ ਪੁਸਤਕ ਲਿਖੀ ਗਈ ਹੈ ਅਤੇ ਉਹ ਵੀ ਅੰਗਰੇਜ਼ੀ ਵਿਚ। ਪ੍ਰੋ. ਓ.ਪੀ. ਸ਼ਰਮਾ ਦੀ। ਹਾਂ ਗਾਈਡਨੁਮਾ ਬਹੁਤ ਹਨ : '' ਆਪ ਜੀ ਦਾ ਜਨਮ ਪਿੰਡ ਬੜਾ ਪਿੰਡ ਲੋਹਟੀਆਂ 'ਚ ਹੋਇਆ। ਆਪ ਜੀ ਨੇ ਪਹਿਲੀ ਪੁਸਤਕ 'ਪੀੜਾਂ ਦਾ ਪਰਾਗਾ' ਲਿਖੀ....ਮਾਰਕਾ। ਗੱਲ ਮੁਕਾਓ, ਗੁਰਬਖ਼ਸ਼ ਸਿੰਘ ਤੋਂ ਲੋਕ ਨਾਥ ਤੱਕ, ਹਰੇਕ ਵੱਡੇ-ਛੋਟੇ ਲੇਖਕ ਨੇ ਅਪਣਾ ਰਿਸ਼ਤਾ ਹੋਣ ਦਾ ਦਾਅਵਾ ਕੀਤਾ ਹੈ, ਜਿਵੇਂ ਕੋਈ ਕਿਸੇ ਸੋਹਣੀ ਨਾਰ ਨਾਲ ਅਪਣੇ ਝੂਠੇ-ਮੂਠੇ ਰਿਸ਼ਤੇ ਦੱਸ ਕੇ ਮਾਣ ਮਹਿਸੂਸ ਕਰੇ। ਇਹ ਹੀ ਹੈ ਉਸਦੀ ਬਹੁਤੀ ਆਲੋਚਨਾ ਦਾ ਮਿਆਰ। ਉਸ ਨੇ ਠੀਕ ਹੀ ਕਿਹਾ ਸੀ, ਅਰਜੋਈ ਕੀਤੀ ਸੀ ਕਿ :

''ਇਹ ਮੇਰਾ ਗੀਤ ਕਿਸੇ ਨਾ ਗਾਣਾ
ਇਹ ਮੇਰਾ ਮੈਂ ਆਪੇ ਗਾ ਕੇ, ਭਲਕੇ ਹੀ ਮਰ ਜਾਣਾ,
ਹੋਰ ਕਿਸੇ ਦੀ ਚਾਅ ਨਾ ਕੋਈ, ਇਸ ਨੂੰ ਹੋਠੀਂ ਲਾਣਾ...

**ਭਾਵੇਂ** ਪੰਜਾਬੀਆਂ ਕਵੀਆਂ ਵਿਚੋਂ ਉਸਨੂੰ ਸਭ ਤੋਂ ਵੱਧ ਗਾਇਕਾ ਨੇ ਗਾਇਆ ਹੈ, ਗਾਉਂਦੇ ਰਹਿਣਗੇ। ਮੁਹੰਮਦ ਰਫ਼ੀ, ਮਹਿੰਦਰ ਕਪੂਰ, ਜਗਜੀਤ ਸਿੰਘ, ਬਿਸੰਬਰ ਸ਼ੰਭੀ, ਹੰਸ ਰਾਜ ਹੰਸ, ਜਗਜੀਤ ਜੀਰਵੀ, ਸ਼ਿੰਗਾਰਾ ਚਹਿਲ, ਆਸ਼ਾ ਭੋਂਸਲੇ, ਪੁਸ਼ਪਾ ਹੰਸ, ਸੁਰਿੰਦਰ ਕੌਰ ਅਤੇ ਆਸਾ ਸਿੰਘ ਮਸਤਾਨਾ ਵਰਗਿਆਂ ਨੇ ਅਪਣੇ ਵੱਲੋਂ ਡੁੱਬ ਕੇ ਗਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਜਿਸ ਨੇ ਖ਼ੁਦ ਸ਼ਿਵ ਨੂੰ ਗਾਉਂਦੇ ਸੁਣਿਆ ਹੈ, ਉਹਨਾਂ ਦੇ ਇਹਨਾਂ ਦਾ 'ਅਾਂਖ ਤਰੇ' ਆਉਣਾ ਔਖਾ ਹੈ। ਫਿਰ ਵੀ ਉਹਨਾਂ ਦੀ ਅਪਣੀ ਦੇਣ ਹੈ। ਸ਼ਿਵ ਕੁਮਾਰ ਦੀ ਅੰਬਰੀਂ ਚੜ੍ਹੀ ਸ਼ੁਹਰਤ ਅਤੇ ਹਰਮਨ-ਪਿਆਰਤਾ ਦੀ ਇਕ ਹੋਰ ਉਦਹਾਰਣ। ਪਿਛਲੇ ਦਿਨੀਂ ਪੰਜਾਬ ਵਿਚ ਵਿਸ਼ਵ ਕਬੱਡੀ ਕੱਪ ਖੇਡਿਆ ਗਿਆ। ਖੇਡ ਦੇ ਸੂਰਮਈ ਸੁਭਾਅ ਅਨੁਸਾਰ ਉਥੇ ਜ਼ਿਕਰ ਤਾਂ ਹੋਣਾ ਸੀ ਸ਼ਾਹ ਮੁਹੰਮਦ ਵਰਗਿਆਂ ਦਾ, ਪਰ ਕੁਮੈਂਟੇਟਰਜ਼ ਅਕਸਰ ਸ਼ਿਵ ਕੁਮਾਰ ਦੀਆਂ ''ਮੈਨੂੰ ਹੀਰੇ ਹੀਰੇ ਆਖੇ ਨੀ ਮੁੰਡਾ ਲੰਬੜਾਂ ਦਾ'' ਵਰਗੀਆਂ ਸਤਰਾਂ ਦੁਹਰਾ ਰਹੇ ਸਨ।

ਮੈਥੀਊ ਅਰਨਲਡ, ਅੰਗਰੇਜ਼ੀ ਦਾ ਕਵੀ-ਆਲੋਚਕ, ਅਪਣੀ ਕਵਿਤਾ 'ਮੈਮੋਰੀਅਲ ਵਰਸਜ਼' ਵਿਚ ਆਖਦਾ ਹੈ ਕਿ ਵਰਡਜ਼ਵਰਥ ਤੋਂ ਵੱਡੇ ਕਵੀ ਤਾਂ ਪੈਦਾ ਹੋ ਸਕਦੇ ਹਨ, ਪਰ ਉਹਦੇ 'ਵਰਗਾ' ਮੁੜ ਜੰਮਣਾ ਤਕਰੀਬਨ ਅਸੰਭਵ ਹੈ। ਇੰਜ ਹੀ ਪੰਜਾਬੀ ਨੂੰ ਸ਼ਿਵ ਕੁਮਾਰ ਵਰਗਾ ਲੱਗਦਾ ਨਹੀਂ, ਮੁੜ ਕੋਈ ਹੋਰ ਮਿਲੇਗਾ।

ਇਹ ਹਲਕੀ ਪਰ ਹੈਰਾਨ ਕਰਨ ਵਾਲੀ ਗੱਲ ਹੈ। ਸ਼ਿਵ ਕੁਮਾਰ ਨੂੰ 'ਬਟਾਲਵੀ' ਦੇ ਤਖ਼ੱਲੁਸ ਨਾਲ ਬਹੁਤ ਚਿੜ੍ਹ ਸੀ, ਨਫ਼ਰਤ ਸੀ। ਉਸ ਦੀ ਕਿਸੇ ਵੀ ਕਵਿਤਾ ਜਾਂ ਕਿਤਾਬ ਉੱਪਰ ਉਸ ਨੇ ਕਦੇ ਵੀ ਅਪਣੇ ਨਾਂ ਸ਼ਿਵ ਕੁਮਾਰ ਨਾਲ 'ਬਟਾਲਵੀ' ਨਹੀਂ ਲਿਖਿਆ। ਉਹ ਆਖਦਾ ਹੁੰਦਾ ਸੀ, ''ਬਟਾਲਵੀ ਸ਼ਬਦ ਤੋਂ ਮੈਨੂੰ ਸਾਡੇ ਸ਼ਹਿਰ ਦੀ ਮੰਡੀ 'ਚ ਪਈਆਂ ਕਹੀਆਂ, ਸੱਬਲਾਂ, ਹਥੌੜੀਆਂ, ਸੰਗਲ ਅਤੇ ਦਾਤੀਆਂ-ਖੁਰਪੇ ਯਾਦ ਆ ਜਾਂਦੇ ਹਨ। ਪਤਾ ਨਹੀਂ ਇਹ ਬਟਾਲਵੀ ਤਖ਼ੱਲੁਸ ਮੇਰੇ ਚੰਗੇ-ਭਲੇ ਨਾਂ ਨਾਲ ਕੀਹਨੇ ਅਤੇ ਕਿਉਂ ਜੋੜ ਦਿੱਤਾ। ਵੈਸੇ ਵੀ ਪੰਜਾਬੀ ਕਵੀ ਅਪਣੇ ਨਾਂ ਵਿਗਾੜਨ ਵਿਚ ਮਸ਼ਹੂਰ ਹਨ।''

ਆਖਿਰ ਆ ਹੀ ਗਈ 6 ਮਈ 1973, ਜਦੋਂ ਉਹ ਮਸਾਂ 37 ਕੁ ਸਾਲ ਦਾ ਸੀ ਅਤੇ ਜਿਸ ਨੂੰ ਅੱਜ 37 ਵਰ੍ਹੇ ਹੋ ਗਏ ਹਨ। ਉਹ ਅਪਣੇ ਆਖ਼ਰੀ ਸਾਹ, ਬਹੁਤ ਔਖ ਨਾਲ ਲੈਂਦਾ-ਲੈਂਦਾ, ਅਪਣੀ ਬੀਵੀ ਅਰੁਣਾ ਦੀਆਂ ਬਾਹਾਂ 'ਚ ਪੂਰਾ ਹੋ ਗਿਆ। ਉਸਦੀ ਅਰਥੀ ਨਾਲ ਡੁਸਕਦੀ ਜਾ ਰਹੀ ਸੀ ਕਾਲੇ ਵੇਸ ਵਿਚ ਪੰਜਾਬੀ ਸ਼ਾਇਰੀ ਅਤੇ ਕਾਲੀਆਂ ਚੁੰਨੀਆਂ ਹੇਠਾਂ ਭਰੀਆਂ-ਡੁੱਲ੍ਹਦੀਆਂ ਅੱਖਾਂ। ਬਸ ਕਮੀ ਸੀ ਉਸਦੇ ਚਹੇਤੇ ਕਵੀ ਕੀਟਸ ਦੇ ਕਿਸੇ ਸ਼ੈਲੀ ਵਰਗੇ ਮਿੱਤਰ ਦੀ, ਜੋ ਇਸ ਮੰਜ਼ਰ ਨੂੰ 'ਐਡੋਨਸ' ਵਰਗੀ 'ਐੱਲਜੀ' ਵਿਚ ਸਾਂਭ ਲੈਂਦਾ।

# ਪੰਜਾਬੀ ਭਾਸ਼ਾ ਅਤੇ ਸੱਭਿਆਚਾਰ

ਡਾ. ਮਦਨਜੀਤ ਕੌਰ

**ਸੱਭਿਆਚਾਰ** ਮਨੁੱਖੀ ਇਤਿਹਾਸ ਦਾ ਮਹੱਤਵਪੂਰਨ ਖੇਤਰ ਹੈ। ਸੱਭਿਆਚਾਰ ਦੇ ਅਧਿਐਨ ਵਿਚ ਸੰਸਕ੍ਰਿਤਕ ਵਿਕਾਸ ਦੇ ਵੱਖ-ਵੱਖ ਪੜਾਵਾਂ ਵਿਚ ਮਨੁੱਖ ਦੇ ਖਾਣ-ਪੀਣ, ਉਪਜੀਵਕਾ ਕਮਾਉਣ ਦੇ ਸਾਧਨ, ਰਹਿਣ-ਸਹਿਣ, ਵਿਚਾਰਧਾਰਾ, ਵਿਵਹਾਰ, ਸਮਾਜਕ ਸਬੰਧ, ਮੰਨੋਰੰਜਨ ਦੇ ਸਾਧਨ, ਭਾਸ਼ਾ, ਸਾਹਿਤ, ਕਲਾ-ਕ੍ਰਿਤੀਆਂ, ਧਾਰਮਿਕ ਵਿਸ਼ਵਾਸ, ਦਰਸ਼ਨ, ਸਿੱਖਿਆ, ਪ੍ਰਣਾਲੀ, ਜੀਵਨ ਜਾਚ, ਕੁਦਰਤੀ ਸੋਮਿਆਂ ਪ੍ਰਤੀ ਰਵਾਇਤਾਂ ਅਤੇ ਉਸਦੀ ਭਵਿੱਖ ਪ੍ਰਤੀ ਸੋਚਣੀ ਬਾਰੇ ਵਿਚਾਰ ਕੀਤੀ ਜਾਂਦੀ ਹੈ। ਸੱਭਿਆਚਾਰ ਦੇ ਖੇਤਰ ਵਿਚ ਭੌਤਿਕ ਵਿਕਾਸ, ਮਨੁੱਖੀ ਪ੍ਰਾਪਤੀਆਂ ਅਤੇ ਗਿਆਨ ਦੀ ਸਮੂਹਿਕ ਜਾਣਕਾਰੀ ਸ਼ਾਮਿਲ ਹੈ। ਸੱਭਿਆਚਾਰ ਦਾ ਵਿਕਾਸ ਨਿਰੰਤਰ ਹੁੰਦਾ ਹੈ। ਆਦਿ ਕਾਲ ਤੋਂ ਲੈ ਕੇ ਆਧੁਨਿਕ ਕਾਲ ਤੱਕ ਵਿਸ਼ਵ ਭਰ ਦੀ ਸੱਭਿਆਤਾਵਾਂ ਵਿਚ ਮਨੁੱਖੀ ਜੀਵਨ ਦੇ ਚੱਲਣ ਵਿਚ ਭਾਸ਼ਾ ਦਾ ਅਹਿਮ ਰੋਲ ਰਿਹਾ ਹੈ। ਭਾਸ਼ਾ ਸੱਭਿਆਚਾਰ ਦੇ ਵਿਕਸਤ ਪੜਾਓ ਦੀ ਦੇਣ ਹੈ। ਜਦੋਂ ਮਨੁੱਖ ਨੂੰ ਅੱਖਰ ਗਿਆਨ ਨਹੀਂ ਸੀ ਉਹ ਸੰਕੇਤਾਂ, ਚਿੰਨ੍ਹਾਂ ਅਤੇ ਬਿੰਬਾਂ ਰਾਹੀਂ ਇਕ-ਦੂਸਰੇ ਨਾਲ ਸੰਚਾਰ ਕਰਦੇ ਸਨ। ਅੱਖਰ ਗਿਆਨ ਦੇ ਵਿਕਾਸ ਤੋਂ ਬਾਅਦ ਸੱਭਿਆਚਾਰ ਦੀ ਹਰ ਇਕਾਈ ਵਿਚ ਭਾਸ਼ਾ ਹੋਂਦ ਵਿਚ ਆਈ। ਭਾਸ਼ਾ ਨੇ ਮਨੁੱਖੀ ਗਿਆਨ ਦੇ ਖੇਤਰ ਵਿੱਚ ਇੱਕ ਕ੍ਰਾਂਤੀ ਪੈਦਾ ਕੀਤੀ। ਮਨੁੱਖ ਦੀ ਸੂਝ-ਬੂਝ ਨੇ ਸਾਹਿਤ ਰਚ ਕੇ ਅਪਣੀ ਸੋਚਣੀ ਨੂੰ ਨਵੀਆਂ ਉਡਾਰੀਆਂ ਦਿੱਤੀਆਂ। ਸੱਭਿਆਚਾਰ ਦੇ ਵਿਕਾਸ ਦੀ ਗਤੀ ਤੇਜ਼ ਹੋ ਗਈ। ਭਾਸ਼ਾ ਨੇ ਹੀ ਸੰਚਾਰ ਦੇ ਵੱਖ-ਵੱਖ ਭੂਗੋਲਿਕ ਖੇਤਰਾਂ ਵਿਚ ਵਸਦੇ ਲੋਕਾਂ ਨੂੰ ਉਹਨਾਂ ਦੀ ਅਪਣੀ ਵੱਖਰੀ ਸੱਭਿਆਚਾਰਕ ਪਹਿਚਾਨ ਪ੍ਰਦਾਨ ਕੀਤੀ। ਇਸ ਲਈ ਭਾਸ਼ਾ ਅਤੇ ਸੱਭਿਆਚਾਰ ਦਾ ਬੜਾ ਡੂੰਘਾ ਸਬੰਧ ਹੈ। ਇਹ ਇਕ ਦੂਜੇ ਦੇ ਪੂਰਕ ਹਨ। ਭਾਸ਼ਾ ਨੇ ਹੀ ਸੱਭਿਆਚਾਰ ਦੇ ਇਤਿਹਾਸ ਨੂੰ ਲਿਖਤੀ ਰੂਪ ਵਿੱਚ ਸੰਭਾਲ ਕੇ ਦਸਤਾਵੇਜ਼ੀ ਬਣਾਇਆ ਹੈ।

ਵਿਦਵਾਨਾਂ ਨੇ ਸੱਭਿਆਚਾਰ ਦੇ ਨਿਰੰਤਰ ਪ੍ਰਭਾਵ ਦੇ ਖੇਤਰ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਹੈ-

1. ਭੌਤਿਕ ਸੱਭਿਆਚਾਰ
2. ਮਾਨਸਿਕ ਸੂਝ-ਬੂਝ ਅਤੇ ਗਿਆਨ-ਵਿਗਿਆਨ ਨਾਲ ਸਬੰਧਤ ਸਭਿਆਚਾਰ
3. ਨੈਤਿਕ ਕਦਰਾਂ-ਕੀਮਤਾਂ ਨਾਲ ਸਬੰਧਤ ਸੱਭਿਆਚਾਰ

ਲੋਹ-ਯੁੱਗ ਦੇ ਨਾਲ ਪੰਜਾਬ ਦਾ ਇਤਿਹਾਸਕ ਕਾਲ ਆਰੰਭ ਹੁੰਦਾ ਹੈ। ਸਮੇਂ ਦੇ ਬੀਤਣ ਨਾਲ ਪ੍ਰਾਚੀਨ ਪੰਜਾਬ ਦੇ ਇਲਾਕੇ ਦੇ ਆਦਿ ਵਾਸੀ ਬਾਹਰੋਂ ਆਏ ਪ੍ਰਾਚੀਨ ਆਰੀਆ ਲੋਕਾਂ ਦੇ ਸੰਪਰਕ ਵਿਚ ਆਏ। ਆਰੀਆ ਲੋਕਾਂ ਨੂੰ ਅਪਣੀ ਹੋਂਦ ਕਾਇਮ ਰੱਖਣ ਲਈ ਆਦਿ ਵਾਸੀਆਂ ਨਾਲ ਲੜਨਾ ਪਿਆ। ਇਸ ਜੱਦੋ-ਜਹਿਦ ਪਿੱਛੋਂ ਆਰੀਆ ਸਤਲੁਜ ਪਾਰ ਕਰਕੇ ਮਾਲਵੇ ਤੋਂ ਲੈ ਕੇ ਯਮੁਨਾ ਤੱਕ ਦੇ ਇਲਾਕੇ ਵਿੱਚ ਵੱਸ ਗਏ ਤੇ ਉਹਨਾਂ ਨੇ ਭਾਰਤੀ ਸੱਭਿਆਚਾਰ ਦੀ ਨੀਂਹ ਪੰਜਾਬ ਦੀ ਧਰਤੀ 'ਤੇ ਰੱਖੀ। ਇਹ ਲੱਗਭਗ ਪੂਰਵ ਈਸਵੀ 2000 ਵਰ੍ਹੇ ਪਹਿਲਾਂ ਦੀ ਗੱਲ ਹੈ। ਉਪਜਾਊ ਧਰਤੀ ਉੱਤੇ ਸ਼ਾਂਤੀਪੂਰਵਕ ਵਸਣ ਉਪਰੰਤ ਆਰੀਆ ਸੁਖੀ ਜੀਵਨ ਬਿਤਾਉਣ ਲੱਗੇ। ਉਹਨਾਂ ਦਾ ਬੁੱਧੀਜੀਵੀ ਵਰਗ (ਬ੍ਰਾਹਮਣ) ਆਸ਼ਰਮਾਂ ਵਿਚ ਰਹਿ ਕੇ ਸਾਹਿਤਕ ਅਤੇ ਦਾਰਸ਼ਨਿਕ ਕਾਰਜਾਂ ਵਿੱਚ ਜੁਟ ਗਿਆ। ਰਿਸ਼ੀਆਂ-ਮੁਨੀਆਂ ਨੇ ਵੇਦਾਂ ਦੀ ਰਚਨਾ ਕੀਤੀ ਅਤੇ ਸੰਸਕ੍ਰਿਤ ਸਾਹਿਤ ਦੀ ਸਥਾਪਨਾ ਹੋਈ। ਇਸ ਤਰ੍ਹਾਂ ਪੰਜਾਬ ਵਿੱਦਿਆ ਦਾ ਮਹਾਨ ਕੇਂਦਰ ਬਣ ਗਿਆ। ਮੌਰੀਆ ਕਾਲ ਤੋਂ ਉਪਰੰਤ ਪੱਛਮ ਵੱਲੋਂ ਆਉਣ ਵਾਲੇ ਸ਼ੱਕ, ਹੂਣ ਤੇ ਕੁਸ਼ਾਨ ਲੋਕ ਪੰਜਾਬ ਦੇ ਲੋਕਾਂ ਵਿਚ ਰਲ ਮਿਲ ਗਏ। ਇਸ ਸਮੇਂ ਦੌਰਾਨ ਪੰਜਾਬ ਵਿਚ ਮਹੱਤਵਪੂਰਨ ਸਮਾਜਕ ਅਤੇ ਸੱਭਿਆਚਾਰਕ ਤਬਦੀਲੀ ਆਈ। ਪੰਜਾਬ ਦੇ ਦੁਨੀਆ ਦੇ ਦੂਸਰੇ ਇਲਾਕਿਆਂ ਦੇ ਲੋਕਾਂ ਨਾਲ ਸੰਪਰਕ ਪੈਦਾ ਹੋਏ ਇਸ ਦੇ ਸਿੱਟੇ ਵਜੋਂ ਆਪਸੀ ਵਟਾਂਦਰੇ ਦੌਰਾਨ ਲੋਕਾਂ ਦੇ ਮਾਨਸਿਕ ਗਿਆਨ ਵਿਚ ਸ਼ਲਾਘਾਯੋਗ ਵਾਧਾ ਹੋਇਆ। ਬੁੱਧ ਮਤ, ਹਿੰਦੂ ਮਤ ਇਕੱਠੇ ਵਧੇ ਫੁੱਲੇ। ਲੋਕਾਂ ਦਾ ਜੀਵਨ ਪਦਾਰਥਕ ਵਿਕਾਸ ਤੋਂ ਵਧੇਰੇ ਬੌਧਿਕ ਅਤੇ ਸੁਖਦਾਈ ਸੀ।

ਇਤਿਹਾਸ ਦੀ ਗਤੀ ਚੱਲਦੀ ਰਹੀ। ਪੰਜਾਬ ਦੇ ਦਸਵੀਂ ਸਦੀ ਤੱਕ ਦੇ ਇਤਿਹਾਸ ਦੇ ਸਰਵੇਖਣ ਤੋਂ ਪਤਾ ਚੱਲਦਾ ਹੈ ਕਿ ਏਸ਼ੀਆ ਦੀਆਂ ਕਈ ਸੱਭਿਅਤਾਵਾਂ ਤੇ ਜਾਤੀਆਂ ਦੇ ਮੇਲ-ਜੋਲ ਦਾ ਕੇਂਦਰ ਇਹ ਪ੍ਰਾਂਤ ਰਿਹਾ ਹੈ। ਇੱਥੇ ਇੱਕ ਉਦਾਰ, ਅਮਲੀ, ਸੂਝਵਾਨ ਅਤੇ ਵਿਆਪਕ ਦ੍ਰਿਸ਼ਟੀਕੋਣ ਦਾ ਆਰੰਭ ਹੋਇਆ, ਜਿਸ ਨੇ ਭਾਰਤੀ ਸੱਭਿਆਚਾਰ ਨੂੰ ਮੇਲ-ਜੋਲ ਦਾ ਸੁੰਦਰ ਸਰੂਪ ਪ੍ਰਦਾਨ ਕੀਤਾ ਹੈ। ਮੱਧਕਾਲ ਵਿਚ ਪੰਜਾਬ ਦੇ ਇਲਾਕੇ ਤੇ ਅਰਬਾਂ ਦੇ ਹਮਲੇ ਹੋਏ ਤੇ ਪੰਜਾਬ ਦੇ ਲੋਕ ਹਮਲਾਵਰਾਂ ਦੇ ਨਾਲ ਆਏ ਨਵੇਂ ਧਰਮ ਇਸਲਾਮ ਦੇ ਸੰਪਰਕ ਵਿਚ ਆਂਏ। ਇਹ ਪ੍ਰਗਤੀ ਕੋਈ ਸੁਖਾਵੀਂ ਨਹੀਂ ਸੀ। ਸਥਾਨਕ ਲੋਕਾਂ ਦਾ ਖੂਨ-ਖਰਾਬਾ ਹੋਇਆ, ਪਰ ਤਬਾਹੀ ਤੋਂ ਬਾਅਦ ਹਮਲਾਵਰ ਵਾਪਸ ਨਾ ਮੁੜੇ ਤੇ ਇੱਥੇ ਹੀ ਵੱਸ ਗਏ। ਗੰਭੀਰ ਮੱਤਭੇਦਾਂ ਅਤੇ ਝਗੜਿਆਂ ਦੇ ਬਾਵਜੂਦ ਆਪਸੀ ਮੇਲ-ਜੋਲ ਨਾਲ ਲੋਕਾਂ ਦੇ ਵਿਚਾਰ- ਵਟਾਂਦਰੇ ਹੋਏ। ਇੱਥੇ ਦੇ ਲੋਕਾਂ ਦੇ ਧਾਰਮਿਕ ਵਿਸ਼ਵਾਸ, ਸਮਾਜਕ ਜੀਵਨ ਅਤੇ ਖਾਣ-ਪਹਿਨਣ ਦੇ ਢੰਗ ਵਿੱਚ ਤਬਦੀਲੀ ਆਈ। ਮੁਸਲਮਾਨਾਂ ਨੇ ਵੀ ਭਾਰਤੀ ਸੱਭਿਆਚਾਰ ਦਾ ਅਸਰ ਕਬੂਲ ਲਿਆ। ਇਸਲਾਮ ਦੇ ਸਮਾਜਕ ਅਤੇ ਸੱਭਿਆਚਾਰਕ ਵਿਚਾਰ ਪੰਜਾਬ ਰਾਹੀਂ ਭਾਰਤ ਦੇ ਦੂਸਰੇ ਇਲਾਕਿਆਂ ਵਿੱਚ ਪਹੁੰਚੇ। ਇਸ ਮੇਲ-ਜੋਲ ਸਦਕਾ ਇੱਕ ਨਵੀਂ ਭਾਸ਼ਾ ਹੋਂਦ ਵਿਚ ਆਈ, ਜਿਸ ਨੂੰ ਬਾਅਦ ਵਿਚ ਉਰਦੂ ਦਾ ਨਾਂ ਦਿੱਤਾ ਗਿਆ। ਇਸ ਭਾਸ਼ਾ ਨੇ ਪੰਜਾਬੀ ਭਾਸ਼ਾ ਨੂੰ ਵੱਡਮੁੱਲੀ ਸ਼ਬਦਾਵਲੀ ਪ੍ਰਦਾਨ ਕੀਤੀ।

15 ਵੀਂ ਅਤੇ ਸੋਲ੍ਹਵੀਂ ਸਦੀ ਵਿਚ ਧਾਰਮਿਕ ਜਾਗ੍ਰਿਤੀ ਦੌਰਾਨ ਭਗਤੀ ਲਹਿਰ ਨੇ ਪੰਜਾਬ ਦੇ ਲੋਕਾਂ ਨੂੰ ਨਵੀਂ ਪ੍ਰੇਰਨਾ ਦਿੱਤੀ। ਇਹ ਪ੍ਰੇਰਨਾ ਇਕ ਸ਼ਕਤੀਸ਼ਾਲੀ ਵਿਚਾਰਧਾਰਾ ਦੇ ਰੂਪ ਵਿਚ ਪ੍ਰਗਟ ਹੋਈ। ਸਿੱਖ ਮਤ ਦਾ ਜਨਮ ਹੋਇਆ ਅਤੇ ਭਾਰਤੀ ਸੱਭਿਆਚਾਰ ਦੇ ਸੰਦਰਭ ਵਿੱਚ ਇੱਕ ਪ੍ਰਗਤੀਸ਼ਾਲੀ ਧਰਮ ਦੀ ਸਥਾਪਨਾ ਹੋਈ। ਸਿੱਖ ਮਤ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਈਸ਼ਵਰਵਾਦ ਅਤੇ ਨਿਰਗੁਣ ਭਗਤੀ ਦਾ ਉਪਦੇਸ਼ ਦਿੱਤਾ। ਮਨੁੱਖੀ ਏਕਤਾ, ਭਾਈਚਾਰੇ ਅਤੇ ਸੰਗਤੀ ਜੀਵਨ ਦੇ ਸਿਧਾਂਤਾਂ ਨੂੰ ਸੰਸਥਾਤਮਕ ਰੂਪ ਵਿੱਚ ਸੰਗਤ-ਪੰਗਤ ਦੇ ਸਿਧਾਂਤ ਰਾਹੀਂ ਕਾਇਮ ਕੀਤਾ। ਜਾਤ-ਪਾਤ ਅਤੇ ਅੰਧ-ਵਿਸ਼ਵਾਸ ਦਾ ਖੰਡਨ ਕਰਕੇ ਉਹਨਾਂ ਨੇ ਨਾਂ ਸਿਮਰਨ, ਕਿਰਤ ਕਰਨ ਅਤੇ ਵੰਡ ਛਕਣ ਦੀ ਸਿੱਖਿਆ ਦਿੱਤੀ। ਇਹ ਵਿਚਾਰਧਾਰਾ ਸਮਾਜਕ ਅਤੇ ਰਾਜਨੀਤਕ ਜਾਗ੍ਰਿਤੀ ਦੇ ਨਿਕਾਸ ਦੀ ਧੂਰੀ ਬਣੀ। ਸਿੱਖ ਵਿਚਾਰਧਾਰਾ ਦਾ ਵਿਕਾਸ ਗੁਰੂ ਨਾਨਕ ਦੇਵ ਜੀ ਤੋਂ ਉਪਰੰਤ ਅਗਲੇ ਗੁਰੂ ਸਹਿਬਾਨ ਦੀ ਸਰਪ੍ਰਸਤੀ ਹੇਠ ਪ੍ਰਫੁੱਲਤ ਹੋਇਆ। ਗੁਰੂ ਅੰਗਦ ਦੇਵ ਜੀ ਨੇ ਉੱਤਰੀ ਭਾਰਤ ਵਿੱਚ ਪ੍ਰਚੱਲਿਤ ਲਿਪੀਆਂ ਨੂੰ ਮਿਲਾ ਕੇ ਗੁਰਮੁਖੀ ਲਿਪੀ ਦਾ ਵਿਕਾਸ ਕੀਤਾ। ਗੁਰਮੁਖੀ ਲਿਪੀ ਵਿਚ ਹੀ ਪੰਜਾਬੀ ਭਾਸ਼ਾ ਦਾ ਸਾਹਿਤ ਰਚਿਆ ਗਿਆ। ਸਿੱਖ ਗੁਰੂ ਸਹਿਬਾਨ ਨੇ ਪੰਜਾਬੀ ਭਾਸ਼ਾ ਦੇ ਊਦਗਮ ਅਤੇ ਵਿਕਾਸ ਵਿਚ ਵੱਡਮੁੱਲਾ ਯੋਗਦਾਨ ਪਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਾਰੇ ਭਗਤੀ ਗੀਤ ਪੰਜਾਬੀ ਭਾਸ਼ਾ ਦੇ ਮੋਹਰੇ ਹੋਏ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਸ਼ਾਲ ਸ਼ਬਦਾਵਲੀ ਮੌਜੂਦ ਹੈ। ਜਿਹੜੀ ਧਾਰਮਿਕ ਅਤੇ ਭੂਗੋਲਿਕ ਹੱਦਬੰਦੀਆਂਦੇ ਭੇਦਭਾਵ ਨੂੰ ਛੱਡ ਕੇ ਰੂਹਾਨੀ ਉਪਦੇਸ਼ਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਮਾਧਿਅਮ ਦੇ ਰੂਪ ਵਿੱਚ ਚੁਣੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਧਾਰਮਿਕ ਅਤੇ ਸੰਸਾਰਕ ਜੀਵਨ ਦੇ ਦੋਹਾਂ ਪੱਖਾਂ ਨੂੰ ਸਮੁੱਚੇ ਸੁਮੇਲ ਵਜੋਂ ਪੇਸ਼ ਕੀਤੇ ਗਏ ਹਨ। ਇਸ ਲਈ ਇਸ ਗ੍ਰੰਥ ਦੀ ਭਾਸ਼ਾ ਗ੍ਰਹਿਸਥ ਜੀਵਨ, ਸਾਹਿਤਕ ਖੇਤਰ ਅਤੇ ਅਧਿਆਤਮਕ ਖੇਤਰ ਨਾਲ ਜੁੜੀ ਹੋਈ ਹੈ। ਸਿੱਖ ਗੁਰੂਆਂ ਨੇ ਅਪਣੀ ਸੂਝ-ਬੂਝ ਨਾਲ ਪੰਜਾਬੀ ਭਾਸ਼ਾ ਨੂੰ ਕੇਵਲ ਅਮੀਰ ਹੀ ਨਹੀਂ ਬਣਾਇਆ, ਉਸ ਨੂੰ ਨਿਵੇਕਲਾ ਰੂਪ ਵੀ ਪ੍ਰਦਾਨ ਕੀਤਾ।



ਪੰਜਾਬੀ ਭਾਸ਼ਾ ਪੰਜਾਬ ਦੇ ਲੋਕਾਂ ਦੀ ਮਾਤ ਭਾਸ਼ਾ ਹੈ। ਪੰਜਾਬੀ ਲੋਕ ਹੁਣ ਵਿਸ਼ਵ ਭਰ ਵਿਚ ਫੈਲ ਗਏ ਹਨ। ਪੰਜਾਬ ਦਾ ਜੰਮਪਲ ਅਤੇ ਪੰਜਾਬ ਦੇ ਵਿਰਸੇ ਨਾਲ ਸਬੰਧਤ ਕੋਈ ਵੀ ਪੰਜਾਬੀ ਭਾਵੇਂ ਦੇਸ-ਪ੍ਰਦੇਸ ਕਿਸੇ ਵੀ ਥਾਂ 'ਤੇ ਜਾ ਵਸਿਆ ਹੋਵੇ ਉਹ ਪੰਜਾਬੀ ਹੀ ਅਖਵਾਉਂਦਾ ਹੈ। ਭਾਸ਼ਾ ਉਸਦੇ ਸੱਭਿਆਚਾਰਕ ਪਛਾਣ ਦੀ ਸਾਖੀ ਹੈ। ਪੰਜਾਬੀ ਸੱਭਿਆਚਾਰ ਨੂੰ ਆਮ ਬੋਲੀ ਵਿੱਚ ਪੰਜਾਬੀਅਤ ਵੀ ਆਖਦੇ ਹਨ। ਕਿਸੇ ਵੀ ਪੰਜਾਬੀ ਕੋਲੋਂ ਆਸ ਕੀਤੀ ਜਾਂਦੀ ਹੈ ਕਿ ਉਹ ਪੰਜਾਬੀ ਬੋਲੀ ਦੀ ਵਰਤੋਂ ਅਪਣੇ ਰੋਜ਼ਮਰ੍ਹਾ ਦੇ ਜੀਵਨ ਵਿੱਚ ਕਰਦਾ ਹੋਵੇਗਾ ਅਤੇ ਅਪਣੀ ਮਾਤ ਭਾਸ਼ਾ ਨਾਲ ਜੁੜੇ ਰਹਿਣ ਵਜੋਂ ਉਸਦਾ ਸੱਭਿਆਚਾਰਕ ਵਿਰਸਾ ਸੁਰੱਖਿਅਤ ਰਹੇਗਾ, ਪਰ ਅਸਲ ਵਿਚ ਇਹ ਗੱਲ ਪੂਰੀ ਤਰ੍ਹਾਂ ਸੱਚ ਨਹੀਂ। ਵੇਖਣ ਵਿੱਚ ਆਉਂਦਾ ਹੈ ਕਿ ਪੰਜਾਬੀ ਪਰਿਵਾਰਾਂ ਵਿੱਚ ਪੰਜਾਬੀ ਨਹੀਂ ਬੋਲੀ ਜਾਂਦੀ। ਬੱਚਿਆਂ ਨਾਲ ਮਾਤਾ-ਪਿਤਾ ਅੰਗਰੇਜ਼ੀ ਜਾਂ ਹਿੰਦੀ ਵਿਚ ਸੰਵਾਦ ਕਰਨਾ ਪਸੰਦ ਕਰਦੇ ਹਨ। ਜਿਵੇਂ ਪੰਜਾਬੀ ਬੋਲਣਾ ਕੋਈ ਘਟੀਆ ਕੰਮ ਹੋਵੇ। ਕੀ ਇਹ ਭਾਸ਼ਾ ਹੀਣੀ ਹੈ? ਪਰ ਮਾਂ ਬੋਲੀ ਤਾਂ ਮਾਂ ਬੋਲੀ ਹੈ। ਇਸ ਨਾਲ ਵਿਤਕਰਾ ਨਹੀਂ ਕੀਤਾ ਜਾ ਸਕਦਾ। ਜੇ ਬੰਗਾਲੀ ਜਾਂ ਤਾਮਿਲ ਅਪਣੇ ਘਰਾਂ ਵਿੱਚ ਅਪਣੀ ਹੀ ਮਾਤ ਭਾਸ਼ਾ ਵਿੱਚ ਗੱਲਬਾਤ ਕਰਦੇ ਹਨ ਤਾਂ ਪੰਜਾਬੀ ਕਿਉਂ ਅਪਣੀ ਭਾਸ਼ਾ ਦਾ ਤ੍ਰਿਸਕਾਰ ਕਰ ਰਹੇ ਹਨ। ਇਹ ਗ਼ਲਤੀ ਉਹਨਾਂ ਨੂੰ ਅਪਣੇ ਸੱਭਿਆਚਾਰ ਤੋਂ ਦੂਰ ਲੈ ਕੇ ਜਾ ਰਹੀ ਹੈ ਕਿਉਂਕਿ ਜੇਕਰ ਭਾਸ਼ਾ ਹੀ ਛੱਡ ਦਿੱਤੀ ਤਾਂ ਉਸ ਵਿੱਚ ਸਿਰਜਿਆ ਹੋਇਆ ਸਾਹਿਤ ਉਹ ਕਿਵੇਂ ਪੜ੍ਹ ਸਕਦੇ ਹਨ। ਭਾਸ਼ਾ ਨੂੰ ਛੱਡ ਕੇ ਉਹ ਅਪਣੇ ਸੱਭਿਆਚਾਰ ਦੇ ਮੌਲਿਕ ਸਰੋਤਾਂ ਦੀ ਜਾਣਕਾਰੀ ਤੋਂ ਵਾਂਝੇ ਹੋ ਗਏ ਹਨ। ਅਪਣੀ ਸੱਭਿਆਚਾਰਕ ਵਿਲੱਖਣਤਾ ਗਵਾਈ ਜਾ ਰਹੇ ਹਨ। ਇਹ ਬਹੁਤ ਦੁੱਖਦਾਈ ਗੱਲ ਹੈ। ਮਨੋਵਿਗਿਆਨਕਾਂ ਨੇ ਖੋਜਾਂ ਰਾਹੀਂ ਸਿੱਧ ਕੀਤਾ ਹੈ ਕਿ ਮਨੁੱਖ ਅਪਣੇ ਮਨ ਦੇ ਡੂੰਘੇ ਵਿਚਾਰਾਂ, ਭਾਵਨਾਵਾਂ, ਸੰਵੇਦਨਾ ਆਦਿ ਨੂੰ ਅਪਣੀ ਮਾਤ ਭਾਸ਼ਾ ਵਿੱਚ ਹੀ ਅਸਲੀ ਰੂਪ ਵਿੱਚ ਪ੍ਰਗਟਾਉਂਦਾ ਹੈ। ਜਦੋਂ ਅਸੀਂ ਬਹੁਤ ਦੁਖੀਏ ਹੋਈਏ ਜਾਂ ਖੁਸ਼ ਹੋਈਏ ਜਾਂ ਭੈ-ਭੀਤ ਹੋਈਏ ਤਾਂ ਸਾਡੇ ਮੂੰਹੋਂ ਮਾਤ ਭਾਸ਼ਾ ਦੇ ਸ਼ਬਦਾਂ ਵਿਚ ਹੀ ਮਨੋਵੇਗ ਉਜਾਗਰ ਹੁੰਦੇ ਹਨ।




> *ਪਿਛਲੇ ਦਿਨੀਂ ਇਸ ਸਬੰਧੀ ਕੁਝ ਸਰਵੇਖਣ ਪੇਸ਼ ਕੀਤੇ ਗਏ, ਜਿਸ ਦਾ ਸਿੱਟਾ ਇਹ ਸੀ ਕਿ ਅਗਲੇ ਪੰਜਾਹ ਸਾਲਾਂ ਤੱਕ ਪੰਜਾਬੀ ਭਾਸ਼ਾ ਦੀ ਵਰਤੋਂ ਘਟਦੀ-ਘਟਦੀ ਲੋਪ ਹੋ ਸਕਦੀ ਹੈ। ਸਾਨੂੰ ਇਹ ਗੱਲ ਸੰਪੂਰਨ ਤੌਰ 'ਤੇ ਸੱਚ ਨਹੀਂ ਲੱਗਦੀ, ਪਰ ਫਿਰ ਵੀ ਸੰਭਾਵਨਾ ਬਣੀ ਹੋਈ ਹੈ ਕਿ ਪੰਜਾਬੀ ਬੋਲੀ ਦੀ ਦਿਨੋ-ਦਿਨ ਘਟਦੀ ਵਰਤੋਂ ਖ਼ਤਰੇ ਦੀ ਘੰਟੀ ਹੈ।*

ਪੰਜਾਬੀ ਭਾਰਤ ਵਿਚ ਘੱਟ ਗਿਣਤੀ ਦੀ ਭਾਸ਼ਾ ਹੈ ਜੇ ਪੰਜਾਬੀਆਂ ਨੇ ਅਪਣੀ ਬੋਲੀ ਦੀ ਅਣਗਹਿਲੀ ਕੀਤੀ ਤਾਂ ਭਵਿੱਖ ਵਿਚ ਪੰਜਾਬੀ ਦੀ ਹੋਂਦ ਸੁਰੱਖਿਅਤ ਨਹੀਂ। ਪਿਛਲੇ ਦਿਨੀਂ ਇਸ ਸਬੰਧੀ ਕੁਝ ਸਰਵੇਖਣ ਪੇਸ਼ ਕੀਤੇ ਗਏ, ਜਿਸ ਦਾ ਸਿੱਟਾ ਇਹ ਸੀ ਕਿ ਅਗਲੇ ਪੰਜਾਹ ਸਾਲਾਂ ਤੱਕ ਪੰਜਾਬੀ ਭਾਸ਼ਾ ਦੀ ਵਰਤੋਂ ਘਟਦੀ-ਘਟਦੀ ਲੋਪ ਹੋ ਸਕਦੀ ਹੈ। ਸਾਨੂੰ ਇਹ ਗੱਲ ਸੰਪੂਰਨ ਤੌਰ 'ਤੇ ਸੱਚ ਨਹੀਂ ਲੱਗਦੀ, ਪਰ ਫਿਰ ਵੀ ਸੰਭਾਵਨਾ ਬਣੀ ਹੋਈ ਹੈ ਕਿ ਪੰਜਾਬੀ ਬੋਲੀ ਦੀ ਦਿਨੋ-ਦਿਨ ਘਟਦੀ ਵਰਤੋਂ ਖ਼ਤਰੇ ਦੀ ਘੰਟੀ ਹੈ।

ਪ੍ਰਸਿੱਧ ਇਤਿਹਾਸਕਾਰ ਅਰਨੌਲਡ ਟੋਆਇਨਬੀ ਨੇ ਅਪਣੇ ਵਿਸ਼ਵ ਸੱਭਿਅਤਾ ਦੇ ਇਤਿਹਾਸ ਦੇ ਅਧਿਐਨ ਰਾਹੀਂ ਸਿੱਧ ਕੀਤਾ ਹੈ ਕਿ ਜਿਹੜੀਆਂ ਕੌਮਾਂ ਅਪਣੇ ਸੱਭਿਆਚਾਰਕ ਵਿਰਸੇ ਨਾਲ ਪ੍ਰਤੀਬੱਧ ਰਹਿੰਦੀਆਂ ਹਨ ਉਹ ਇਤਿਹਾਸਕ ਚੁਣੌਤੀਆਂ ਨੂੰ ਬੜੇ ਨਿੱਘੇ ਢੰਗ ਨਾਲ ਨਜਿੱਠ ਲੈਂਦੀਆਂ ਹਨ। ਇਸ ਲਈ ਕਿਸੇ ਵੀ ਸੱਭਿਆਚਾਰਕ ਇਕਾਈ ਲਈ ਜ਼ਰੂਰੀ ਹੈ ਕਿ ਉਹ ਅਪਣੇ ਵਿਰਸੇ ਨਾਲ ਜੁੜੇ ਰਹਿਣ। ਭਾਸ਼ਾ ਸੱਭਿਆਚਾਰਕ ਵਿਰਸੇ ਦੀ ਰੀੜ੍ਹ ਦੀ ਹੱਡੀ ਹੈ। ਮਾਤ ਭਾਸ਼ਾ ਦੇ ਮਾਧਿਅਮ ਰਾਹੀਂ ਹੀ ਸੱਭਿਆਚਾਰਕ ਸੰਸਕਾਰ ਪੈਦਾ ਕੀਤੇ ਜਾ ਸਕਦੇ ਹਨ।

ਭਾਰਤ ਦੀ ਸੁਤੰਤਰਤਾ ਤੋਂ ਉਪਰੰਤ ਭਾਸ਼ਾ ਦੇ ਆਧਾਰ 'ਤੇ ਇਲਾਕਿਆਂ ਦੀ ਵੰਡ ਕੀਤੀ ਗਈ ਅਤੇ ਕਈ ਪ੍ਰਾਂਤ ਬਣਾਏ ਗਏ। ਪੰਜਾਬ ਵਿਚ ਵੀ ਇਹ ਯੋਜਨਾ ਅਪਣਾਈ ਗਈ। ਪੰਜਾਬ ਦਾ ਦੁਖਾਂਤ ਹੈ ਕਿ ਰਾਜ ਦੀ ਪ੍ਰਦੇਸ਼ਿਕ ਵੰਡ ਵੇਲੇ ਭਾਸ਼ਾ ਨੂੰ ਰਾਜਨੀਤਕਾਂ ਨੇ ਆਪਸੀ ਮਤਭੇਦਾਂ ਦਾ ਟੀਚਾ ਬਣਾਇਆ। ਪੰਜਾਬ ਵਿਚ ਭਾਸ਼ਾ ਦੇ ਆਧਾਰ 'ਤੇ ਝਗੜੇ ਹੁੰਦੇ ਰਹੇ। ਇਹ ਨੁਕਤਾ ਸਿਆਸਤ ਨਾਲ ਜੁੜ ਗਿਆ। ਗੁਰਮੁਖੀ ਲਿਪੀ ਵਿੱਚ ਪੰਜਾਬੀ ਬੋਲੀ ਅਤੇ ਦੇਵਨਗਰੀ ਦੀ ਲਿਪੀ ਵਿੱਚ ਹਿੰਦੀ ਬੋਲ ਦੀ ਮੰਗ ਨੇ ਆਪਸੀ ਸੰਘਰਸ਼ ਪੈਦਾ ਕੀਤਾ। 1954 ਵਿੱਚ 'ਰੀਜਨਲ ਫਾਰਮੂਲੇ' ਅਨੁਸਾਰ ਪੰਜਾਬ ਨੂੰ ਦੋ ਭਾਸ਼ੀ ਰਾਜ ਘੋਸ਼ਿਤ ਕੀਤਾ ਗਿਆ, ਜਿਸ ਵਿੱਚ ਪੰਜਾਬੀ ਅਤੇ ਹਿੰਦੀ ਦੋਨਾਂ ਭਾਸ਼ਾਵਾਂ ਨੂੰ ਰਾਜ ਭਾਸ਼ਾਵਾਂ ਵਜੋਂ ਮਾਨਤਾ ਦਿੱਤੀ ਗਈ ਅਤੇ ਪ੍ਰਾਂਤ ਨੂੰ ਪੰਜਾਬੀ ਅਤੇ ਹਿੰਦੀ ਦੋ ਭਾਸ਼ਾਵਾਂ ਵਿੱਚ ਵੰਡ ਦਿੱਤਾ ਗਿਆ, ਪਰ ਇਹ ਯੋਜਨਾ ਤਸੱਲੀਬਖ਼ਸ਼ ਸਾਬਤ ਨਾ ਹੋਈ। ਦੋਹਾਂ ਭਾਸ਼ਾਵਾਂ ਦੇ ਕੱਟੜ ਸਮਰਥਕਾਂ ਨੇ ਭਾਸ਼ਾ ਨੂੰ ਅਪਣੇ ਨਿੱਜੀ, ਰਾਜਨੀਤਕ ਮਨੋਰਥਾਂ ਦੀ ਪੂਰਤੀ ਲਈ, ਧਰਮ ਨਾਲ ਜੋੜ ਕੇ ਫੈਸਲੇ ਲਏ। ਪੰਜਾਬੀ ਨੂੰ ਸਿੱਖ ਧਰਮ ਨਾਲ ਜੋੜ ਕੇ ਆਮ ਲੋਕਾਂ ਦੀ ਮਾਨਸਿਕਤਾ ਨੂੰ ਸੰਕੀਰਨ ਕਰਕੇ ਉਹਨਾਂ ਨੂੰ ਗੁਮਰਾਹ ਕੀਤਾ ਗਿਆ। ਭਾਵੇਂ ਪੰਜਾਬ ਵਿਚ ਪੰਜਾਬੀ ਵਧੇਰੇ ਗਿਣਤੀ ਵਿੱਚ ਸਨ, ਪਰ ਜਨਗਣਨਾ ਦੀ ਰਿਕਾਰਡਿੰਗ ਵੇਲੇ ਬਹੁਤੇ ਹਿੰਦੂ ਪਰਿਵਾਰਾਂ ਨੇ ਅਪਣੀ ਮਾਤ ਭਾਸ਼ਾ ਹਿੰਦੀ ਲਿਖਵਾਈ। ਇਸ ਤਰ੍ਹਾਂ ਪੰਜਾਬੀ ਭਾਸ਼ਾ ਪ੍ਰਧਾਨ ਪੰਜਾਬ ਪ੍ਰਦੇਸ਼ ਦਾ ਕਾਫ਼ੀ ਹਿੱਸਾ ਹਿੰਦੀ ਭਾਸ਼ਾਈ ਇਲਾਕਾ ਕਰਾਰ ਦਿੱਤਾ ਗਿਆ। ਭਾਸ਼ਾ ਦੇ ਆਧਾਰ 'ਤੇ ਪੰਜਾਬ ਨੂੰ ਵੰਡਣ ਦੀ ਮੰਗ ਲਈ ਸੰਘਰਸ਼ ਜਾਰੀ ਰਿਹਾ। ਨਵੰਬਰ 1966 ਨੂੰ ਪੰਜਾਬ ਰਾਜ ਦੀ ਵੰਡ ਦੋ ਹਿੱਸਿਆਂ ਵਿੱਚ ਕਰ ਦਿੱਤੀ ਗਈ-ਪੰਜਾਬ ਅਤੇ ਹਰਿਆਣਾ। ਇਸ ਵੰਡ ਦੇ ਨਾਲ ਇੱਕ ਹੋਰ ਗ਼ਲਤੀ ਕੀਤੀ ਗਈ ਕਿ ਪੰਜਾਬ ਦੇ ਪਹਾੜੀ ਇਲਾਕੇ ਹਿਮਾਚਲ ਪ੍ਰਦੇਸ਼ ਵਿੱਚ ਸ਼ਾਮਲ ਕਰ ਦਿੱਤੇ ਗਏ। ਪੰਜਾਬ ਨੂੰ ਵੰਡ ਦਿੱਤਾ ਗਿਆ, ਪਰ ਹਾਲੀ ਵੀ ਪੰਜਾਬ ਅਤੇ ਹਰਿਆਣਾ ਵਿੱਚ ਇਲਾਕਾਈ ਝਗੜੇ ਚੱਲ ਰਹੇ ਹਨ। ਹਰਿਆਣਾ ਸਰਕਾਰ ਨੇ ਪੰਜਾਬੀ ਨੂੰ ਦੂਜੇ ਦਰਜੇ ਦੀ ਭਾਸ਼ਾ ਦੀ ਥਾਂ ਦੇ ਦਿੱਤੀ ਹੈ। ਹਰਿਆਣਾ ਵਿੱਚ ਪੰਜਾਬੀ ਭਾਸ਼ਾਈ ਲੋਕ ਕਾਫ਼ੀ ਗਿਣਤੀ ਵਿੱਚ ਹਨ ਅਤੇ ਉਹ ਹਰਿਆਣਾ ਦੀ ਸਿੱਖਿਆ ਪ੍ਰਣਾਲੀ ਵਿੱਚ ਪੰਜਾਬੀ ਨੂੰ ਸ਼ਾਮਲ ਕਰਨ ਲਈ ਕਾਫ਼ੀ ਸਮੇਂ ਤੋਂ ਮੰਗ ਕਰ ਰਹੇ ਸਨ। ਹਿਮਾਚਲ ਪ੍ਰਦੇਸ਼ ਨੇ ਅਪਣੀ ਸਿੱਖਿਆ ਪ੍ਰਣਾਲੀ ਵਿੱਚ ਪੰਜਾਬੀ ਨੂੰ ਦੂਸਰੇ ਦਰਜੇ ਦੀ ਥਾਂ ਦੇ ਕੇ ਸ਼ਲਾਘਾਯੋਗ ਕੰਮ ਕੀਤਾ ਹੈ। ਭਾਰਤ ਇੱਕ ਬਹੁ-ਭਾਸ਼ਾਈ ਅਤੇ ਬਹੁ-ਸੱਭਿਆਚਾਰਕ ਰਾਸ਼ਟਰ ਹੈ। ਇੱਕ ਤੋਂ ਵੱਧ ਭਾਸ਼ਾਵਾਂ ਦੀ ਸਿੱਖਿਆ ਸਾਡੇ ਸਮਾਜ ਦੀ ਅਨੇਕਤਾ ਵਿੱਚ ਏਕਤਾ ਦੀ ਲੜੀ ਬਣ ਸਕਦੀ ਹੈ। ਜਿਸ ਦਾ ਸਿੱਧਾ ਮੰਤਵ ਭਾਰਤ ਵਾਸੀਆਂ ਵਿੱਚ ਰਾਸ਼ਟਰੀ ਚੇਤਨਾ ਦੀ ਸਿਰਜਨਾ ਹੈ। ਸਾਨੂੰ ਇਸ ਗੱਲ ਦਾ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਕਿ ਭਾਸ਼ਾ ਨੂੰ ਧਰਮ ਨਿਰਪੇਖ ਰੱਖਿਆ ਜਾਵੇ।

ਪੰਜਾਬੀ ਭਾਸ਼ਾ ਦੀ ਅਜੋਕੀ ਹਾਲਤ ਦੇਖਦਿਆਂ ਇਸ ਦੀ ਸਾਂਭ-ਸੰਭਾਲ ਲਈ ਨਿੱਗਰ ਯਤਨ ਕਰਨ ਦੀ ਲੋੜ ਹੈ। ਪੰਜਾਬੀ ਸੱਭਿਆਚਾਰਕ ਵਿਰਸੇ ਨੂੰ ਸੁਰੱਖਿਅਤ ਰੱਖਣ ਲਈ ਜ਼ਰੂਰੀ ਹੈ ਕਿ ਪੰਜਾਬੀ ਭਾਸ਼ਾ ਨੂੰ ਬਚਾਉਣ ਲਈ ਵੱਡੀ ਪੱਧਰ 'ਤੇ ਯਤਨ ਕੀਤੇ ਜਾਣ। ਪੰਜਾਬੀ ਭਾਸ਼ਾ ਨੂੰ ਪੰਜਾਬੀਆਂ ਵਿੱਚ ਹਰਮਨ ਪਿਆਰੀ ਬਣਾਇਆ ਜਾਵੇ। ਪਰਿਵਾਰਕ ਪੱਧਰ 'ਤੇ ਹਰ ਪੰਜਾਬੀ ਪਰਿਵਾਰ ਦਾ ਨੈਤਿਕ ਫ਼ਰਜ਼ ਬਣਦਾ ਹੈ ਕਿ ਉਹ ਬੱਚਿਆਂ ਨਾਲ ਪੰਜਾਬੀ ਵਿੱਚ ਗੱਲਬਾਤ ਕਰਨ ਅਤੇ ਉਹਨਾਂ ਨੂੰ ਪੰਜਾਬੀ ਭਾਸ਼ਾ ਦਾ ਅੱਖਰ-ਗਿਆਨ ਦੇਣ। ਇਹ ਯਤਨ ਪੰਜਾਬ ਤੋਂ ਬਾਹਰ ਰਹਿਣ ਵਾਲੇ ਪੰਜਾਬੀ ਪਰਿਵਾਰਾਂ ਨੂੰ ਗੰਭੀਰਤਾ ਨਾਲ ਕਰਨਾ ਚਾਹੀਦਾ ਹੈ। ਦੂਸਰੇ ਪਾਸੇ ਸੰਸਥਾਤਮਕ ਪੱਧਰ 'ਤੇ ਯੋਜਨਾਬੱਧ ਯਤਨ ਕਰਨ ਦੀ ਲੋੜ ਹੈ। ਪੰਜਾਬੀ ਪੜ੍ਹਾਉਣ ਦੀਆਂ ਸੰਸਥਾਵਾਂ ਕਾਇਮ ਕੀਤੀਆਂ ਜਾਣ। ਪੰਜਾਬੀ ਸਾਹਿਤ ਦੀਆਂ ਪੁਸਤਕਾਂ ਬਹੁਤ ਹੀ ਘੱਟ ਕੀਮਤਾਂ 'ਤੇ ਪ੍ਰਕਾਸ਼ਿਤ ਕਰਵਾ ਕੇ ਆਮ ਲੋਕਾਂ ਵਿੱਚ ਪਹੁੰਚਾਈਆਂ ਜਾਣ। ਇਹ ਯੋਜਨਾ ਕੇਂਦਰੀ ਸੰਗਠਨ ਰਾਹੀਂ ਹੋਰ ਵਧੇਰੇ ਸਫ਼ਲ ਹੋ ਸਕਦੀ ਹੈ ਤਾਂ ਜੋ ਸਥਾਨਕ ਯੂਨਿਟ ਕੇਂਦਰੀ ਧੁਰੇ ਦੀ ਦੇਖ-ਰੇਖ ਹੇਠ ਅਤੇ ਆਰਥਿਕ ਸਹਾਇਤਾ ਨਾਲ ਅਪਣਾ ਕੰਮ ਨਿਰਵਿਘਨ ਕਰ ਸਕਣ। ਅੱਜ ਦਾ ਯੁੱਗ ਕੰਪਿਊਟਰ ਟੈਕਨਾਲੋਜੀ ਅਤੇ ਮੀਡੀਆ ਦੀ ਵਿਕਸਤ ਸੰਚਾਰ ਪ੍ਰਣਾਲੀ ਦਾ ਹੈ। ਪੰਜਾਬੀ ਪੱਤਰਕਾਰੀ, ਪੰਜਾਬੀ ਅਖਬਾਰ, ਪੰਜਾਬੀ ਰੇਡੀਓ, ਪੰਜਾਬੀ ਟੀ.ਵੀ. ਚੈਨਲ ਅਤੇ ਪੰਜਾਬੀ ਇੰਟਰਨੈਟ ਨੂੰ ਹੋਰ ਵਧੇਰੇ ਵਿਕਸਿਤ ਅਤੇ ਸਾਰਥਿਕ ਬਣਾਉਣ ਦੀ ਲੋੜ ਹੈ। ਪੰਜਾਬੀ ਸਾਹਿਤ ਦੀ ਸਿਰਜਣਾ ਦੇ ਪ੍ਰਕਾਸ਼ਨਾ ਦੇ ਨਾਲ ਹੀ ਪੰਜਾਬੀ ਮਨੋਰੰਜਨ ਦੇ ਸਾਧਨ ਜਿਵੇਂ ਡਰਾਮਾ, ਸਿਨੇਮਾ ਥੀਏਟਰ ਅਤੇ ਸੰਗੀਤ ਨੂੰ ਪੂਰੇ ਸਹਿਯੋਗ ਨਾਲ ਉਤਸ਼ਾਹਤ ਕੀਤਾ ਜਾਵੇ। ਪੰਜਾਬੀ ਸੱਭਿਆਚਾਰ ਦੇ ਵਿਕਾਸ ਲਈ ਸੈਮੀਨਾਰ ਅਤੇ ਕਾਨਫਰੰਸਾਂ ਕੀਤੀਆਂ ਜਾਣ। ਇਹ ਸਾਰੇ ਕੰਮਾਂ ਲਈ ਵੱਡੀ ਪੱਧਰ 'ਤੇ ਆਰਥਿਕ ਸਰੋਤ ਮੁਹੱਈਆ ਕਰਨ ਦੀ ਲੋੜ ਹੈ। ਇਹ ਕੰਮ ਸਮੂਹਿਕ ਯਤਨਾਂ ਨਾਲ ਹੀ ਹੋ ਸਕਦਾ ਹੈ। ਸੰਸਥਾਵਾਂ ਅਤੇ ਵਿਅਕਤੀਆਂ ਨੂੰ ਇਸ ਫੰਡ ਵਿੱਚ ਹਿੱਸਾ ਪਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਜੋ ਉਹ ਖੁੱਲ੍ਹੇ ਦਿਲ ਨਾਲ ਆਰਥਿਕ ਯੋਗਦਾਨ ਪ੍ਰਦਾਨ ਕਰਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਇਸ ਸਬੰਧ ਵਿੱਚ ਸ਼ਲਾਘਾਯੋਗ ਯਤਨ ਕਰ ਰਹੀ ਹੈ। ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਸੁਰੱਖਿਆ ਲਈ ਦੇਸ਼ਾਂ ਅਤੇ ਪ੍ਰਦੇਸ਼ਾਂ ਵਿੱਚ ਵਸੇ ਪੰਜਾਬੀਆਂ ਨੂੰ ਹਰ ਸਾਲ ਯੂਨੀਵਰਸਿਟੀ ਦੇ ਸਲਾਨਾ ਸਥਾਪਤ ਸਮਾਰੋਹ ਦੇ ਮੌਕੇ 'ਤੇ ਇੱਕ ਪਲੇਟਫਾਰਮ 'ਤੇ ਇਕੱਠੇ ਹੋਣ ਦਾ ਮੌਕਾ ਦੇ ਕੇ ਅਪਣਾ ਸੁਨੇਹਾ ਵਿਸ਼ਾਲ ਘੇਰੇ ਵਿੱਚ ਪ੍ਰਸਾਰਤ ਕਰ ਰਹੀ ਹੈ, ਪਰ ਲੋੜ ਹੈ ਸਮੂਹਿਕ ਯਤਨਾਂ ਅਤੇ ਸਹਿਯੋਗ ਦੀ ਤਾਂ ਜੋ ਅਸੀਂ ਅਪਣੇ ਟੀਚੇ ਦੀ ਪ੍ਰਾਪਤੀ ਕਰ ਸਕੀਏ ਅਤੇ ਪੰਜਾਬੀ ਭਾਸ਼ਾ ਦਾ ਭਵਿੱਖ ਸੁਰੱਖਿਅਤ ਹੋ ਜਾਵੇ।

ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਸੁਰੱਖਿਆ ਲਈ ਸਰਕਾਰੀ ਅਦਾਰਿਆਂ ਦੇ ਸਹਿਯੋਗ ਦੀ ਲੋੜ ਵੀ ਜ਼ਰੂਰੀ ਹੈ। ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਪੰਜਾਬੀ ਭਾਸ਼ਾ ਨੂੰ ਵੀ ਹਰਮਨ ਪਿਆਰਾ ਬਣਾਉਣ ਅਤੇ ਕਿੱਤਾ ਮੁਖੀ ਬਣਾਉਣ ਦੇ ਯਤਨ ਵਧੇਰੇ ਲਾਹੇਵੰਦ ਹੋ ਸਕਦੇ ਹਨ। ਭਾਰਤੀ ਘੱਟ ਕਮਿਸ਼ਨ ਨੂੰ ਵੀ ਬੇਨਤੀ ਕਰਕੇ ਇਸ ਕਾਰਜ ਲਈ ਉੱਦਮ ਕੀਤੇ ਜਾ ਸਕਦੇ ਹਨ। ਲੋਕ ਭਲਾਈ ਦੇ ਅਦਾਰਿਆਂ ਨੂੰ ਦਿੱਤੀ ਜਾਂਦੀ ਵਿੱਤੀ ਮੱਦਦ ਜਿਵੇਂ ਕਿ ਆਮਦਨ ਕਰ ਛੋਟ ਦਿੱਤੀ ਜਾਂਦੀ ਹੈ, ਉਵੇਂ ਹੀ ਇਹ ਸਹੂਲਤ ਉਹਨਾਂ ਸੰਸਥਾਵਾਂ ਅਤੇ ਸੰਗਠਨਾਂ ਨੂੰ ਦਿੱਤੀ ਜਾਵੇ ਜਿਹੜੀਆਂ ਪੰਜਾਬੀ ਪੜ੍ਹਾਉਣ ਲਈ ਇਸਦੇ ਵਿਕਾਸ ਲਈ ਯਤਨਸ਼ੀਲ ਹਨ। ਇਸ ਪ੍ਰਸਥਿੱਤੀ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਲੋੜੀਂਦੇ ਆਰਥਿਕ ਸਰੋਤ ਹੋਰ ਵਧੇਰੇ ਉਪਲੱਬਧ ਹੋ ਜਾਣਗੇ।

# ਕਵਿਤਾ ਹੁੱਕੇ ਦਾ ਪਾਣੀ ਹੈ

**ਦੇਵਨੀਤ**

ਸਾਡੇ ਜੀਵਨ ਵਿਚ ਕਵਿਤਾ ਬਿਖਰੀ/ਗੁਆਚੀ/ਛੁਪੀ ਪਈ ਹੈ, ਜਿਵੇਂ ਸੁਨਾਰ ਦੇ ਪਹਾਰੇ ਦੀ ਰਾਖ਼ 'ਚ ਸੋਨੇ ਦੇ ਛੋਟੇ ਛੋਟੇ ਕਣ ਗੁਆਚੇ ਪਏ ਹੁੰਦੇ ਹਨ। ਉਹ ਲੱਭਣੇ ਬਹੁਤ ਔਖੇ ਹੁੰਦੇ ਹਨ। ਜੇ ਲੱਭ ਜਾਣ ਤਾਂ ਵੇਖੋ ਸੁਆਹ 'ਚੋਂ ਲੱਭਾ ਸੋਨਾ। ਕਿੱਥੇ ਸੁਆਹ, ਕਿੱਥੇ ਸੋਨਾ।

ਕਵਿਤਾ ਦੀ ਲੈਅ, ਜੀਵਨ ਦੀ ਲੈਅ ਅੰਦਰ ਪਈ ਹੁੰਦੀ ਹੈ। ਮੈਂ ਸਵੇਰ ਦੀ ਸੈਰ ਸਮੇਂ ਮਾਲ ਗੁਦਾਮ ਦੇ ਥੜ੍ਹੇ ਤੋਂ ਲੰਘ ਰਿਹਾ ਸਾਂ। ਥੜ੍ਹੇ 'ਤੇ ਚਾਦਰ ਵਿਛਾਕੇ, ਰਬੜ ਦੇ ਸਸਤੇ ਬੂਟ, ਜੋ ਮਜ਼ਦੂਰ ਪਹਿਨਦੇ ਹਨ, ਸਜਾਏ ਜਾ ਰਹੇ ਸਨ। ਚਾਦਰ 'ਤੇ ਇਕ ਪਾਸੇ ਪਤਨੀ ਬੈਠੀ ਹੈ। ਦੂਜੇ ਪਾਸੇ ਪਤੀ। ਚਾਦਰ ਦੇ ਕਿਨਾਰੇ 'ਤੇ ਚਾਰ ਜੋੜੀਆਂ ਬੂਟ ਇੱਕੋ ਜਿਨੀ ਵਿੱਥ ਛੱਡਕੇ ਰੱਖੇ ਜਾ ਚੁੱਕੇ ਹਨ। ਉਸ ਤੋਂ ਪਿਛਲੀ ਕਤਾਰ ਬਣਾਉਣ ਲਈ ਪਤਨੀ ਕਹਿੰਦੀ ਹੈ- ਹੁਣ ਤਿੰਨ ਜੋੜੀਆਂ ਰੱਖ, ਫੇਰ ਦੋ, ਫੇਰ ਇਕ। ਪਤੀ ਕਹਿੰਦਾ ਹੈ- ਨਹੀਂ ਇਹ ਚਾਰ ਜੋੜੇ ਅੱਠ ਨੰਬਰ ਹਨ, ਅਗਲੇ ਚਾਰ ਸੱਤ ਨੰਬਰ, ਅਗਲੇ ਚਾਰ ਛੇ ਨੰਬਰ ਰੱਖ ਦਿੰਦੇ ਹਾਂ। ਇਹ ਜ਼ਿੰਦਗੀ ਅੰਦਰਲੀ ਲੈਅ ਹੈ। ਸਿਰਫ਼ ਬੂਟ ਵੇਚਣੇ ਹੀ ਨਹੀਂ ਜ਼ਿੰਦਗੀ। ਇੱਥੇ ਵੀ ਔਰਤ, ਮਰਦ ਦਾ ਭੇਤ ਵੇਖਿਆ ਜਾ ਸਕਦਾ ਹੈ। ਔਰਤ ਅੰਦਰ ਸੁਹਜ ਹੈ। ਉਹ ਤਰਤੀਬ ਬਣਾਉਂਦੀ ਹੈ- ਚਾਰ, ਤਿੰਨ, ਦੋ, ਇਕ। ਪਤੀ ਅੰਦਰ ਨੰਬਰ ਹਨ, ਗਿਣਤੀ ਹੈ। ਉਹ ਤਰਤੀਬ ਬਣਾਉਣਾ ਚਾਹੁੰਦੈ- ਨੰਬਰਾਂ ਦੀ- ਅੱਠ, ਸੱਤ, ਛੇ। ਇਸ ਚਾਦਰ 'ਤੇ ਕਿਤੇ ਕਵਿਤਾ ਗੁਆਚੀ ਪਈ ਹੈ। ਲੱਭੇਗੀ।

ਪਤਾ ਨਹੀਂ ਲਗਦਾ, ਬੰਦੇ ਮੂਹਰੇ ਕਵਿਤਾ ਕਦੋਂ ਆ ਖੜ੍ਹੇ। ਪਿੰਡ ਅਸੀਂ ਖੇਤਾਂ 'ਚ ਘਰ ਪਾ ਰਹਿੰਦੇ ਹਾਂ। ਮੈਂ ਖੇਤੋਂ, ਬੱਸ ਫੜਣ ਲਈ ਸੜਕ 'ਤੇ ਖੜਾ ਹਾਂ, ਵੱਡਾ ਭਾਈ ਨਾਲ ਹੈ। ਮੈਂ ਖੇਤਾਂ ਵੱਲ ਵੀ ਨਿਗਾਹ ਮਾਰਦਾ ਹਾਂ। ਹਰੇ ਭਰੇ ਖੇਤ, ਮੋਟਰਾਂ, ਬੰਬੀਆਂ, ਮੋਟਰਾਂ ਦੇ ਪੱਕੇ ਕੋਠੇ, ਕੱਦੂਆਂ ਦੀਆਂ ਵੇਲਾਂ ਚੜ੍ਹੀਆਂ। ਕਦੇ ਇੱਥੇ ਟਿੱਬੇ ਹੀ ਟਿੱਬੇ ਸਨ। ਮੈਂ ਕਹਿੰਦਾ ਹਾਂ- ਆਹ ਤਾਂ ਜਮਾ ਲੁਧਿਆਣਾ ਬਣਿਆ ਪਿਆ ਹੈ। ਮੇਰਾ ਭਾਈ ਹਾਉਕੇ ਵਾਂਗ ਕਹਿੰਦਾ ਹੈ, "ਇਹ ਸਭ ਉਤੋਂ ਉਤੋਂ ਲਗਦੈ। ਵਿਚੋਂ ਵੇਖੇ ਕੁਝ ਨੀ। ਸਾਰਿਆਂ ਸਿਰ ਲੱਖਾਂ ਲੱਖਾਂ ਦਾ ਕਰਜੈ। ਮੈਂ ਜੱਟ ਦੀ ਬਹੀ ਕਵਿਤਾ ਲਿਖੀ। ਜਿਸਦੀ ਆਖ਼ਰੀ ਸਤਰ ਸੀ- ਹਰਾ ਟੀਂਡਾ ਸੁੰਡੀਆਂ ਖਾਧਾ ਖੋਖਲਾ।

ਕਵਿਤਾ ਸਧਾਰਨ ਤੋਂ ਸਧਾਰਨ ਵਸਤਾਂ, ਘਟਨਾਵਾਂ ਦ੍ਰਿਸਾਂ, ਵਰਤਾਰਿਆਂ ਅੰਦਰ ਛੁਪੀ ਹੁੰਦੀ ਹੈ। ਛੁਪੀ ਰਹਿੰਦੀ ਹੈ, ਕੋਈ ਨਾ ਵੇਖੇ ਉਨਾ ਚਿਰ। ਮੈਂ ਸਵੇਰੇ ਸਟੇਸਨ 'ਤੇ ਲੰਬੇ ਪਲੈਟਫਾਰਮ 'ਤੇ ਸੈਰ ਕਰਦਾ ਹਾਂ। ਇਕ ਸਵੇਰੇ ਅਚਾਨਕ ਮੈਨੂੰ ਰੇਲਵੇ ਟਰੈਕ ਦੀ ਇਕ ਲੀਹ 'ਤੇ ਅੱਗ ਦਿੱਸੀ, ਲਾਲ ਲਾਲ, ਸੂਹੀ ਲਾਲ। ਮੈਂ ਹੈਰਾਨ ਹੋ ਗਿਆ। ਲੀਹ 'ਤੇ ਨਜ਼ਰ ਟਿਕਾ ਤੁਰਨ ਲੱਗਾ। ਉਹ ਅੱਗ ਮੇਰੇ ਅੱਗੇ ਅੱਗੇ ਤੁਰਦੀ ਜਾਵੇ। ਮੈਥੋਂ ਦਸ ਕੁ ਫੁੱਟ ਦਾ ਫਾਸਲਾ ਰੱਖ। ਮੈਂ ਹੋਰ ਤੁਰਦਾ ਗਿਆ। ਅੱਗ ਮੇਰੇ ਨੇੜੇ ਹੁੰਦੀ ਹੁੰਦੀ ਬਰਾਬਰ ਹੋ ਤੁਰੀ। ਅੱਗੇ ਜਾ ਅੱਗ ਮਰ ਗਈ। ਮੈਂ ਕੱਲਾ ਰਹਿ ਗਿਆ। ਕਿੰਨਾ ਅਚੰਭੇ ਵਾਲਾ ਦ੍ਰਿਸ਼ ਸੀ। ਟਰੈਕ 'ਤੇ ਤੁਰੀ ਜਾਂਦੀ ਕਵਿਤਾ। ਕਵਿਤਾ ਅੱਗ ਹੀ ਤਾਂ ਹੁੰਦੀ ਹੈ ਹੋਰ ਕੀ।

ਹੁਣ ਜੇ ਇਹੀ ਗੱਲ ਭੌਤਿਕ ਵਿਗਿਆਨੀ ਨੂੰ ਦੱਸੀਏ ਤਾਂ ਉਹ ਸਾਡੀ ਹੈਰਾਨੀ 'ਤੇ ਹੈਰਾਨ ਹੋਵੇਗਾ। ਹੱਸੇਗਾ। ਇਹ ਤਾਂ ਲੀਹ 'ਤੇ ਉਚੇ ਖੰਭੇ ਤੋਂ ਲਾਲ ਲਾਈਟਾਂ ਦਾ ਪ੍ਰਤੀਬਿੰਬ ਹੈ। ਪ੍ਰਤੀਬਿੰਬ ਦਾ ਤੁਰਨਾ ਖੜਨਾ।

ਕੋਈ ਜਮਾਂ ਈ ਸਾਧਾਰਨ ਗੱਲ-ਕਵੀ ਅੰਦਰ ਕਵਿਤਾ ਦਾ ਬੀਅ ਪੋਰ ਦੇਂਦੀ ਹੈ। ਕਵੀ ਨੂੰ ਪਤਾ ਹੀ ਨਹੀਂ ਲੱਗਦਾ। ਕੋਈ ਦਸ ਬਾਰਾਂ ਸਾਲ ਪਹਿਲਾਂ ਦੀ ਗੱਲ ਹੈ। ਮੈਂ ਤੇ ਮੇਰੇ ਕੁਝ ਕਵੀ ਮਿੱਤਰ ਸਵੇਰੇ ਸਵੇਰੇ ਚੰਡੀਗੜ੍ਹ ਦੇ ਰੋਜ਼ ਗਾਰਡਨ ਵਿਚ ਘੁੰਮ ਰਹੇ ਸਾਂ। ਘਾਹ ਦੇ ਲੰਬੇ ਚੌੜੇ ਮੈਦਾਨ 'ਚ ਮਾਲੀ ਮੋਟਰ ਵਾਲੀ ਘਾਹ ਕੱਟਣ ਦੀ ਮਸ਼ੀਨ ਚਲਾ ਰਿਹਾ ਸੀ। ਘਾਹ ਬਰੀਕ ਬਰੀਕ ਟੋਟੇ ਹੋ ਉੱਛਲ ਰਿਹਾ ਸੀ। ਅਸੀਂ ਖੜ੍ਹ ਗਏ। ਉਸਨੂੰ ਦੇਖ ਕੇ ਮੇਰਾ ਮਿੱਤਰ ਬੋਲਿਆ, 'ਦੇਵਨੀਤ! ਇਹ 'ਤੇ ਕਵਿਤਾ ਲਿਖ।' ਮੈਂ ਉੱਤਰ ਦਿੱਤਾ- 'ਐਂ ਬਾਬਿਓ! ਕਿੱਥੇ ਲਿਖੀ ਜਾਂਦੀਐ ਕਵਿਤਾ।'

ਪਤਾ ਨਹੀਂ ਕੀ ਵਾਪਰ ਗਿਆ। ਪਿਛਲੇ ਦਿਨੀ ਮੈਂ ਘਾਹ ਦੇ ਮੈਦਾਨ 'ਤੇ ਕਵਿਤਾ ਲਿਖੀ। ਨਾਂਅ ਰੱਖਿਆ ਗਿਆ- ਪਾਵਰ ਗਰਾਸ ਮੂਵਰ।

ਮੈਂ ਸਵੇਰੇ ਚਾਰ ਵਜੇ ਧੁੰਦ 'ਚ ਲਿਪਟੇ ਸਟੇਸ਼ਨ ਦੇ ਬਾਹਰ, ਚਾਹ ਦੀ ਦੁਕਾਨ 'ਤੇ ਖੜਾ ਹਾਂ। ਮੇਰੇ ਸਾਹਮਣੇ ਚੁੰਗੀ ਘਰ ਦੇ ਛੋਟੇ ਜਿਹੇ ਬਰਾਂਡੇ 'ਚ ਕੋਈ ਰਜਾਈ 'ਚ ਗੁੱਛਾ ਮੁੱਛਾ ਹੋਇਆ ਪਿਆ ਹੈ। ਬਰਾਂਡੇ ਦੇ ਬਾਹਰ ਨਾਲ ਹੀ ਇਕ ਹੋਰ ਰਜਾਈ 'ਚ ਉਵੇਂ ਹੀ ਪਿਆ ਹੈ। ਕੋਲ ਬੁਰਜੀ ਨਾਲ ਸੰਗਲੀ 'ਚ ਬੰਨ੍ਹਿਆ ਰਿਕਸ਼ਾ ਖੜੈ। ਹਿੰਦੀ ਕਵੀ ਰਘੁਵੀਰ ਸਹਾਏ ਕਹਿੰਦਾ ਹੈ- ਹਮ ਲੋਗ ਖਾਤੇ ਪੀਤੇ/ਸੋਤੇ ਔਰ ਜਾਗਤੇ ਹੈਂ/ਕੋਈ ਕਵਿਤਾ, ਨਹੀਂ ਬਨਤੀ। ਜਬ ਕਿਸੀ ਸੇ ਹਮਾਰਾ ਰਿਸ਼ਤਾ ਸਾਫ਼ ਹੋਨੇ ਲਗਤਾ ਹੈ, ਕਵਿਤਾ ਬਨ ਜਾਤੀ ਹੈ।

ਬਰਾਂਡੇ ਵਾਲੀ ਰਜਾਈ 'ਚ ਇਕ ਪਾਗਲ ਸੁੱਤਾ ਪਿਆ ਹੈ। ਬਰਾਂਡੇ ਦੇ ਬਾਹਰ ਵਾਲੀ ਰਜਾਈ 'ਚ ਪਰਵਾਸੀ ਰਿਕਸੇਵਾਲਾ ਪਿਆ ਹੈ। ਇਹ ਉਸਦਾ ਹੀ ਰਿਕਸ਼ਾ ਹੈ ਕਰਾਏ 'ਤੇ ਲਿਆ। ਇਹ ਰਿਕਸ਼ੇਵਾਲਾ ਹਰ ਰੋਜ ਸ਼ਾਮ ਨੂੰ ਇਸ ਪਾਗਲ ਨੂੰ ਸ਼ਹਿਰ 'ਚੋਂ ਭਾਲ ਕੇ ਰਿਕਸ਼ੇ 'ਚ ਬਹਾ ਲੈ ਆਉਂਦਾ ਹੈ। ਮੰਦਰ ਦੇ ਲੰਗਰ 'ਚੋਂ ਉਸ ਨਾਲ ਰੋਟੀ ਖਾਂਦਾ ਹੈ। ਉਸ ਦਾ ਬਿਸਤਰਾ ਛੱਤ ਹੇਠ ਵਿਛਾਉਂਦਾ ਹੈ। ਆਪ ਬਾਹਰ ਪੈਂਦਾ ਹੈ, ਐਨੀ ਠੰਢ 'ਚ। ਪਾਗਲ ਤਾਂ ਪਾਗਲ ਹੈ। ਉਹ ਹਰ ਰੋਜ਼ ਕਈ ਕਈ ਘੰਟੇ ਰਿਕਸ਼ੇਵਾਲੇ ਨੂੰ ਲੱਭਣਾ ਪੈਂਦਾ ਹੈ। ਜੇ ਇਕ ਦਿਨ ਵੀ ਨਾਗਾ ਪਿਆ, ਪਾਗਲ ਨੇ ਕਿਤੇ ਪਏ ਨੇ ਠੰਢ ਨਾਲ ਮਰ ਜਾਣਾ। ਇਹ ਰਿਕਸ਼ੇਵਾਲੇ ਤੇ ਪਾਗਲ ਬੰਦੇ ਦਾ ਪਾਕ ਰਿਸ਼ਤਾ ਹੈ। ਇੱਥੇ ਹੀ ਕਵਿਤਾ ਹੈ।

ਮੈਂ ਅਪਣੇ ਇਕ ਮਿੱਤਰ ਨਾਲ ਹੀ ਦਿੱਲੀ ਜਾਂਦਾ ਸਾਂ। ਇਕ ਵਾਰ ਮੈਨੂੰ ਬੇਟੇ ਦੇ ਜ਼ਰੂਰੀ ਕਾਗਜ਼ ਦੇਣ ਦਿੱਲੀ ਜਾਣਾ ਪਿਆ। ਮਿੱਤਰ ਨੂੰ ਕਿਹਾ, "ਮਿੱਤਰ! ਮੇਰੇ ਨਾਲ ਦਿੱਲੀ ਚੱਲ।'' ਉਹ ਜੁਆਬ ਦੇ ਗਿਆ। ਇੱਕਲੇ ਨੂੰ ਜਾਣਾ ਪੈਣਾ ਸੀ, ਮੈਂ ਕੱਲਾ ਕਿਉਂ ਨੀ ਜਾਂਦਾ ਦਿੱਲੀ। ਸਿਰਫ਼ ਇਸੇ ਗੱਲ ਨੇ ਮੇਰੇ ਤੋਂ 'ਯਾਤਰੀ ਧਿਆਨ ਦੇਣ' ਕਿਤਾਬ ਵਿਚਲੀ ਲੰਬੀ ਕਵਿਤਾ- 'ਦੋ ਕਵੀਆਂ ਦੀ ਦਿੱਲੀ' ਲਿਖਵਾਈ।

ਕਵਿਤਾ ਤਾਂ ਸਤਰ ਸਤਰ ਖਿੰਡੀ ਮਿਲਦੀ ਹੈ। ਜੀਵਨ ਵਿਚ। ਸੁਰਜੀਤ ਗਾਮੀ ਸਾਡੇ ਸ਼ਹਿਰ ਦਾ ਤੀਖਣ ਬੁੱਧ ਨਾਟਕਕਾਰ ਤੇ ਰੰਗਕਰਮੀ ਹੈ। ਦਲਿਤ ਹੈ- ਗਰੀਬੀ ਮਾਰਗੀ। ਆਖ਼ਿਰ ਗਰੀਬੀ ਸ਼ਰਾਬ ਬਣ ਲੱਗ ਗਈ ਉਹਨੂੰ। ਇਕ ਦਿਨ ਹੋਟਲ 'ਚੋਂ ਪੂਰੀਆਂ ਖਾ ਨਿਕਲ ਰਿਹਾ ਸੀ, ਮੈਂ ਕਿਹਾ, "ਗਾਮੀ! ਅੱਜ ਤੇਰਾ ਵੀ ਪੂਰੀਆਂ ਖਾਣ ਨੂੰ ਜੀਅ ਕਰ ਆਇਆ?'' ਕਹਿੰਦਾ, "ਦੇਵਨੀਤ, ਜੀਅ ਤਾਂ ਹਰ ਰੋਜ਼ ਕਰਦੈ, ਖਾਂਦਾ ਕਦੇ ਕਦੇ ਹਾਂ।''

ਕਵਿਤਾ ਅਗਿਆਤ ਗੱਲਾਂ 'ਚੋਂ ਪੈਦਾ ਹੁੰਦੀ ਹੈ। ਗਿਆਨ ਕਵਿਤਾ ਨੂੰ ਮਾਰ ਦਿੰਦਾ ਹੈ। ਇਸੇ ਲਈ ਕਵੀ ਬਾਲ-ਬੁੱਧ ਹੁੰਦੈ। ਮੈਂ ਸਕੂਲ ਗਿਆ ਤਾਂ ਚੌਂਕੀਦਾਰ ਕਹਿੰਦਾ, "ਕਲ੍ਹ ਆਥਣੇ ਵਿਹੜੇ ਦੇ ਜੁਆਕਾਂ ਨੇ ਬਰਾਂਡਿਆਂ ਦੇ ਬੋਰਡ ਤੋੜਤੇ, ਬੱਲਿਆਂ ਨਾਲ, ਮੈਂ ਉਹਨਾਂ ਦੇ ਪਿਉਆਂ ਨੂੰ ਜਾਣਦਾ। ਬੁਲਾਕੇ ਲਾਹ ਪਾਹ ਕਰੋ।'' ਮੈਂ ਕਿਹਾ, "ਕੋਈ ਗੱਲ ਨੀ, ਸਾਰੀਆਂ ਸੁੱਚਾਂ ਨਵੀਆਂ ਲੁਆ ਦਿੰਦੇ ਹਾਂ।'' ਡਿਸਟਰਬਡ ਸਾਂ। ਘਰ ਆ ਕਵਿਤਾ ਲਿਖੀ- ਚਾਨਣ ਬਾਹਰੇ ਬੱਚੇ।

ਮੇਰਾ ਮਿੱਤਰ ਕਵੀ ਵੇਖ ਰਿਹਾ ਹੈ। ਝੁੱਗੀ ਦੇ ਸਾਹਮਣੇ ਡੱਬ-ਖੜੱਬੀ ਛਾਂ 'ਚ ਇਕ ਬੁੱਢਾ ਝੇਰ ਹੋਏ ਮੰਜੇ 'ਚ ਬੈਠਾ ਹੈ। ਕੋਲ ਹੁੱਕਾ ਪਿਆ ਹੈ। ਉਹ ਆਪਣੀ ਸੱਤ-ਅੱਠ ਸਾਲ ਦੀ ਪੋਤੀ ਤੋਂ ਪਾਣੀ ਮੰਗਦਾ ਹੈ। ਕੁੜੀ ਖੇਡਣਾ ਛੱਡ ਝੌਂਪੜੀ ਦੇ ਬਾਹਰ ਪਏ ਘੜੇ 'ਚੋਂ ਪਾਣੀ ਦਾ ਗਲਾਸ ਭਰਦੀ ਹੈ। ਗਲਾਸ ਨੂੰ ਹੱਥ 'ਚ ਫੜ ਅੱਡੀ 'ਤੇ ਪੂਰਾ ਗੇੜਾ ਖਾਂਦੀ ਹੈ ਅਤੇ ਪਾਣੀ ਆਪਣੇ ਬਾਬੇ ਨੂੰ ਫੜਾ ਦਿੰਦੀ ਹੈ। ਇਸ ਦ੍ਰਿਸ਼ ਵਿਚ ਕੁੜੀ ਦਾ ਅੱਡੀ 'ਤੇ ਗੇੜਾ ਖਾਣਾ ਇਕ ਰਹੱਸ ਹੈ। ਇੱਥੇ ਹੀ ਕਵਿਤਾ ਲੁਪਤ ਹੈ। ਫੜੇ ਕੌਣ? ਕੋਈ ਵੱਡਾ ਕਵੀ ਹੀ ਫੜ ਸਕਦੈ।

ਕਵਿਤਾ ਕਿਵੇਂ ਇਕ ਤੱਕਣੀ 'ਚ ਲੁਕੀ ਹੋਈ ਹੈ। ਸੁਣੋ! ਮੈਂ ਖੁਸਵੰਤ ਸਿੰਘੀ ਪਟਕੇ, ਲੋਈ ਦੀ ਬੁੱਕਲ, ਪੈਰੀਂ ਚੱਪਲਾਂ। ਸਾਈਕਲ 'ਤੇ ਪੈਰ ਲਾ, ਚਕੇਰੀਆਂ ਵਾਲੇ ਫਾਟਕ ਕੋਲ ਇਕ ਟੁੱਟੇ ਜਿਹੇ ਟੀ-ਸਟਾਲ ਤੇ ਖੜ੍ਹਾ ਹਾਂ। ਮੈਂ ਦੋ ਅੰਡੇ ਉਬਲਣ ਦਾ ਆਰਡਰ ਦਿੱਤਾ ਹੈ। ਮੇਰੇ ਕੋਲ ਹੀ ਚੌਵੀ ਕੁ ਸਾਲ ਦਾ ਜੱਟ ਨੌਜੁਆਨ ਸਕੂਟਰ ਆ ਰੋਕਦਾ ਹੈ- ਪਿੰਡ ਜਾਂਦਾ ਜਾਂਦਾ, ਸਿਆਲੀ ਸ਼ਾਮ 'ਚ। ਉਹ ਡੱਬ 'ਚੋਂ, ਮੋਟੇ ਸੰਤਰੇ ਦਾ ਅਧੀਆਂ ਕੱਢਦਾ ਹੈ। ਭੀੜੇ ਜਿਹੇ ਗਲਾਸ 'ਚੋਂ ਅੱਧਾ ਅਧੀਆ ਉਲਟਾਉਂਦਾ ਹੈ। ਮੇਰੇ ਵੱਲ ਤਿਰਛੀ ਨਜ਼ਰ ਵੇਖ ਰਿਹਾ ਹੈ। ਮੈਂ ਉਸ ਨੂੰ ਉਸਦੇ ਪਿੰਡ ਦਾ ਤੇਜੂ ਸੂਮ ਲਗਦਾ ਹਾਂ, ਜੋ ਠਿਆਨੀ ਦੇ ਬਿਸਕੁਟ ਲੈ ਡੰਡੀ ਲੱਗੂ। ਉਸਦੀ ਤਿਰਛੀ ਨਜ਼ਰ ਮੇਰੇ 'ਤੇ ਵੱਜ ਬੋਲ ਗਈ, "ਕਿਉਂ! ਐਂ ਐ ਜੱਟ ਦਾ ਕੰਮ, ਕੇਰਾਂ 'ਚ ਹੋਰ ਪਾਲੂੰ ਪਊਆ। ਮੇਰੇ ਅੰਡੇ ਉਬਲ ਗਏ ਹਨ। ਮੈਂ ਲੋਈ ਦੀ ਬੁਕਲ 'ਚੋਂ ਏਟ. ਪੀਐਮ. ਦੀ ਬੋਤਲ ਕਢਦਾ ਹਾਂ। ਪੈਗ ਪਾਉਂਦਾ ਹਾਂ। ਮੁੰਡੇ ਨੇ ਅਗਲਾ ਪੈਗ ਅਜੇ ਨਹੀਂ ਪਾਇਆ। ਮੈਂ ਉਸਦਾ ਚਿਹਰਾ ਤੱਕਦਾ ਹਾਂ। ਮੇਰੀ ਏਟ. ਪੀਐਮ. ਮੋਟੇ ਸੰਤਰੇ ਦਾ ਸੋਸ਼ਣ ਕਰ ਗਈ ਹੈ। (ਮੈਨੂੰ ਉਸ ਦੇ ਜਾਣ ਤੋਂ ਬਾਦ ਹੀ ਪੈਗ ਪੀਣਾ ਚਾਹੀਦਾ ਸੀ।) ਪਰ ਹੁਣ ਕੀ ਬਣਦੈ।

ਕਈ ਸਾਲ ਪਹਿਲਾਂ ਦੀ ਗੱਲ ਹੈ। ਮੇਰੇ ਸਾਥੀ ਅਧਿਆਪਕ ਦਾ ਨੌਜੁਆਨ ਕੁਆਰਾ ਬੇਟਾ ਗੁਜ਼ਰ ਗਿਆ। ਮੈਂ ਸਮਸ਼ਾਨ ਘਾਟ ਪਹੁੰਚਿਆ। ਚਿਖਾ ਚਿਣੀ ਗਈ। ਜਦੋਂ ਚਿਖਾ ਨੂੰ ਅੱਗ ਦਿੱਤੀ ਦੋ ਮੁੰਡੇ ਮੇਰੇ ਸਾਥੀ ਨੂੰ ਸੰਭਾਲੀ ਖੜ੍ਹੇ ਰਹੇ। ਜਦੋਂ ਚਿਖਾ ਲਟ ਲਟ ਬਲਣ ਲੱਗੀ। ਸਾਰੇ ਲੋਕ ਬੈਠਣ ਲੱਗੇ ਇਧਰ ਉਧਰ। ਮੇਰਾ ਮਿੱਤਰ ਅਧਿਆਪਕ ਘਾਹ ਦੇ ਮੈਦਾਨ ਡਿਗਣ ਵਾਂਗ ਬੈਠਦਾ ਬੋਲਿਆ, "ਮੈਂ ਪੁੱਤ ਏਥੇ ਵੀ ਆਉਣਾ ਸੀ ਅੱਜ।'' ਇਹ ਇਕ ਬਾਪ ਦੀ ਇਕ ਸਤਰੀ ਵੱਡੀ ਕਵਿਤਾ ਸੀ।

ਕਵਿਤਾ ਤਾਂ ਹੁੱਕੇ ਦਾ ਪਾਣੀ ਹੈ। ਹੁੱਕੇ ਦਾ ਪਾਣੀ ਕਈ ਮਰਜ਼ਾਂ ਦੀ ਦਵਾ ਹੁੰਦੈ। ਤੇ ਕਵਿਤਾ ਵੀ। ਹੁੱਕੇ ਦਾ ਪਾਣੀ, ਹੁੱਕੇ ਉੱਤੇ ਰੱਖੀ ਚਿਲਮ ਜਿਸ ਵਿਚ ਅੱਗ ਉੱਤੇ ਤੰਬਾਕੂ ਧੁਖ ਰਿਹਾ ਹੁੰਦਾ ਹੈ, ਤੇ ਹੁੱਕਾ ਪੀਣ ਵਾਲੀ ਨਲੀ ਦੇ ਵਿਚਕਾਰ ਹੁੰਦਾ ਹੈ। ਹੁੱਕੇ ਦੀ ਅੱਗ 'ਚੋਂ ਤੰਬਾਕੂ ਵਾਲੇ ਗਰਮ ਧੂੰਏਂ ਨੂੰ ਨਹੀਂ ਪਤਾ ਹੁੰਦਾ ਕਿ ਉਸਨੇ ਪਾਣੀ ਵਿਚੋਂ ਲੰਘ ਠੰਢਾ ਹੋ ਨੜੀ ਦੇ ਮੂੰਹ ਤੇ ਜਾ ਨਿਕਲਣਾ ਹੈ। ਬੱਸ ਇਵੇਂ ਹੀ ਕਵਿਤਾ ਹੁੰਦੀ ਹੈ। ਦ੍ਰਿਸ਼ ਅਤੇ ਦ੍ਰਿਸਟੀ ਦੇ ਵਿਚਕਾਰ ਕਿਤੇ ਹੁੱਕੇ ਦੇ ਪਾਣੀ ਵਾਂਗ। ਜਦੋਂ ਬੰਦਾ ਗੁਲਾਬ ਦੇ ਸੁਹਣੇ ਫੁੱਲ ਨੂੰ ਵੇਖਦਾ ਹੈ ਤਾਂ ਕਹਿੰਦਾ ਹੈ, "ਵਾਹ! ਕਿਨਾ ਸੁਹਣਾ ਫੁੱਲ।'' ਬੱਸ ਇਸ ਤੋਂ ਵੱਧ ਉਹ ਨਹੀਂ ਸੋਚਦਾ। ਪਰ ਜਦੋਂ ਕਵੀ ਵੇਖਦਾ ਹੈ ਤਾਂ ਕਵੀ, "ਵਾਹ! ਕਿਨਾ ਸੁਹਣਾ ਫੁੱਲ' ਤੋਂ ਬਾਅਦ ਸੋਚਦਾ ਹੈ। ਬੱਸ ਇਹੀ ਫੁੱਲ ਅਤੇ ਕਵੀ ਵਿਚਕਾਰ ਹੁੱਕੇ ਦਾ ਪਾਣੀ ਹੈ ਜਿਸ ਵਿਚ ਕਵਿਤਾ ਛਣਕੇ ਲੁਕੀ ਰਹਿੰਦੀ ਹੈ।

ਇਨ੍ਹਾਂ ਛੋਟੀਆਂ ਛੋਟੀਆਂ ਗੱਲਾਂ 'ਚੋਂ ਹੀ ਸਾਡਾ ਲੋਕ-ਕਾਵਿ ਪੈਦਾ ਹੋਇਆ ਹੈ। ਲੋਕ-ਕਾਵਿ ਅਣਪੜ ਅਕਵੀਆਂ ਦੀ ਬਹੁਤ ਮਾਰਮਿਕ ਕਵਿਤਾ ਹੈ।


## ਜ਼ਿੰਦਗੀ ਬੜੀ ਬੇਵਫ਼ਾ ਹੈ ਇਸ ਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।

* ਕੀ ਤੁਸੀਂ ਹਾਲ ਹੀ ਵਿਚ ਘਰ ਖਰੀਦਿਆ ਹੈ ? * ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
* ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਲੈਣੀ ਚਾਹੁੰਦੇ ਹੋ ?
* ਕੀ ਤੁਸੀਂ ਨਾਲ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ? * ਕੀ ਤੁਸੀਂ ਘਰ ਦੇ ਮੁਖੀਆ ਹੋ ?
* ਕੀ ਤੁਹਾਡੇ ਬੱਚੇ ਛੋਟੇ ਹਨ ਅਤੇ ਉਨ੍ਹਾਂ ਦੀ ਪਰਵਰਿਸ਼ ਦਾ ਭਾਰ ਤੁਹਾਡੇ ਉੱਪਰ ਹੈ ?
* ਕੀ ਤੁਹਾਡੀ ਲਾਈਫ ਇੰਸ਼ੋਰੈਂਸ ਵੀ ਨਵੀਂ ਹੋਣ ਵਾਲੀ ਹੈ ?

ਜ਼ਰਾ ਸੋਚੋ ! !

| Age ਉਮਰ | Per Month Rate/ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.25 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਜੇਕਰ ਤੁਸੀਂ ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿਚ ਦਿੰਦੇ ਹੋ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਅੱਜ ਹੀ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਅਤੇ ਬਹੁਤ ਹੀ ਕਾਮਯਾਬ ਬਰੋਕਰ ਜੈਸੀ ਸਿੰਘ ਨਾਲ ਸੰਪਰਕ ਕਰਕੇ ਮੁਫ਼ਤ ਸਲਾਹ ਲਓ। ਉਹ ਤੁਹਾਨੂੰ ਸਭ ਤੋਂ ਵਧੀਆ ਰੇਟ ਅਤੇ ਕੰਪਨੀ ਲੱਭ ਕੇ ਦੇਣਗੇ।


Jessie Singh (C.A.I.B.)

ਸਾਡੇ ਕੋਲ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਮਿਲ ਸਕਦੀ ਹੈ। ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿਚੋਂ ਕੋਈ ਬੀਮਾਰੀ ਹੋਵੇ ਤਾਂ ਅਖੀਰ ਵਿਚ ਤੁਹਾਡੇ ਪੈਸੇ ਵਾਪਿਸ ਦੇ ਦਿੱਤੇ ਜਾ ਸਕਦੇ ਹਨ।

**ਅਸੀਂ ਹਰ ਤਰ੍ਹਾਂ ਦੀ ਲਾਈਫ ਇੰਸ਼ੋਰੈਂਸ, ਘਰ, ਕਾਰ ਜਾਂ ਬਿਜਨਸ ਦੀ ਇੰਸ਼ੋਰੈਂਸ, ਟਰੈਵਲ ਇੰਸ਼ੋਰੈਂਸ, ਡਿਸੇਬਿਲਟੀ, ਮੌਰਗੇਜ਼ ਇੰਸ਼ੋਰੈਂਸ, ਕਰਿਟੀਕਲ ਇਲਨੈਸ ਇੰਸ਼ੋਰੈਂਸ ਕਰਦੇ ਹਾਂ। ਅੱਜ ਹੀ ਫੋਨ ਕਰਕੇ ਫਰੀ ਸਲਾਹ ਲੈਣ ਲਈ ਅਪਾਇੰਟਮੈਂਟ ਬੁੱਕ ਕਰੋ।**

**Jessie Off: (403) 717-0666**
**Jessie Singh (C.A.I.B.) Cell: (403) 830-7007**

# ਹਲਵਾਹਕਾਂ ਤੇ ਦਲਿਤ ਕਿਰਤੀਆਂ ਦੇ ਪਹਿਲੇ ਰਾਜ ਦਾ ਬਾਨੀ- ਬੰਦਾ ਸਿੰਘ ਬਹਾਦਰ !

ਸਤਨਾਮ ਚਾਨਾ

**ਬੰਦਾ** ਸਿੰਘ ਨੂੰ ਸੰਸਾਰ ਇਤਿਹਾਸ ਵਿੱਚ ਯੋਗ ਸਥਾਨ ਹਾਸਲ ਨਹੀਂ ਹੋਇਆ, ਇਸਦੀ ਚਰਚਾ ਕੁਝ ਇਤਿਹਾਸਕਾਰਾਂ ਨੇ ਕੀਤੀ ਵੀ ਹੈ। ਹਰੀ ਰਾਮ ਗੁਪਤਾ ਨੇ ਬੰਦਾ ਸਿੰਘ ਬਹਾਦਰ ਨੂੰ ਕੌਮੀ ਨਾਇਕ ਅਤੇ ਪਹਿਲੇ ਸਿੱਖ ਰਾਜ ਦੇ ਬਾਨੀ ਦਾ ਰੁਤਬਾ ਦਿੰਦਿਆਂ ਅਪਣਾ ਵਿਚਾਰ ਵਿਅਕਤ ਕੀਤਾ ਹੈ ਕਿ ਬੰਦਾ ਬਹਾਦਰ ਨੂੰ ਸਿਕੰਦਰ ਮਹਾਨ, ਹਲਾਕੂ, ਚੰਗੇਜ਼ ਖਾਨ, ਨਾਦਿਰ ਸ਼ਾਹ, ਅਹਿਮਦ ਸ਼ਾਹ ਅਬਦਾਲੀ ਜਾਂ ਨਿਪੋਲੀਅਨ ਬੋਨਾਪਾਰਟ ਦੇ ਬਰਾਬਰ ਦਾ ਸਥਾਨ ਮਿਲਣਾ ਚਾਹੀਦਾ ਹੈ। (ਹਿਸਟਰੀ ਆਫ਼ ਸਿੱਖਜ਼ ਸਫ਼ਾ-38)। ਇਤਿਹਾਸ ਦਾ ਅਪਣਾ ਤਰਕ ਹੈ ਕਿ ਮਹਾਨ ਜਰਨੈਲ ਅਪਣੇ ਬਾਹੁ-ਬਲ ਅਤੇ ਯੁੱਧ ਨੀਤੀ ਸਦਕਾ ਜਿਸ ਵਰਗ ਦੇ ਹਿਤਾਂ ਦੀ ਪੂਰਤੀ ਕਰਦੇ ਹਨ, ਉਹ ਵਰਗ ਅਤੇ ਉਸ ਵਰਗ ਦੇ ਬੁੱਧੀਜੀਵੀ ਉਹਨਾਂ ਜਰਨੈਲਾਂ ਅਤੇ ਯੋਧਿਆਂ ਦੀਆਂ ਵਾਰਾਂ ਗਾਉਂਦੇ ਅਤੇ ਅਪਣੀਆਂ ਅੱਖਾਂ 'ਤੇ ਬਿਠਾ ਲੈਂਦੇ ਹਨ। ਕਦੀ-ਕਦੀ ਤਾਂ ਪੂਜਣਯੋਗ ਵੀ ਕਰ ਦਿੰਦੇ ਹਨ। ਪਰੰਤੂ ਇਹ ਇਤਿਹਾਸਕ ਪੜਾਅ ਦੀ ਬਦਨਸੀਬੀ ਸੀ ਕਿ ਬੰਦਾ ਸਿੰਘ ਨੇ ਸਮਾਜ ਦੇ ਜਿਸ ਵਰਗ ਲਈ ਤੇਗ ਵਾਹੀ ਅਤੇ ਰਾਜ ਸਥਾਪਤ ਕੀਤਾ ਸੀ ਉਸ ਵਰਗ ਨੂੰ ਉਸ ਪਾਏ ਦੇ ਬੁੱਧੀਜੀਵੀ ਨਸੀਬ ਨਹੀਂ ਸਨ ਜਿਹੜੇ ਬੰਦਾ ਸਿੰਘ ਵਾਂਗ ਹੀ ਸ਼ੋਸ਼ਕ ਵਰਗ ਦੇ ਬੁੱਧੀਜੀਵੀਆਂ ਨਾਲ ਭਿੜ ਜਾਂਦੇ। ਬੌਧਿਕ ਮੋਰਚੇ ਤੇ ਲੜਨ ਵਾਲੇ ਜਰਨੈਲਾਂ ਦੀ ਅਣਹੋਂਦ ਕਾਰਨ ਬੰਦਾ ਸਿੰਘ ਇਤਿਹਾਸ ਦੇ ਪੰਨਿਆ ਉੱਤੇ ਅਪਣੀ ਬਣਦੀ ਜਿੱਤ ਪ੍ਰਾਪਤ ਨਾ ਕਰ ਸਕੇ। ਉਹਨਾਂ ਨੇ ਅਪਣੀ ਉਮਰ ਦੇ ਅਜੇ 46 ਸਾਲ ਵੀ ਨਹੀਂ ਪੂਰੇ ਕੀਤੇ ਸਨ, ਜਦੋਂ 9 ਜੂਨ 1716 ਨੂੰ ਸ਼ਹੀਦ ਕਰ ਦਿੱਤੇ ਗਏ।

ਬੰਦਾ ਸਿੰਘ ਨੂੰ ਜੇਕਰ ਉਹਨਾਂ ਦੀਆਂ ਉਪਲੱਬਧੀਆਂ ਵੱਲੋਂ ਸਮਾਜਕ ਤਬਦੀਲੀ ਦੇ ਨਿਰੰਤਰ ਪ੍ਰਵਾਹ ਵਿੱਚ ਪਾਏ ਵੱਡਮੁੱਲੇ ਯੋਗਦਾਨ ਦੇ ਪ੍ਰਸੰਗ ਵਿੱਚ ਵਿਚਾਰਿਆ ਜਾਏ ਤਾਂ ਉਹ ਉੱਪਰ ਦਰਸਾਏ ਗਏ ਜਰਨੈਲਾਂ ਅਤੇ ਸ਼ਾਸ਼ਕਾਂ ਨਾਲੋਂ ਮੁੱਢੋਂ-ਸੁੱਢੋਂ ਹੀ ਭਿੰਨ ਅਤੇ ਵਧੇਰੇ ਮਹਾਨ ਸਨ। ਉਹਨਾਂ ਦੀ ਤੁਲਨਾ ਸਪਾਰਟਕਸ ਦੀ ਦੀ ਇਤਿਹਾਸਕ ਦੇਣ ਨਾਲ ਕੀਤੀ ਜਾ ਸਕਦੀ ਹੈ, ਜਿਸ ਨੇ ਗ਼ੁਲਾਮਦਾਰੀ ਯੁੱਗ ਦੇ ਅੰਤ ਦਾ ਆਰੰਭ ਕੀਤਾ ਸੀ। ਬੰਦਾ ਸਿੰਘ ਸ਼ਾਇਦ ਸਮੁੱਚੇ ਮਾਨਵੀ ਇਤਿਹਾਸ ਦੇ ਦੂਜੇ ਮਹਾਨ ਵਿਅਕਤੀ ਸਨ ਜਿਹਨਾਂ ਨੇ ਅਗਲੇ, ਜਾਬਰ ਤੇ ਸ਼ੋਸਕ ਪ੍ਰਬੰਧ (ਸਮੰਤਵਾਦ) ਦੇ ਯੁੱਗ ਦੇ ਅੰਤ ਦਾ ਆਰੰਭ ਕੀਤਾ। ਉਹਨਾਂ ਨੇ ਸ਼ੋਸ਼ਤ ਵਰਗ ਦੇ ਖ਼ੁਦਮੁਖਤਿਆਰ ਰਾਜ ਦੇ ਅਧਿਕਾਰ ਦਾ ਦਾਅਵਾ ਜਿਤਾਇਆ ਅਤੇ ਇਸ ਦੇ ਨਮੂਨੇ ਦੀ ਸਥਾਪਤੀ ਦਾ ਸਫ਼ਲ ਯਤਨ ਕੀਤਾ। ਬਿਨਾਂ ਸ਼ੱਕ ਉਹ ਰਾਜ ਸਿੱਖ ਵਿਚਾਰਧਾਰਾ ਦਾ ਸੱਤਾ ਵਿੱਚ ਉਲਥਾਇਆ ਹੋਇਆ ਰੂਪ ਸੀ। ਬੰਦਾ ਸਿੰਘ ਵੱਲੋਂ ਸਥਾਪਤ ਕੀਤੀ ਗਈ ਰਾਜ ਸੱਤਾ ਨੂੰ ਪਹਿਲੇ ਸਿੱਖ ਰਾਜ ਦਾ ਦਰਜਾ ਹਾਸਲ ਹੈ। ਪਰੰਤੂ ਸਿੱਖ ਸ਼ਬਦ ਇੱਕ ਬਦਲਵੇਂ ਸਮਾਜੀ-ਆਰਥਕ ਫ਼ਲਸਫ਼ੇ ਵਜੋਂ ਉਭਰਨ ਦੀ ਥਾਂ ਧਾਰਮਕ ਵਿਆਖਿਆਵਾਂ ਦੀ ਤਾਲਬੰਦੀ 'ਚੋਂ ਅਜ਼ਾਦ ਹੋ ਕੇ ਕਿਰਤ, ਬਰਾਬਰੀ, ਇਨਸਾਫ਼ ਅਤੇ ਸੁਰੱਖਿਆ ਦਾ ਚੋਲਾ ਪਹਿਨਣ ਤੋਂ ਵਰਜਿਆ ਹੀ ਰਿਹਾ। ਜਿਸ ਪ੍ਰਕਾਰ ਸ਼ੋਸ਼ਕ ਵਰਗ ਨੇ, ਇੱਕ ਜੁੱਟ ਹੋ ਕੇ ਮੋੜਵੇਂ ਹਮਲੇ ਰਾਹੀਂ ਬੰਦਾ ਸਿੰਘ ਅਤੇ ਪਹਿਲੇ ਸਿੱਖ ਰਾਜ ਦੇ ਵਜੂਦ ਦਾ ਖ਼ਾਤਮਾ ਕੀਤਾ ਸੀ ਉਸੇ ਪ੍ਰਕਾਰ ਉਸੇ ਵਰਗ ਦੀ ਸਿੱਧੀ ਜਾਂ ਅਸਿੱਧੀ ਪ੍ਰਤੀਨਿਧਤਾ ਕਰਨ ਵਾਲੇ ਬੁੱਧਜੀਵੀ ਟੋਲੇ ਨੇ ਬੰਦਾ ਸਿੰਘ ਦਾ ਨਿਖੇਧਆਤਮਕ ਬਿੰਬ ਸਿਰਜਣ ਦਾ ਯਤਨ ਕੀਤਾ। ਬੰਦਾ ਸਿੰਘ ਇੱਕ ਵਿਸ਼ੇਸ਼ ਕ੍ਰਾਂਤੀ ਦਾ ਨਾਮ ਸੀ। ਜਦੋਂ ਹਰੀ ਰਾਮ ਗੁਪਤਾ ਇਹ ਕਹਿੰਦਾ ਹੈ ਕਿ ਬੰਦਾ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਦਾ ਸੁਪਨਾ ਉਹਨਾਂ ਦੇ ਅਕਾਲ ਚਲਾਣੇ ਤੋਂ ਇੱਕ ਸਾਲ ਦੇ ਅੰਦਰ-ਅੰਦਰ ਪੂਰਾ ਕਰ ਦਿੱਤਾ ਤਾਂ, ਉਸ ਦਾ ਸੰਕੇਤ ਇਸੇ ਕ੍ਰਾਂਤੀ ਵੱਲ ਹੀ ਹੈ। (ਉਹੀ ਕਿਤਾਬ ਸਫ਼ਾ-11) ਜਿਸ ਵਾਸਤੇ ਬੰਦਾ ਸਿੰਘ ਨੂੰ ਨਿਯੁਕਤ ਕੀਤਾ ਗਿਆ ਸੀ। ਦੌਲਤ ਰਾਏ ਵੀ ਇਸ ਦੀ ਹੀ ਗਵਾਹੀ ਭਰਦੇ ਹਨ ਕਿ ਜਦੋਂ ਗੁਰੂ ਜੀ ਮਾਧੋ ਦਾਸ ਨੂੰ ਮਿਲੇ ਤਾਂ ਉਹਨਾਂ ਨੂੰ ਲੱਗਿਆ ਕਿ ਉਸ ਵਿੱਚ ਦੱਬੇ ਕੁਚਲੇ ਹਿੰਦੂਆਂ ਅਤੇ ਧਰਮ ਦੀ ਰਾਖੀ ਵਾਸਤੇ ਲੜਾਈ ਵਿੱਚ ਕੁਰਬਾਨ ਹੋਣ ਦੀ ਲੋੜੀਂਦੀ ਹਿੰਮਤ ਅਤੇ ਜਜ਼ਬੇ ਦੀ ਭਰਪੂਰ ਸੰਭਾਵਨਾ ਹੈ (ਸਾਹਿਬ-ਏ-ਕਮਾਲ, ਗੁਰੂ ਗੋਬਿੰਦ ਸਿੰਘ)।

ਗਿਣ-ਮਿਥ ਕੇ ਛੇੜੇ ਗਏ ਪ੍ਰਤੀਵਾਦ ਨੂੰ ਪਾਸੇ ਰੱਖਦਿਆਂ ਬੰਦਾ ਸਿੰਘ ਨੂੰ ਉਸ ਦਿਨ ਤੋਂ ਗਹਿਰਾਈ ਨਾਲ ਖੋਜਣਾ ਚਾਹੀਦਾ ਹੈ ਜਿਸ ਦਿਨ ਉਹ 1600 ਕਿਲੋਮੀਟਰ ਦਾ ਸਫ਼ਰ ਤੈਅ ਕਰਕੇ, ਗੁਰੂ ਗੋਬਿੰਦ ਸਿੰਘ ਵੱਲੋਂ ਥਾਪੀ 5 ਮੈਂਬਰੀ ਕੌਂਸਲ ਅਤੇ 25 ਅੰਗਰੱਖਿਅਕਾਂ ਸਮੇਤ ਅਪਣੀ ਤੈਅ ਕੀਤੀ ਹੋਈ ਰਣ ਭੂਮੀ ਦੇ ਕਿਨਾਰੇ ਪਹੁੰਚੇ ਸਨ। ਜਿਸ ਨੂੰ ਕਦੇ ਬਾਗੜ ਦੇਸ਼ ਵੀ ਕਿਹਾ ਜਾਂਦਾ ਸੀ। ਬੰਦਾ ਸਿੰਘ ਦਾ ਪਹਿਲਾ ਪੜਾਅ, ਪ੍ਰੋ. ਕਰਤਾਰ ਸਿੰਘ, ਖਰਖੋਡਾ ਦਾ ਪਿੰਡ ਸਿਹਰੀ ਖੰਡਾ ਦੱਸਦੇ ਹਨ ਜਿਹੜਾ ਦਿੱਲੀ ਤੋਂ 20 ਮੀਲ ਦੂਰ ਹੈ ਅਤੇ ਹਰੀ ਰਾਮ ਗੁਪਤਾ ਇਹ ਪੜਾਅ ਹਿਸਾਰ ਦੱਸਦੇ ਹਨ (ਪ੍ਰੋ. ਕਰਤਾਰ ਸਿੰਘ ਸਿੱਖ ਇਤਿਹਾਸ ਭਾਗ ਦੂਜਾ ਸਫ਼ਾ-35-40)। ਪੰਜਾਬ ਦੀ ਇਸ ਸਰਹੱਦ ਉਪਰ ਬੰਦਾ ਸਿੰਘ ਦਾ ਭਰਪੂਰ ਸਵਾਗਤ ਹੋਇਆ । ਵੱਖ-ਵੱਖ ਥਾਹਾਂ ਤੋਂ ਸਿੰਘ ਜਥੇ ਲੈ ਕੇ ਪਹੁੰਚੇ ਅਤੇ ਕੁਝ ਨਾਮੀ ਘਰਾਣਿਆਂ ਨੇ ਹਥਿਆਰ ਅਤੇ ਸੈਨਿਕ ਭੇਜੇ। ਇਹਨਾਂ ਵਿੱਚ ਫੂਲਕੀਆ ਘਰਾਣੇ ਦਾ ਨਾਮ ਜ਼ਿਕਰਯੋਗ ਹੈ (ਅਥਵਾ ਚੌਧਰੀ ਰਾਮ ਸਿੰਘ ਅਤੇ ਤਰਲੋਕ ਸਿੰਘ)।



*ਬੰਦਾ ਸਿੰਘ ਬਹਾਦਰ ਨੇ ਜਦੋਂ ਅੰਮ੍ਰਿਤਸਰ ਤੋਂ ਲਾਹੌਰ 'ਤੇ ਚੜ੍ਹਾਈ ਕੀਤੀ ਤਾਂ ਉਹਨਾਂ ਨੇ ਲਾਹੌਰ ਲੱਗਭਗ ਫਤੇਹ ਹੀ ਕਰ ਲਿਆ ਸੀ ਕਿ ਮੀਰੀ ਸਿੰਘ ਤੱਤ ਖਾਲਸਾ ਮੁਗਲ ਸੈਨਿਕਾਂ ਨੂੰ ਲੈ ਕੇ ਬੰਦਾ ਸਿੰਘ ਖ਼ਿਲਾਫ਼ ਮੈਦਾਨ ਵਿੱਚ ਉੱਤਰ ਆਇਆ। ਇਸ ਨੇ ਬੰਦਾ ਸਿੰਘ ਦੇ ਮਨ ਨੂੰ ਬੜੀ ਗਹਿਰੀ ਚੋਟ ਦਿੱਤੀ ਤੇ ਉਹ ਬਦਜ਼ਨ ਹੋ ਕੇ ਪਿੱਛੇ ਹੀ ਮੁੜ ਗਏ। ਇਸ ਉਪਰੰਤ ਜਦੋਂ ਉਹ ਗੁਰਦਾਸ ਨੰਗਲ ਵਿੱਚ ਦੁਨੀ ਚੰਦ ਦੀ ਹਵੇਲੀ ਵਿੱਚ ਅੱਠ ਮਹੀਨੇ ਤੱਕ ਘੇਰੇ ਵਿੱਚ ਰਹੇ ਤਾਂ ਉਹਨਾਂ ਨੇ ਘੇਰਾ ਤੋੜ ਕੇ ਨਿਕਲਣ ਦਾ ਕੋਈ ਯਤਨ ਨਾ ਕੀਤਾ ਜਿਹੜਾ ਉਹਨੂੰ ਵਾਸਤੇ ਔਖਾ ਨਹੀਂ ਸੀ। ਉਹਨਾਂ ਨੂੰ ਇਹ ਉਮੀਦ ਬਣੀ ਹੀ ਰਹੀ ਕਿ ਤੱਤ ਖਾਲਸਾ ਦੇ ਸਿੰਘ, ਅਸਲੀਅਤ ਸਮਝ ਜਾਣਗੇ ਅਤੇ ਉਹਨਾਂ ਦੀ ਹਮਾਇਤ 'ਤੇ ਨਿੱਤਰ ਆਉਣਗੇ। ਪਰੰਤੂ ਅਜਿਹਾ ਨਾ ਹੋਇਆ ਅਤੇ ਨਾ ਹੋਣ ਵਾਲਾ ਸੀ।ਉਹ 740 ਸਿੰਘਾਂ ਸਮੇਤ ਗ੍ਰਿਫ਼ਤਾਰ ਕਰ ਲਏ ਗਏ। ਇਹ ਉਪਰੰਤ ਜਿਸ ਪ੍ਰਕਾਰ ਉਹਨਾਂ ਨੂੰ ਹੌਲਨਾਕ ਤਰੀਕੇ ਨਾਲ ਸ਼ਹੀਦ ਕੀਤਾ ਗਿਆ ਉਸ ਨੇ ਦੁਨੀਆ ਭਰ ਦੇ ਇਤਿਹਾਸਕਾਰਾਂ ਅਤੇ ਖ਼ਬਰਨਵੀਸਾਂ ਦਾ ਵੀ ਹਿਰਦਾ ਵਲੂੰਦਰ ਦਿੱਤਾ ਸੀ। ਬੰਦਾ ਸਿੰਘ ਅਤੇ ਉਸਦੇ ਯੁੱਧ ਸਾਥੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦਾ ਗਾਇਨ ਕਰਦੇ ਹੋਏ ਸ਼ਹੀਦ ਹੋਏ*

ਜਿਸ ਪ੍ਰਕਾਰ ਬੰਦਾ ਸਿੰਘ ਨੇ ਅਪਣੀ ਯੁੱਧ-ਨੀਤੀ ਅਤੇ ਪ੍ਰੋਗਰਾਮ ਨੂੰ ਅੰਜਾਮ ਦੇਣਾ ਅਰੰਭ ਕੀਤਾ ਅਤੇ ਜਿਸ ਪ੍ਰਕਾਰ ਉਹ ਅੱਗੇ ਵਧੇ ਉਸ ਤੋਂ ਜਾਪਦਾ ਹੈ ਕਿ ਉਹਨਾਂ ਦਾ ਮਿਸ਼ਨ ਚੰਗੀ ਤਰ੍ਹਾਂ ਵਿਚਾਰਿਆ-ਗੁੜ੍ਹਿਆ ਹੋਇਆ ਸੀ ਅਤੇ ਇਸ ਖਿੱਤੇ ਦੇ ਸਮਾਜਕ, ਆਰਥਕ ਤੇ ਭੂਗੋਲਿਕ ਪੱਖਾਂ ਦੇ ਡੂੰਘੇ ਅਧਿਐਨ ਦਾ ਨਤੀਜਾ ਸੀ। ਬੰਦਾ ਸਿੰਘ, ਜਿਹਨਾਂ ਦੇ ਬਚਪਣ ਦਾ ਨਾਮ ਲਛਮਣ ਦਾਸ ਦੱਸਿਆ ਗਿਆ ਹੈ, ਅਪਣੀ ਚੜ੍ਹਦੀ ਜਵਾਨੀ ਵਿੱਚ ਉਪਰਾਮ ਹੋ ਗਏ ਸਨ। ਉਹ ਸਾਧੂਆਂ ਸੰਤਾਂ ਦੇ ਵੱਖ-ਵੱਖ ਡੇਰਿਆਂ 'ਤੇ ਰਹੇ। ਇੱਕ ਬੈਰਾਗੀ, ਜਾਨਕੀਦਾਸ ਦੇ ਸ਼ਿੱਸ਼ ਬਣਕੇ ਥਾਂ-ਥਾਂ ਘੁੰਮੇ (ਖਜ਼ਾਨ ਸਿੰਘ-ਹਿਸਟਰੀ ਆਫ਼ ਦੀ ਸਿੱਖਜ਼ ਸਫ਼ਾ 211 ਅਤੇ ਪ੍ਰੋ. ਕਰਤਾਰ ਸਿੰਘ ਉਹੀ ਕਿਤਾਬ ਸਫ਼ਾ 35-36)। ਉਹ ਇਸ ਹੀ ਖਿੱਤੇ ਦੇ ਜੰਮਪਲ ਸਨ (ਰਾਜੌਰੀ ਜਾਂ ਨਾਹਨ) ਜੇਕਰ ਉਹ ਇਸ ਖਿੱਤੇ ਵਿੱਚ ਉੱਠੀ ਤੇ ਪ੍ਰਫੁੱਲਤ ਹੋਈ ਸਿੱਖ ਲਹਿਰ ਤੋਂ ਪ੍ਰਭਾਵਤ ਨਹੀਂ ਹੋਏ ਤਾਂ ਉਹ ਫ਼ਕੀਰ ਹੁੰਦਿਆਂ ਹੋਇਆਂ, ਇਸ ਤੋਂ ਚੰਗੀ ਤਰ੍ਹਾਂ ਜਾਣੂ ਜ਼ਰੂਰ ਹੋਣਗੇ। ਜਨਰਲ ਸਰ ਜੌਹਨ ਜੇ.ਐਚ.ਗੋਰਡੋਨ ਤਾਂ ਇਸ ਤੋਂ ਵੀ ਅੱਗੇ ਜਾਂਦੇ ਹਨ। ਉਹਨਾਂ ਦਾ ਵਿਚਾਰ ਹੈ ਕਿ, "ਗੋਬਿੰਦ ਦੇ ਚੋਲਾ ਛੱਡਣ ਉਪਰੰਤ ਖਾਲਸਾ ਦਾ ਕੋਈ ਅਸਲ ਮੁਖੀਆ ਨਾ ਰਿਹਾ। ਉਹਨਾਂ ਵੱਲੋਂ ਤਿਆਰ ਕੀਤਾ ਸੰਗਠਨ ਅਜੇਹੇ ਬੈਚੇਨ ਤੱਤਾਂ ਦਾ ਬਣਿਆ ਹੋਇਆ ਸੀ ਜਿਹੜੇ ਚੁੱਪ ਕਰਕੇ ਨਹੀਂ ਬੈਠ ਸਕਦੇ ਸਨ। ਬਦਕਿਸਮਤੀ ਨਾਲ ਉਹਨਾਂ ਤੱਤਾਂ ਵਿੱਚੋਂ ਕੁਝ ਜਣੇ ਇੱਕ ਹਿੰਦੂ ਵੈਰਾਗੀ ਦੇ ਪ੍ਰਭਾਵ ਹੇਠ ਆ ਗਏ, ਜਿਹੜਾ ਸਿੱਖ ਬਣ ਚੁੱਕਾ ਸੀ ਅਤੇ ਗੁਰੂ ਦਾ ਦੋਸਤ ਵੀ ਸੀ। ਉਹਨੇ ਅਪਣੇ ਆਪ ਨੂੰ ਗੁਰੂ ਦੇ ਵਾਰਸ ਵਜੋਂ ਪੇਸ਼ ਕੀਤਾ, ਜਿਸ ਨੂੰ ਕਿ ਗੁਰੂ ਨੇ ਕਮਾਂਡ ਸੌਂਪ ਕੇ ਅਪਣੇ ਸ਼ਹੀਦ ਪਿਤਾ ਦੇ ਖ਼ੂਨ ਅਤੇ ਜਵਾਨ ਮਸੂਮ ਪੁੱਤਰਾਂ ਦੀ ਹੱਤਿਆ ਦਾ ਬਦਲਾ ਲੈਣ ਲਈ ਨਿਯੁਕਤ ਕੀਤਾ ਹੈ। ਇਸ ਫਰਜ਼ੀ ਪੈਗੰਬਰ ਨੇ ਉਹਨਾਂ ਦੀਆ ਬਦਲੇ ਦੀਆਂ ਭਾਵਨਾਵਾਂ ਨੂੰ ਟੁੰਭਿਆ।" (ਦੀ ਸਿੱਖਜ਼, ਭਾਸ਼ਾ ਵਿਭਾਗ ਪੰਜਾਬ ਸਫਾ-55)। ਬੰਦਾ ਸਿੰਘ ਨੇ ਅਪਣੀਆਂ ਕਾਰਵਾਈਆਂ ਰਾਹੀਂ ਇਹ ਸਾਬਤ ਵੀ ਕਰ ਦਿੱਤਾ ਕਿ ਉਹਨਾਂ ਦੀ ਕਾਰਜਸ਼ੀਲਤਾ ਅਤੇ ਕਾਰਜਸ਼ੈਲੀ ਸਿੱਖ ਫ਼ਲਸਫ਼ੇ ਦੇ ਅਨੁਕੂਲ ਹੈ। ਸਿੰਘ ਉਹਨਾਂ ਦੇ ਮਿਸ਼ਨ ਵਿੱਚ ਸ਼ਾਮਲ ਹੁੰਦੇ ਗਏ।

ਬੰਦਾ ਸਿੰਘ ਜਦੋਂ ਪੰਜਾਬ ਵੱਲ ਵਧੇ ਤਾਂ ਉਹਨਾਂ ਨੇ ਪਹਿਲਾ ਹਮਲਾ ਨਰਨੌਲ ਦੇ ਡਾਕੂਆਂ 'ਤੇ ਕੀਤਾ ਅਤੇ ਦੂਜਾ ਭਵਾਨੀ ਦੇ ਸਰਕਾਰੀ ਖਜ਼ਾਨੇ ਉੱਪਰ। ਦੋਹਾਂ ਸਰੋਤਾਂ ਤੋਂ ਹੱਥ ਲੱਗਾ ਧਨ ਉਹਨਾਂ ਨੇ ਲੋੜਵੰਦਾਂ ਵਿੱਚ ਤਕਸੀਮ ਕਰ ਦਿੱਤਾ। ਹਿਸਾਰ ਦੇ ਹਿੰਦੂ ਅਤੇ ਸਿੱਖ ਪੈਸਿਆਂ ਨਾਲ ਝੋਲੀਆਂ ਭਰਕੇ ਬੰਦੇ ਦੀ ਸਹਾਇਤਾ ਲਈ ਪਹੁੰਚੇ। ਇਸ ਪੈਸੇ ਦੀ ਵਰਤੋਂ ਵੀ ਉਹਨਾਂ ਉਸੇ ਤਰ੍ਹਾਂ ਹੀ ਕੀਤੀ (ਹਰੀ ਰਾਮ ਗੁਪਤਾ, ਉਹੀ ਸਫ਼ਾ 8)। ਸੋਨੀਪਤ ਅਤੇ ਕੈਥਲ ਤੋਂ ਲੁੱਟੇ ਸਰਕਾਰੀ ਖਜ਼ਾਨੇ, ਉਹਨਾਂ ਅਪਣੇ ਸੈਨਿਕਾਂ ਵਿੱਚ ਵੰਡ ਦਿੱਤੇ ਜਿਸਨੇ ਪੇਂਡੂ ਗਰੀਬਾਂ ਅੰਦਰ ਫੌਜ ਵਿੱਚ ਭਰਤੀ ਹੋਣ ਦਾ ਰੁਝਾਨ ਪੈਦਾ ਕਰ ਦਿੱਤਾ।

ਸਿਰਫ਼ ਇਹੀ ਕਾਰਨ ਨਹੀਂ ਸਨ ਜਿਹਨਾਂ ਕਰਕੇ ਬੰਦਾ ਸਿੰਘ ਨੂੰ ਭਰਪੂਰ ਸਮਰਥਨ ਮਿਲਿਆ ਸਗੋਂ ਉਹਨਾਂ ਦੀ ਪਿੱਠ ਉਪਰ ਖੜੋਣ ਵਾਲੀ ਇੱਕ ਸ਼ਕਤੀਸ਼ਾਲੀ ਪੇਂਡੂ ਲਹਿਰ ਸੀ ਜਿਹੜੀ ਬੰਦਾ ਸਿੰਘ ਤੇ ਆਉਣ ਤੋਂ ਪਹਿਲਾਂ ਹੀ ਉੱਠੀ ਹੋਈ ਸੀ। ਇਹ ਲਹਿਰ ਸਥਾਪਤ ਪ੍ਰਬੰਧਾਂ ਵਿਰੁੱਧ ਸੰਘਰਸ਼ਸ਼ੀਲ ਸੀ। ਬੰਦਾ ਸਿੰਘ ਦੀ ਸਫ਼ਲਤਾ ਉਹਨਾਂ ਬਾਗੀਆਂ ਦਾ ਭਰੋਸਾ ਜਿੱਤਣ ਵਿੱਚੋਂ ਨਿਕਲੀ ਸੀ। ਸਲਤਨਤ ਦੀਆਂ ਆਰਥਕ ਨੀਤੀਆਂ ਵਿਰੁੱਧ ਸੰਘਰਸ਼ ਵਿੱਚ ਕੁੱਦੇ ਹੋਏ ਜਿਮੀਂਦਾਰਾਂ ਨੂੰ ਬੰਦਾ ਸਿੰਘ ਵਿੱਚੋਂ ਅਪਣਾ ਰਾਜਨੀਤਕ ਆਗੂ ਨਜ਼ਰ ਆਉਣ ਲੱਗ ਪਿਆ ਸੀ। ਡਾ. ਮੁਜ਼ੱਫਰ ਆਲਮ ਦੀ ਪੜਤਾਲ ਤੋਂ ਪਤਾ ਲੱਗਦਾ ਹੈ ਕਿ ਔਰੰਗਜ਼ੇਬ ਨੇ ਆਖਰੀ ਸਾਲਾਂ ਵਿੱਚ ਦੇਸ਼ ਦੇ ਦੂਜੇ ਭਾਗਾਂ ਵਾਂਗ ਪੰਜਾਬ ਦੇ ਜ਼ਿਮੀਦਾਰ (ਕਿਸਾਨ)) 'ਤੇ ਵੀ ਮੁਗਲ ਰਾਜ ਪੱਖੀ ਨੀਤੀਆਂ ਉੱਤੇ ਅਮਲਾਂ ਦਾ ਲਾਜ਼ਮੀ ਨਤੀਜਾ ਸੀ, ਜਿਸ ਵਿੱਚ ਵਰਣ-ਵਿਵਸਥਾ ਦੀ ਮਾਨਸਿਕਤਾ ਨੇ ਵੀ ਕੁੰਜੀਵਤ ਭੂਮਿਕਾ ਨਿਭਾਈ। ਸਮਾਜ ਦੀ ਮੈਲ਼ ਸਮਝੇ ਜਾਂਦੇ ਵਰਗ ਨੂੰ ਉੱਪਰ ਚੁੱਕਣ ਨਾਲ ਜਗੀਰੂ ਸੋਚ ਵਾਲੇ ਨਾਮਨਿਹਾਦ ਸਿੰਘਾਂ ਦੇ ਵੀ ਢੋਲ ਦਾ ਪੋਲ ਖੁੱਲ੍ਹ ਗਿਆ।

ਬੰਦਾ ਸਿੰਘ ਦੀ ਸਮਾਜਕ ਕ੍ਰਾਂਤੀ ਦੀ ਇੱਕ ਝਲਕ ਪੇਸ਼ ਕਰਦਿਆਂ ਅੰਗਰੇਜ਼ ਇਤਿਹਾਸਕਾਰ ਇਰਵਨ ਸਾਨੂੰ ਸੂਚਿਤ ਕਰਦਾ ਹੈ ਕਿ ਬੰਦਾ ਬਹਾਦਰ ਦੇ ਰਾਜ ਅਧੀਨ ਆਉਂਦੇ ਸਾਰੇ ਪਰਗਣਿਆਂ ਵਿੱਚ ਹੀ ਸਾਰੇ ਸਥਾਪਤ ਪ੍ਰਬੰਧਾਂ ਅਤੇ ਕਦਰਾਂ ਕੀਮਤਾਂ ਨੂੰ ਪੁੱਠਾ ਗੇੜ ਦਿੱਤਾ ਗਿਆ। ਜਮਾਂਦਾਰ ਅਤੇ ਮੋਚੀ, ਜਿਹੜਾ ਭਾਰਤੀ ਸਮਾਜੀ ਮਿਆਰਾਂ ਅਨੁਸਾਰ ਸਭ ਤੋਂ ਨੀਚ ਸਮਝਿਆ ਜਾਂਦਾ ਸੀ, ਨੂੰ ਕੇਵਲ ਅਪਦੇ ਘਰੋਂ ਖਾਲੀ ਹੱਥ ਚੱਲਕੇ ਬੰਦਾ ਦੇ ਸੰਗਠਨ ਵਿੱਚ ਸ਼ਾਮਲ ਹੋਣਾ ਪੈਂਦਾ ਸੀ। ਪਰ ਜਦੋਂ ਉਹ ਕੁਝ ਸਮੇਂ ਬਾਅਦ ਅਪਣੇ ਘਰ ਪਰਤਦਾ ਸੀ ਤਾਂ ਉਸ ਦੇ ਹੱਥ ਵਿੱਚ ਅਪਣੀ ਜਨਮ ਭੂਮੀ ਦੇ ਹਾਕਮ ਹੋਣ ਵਾਲਾ ਨਿਯੁਕਤੀ ਪੱਤਰ ਹੁੰਦਾ ਸੀ। ਜਿਉਂ ਹੀ ਉਹ ਪਿੰਡ ਦੀ ਜੂਹ ਵਿੱਚ ਪੈਰ ਧਰਦਾ ਤਾਂ ਪੰਘੂੜਿਆਂ ਵਿੱਚ ਪਲੇ ਧਨਵਾਨ ਲੋਕ ਪਿੰਡ ਦੀ ਜੂਹ 'ਤੇ ਜਾ ਕੇ ਉਸਨੂੰ ਨਮਸਕਾਰ ਕਰਦੇ ਅਤੇ ਸਵਾਗਤ ਨਾਲ ਘਰ ਤੱਕ ਲੈ ਕੇ ਆਉਂਦੇ। ਸਦੇ ਅਗਲੇ ਹੁਕਮ ਦੀ ਉਡੀਕ ਵਿੱਚ ਹੱਥ ਜੋੜ ਕੇ ਖੜ੍ਹੇ ਰਹਿੰਦੇ (ਲੇਟਰ ਮੁਗਲਜ਼ ਸਫ਼ਾ 98-99)। ਇਹ ਕੇਵਲ ਰਾਜ ਸੱਤਾ ਵਾਸਤੇ ਹੀ ਨਹੀਂ ਸਗੋਂ ਸਵਰਣ ਜਾਤੀਆਂ ਅਤੇ ਜਗੀਰੂ ਸੋਚ ਵਾਲਿਆਂ ਵਾਸਤੇ ਵੀ ਹੌਲਨਾਕ ਸਥਿੱਤੀ ਸੀ। ਦੂਜੇ ਪਾਸੇ ਇਹ ਦਲਿਤ ਲੋਕ ਉਹ ਹੀ ਸਨ ਜਿਹਨਾਂ ਵਾਸਤੇ ਗੁਆਉਣ ਵਾਸਤੇ ਕੁਝ ਵੀ ਨਹੀਂ ਸੀ ਅਤੇ ਪ੍ਰਾਪਤ ਕਰਨ ਵਾਸਤੇ ਰਾਜ ਸੀ।

ਬੰਦਾ ਸਿੰਘ ਬਹਾਦਰ ਦੀ ਦੂਜੀ ਸ਼ਕਤੀ ਹਲਵਾਹਕ ਜੱਟ ਸਨ, ਜਿਹਨਾਂ ਬਾਰੇ ਸਰ ਜੋਹਨ ਗੋਰਡੇਨ ਦਾ ਵਿਚਾਰ ਹੈ ਕਿ ਇਹ ਉਹ ਲੋਕ ਹਨ ਜਿਹੜੇ ਕਾਲੇ ਸਮੁੰਦਰ ਦੇ ਉੱਤਰੀ ਭਾਗ ਤੋਂ ਆਏ ਸਨ। ਇਹਨਾਂ ਦਾ ਸੱਭਿਆਚਾਰ ਅਤੇ ਜਾਇਦਾਦ ਉਹਨਾਂ ਦਾ ਹਲ ਅਤੇ ਤਲਵਾਰ ਸੀ। ਇਹ ਸੀਥੀਅਨ ਲੋਕ ਸਨ ਤੇ ਗੇਟੇ ਕਹਾਉਂਦੇ ਸਨ। ਜਿਹਨਾਂ ਨੇ ਪੂਰਵ ਈਸਾ ਦੇ ਸਮੇਂ 6 ਸਦੀਆਂ ਤੱਕ ਬਾਦਸ਼ਾਹਤ ਵੀ ਚਲਾਈ ਸੀ ਅਤੇ ਪੰਜਵੀ ਸਦੀ ਦੇ ਆਸ ਪਾਸ ਭਾਰਤ ਵਿੱਚ ਪ੍ਰਵੇਸ਼ ਕੀਤੇ ਸਨ। ਇਹ ਲੋਕ ਗੇਟੇ ਤੋਂ ਬਦਲਦੇ-ਬਦਲਦੇ ਯੂਟੀ.ਜੋਟੇ, ਜਿੱਟ ਅਤੇ ਜੱਟ ਬਣਦੇ ਗਏ। ਇਹ ਉਹੀ ਭਾਈਚਾਰਾ ਹੈ ਜਿਹਨਾਂ ਬਾਰੇ ਬਾਬਰ ਨੇ ਅਪਣੀਆਂ ਯਾਦਾਂ ਵਿੱਚ, 1525 ਵਿੱਚ ਲਿਖਿਆ ਸੀ ਕਿ ਜਿੰਨੀ ਵਾਰ ਉਸਨੇ ਹਿੰਦੋਸਤਾਨ ਵੱਲ ਚੜ੍ਹਾਈ ਕੀਤੀ ਓਨੀ ਵਾਰ ਹੀ

Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ

We can Wash Your Truck anywhere in Edmonton & Area
- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease

For more info Call:
BIN: (780) 267-9102
CAM: (780) 238-8161

ਉਸਨੂੰ ਰਾਹਾਂ ਵਿੱਚ ਜਿੱਟਾਂ ਦੇ ਧਾਵਿਆਂ ਦਾ ਸਾਹਮਣਾ ਕਰਨਾ ਪਿਆ ਸੀ। (ਦੀ ਸਿੱਖਜ਼ ਸਫ਼ਾ 9)।

ਸ਼ਾਇਦ ਫ਼ਰੂਖਸ਼ੀਅਰ ਵੱਲੋਂ ਨੀਤੀ ਤਬਦੀਲ ਕਰਨ ਦਾ ਇਹ ਹੀ ਕਾਰਨ ਰਿਹਾ ਹੋਵੇਗਾ ਕਿ ਮੁਗਲ ਰਾਜ ਨੇ ਪਹਿਲਾਂ ਜਿਹੜਾਂ, ਸਿੱਖ ਬਣੇ ਜਿੱਟਾਂ (ਜੱਟਾਂ) ਦੀ ਨਸਲ ਘਾਤ ਦਾ ਰਾਹ ਫੜਿਆ ਸੀ ਉਸਦੇ ਸਫ਼ਲ ਹੋਣ ਦੀ ਸੰਭਾਵਨਾ ਨਹੀਂ ਸੀ ਅਤੇ ਨਾ ਹੀ ਸਿੱਧੀ ਟੱਕਰ ਨਾਲ ਉਹਨਾਂ ਨੂੰ ਹਮੇਸ਼ਾ ਵਾਸਤੇ ਅਧੀਨ ਕਰਨ ਦੀ ਕੋਈ ਸੰਭਾਵਨਾ ਸੀ। ਕਿਉਂਕਿ ਪਿਛਲੇ ਡੇੜ ਹਜ਼ਾਰ ਸਾਲ ਤੋਂ ਅਜਿਹਾ ਨਹੀਂ ਹੋ ਸਕਿਆ ਸੀ। ਜਿੱਥੋਂ ਤੱਕ ਇਹਨਾਂ ਦੇ ਰੁਤਬੇ ਦਾ ਸਵਾਲ ਸੀ ਇਹਨਾਂ ਜਿੱਟਾਂ ਤੋਂ ਤਕਰੀਬਨ ਦੋ ਹਜ਼ਾਰ ਸਾਲ ਪਹਿਲਾਂ ਭਾਰਤ ਆਏ ਆਰੀਅਨ ਇਹਨਾਂ ਨੂੰ ਨੀਵੀਂ ਜਾਤ ਦੇ ਹਮਲਾਵਰ ਸਮਝਦੇ ਰਹੇ ਸਨ।

ਬੰਦਾ ਸਿੰਘ ਦੀ ਟੇਕ ਉਪਰੋਕਤ ਦੋ ਵਰਗ ਸਨ। ਬਾਦਸ਼ਾਹ ਫ਼ਰੂਖਸ਼ੀਅਰ ਨੇ ਇਹਨਾਂ ਸਿੰਘਾਂ ਨੂੰ ਪਾਟੋਧਾੜ ਕਰਕੇ ਕਮਜ਼ੋਰ ਕਰਨ ਦਾ ਰਾਹ ਅਖ਼ਤਿਆਰ ਕੀਤਾ। ਇਸ ਸਾਜਸ਼ ਵਿੱਚ ਹਰ ਧਰਮ ਤੇ ਫਿਰਕੇ ਦੇ ਜਗੀਰਦਾਰਾਂ ਨੇ ਅਪਣੀ ਸ਼ਰਾਰਤੀ ਭੂਮਿਕਾ ਨਿਭਾਈ। ਮੁਗਲ ਰਾਜ ਦੀ ਨਵੀਂ ਨੀਤੀ ਦਾ ਇਹ ਨਤੀਜਾ ਨਿਕਲਿਆ, ਕਿ, ਜਿਸਨੂੰ ਸ਼ਕਤੀਸ਼ਾਲੀ ਮੁਗਲ ਰਾਜ ਫੌਜੀ ਸ਼ਕਤੀ ਨਾਲ ਪੰਜ ਸਾਲ ਬਰਬਾਦ ਨਾ ਕਰ ਸਕਿਆ ਉਸਨੂੰ ਸਿੱਖਾਂ ਨੇ ਖ਼ੁਦ ਹੀ ਪੰਜ ਮਹੀਨਿਆਂ ਵਿੱਚ ਮਲੀਆਮੇਟ ਕਰ ਲਿਆ।

ਜਗੀਰਦਾਰ ਟੋਲੇ ਨੇ ਅਪਣੇ ਪ੍ਰਭਾਵ, ਸ਼ਕਤੀ ਅਤੇ ਰਾਜ ਸੱਤਾ ਦੀ ਸਹਾਇਤਾ ਨਾਲ ਬੰਦਾ ਸਿੰਘ ਦੇ ਸੈਨਿਕ-ਬਲ ਨੂੰ ਦੋਫਾੜ ਕਰ ਦਿੱਤਾ। ਇਸ ਵਾਸਤੇ ਹਰ ਉਹ ਹਥਿਆਰ ਇਸਤੇਮਾਲ ਕੀਤਾ ਗਿਆ ਜਿਹੜਾ ਥੋੜ੍ਹਾ ਵੀ ਮਾਰ ਕਰ ਸਕਦਾ ਸੀ। ਮੀਰੀ ਸਿੰਘ, ਉਸਦਾ ਪਿਤਾ ਕੇਹਰ ਸਿੰਘ ਅਤੇ ਦਾਦਾ ਬਿਨੋਦ ਸਿੰਘ 5000 ਦੇ ਕਰੀਬ ਸਿੰਘਾਂ ਨੂੰ ਲੈ ਕੇ ਅਲੱਗ ਹੋ ਗਏ ਅਤੇ ਅਪਣਾ ਨਾ 'ਤੱਤ ਖਾਲਸਾ' ਰੱਖ ਲਿਆ (ਅਥਵਾ ਅਸਲੀ ਜਾਂ ਆਰਥੋਡਾਕਸ ਸਿੱਖ) ਅਤੇ ਬੰਦਾ ਸਿੰਘ ਦੇ ਸਿੰਘਾਂ ਨੂੰ 'ਬੰਦਈ ਸਿੱਖ' ਕਹਿਣ ਲੱਗੇ। ਬਾਦਸ਼ਾਹ ਫ਼ਰੂਖਸ਼ੀਅਰ ਨੇ ਦੁਫੇੜਬਾਜ਼ਾਂ ਦਾ ਦੁਸ਼ਾਲਿਆਂ ਅਤੇ ਤੋਹਫ਼ਿਆਂ ਨਾਲ ਸਵਾਗਤ ਕੀਤਾ। ਕਾਹਨ ਸਿੰਘ, ਫਤੇਹ ਸਿੰਘ, ਭਗਤੂ ਅਤੇ ਸ਼ਾਮ ਸਿੰਘ ਨੌਰੰਗਵਾਲੀਆ ਦੀ ਕਮਾਂਡ ਹੇਠ ਇਹਨਾਂ ਪੰਜ ਹਜ਼ਾਰ ਸਿੰਘਾਂ ਨੂੰ ਮੁਗਲ ਫੌਜ ਵਿੱਚ ਚੰਗੀਆਂ ਤਨਖ਼ਾਹਾਂ ਉੱਪਰ ਭਰਤੀ ਕਰ ਲਿਆ (ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਸਫ਼ਾ 192-99 ਹਵਾਲਾ ਗੁਪਤਾ)। ਬਹੁਤ ਸਾਰੇ ਇਤਿਹਾਸਕਾਰਾਂ ਨੇ ਇਸ ਦੁਫੇੜ ਦਾ ਕਾਰਨ ਸਿਰਫ਼ ਮਾਤਾ ਸੁੰਦਰੀ ਨੂੰ ਦੱਸਿਆ ਹੈ ਜੋ ਕਿ ਅਸਲੀਅਤ ਉੱਪਰ ਪਰਦਾ ਪਾਉਣ ਵਾਲੀ ਇੱਕ ਹਲਕੀ ਕਾਰਵਾਈ ਮਲੂਮ ਹੁੰਦੀ ਹੈ। ਇਹ ਧਾਰਨਾ ਸਮੁੱਚੇ ਸਿਆਸੀ ਘਟਨਾ ਚੱਕਰ ਦੇ ਅਨੁਕੂਲ ਨਹੀਂ ਬੈਠਦੀ। ਜਗੀਰਦਾਰਾਂ ਨੇ ਇਹ ਪੈਂਤੜਾ ਖੇਡ ਕੇ ਜਗੀਰਦਾਰੀ ਨੂੰ ਇੱਕ ਵਰਗ ਦੇ ਤੌਰ 'ਤੇ ਬਦਨਾਮ ਹੋਣ ਤੋਂ ਬਚਾਉਣ ਦਾ ਸਫ਼ਲ ਯਤਨ ਕੀਤਾ।

ਜਿਹੜੇ ਸਿੰਘ ਮੁਗਲ ਰਾਜ ਨਾਲ ਰਲੇ ਉਹਨਾਂ ਦਾ ਅੰਤਮ ਮਨੋਰਥ ਕੇਵਲ ''ਅਵੱਗਿਆਕਾਰੀ'' ਬੰਦਾ ਸਿੰਘ ਤੋਂ ਅਲੱਗ ਹੋਣਾ ਹੀ ਨਹੀਂ ਸੀ ਸਗੋਂ ਉਸਦੀ ਸ਼ਕਤੀ ਅਤੇ ਪ੍ਰੋਗਰਾਮ ਨੂੰ ਹਮੇਸ਼ਾ ਲਈ ਦਫ਼ਨ ਕਰਨਾ ਸੀ। ਬੰਦਾ ਸਿੰਘ ਨੇ ਹੌਸਲਾ ਨਹੀਂ ਹਾਰਿਆ ਅਤੇ ਮੁਗਲ ਰਾਜ ਵਿਰੁੱਧ ਅਪਣੀ ਚੜ੍ਹਾਈ ਜਾਰੀ ਰੱਖਦਿਆਂ ਤੱਤ ਖਾਲਸਾ ਦੇ ਸਿੰਘਾਂ ਨੂੰ ਮੁਗਲ ਰਾਜ ਦੇ ਭਰੋਸਿਆਂ ਦੀ ਭਰੋਸੇਯੋਗਤਾ ਤੋਂ ਸੁਚੇਤ ਕਰਦੇ ਰਹੇ ਹਨ। ਪਰੰਤੂ ਇਹ ਥੰਦੇ ਘੜੇ ਉੱਤੇ ਪਾਣੀ ਪਾਉਣ ਦੇ ਤੁੱਲ ਹੀ ਸਾਬਤ ਹੋਇਆ। ਬੰਦਾ ਸਿੰਘ ਬਹਾਦਰ ਨੇ ਜਦੋਂ ਅੰਮ੍ਰਿਤਸਰ ਤੋਂ ਲਾਹੌਰ 'ਤੇ ਚੜ੍ਹਾਈ ਕੀਤੀ ਤਾਂ ਉਹਨਾਂ ਨੇ ਲਾਹੌਰ ਲੱਗਭਗ ਫਤੇਹ ਹੀ ਕਰ ਲਿਆ ਸੀ ਕਿ ਮੀਰੀ ਸਿੰਘ ਤੱਤ ਖਾਲਸਾ ਮੁਗਲ ਸੈਨਿਕਾਂ ਨੂੰ ਲੈ ਕੇ ਬੰਦਾ ਸਿੰਘ ਖ਼ਿਲਾਫ਼ ਮੈਦਾਨ ਵਿੱਚ ਉੱਤਰ ਆਇਆ। ਇਸ ਨੇ ਬੰਦਾ ਸਿੰਘ ਦੇ ਮਨ ਨੂੰ ਬੜੀ ਗਹਿਰੀ ਚੋਟ ਦਿੱਤੀ ਤੇ ਉਹ ਬਦਜ਼ਨ ਹੋ ਕੇ ਪਿੱਛੇ ਹੀ ਮੁੜ ਗਏ। ਇਸ ਉਪਰੰਤ ਜਦੋਂ ਉਹ ਗੁਰਦਾਸ ਨੰਗਲ ਵਿੱਚ ਦੁਨੀ ਚੰਦ ਦੀ ਹਵੇਲੀ ਵਿੱਚ ਅੱਠ ਮਹੀਨੇ ਤੱਕ ਘੇਰੇ ਵਿੱਚ ਰਹੇ ਤਾਂ ਉਹਨਾਂ ਨੇ ਘੇਰਾ ਤੋੜ ਕੇ ਨਿਕਲਣ ਦਾ ਕੋਈ ਯਤਨ ਨਾ ਕੀਤਾ ਜਿਹੜਾ ਉਹਨੂੰ ਵਾਸਤੇ ਔਖਾ ਨਹੀਂ ਸੀ। ਉਹਨਾਂ ਨੂੰ ਇਹ ਉਮੀਦ ਬਣੀ ਹੀ ਰਹੀ ਕਿ ਤੱਤ ਖਾਲਸਾ ਦੇ ਸਿੰਘ, ਅਸਲੀਅਤ ਸਮਝ ਜਾਣਗੇ ਅਤੇ ਉਹਨਾਂ ਦੀ ਹਮਾਇਤ 'ਤੇ ਨਿੱਤਰ ਆਉਣਗੇ। ਪਰੰਤੂ ਅਜਿਹਾ ਨਾ ਹੋਇਆ ਅਤੇ ਨਾ ਹੋਣ ਵਾਲਾ ਸੀ। ਉਹ 740 ਸਿੰਘਾਂ ਸਮੇਤ ਗ੍ਰਿਫ਼ਤਾਰ ਕਰ ਲਏ ਗਏ। ਇਹ ਉਪਰੰਤ ਜਿਸ ਪ੍ਰਕਾਰ ਉਹਨਾਂ ਨੂੰ ਹੌਲਨਾਕ ਤਰੀਕੇ ਨਾਲ ਸ਼ਹੀਦ ਕੀਤਾ ਗਿਆ ਉਸ ਨੇ ਦੁਨੀਆ ਭਰ ਦੇ ਇਤਿਹਾਸਕਾਰਾਂ ਅਤੇ ਖ਼ਬਰਨਵੀਸਾਂ ਦਾ ਵੀ ਹਿਰਦਾ ਵਲੂੰਦਰ ਦਿੱਤਾ ਸੀ। ਬੰਦਾ ਸਿੰਘ ਅਤੇ ਉਸਦੇ ਯੁੱਧ ਸਾਥੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦਾ ਗਾਇਨ ਕਰਦੇ ਹੋਏ ਸ਼ਹੀਦ ਹੋਏ (ਹਰੀ ਰਾਮ ਗੁਪਤਾ, ਉਹੀ ਕਿਤਾਬ ਸਫ਼ਾ-30)।

ਇਸ ਤਰ੍ਹਾਂ ਸਮੰਤਵਾਦੀ-ਸ਼ੋਸ਼ਣ ਦੇ ਸੰਘਣੇ ਧੁੰਦੂਕਾਰ ਵਿੱਚ ਹਲਵਾਹਕ ਤੇ ਦਲਿਤ ਕ੍ਰਾਂਤੀ ਦਾ, ਬੰਦਾ ਸਿੰਘ ਵੱਲੋਂ ਜਗਾਇਆ ਚਿਰਗਾ ਇੱਕ ਵਾਰ ਤਾਂ ਬੁੱਝ ਗਿਆ ਅਤੇ ਜਗੀਰਦਾਰਾਂ, ਵਪਾਰੀਆਂ ਤੇ ਸੂਦਖੋਰਾਂ ਦੇ ਘਰਾਂ ਵਿੱਚ ਮੁੜ ਤੋਂ ਘਿਓ ਦੇ ਦੀਵੇ ਜਗ ਪਏ। ਇਹ ਪ੍ਰਮੁੱਖ ਤੌਰ 'ਤੇ ਉਹਨਾਂ ਸਿੱਖ ਜਰਨੈਲਾਂ ਦੇ ਕੁਕੱਰਮ ਦਾ ਸਿੱਟਾ ਸੀ ਜਿਹਨਾਂ ਦੀਆਂ ਰਗਾਂ ਵਿੱਚ ਸਮੰਤਸ਼ਾਹੀ ਖ਼ੂਨ ਚੱਲ ਰਿਹਾ ਸੀ ਅਤੇ ਉਹ 'ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ' ਅਤੇ 'ਸਭੈ ਸਾਂਝੀਵਾਲ ਸਦਾਇਨ' ਉੱਤੇ ਚੱਲਣ ਦੀ ਸੌਂ ਖਾ ਕੇ ਵੀ ਵਰਣ-ਵਿਵਸਥਾ ਦੀ ਮਾਨਸਿਕਤਾ ਤੋਂ ਛੁਟਕਾਰਾ ਨਹੀ ਪਾ ਸਕੇ ਸਨ। ਉਹ ਉਸ ਵਰਗ ਵਿੱਚੋਂ ਸਨ ਜਿਹਨਾਂ ਲਈ ਮੋਚੀ ਤੇ ਜਮਾਂਦਾਰ ਨੂੰ ਪ੍ਰਣਾਨ ਕਰਨਾ ਖੁਦਕਸ਼ੀ ਤੋਂ ਘੱਟ ਨਹੀਂ ਸੀ। ਉਹ ਤਾਂ ਸ਼ਾਇਦ ਜਗੀਰਾਂ ਹਾਸਲ ਕਰਨ ਲਈ ਤਲਵਾਰਾਂ ਲੈ ਕੇ ਘਰੋਂ ਨਿਕਲੇ ਸਨ। ਸਮਾਨਤਾ ਬਹਾਲ ਕਰਨ ਵਾਸਤੇ ਨਹੀਂ। ਉਹ ਦੁਫੇੜ ਪਾ ਕੇ ਜਗੀਰੂ ਪ੍ਰਬੰਧ ਦੀ ਰਾਖੀ ਲਈ ਮੁਗਲਾਂ ਨਾਲ ਜਾ ਰਲੇ।

ਜਿਹਨਾਂ ਦੀਆਂ ਜਗੀਰਾਂ ਅਤੇ ਸ਼ੋਸ਼ਣ ਨੂੰ ਖ਼ਤਰਾ ਪੈਦਾ ਹੋਇਆ ਸੀ ਉਹਨਾਂ ਨੇ ਸਰਹੰਦ ਦੀ ਫਤੇਹ ਉਪਰੰਤ ਵੀ ਬੰਦਾ ਸਿੰਘ ਉਪਰ ਫਿਰਕਾਪ੍ਰਸਤੀ ਦਾ ਅਗਨ ਬਾਣ ਛੱਡਿਆ ਸੀ। ਕਿਉਂਕਿ ਇਹ ਸਬੱਬ ਦੀ ਹੀ ਗੱਲ ਹੈ ਕਿ ਉਹਨਾਂ ਸ਼ੋਸ਼ਕਾਂ,ਜਗੀਰਦਾਰਾਂ ਅਤੇ ਸਰਕਾਰੀ ਅਧਿਕਾਰੀਆਂ ਦਾ ਭਾਰੀ ਬਹੁਮੱਤ ਮੁਸਲਮਾਨ ਸਨ ਅਤੇ ਇਹ ਵੀ ਸਬੱਬ ਦੀ ਹੀ ਗੱਲ ਸੀ ਕਿ ਪੇਂਡੂ ਵਸੋਂ ਦੇ ਬੇਜ਼ਮੀਨੇ ਤੇ ਦਸਤਕਾਰਾਂ ਦਾ ਵੀ ਭਾਰੀ ਬਹੁਮੱਤ ਮੁਸਲਮਾਨ ਹੀ ਸੀ। ਸ਼ੋਸ਼ਕਾਂ ਦਾ ਅਗਨਬਾਣ ਉਹਨਾਂ ਨੂੰ ਉਲਟਾ ਹੀ ਪੈ ਗਿਆ ਜਦੋਂ ਉਹ ਅਪ੍ਰੈਲ 1711 ਨੂੰ ਪੰਜਾਬ ਦੇ 5000 ਮੁਸਲਮਾਨ ਕਲਾਨੌਰ ਜਾ ਕੇ ਬੰਦਾ ਸਿੰਘ ਦੀ ਫੌਜ ਵਿੱਚ ਭਰਤੀ ਹੋ ਗਏ। ਉਹ ਬਕਾਇਦਾ ਅਪਣੇ ਧਰਮ ਅਨੁਸਾਰ ਅਜ਼ਾਨ ਅਤੇ ਨਮਾਜ਼ ਗੁਜ਼ਾਰਿਆ ਕਰਦੇ ਸਨ (ਅਕਬਰੇ ਦਰਬਾਰੇ ਮੌਲਾ (ਜੈਪੁਰ) ਮਿਤੀ ਅਪ੍ਰੈਲ 28, 1711, ਹਵਾਲਾ ਗੰਡਾ ਸਿੰਘ, ਏ ਸ਼ੌਰਟ ਹਿਸਟਰੀ ਆਫ਼ ਦੀ ਸਿੱਖਜ਼, 1, 1469-1765, ਐਡੀਸ਼ਨ ਪੰਨਾ 104-05 ਹਵਾਲਾ ਹਰੀ ਰਾਮ ਗੁਪਤਾ ਸਫ਼ਾ-38)।

ਬੰਦਾ ਬਹਾਦਰ ਦਾ ਇਹ ਪਹਿਲਾ ਸਿੱਖ ਰਾਜ ਸਿੱਧੀ ਕਤਾਰਬੰਦੀ ਵਿੱਚ ਲੜੀ ਗਈ ਪਹਿਲੀ ਤੇ ਇੱਕੋ-ਇੱਕ ਹਥਿਆਰਬੰਦ ਸ਼੍ਰੇਣੀ ਜੰਗ ਸੀ, ਜਿਸਨੇ ਜਗੀਰਦਾਰੀ ਦੇ ਸਦੀਵੀਂ ਖ਼ਾਤਮੇ ਦੀਆਂ ਸੰਭਾਵਨਾਵਾਂ ਨੂੰ ਸਾਹਮਣੇ ਲਿਆਂਦਾ ਸੀ। ਪਹਿਲੇ ਸਿੱਖ ਰਾਜ , ਜਿਸਨੂੰ ਹਲਵਾਹਕਾਂ ਅਤੇ ਕਿਰਤੀਆਂ ਦਾ ਰਾਜ ਕਹਿਣਾ ਚਾਹੀਦਾ ਹੈ, ਦੇ ਕੁਚਲ ਦਿੱਤੇ ਜਾਣ ਤੋਂ ਬਾਅਦ ਵੀ ਤੇਜ਼ੀ ਨਾਲ ਸਿੱਖ ਰਾਜਨੀਤੀ ਵਿਕਸਤ ਹੋਈ ਸੀ ਅਤੇ ਉਤਰਾਅ ਚੜ੍ਹਾਅ ਆਏ ਸਨ। ਪਰੰਤੂ ਕਿਸੇ ਸਿੱਖ ਰਾਜਨੀਤਕ ਜਾਂ ਹਾਕਮ ਨੇ ਜਗੀਰਦਾਰੀ ਨੂੰ ਹੱਥ ਪਾਉਣ ਦਾ ਖ਼ਤਰਾ ਨਹੀਂ ਸਹੇੜਿਆ ਸਗੋਂ ਜਗੀਰਦਾਰੀ ਦੇ ਬਲ-ਬੋਤੇ ਉਪਰ ਹੀ ਰਾਜ ਕਰਨ ਦਾ ਪੈਂਤੜਾ ਅਖ਼ਤਿਆਰ ਕੀਤਾ ਸੀ। ਕਿਉਂਕਿ, ਜਗੀਰਦਾਰੀ ਨੂੰ ਹੱਥ ਪਾਉਣ ਦੇ ਨਤੀਜੇ ਦਾ ਸਾਹਮਣਾ ਕਰਨਾ ਉਹਨਾਂ ਦੀ ਹਿੰਮਤ ਵਿੱਚ ਨਹੀਂ ਸੀ।

ਹੁਣ ਜਦੋਂ ਸਾਨੂੰ ਇਹ ਪਤਾ ਲੱਗ ਰਿਹਾ ਹੈ ਕਿ ਜਿਸ ਚੱਪੜਚਿੜੀ ਦੇ ਮੈਦਾਨ ਵਿੱਚ ਨਵਾਬ ਵਜ਼ੀਰ ਖਾਨ ਨੂੰ ਕਤਲ ਕਰਕੇ ਨਵੇਂ ਯੁੱਗ ਦਾ ਅਰੰਭ ਕੀਤਾ ਗਿਆ ਸੀ, ਉਸ ਮੈਦਾਨ ਦਾ ਨਾਮੋਨਿਸ਼ਾਨ ਮਿਟਾਉਣ ਲਈ ਧਨਵਾਨਾਂ ਦੇ ਚੋਚਲਿਆਂ ਵਾਸਤੇ ਗੋਲਫ਼ ਕਲੱਬ ਬਣਾਈ ਜਾ ਰਹੀ ਹੈ, ਤਾਂ ਸਾਨੂੰ ਕੋਈ ਵੀ ਹੈਰਾਨੀ ਜਾਂ ਰੰਜ਼ਸ ਨਹੀਂ ਹੋ ਰਹੀ। ਯਾਦਗਾਰਾਂ ਉਹਨਾਂ ਦੀਆਂ ਸੰਭਾਲੀਆਂ ਜਾਂਦੀਆਂ ਹਨ ਜਿਹਨਾਂ ਦੀ ਵਿਚਾਰਧਾਰਾ ਅਤੇ ਕਾਰਨਾਮਿਆਂ ਤੋਂ ਪ੍ਰੇਰਣਾ ਲੈਣੀ ਅਤੇ ਉਹਨਾਂ ਦੇ ਆਸ਼ਿਆਂ ਨੂੰ ਨੇਪਰੇ ਚਾੜਨ ਦਾ ਅਹਿਦ ਲੈਣਾ ਹੋਵੇ। ਬੰਦਾ ਸਿੰਘ ਬਹਾਦਰ ਦਾ ਅਦੁਤੀ ਕ੍ਰਾਂਤੀ ਤੋਂ ਉਹਨਾਂ ਦੇ ਕਥਿੱਤ ਯੁੱਧ ਸਾਥੀਆਂ ਨੇ ਤਾਂ ਓਦੋਂ ਹੀ ਤੋੜ ਵਿਛੋੜਾ ਕਰ ਲਿਆ ਸੀ ਜਦੋਂ ਅਜੇ ਪਹਿਲਾ ਸਿੱਖ ਰਾਜ ਢੈਅ-ਢੇਰੀ ਵੀ ਨਹੀਂ ਹੋਇਆ ਸੀ। ਪਰੰਤੂ ਹਲਵਾਹਕਾਂ, ਕਿਰਤੀ-ਦਲਿਤਾਂ ਤੇ ਉਹਨਾਂ ਦੇ ਪੈਰੋਕਾਰਾਂ ਦਾ ਪਵਿੱਤਰ ਫਰਜ਼ ਬਣਦਾ ਹੈ ਕਿ ਉਹ ਨਵੇਂ ਰਾਜਨੀਤਕ ਮਸੀਹਾ ਦੀ ਯਾਦ ਅਤੇ ਵਿਚਾਰਧਾਰਕ ਵਿਰਸੇ ਨੂੰ ਖੁਦ ਸੰਭਾਲਣ।

**– ਯਾਦ ਕਰੀਏ ਉਹ ਦਿਨ......**

**12 ਮਈ 1710– ਇਹ ਇਤਿਹਾਸਕ ਤਰੀਕ ਸਿੱਖ ਸੂਰਮਿਆਂ ਦੇ ਇਤਿਹਾਸ ਵਿੱਚ ਸੁਨਹਿਰੇ ਅੱਖਰਾਂ ਵਿੱਚ ਦਰਜ ਹੈ। ਇਸ ਦਿਨ ਚੱਪੜਚਿੜੀ ਦੇ ਮੈਦਾਨ ਵਿੱਚ ਸਰਹਿੰਦ ਦੇ ਨਵਾਬ ਵਜ਼ੀਰੀ ਖਾਨ ਨੂੰ ਹਰਾ ਕੇ ਖਾਲਸਾ ਰਾਜ ਦੀ ਨੀਂਹ ਰੱਖੀ ਗਈ ਸੀ।**

**ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਤੋਂ ਆਸ਼ੀਰਵਾਦ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ 25 ਸਿੱਖਾਂ ਦੇ ਨਾਲ ਪੰਜਾਬ ਵੱਲ ਕੂਚ ਕੀਤਾ ਸੀ। ਇਹ ਗੁਰੂ ਦਾ ਪ੍ਰਤਾਪ ਸੀ ਕਿ ਚੱਪੜ ਚਿੜੀ ਦੀ ਜੰਗ ਦੇ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ 30 ਹਜ਼ਾਰ ਤੋਂ ਜ਼ਿਆਦਾ ਸੂਰਮੇ ਸਨ।**



# ਵਿੱਸਰ ਰਿਹਾ ਲੋਕ-ਨਾਟਕ 'ਨਕਲ'

ਸੁਖਦੇਵ ਸਿੰਘ



ਇਦ ਤੁਹਾਨੂੰ ਅਚੰਭਾ ਲੱਗੇ, ਪਰ ਹੈ ਇਹ ਸੱਚ; ਪਾਕਿਸਤਾਨ ਦਾ ਪ੍ਰਸਿੱਧ ਲੋਕ-ਗਾਇਕ ਤੁਫ਼ੈਲ ਨਿਆਜ਼ੀ ਜੁਆਨੀ ਪਹਿਰੇ ਪੰਜਾਬ ਦੇ ਵੱਡੇ ਨਾਮਣੇ ਵਾਲੇ ਇਕ ਨਕਾਲ ਟੋਲੇ ਵਿਚ ਨਚਾਰ ਹੁੰਦਾ ਸੀ। ਦਿਲਕਸ਼ ਨੈਣ-ਨਕਸ਼, ਲਚਕੀਲਾ ਬਦਨ, ਮਨਮੋਹਕ ਅਦਾਕਾਰੀ ਅਤੇ ਰਸੀਲੀ ਬੁਲੰਦ ਆਵਾਜ਼ ਦਾ ਸੁਆਮੀ। ਨਕਲ ਦੇ ਪਿੜ 'ਚ ਉਤਰਦਾ ਤਾਂ ਰੰਗ ਬੰਨ੍ਹ ਦਿੰਦਾ। ਭੜਕੀਲੇ ਜ਼ਨਾਨਾ ਲਿਬਾਸ 'ਚ ਉਸ ਦੀਆਂ ਸ਼ੋਖ਼ ਕਾਮੁਕ ਅਦਾਵਾਂ ਰਾਹ ਜਾਂਦਿਆਂ ਨੂੰ ਡੰਗਦੀਆਂ। ਹਿੰਦ-ਪਾਕਿ ਵੰਡ ਤੋਂ ਪਹਿਲਾਂ ਦੁਆਬੇ ਦੇ ਨਕਾਲਾਂ ਵਿਚ ਦੋ ਨਚਾਰਾਂ ਦੀ ਤੂਤੀ ਬੋਲਦੀ ਸੀ- ਤੁਫ਼ੈਲ ਨਿਆਜ਼ੀ ਅਤੇ ਸ਼ਾਹਦੀਨ ਹਾਦੀਆਬਾਦੀ ਦੀ। ਤੁਫ਼ੈਲ ਨਿਆਜ਼ੀ ਦਾ ਸਬੰਧ ਦੁਆਬੇ ਦੇ ਮਸ਼ਹੂਰ ਨਕਾਲ ਦੌਲਾ (ਪੱਦੀ ਮੱਟ ਵਾਲਾ) ਦੇ ਘਰਾਣੇ ਨਾਲ ਹੈ। ਵੰਡ ਤੋਂ ਪਹਿਲਾਂ ਪੂਰਵੀ ਪੰਜਾਬ ਵਿਚ ਤਿੰਨ ਵੱਡੇ ਨਕਾਲ ਘਰਾਣੇ ਸਨ- 1. ਦੀਨੂ ਭਗਤੂਪੁਰੀਆ, 2. ਦੌਲਾ ਪੱਦੀ ਮੱਟ ਵਾਲਾ ਅਤੇ 3. ਹੁਸੈਨ ਬਖ਼ਸ਼, ਨਿਗਾਹੀ ਬਖ਼ਸ਼, ਬੜੀ ਟਿੱਬਾ (ਨੇੜੇ ਮਲੇਰਕੋਟਲਾ)।

ਦੌਲੇ ਦੇ ਸ਼ਾਗਿਰਦਾਂ ਵਿਚੋਂ- ਤਾਲਿਬ (ਭੁਲਾਰਾਇ), ਨੱਥੂ-ਛੱਜੂ (ਸੀਂਗੜੀਵਾਲ ਵਾਲੇ), ਸ਼ਾਹਦੀਨ (ਮੰਡੇਰਾਂ ਵਾਲਾ) ਅਤੇ ਦੌਲਤੀ (ਮਾਣਕ ਢੇਰੀ ਵਾਲਾ) ਕਾਫ਼ੀ ਮਸ਼ਹੂਰ ਨਕਾਲ ਰਹੇ। ਦੀਨੂ ਭਗਤੂਪੁਰੀਏ ਦੇ ਘਰਾਣੇ ਦੀ ਸ਼ਾਖ਼ਾ ਵਿਚ ਹੁਸੈਨਾ (ਕਾਲੇਵਾਲੀਆ), ਰੁਲੀਆ (ਗਰਚੇ ਵਾਲਾ), ਨਜ਼ੀਰ (ਬੰਗਾ), ਮਲੰਗੀ (ਚੱਕ ਢੱਡੇ) ਸ਼ਾਹਦੀਨ (ਹਾਦੀਆਬਾਦੀ), ਨਜ਼ੀਰ (ਮੋਘੇਵਾਲੀਆ), ਜਗਤਾ (ਗੋਬਿੰਦਪੁਰੀਆ), ਮਹਿੰਗਾ (ਪੂਨੀਆ), ਹੁਸੈਨ ਬਖ਼ਸ਼, ਕਰਮਦੀਨ ਅਤੇ ਗੁੜੰਦੀ ਆਦਿ ਨਕਾਲ ਆਉਂਦੇ ਹਨ। ਮਾਲਵੇ ਵਿਚ ਬੜੀ ਟਿੱਬੇ ਅਤੇ ਮਤੋਈ ਵਾਲੇ ਸ਼ਾਹੀ ਨਕਾਲ ਘਰਾਣਿਆਂ ਦੀ ਚੜ੍ਹਤ ਸੀ। ਪਟਿਆਲਾ ਰਿਆਸਤ ਦੇ ਸ਼ਾਹੀ ਨਕਾਲਾਂ ਵਿਚ ਝੰਡੀ ਹੁਸੈਨ ਬਖ਼ਸ਼, ਨਿਗਾਹੀ ਬਖ਼ਸ਼ (ਬੜੀ ਟਿੱਬੇ ਵਾਲੇ) ਦੀ ਚੜ੍ਹਤ ਸੀ, ਜਿਨ੍ਹਾਂ 'ਚੋਂ ਅੱਗੇ ਦਲੌਰੀ (ਦਿਲਾਵਰ ਹੁਸੈਨ), ਪਸ਼ੌਰੀ ਅਤੇ ਲਹੌਰੀ ਨੇ ਇਸ ਰਵਾਇਤੀ ਕਲਾ ਨੂੰ ਅੱਗੇ ਤੋਰਿਆ। ਮਤੋਈ (ਜ਼ਿਲ੍ਹਾ ਸੰਗਰੂਰ) ਵਾਲੇ ਬਾਬਾ ਗੂਲਾ ਅਤੇ ਅਲੀਆ ਦਾ ਘਰਾਣਾ ਵੀ ਅਪਣਾ ਪਿੱਛਾ ਪਟਿਆਲਾ ਘਰਾਣੇ ਨਾਲ ਜੁੜੇ ਹੋਣ ਦਾ ਦਾਅਵਾ ਕਰਦਾ ਹੈ। ਤੁਫ਼ੈਲ ਨਿਆਜ਼ੀ ਦੌਲੇ ਦੇ ਸ਼ਾਗਿਰਦ ਸ਼ਾਹਦੀਨ ਮੰਡੇਰਾਂ ਵਾਲਾ ਦਾ ਭਤੀਜਾ ਸੀ।

ਕੁਝ ਕੁ ਵਰ੍ਹੇ ਪਹਿਲਾਂ ਗੁੰਮਨਾਮੀ 'ਚ ਗੁਜ਼ਰ-ਬਸਰ ਕਰਕੇ ਜਹਾਨੋਂ ਤੁਰ ਗਏ ਪ੍ਰਸਿੱਧ ਨਕਾਲ ਸ਼ਾਹਦੀਨ ਹਾਦੀਆਬਾਦੀ ਨੇ ਇਕ ਭੇਂਟ ਦੌਰਾਨ ਇਕ ਦਿਲਚਸਪ ਵਾਰਤਾ ਸੁਣਾਈ। ਜਦੋਂ ਪੰਜਾਬ ਵਿਚ ਨਕਲ ਪੇਂਡੂ ਲੋਕਾਂ 'ਚ ਮਕਬੂਲ ਨਾ ਰਹੀ ਅਤੇ ਮੇਲਿਆਂ-ਮੁਸਾਣ੍ਹਿਆਂ 'ਚ ਬਾਈਆਂ ਗੌਣ ਲੱਗੀਆਂ ਜਾਂ ਕੰਜਰ ਜਾਤੀ ਦੀਆਂ ਔਰਤਾਂ ਨੱਚਣ-ਗਾਉਣ ਲਗੀਆਂ ਤਾਂ ਮਲਸੀਹਾਂ ਦੇ ਨਟ ਬੱਗੜ ਨੇ ਅਪਣੇ ਨਕਾਲ ਟੋਲੇ ਵਿਚ ਕੁੜੀਆਂ ਨੂੰ ਨਚਾਉਣਾ ਸ਼ੁਰੂ ਕਰ ਦਿੱਤਾ। ਪੰਜਾਬ ਦੇ ਨਕਾਲਾਂ ਨੇ ਇਸ ਨੂੰ ਅਪਣੀ ਹੇਠੀ ਮੰਨਿਆਂ। ਪੰਜਾਬ ਦੇ ਅਤੇ ਖਾਸ ਕਰਕੇ ਦੁਆਬੇ ਦੇ ਪਟੜੀ-ਫੇਰ ਨਕਾਲਾਂ ਦਾ ਇੱਕਠ ਹੋਇਆ। ਨਕਲੀਆਂ ਨੇ ਬੱਗੜ ਨੂੰ ਸਮਝਾਇਆ ਕਿ ਇਸ ਤਰ੍ਹਾਂ ਪਿਤਾ-ਪੁਰਖੀ ਪੇਸ਼ੇ ਤੇ ਕਲਾ ਦੀ ਤੌਹੀਨ ਹੁੰਦੀ ਹੈ, ਪਰ ਉਹ ਇਨਕਾਰੀ ਰਿਹਾ। ਨਕਾਲਾਂ ਨੇ ਉਸ ਦਾ ਭਾਂਡਾ ਤਿਆਗ ਦਿੱਤਾ। ਉਸ ਦੇ ਨਕਾਲ ਟੋਲੇ ਦਾ ਮੁਕਾਬਲਾ ਕਰਨ ਲਈ ਉਸਤਾਦ ਨਕਲੀਆਂ ਨੇ ਦੁਆਬੇ 'ਚੋਂ ਛਾਂਟ ਕੇ ਸੁਹਣੇ ਮੁੰਡੇ ਨਚਾਰਾਂ ਵੱਜੋਂ ਤਿਆਰ ਕੀਤੇ-ਤੁਫ਼ੈਲ ਮਿਆਜ਼ੀ, ਸ਼ਾਹਦੀਨ ਹਾਦੀਆ ਬਾਦੀ, ਕਾਕਾ ਕਾਦਰ ਅਤੇ ਖੈੜ ਹਰਚੋਵਾਲ ਦੇ ਲੈਰੀ ਉਮਰ ਦੇ ਨਚਾਰਾਂ ਨੇ ਮਲਸੀਹਾਂ ਵਾਲੇ ਨਕਲੀਆਂ ਦੇ ਪੈਰ ਉਖਾੜ ਦਿੱਤੇ। ਅਖੀਰ 'ਚ ਬੱਗੜ ਦੇ ਟੋਲੇ ਨੇ ਹਾਰ ਮੰਨ ਕੇ ਭੁੱਲ ਬਖ਼ਸ਼ਾ ਲਈ। ਵੰਡ ਤੋਂ ਪਹਿਲਾਂ ਨਕਲਾਂ ਖੇਡਣ ਵਾਲੇ ਮਿਰਾਸੀ ਭਾਵੇਂ ਗਰੀਬ ਲੋਕ ਸਨ, ਪਰ ਉਹ ਆਪਣੇ ਪਿਤਾ-ਪੁਰਖੀ ਪੇਸ਼ੇ ਦੀ ਮਰਿਆਦਾ ਦੀ ਲੱਜ ਪਾਲਣ ਵਾਲੇ ਲੋਕ-ਕਲਾਕਾਰ ਸਨ।

ਮੀਰਾਸੀਆਂ, ਭੰਡਾਂ ਤੇ ਡੂਮਾਂ ਦੁਆਰਾ ਖੇਡਿਆ ਜਾਣ ਵਾਲਾ ਲੋਕ-ਨਾਟਕ 'ਨਕਲ' ਸਮਾਜਿਕ ਵਿਅੰਗ ਦੀ ਸਭ ਤੋਂ ਸਸਤੀ ਤੇ ਸ਼ਕਤੀਸ਼ਾਲੀ ਰੰਗਮੰਚੀ ਵਿਧਾ ਹੈ। ਮਨੋਰੰਜਨ ਤੇ ਸਮਾਜਿਕ ਕੁਰੀਤੀਆਂ ਦਾ ਵਿਅੰਗਮਈ ਸ਼ੈਲੀ ਵਿਚ ਖੰਡਨ ਇਸ ਦੀ ਵਿਸ਼ਾਲ ਲੋਕ-ਪ੍ਰਵਾਨਗੀ ਦੇ ਅਧਾਰ ਹਨ। ਪੰਜਾਬ ਦੇ ਪਿੰਡਾਂ ਵਿਚ ਨਕਲਾਂ ਦਾ ਪ੍ਰਚਲਨ ਬਾਰ੍ਹਵੀਂ-ਤੇਰ੍ਹਵੀਂ ਸਦੀ ਤੋਂ ਰਿਹਾ ਹੈ। ਆਮ ਵਿਸ਼ਵਾਸ ਹੈ ਕਿ ਨਕਲ ਮੁਸਲਮਾਨ ਹਮਲਾਵਰਾਂ ਨਾਲ ਭਾਰਤ ਵਿਚ ਆਈ, ਮੁਸਲਮਾਨ ਮੀਰਾਸੀਆਂ ਨੇ ਇਸ ਲੋਕ-ਨਾਟ ਕਲਾ ਨੂੰ ਨਿਖਾਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਮੀਰਾਸੀ ਮੁਸਲਮਾਨਾਂ ਦੀ ਇਕ ਜਾਤੀ ਹੈ, ਜੋ ਭੱਟਾਂ ਵਾਂਗ ਅਪਣੇ ਸਰਪ੍ਰਸਤਾਂ (ਜਜਮਾਨਾਂ) ਦੀ ਵੰਸ਼ਾਵਲੀ ਪੜ੍ਹਦੀ, ਖੁਸ਼ੀ-ਗਮੀ ਦੇ ਮੌਕਿਆਂ 'ਤੇ ਉਹਨਾਂ ਦੀ ਉਸਤਿਤ ਕਰਦੀ ਅਤੇ ਉਹਨਾਂ ਤੋਂ ਮਿਲੀ ਖੈਰਾਤ ਉਪਰ ਗੁਜ਼ਰ-ਬਸਰ ਕਰਦੀ ਸੀ। ਮੀਰਾਸੀ ਦਾ ਸ਼ਾਬਦਿਕ ਅਰਥ ਹੈ ਵਿਰਾਸਤ ਨੂੰ ਸਾਂਭਣ ਵਾਲਾ। ਹੌਲੀ-ਹੌਲੀ ਇਹ ਜਾਤੀ ਵਿਰਾਸਤ (ਸਭਿਆਚਾਰ ਪਰੰਪਰਾਵਾਂ) ਨੂੰ ਸੰਭਾਲਣ ਤੇ ਮੌਖਿਕ ਰੂਪ ਵਿਚ ਸੀਨਾ-ਬਸੀਨਾ ਅੱਗੇ ਤੋਰਨ ਵਾਲੇ ਪੇਸ਼ਾਵਰ ਕਲਾਕਾਰਾਂ ਵਜੋਂ ਮਸ਼ਹੂਰ ਹੋ ਗਈ। ਵਿਰਾਸਤੀ ਹੁਨਰ ਦੇ ਮਾਹਿਰ ਇਹ ਮਰਾਸੀ ਰਾਜਿਆਂ-ਮਹਾਰਾਜਿਆਂ ਸਾਮੰਤਾਂ ਤੇ ਰਾਜ-ਅਧਿਕਾਰੀਆਂ ਦੀ ਸਰਪ੍ਰਸਤੀ ਵੀ ਮਾਣਦੇ ਰਹੇ ਅਤੇ ਜਨ-ਸਧਾਰਨ ਦਾ ਮਨੋਰੰਜਨ ਵੀ ਕਰਦੇ ਰਹੇ। ਇਉਂ ਪੰਜਾਬ ਵਿਚ ਦਰਬਾਰੀ-ਕਲਾ ਦੇ ਧਾਰਮਿਕ-ਅੰਸ਼ ਵਾਲੇ ਲੋਕ-ਨਾਟਕਾਂ ਦੇ ਸਮਾਨਾਂਤਰ ਲੋਕ-ਨਾਟਕ ਦੀ ਇਕ ਲੌਕਿਕ, ਸੈਕੂਲਰ ਅਤੇ ਹਾਸ-ਰਸੀ ਵਿਧਾ ਵਿਕਸਤ ਹੁੰਦੀ ਗਈ, ਜਿਸ ਦਾ ਮਨੋਰਥ ਜਨ-ਸਧਾਰਨ ਦਾ ਜੀਅ-ਪ੍ਰਚਾਵਾ ਅਤੇ ਉਹਨਾਂ ਦੀਆਂ ਚੇਤ-ਅਚੇਤ ਭਾਵਨਾਵਾਂ ਤੇ ਕਾਮਨਾਵਾਂ ਦੀ ਬੇਬਾਕ ਤੇ ਨਿਸ਼ੰਗ ਪੇਸ਼ਕਾਰੀ ਸੀ।

ਲੋਕ-ਨਾਟਕ ਨਕਲ ਦਾ ਮਿਜ਼ਾਜ ਸਮੇਂ ਦੇ ਪ੍ਰਵਾਹ ਦੇ ਨਾਲ-ਨਾਲ ਬਦਲਦਾ ਰਿਹਾ ਹੈ। ਗਿਆਰ੍ਹਵੀਂ ਬਾਹਰਵੀਂ ਸਦੀ ਤੱਕ ਦੋ-ਹੱਥੀ ਪਟੜੀਆਂ ਪ੍ਰਚਲਿਤ ਹੋ ਚੁੱਕੀਆਂ ਸਨ। ਪਟੜੀਆਂ ਖੇਡਣ ਤੋਂ ਪਹਿਲਾਂ ਪਿੜ ਬੰਨ੍ਹਣ ਲਈ ਮੀਰਾਸੀ ਗਾਉਂਦੇ ਸਨ। ਹੌਲੀ ਹੌਲੀ ਗਾਇਨ ਦੇ ਵਾਦਨ ਨਕਲਾਂ ਦੀ ਪੇਸ਼ਕਾਰੀ ਦਾ ਹਿੱਸਾ ਬਣ ਗਏ...। ਇਉਂ ਨਕਲੀਏ ਤੇ ਮੀਰਾਸੀ ਇਕ ਦੂਜੇ ਦੇ ਪੂਰਕ ਜਾਂ ਸਹਿਯੋਗੀ ਬਣ ਨਿਬੜੇ। ਸਾਮੰਤਸ਼ਾਹੀ ਦੇ ਦੌਰ ਵਿਚ ਕੰਜਰ ਜਾਤੀ ਦੇ ਨਾਚਾਂ ਨੂੰ ਹੁਲਾਰਾ ਮਿਲਿਆ। ਲੋਕ ਵਿਆਹ-ਸ਼ਾਦੀਆਂ ਮੌਕੇ ਕੰਜਰੀਆਂ ਨੂੰ ਬੁਲਾਉਣ ਲੱਗੇ। ਕੰਜਰੀਆਂ ਦੇ ਨਾਚ ਦੀ ਪੇਸ਼ਕਾਰੀ ਤੋਂ ਪਹਿਲਾਂ ਮੀਰਾਸੀ ਗਾਉਂਦੇ ਤੇ ਨਕਲੀਏ ਟਿੱਚਰਾਂ ਰਾਹੀਂ ਪਿੜ ਬੰਨ੍ਹਦੇ। ਜਦੋਂ ਕੰਜਰੀਆਂ ਨੱਚ ਨੱਚ ਥਕ ਜਾਂਦੀਆਂ ਤਾਂ ਉਨ੍ਹਾਂ ਨੂੰ ਆਰਾਮ ਦੁਆਉਣ ਲਈ ਨਕਲੀਏ ਉਸ ਦੇ ਸਹਾਇਕ ਬਣ ਕੇ ਦੂਜੀ ਥਾਂ ਚਲੇ ਗਏ। ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਚੱਲੀਆਂ ਸੁਧਾਰਕ ਲਹਿਰਾਂ ਕਾਰਨ ਅਤੇ ਸਾਮੰਤਸ਼ਾਹੀ ਦੇ ਪਤਨ ਕਾਰਨ ਕੰਜਰੀ ਦਾ ਮਹੱਤਵ ਘਟਣ ਲੱਗਾ। ਕੰਜਰੀ ਦੇ ਮੁਜਰੇ ਦੇ ਸਮੇਂ ਨੂੰ ਨਕਲੀਆਂ ਨੇ ਲੰਬੇ ਕਥਾਨਕਾਂ ਵਾਲੇ ਡਰਾਮੇ ਵਿਚ ਬਦਲ ਦਿੱਤਾ। ਲੰਮੇ ਡਰਾਮਿਆਂ ਦੀ ਪੇਸ਼ਕਾਰੀ ਦੌਰਾਨ ਦਰਸ਼ਕਾਂ ਨੂੰ ਉਕਤਾਉਣ ਜਾਂ ਬੋਰ ਹੋਣ ਤੋਂ ਬਚਾਉਣ ਲਈ ਟਿੱਚਰਾਂ ਤੇ ਪਟੜੀਆਂ ਖੇਡੀਆਂ ਜਾਂਦੀਆਂ ਅਤੇ ਨਾਲ ਗਾਉਣ ਵਾਦਨ ਤੇ ਨਿਰਤ ਵੀ ਹੁੰਦਾ। ਇਸ ਸਮੇਂ ਬਹੁ-ਹੱਥੀ ਪਟੜੀਆਂ ਦਾ ਰਿਵਾਜ਼ ਪ੍ਰਚਲਿਤ ਹੋਇਆ ਜਾਪਦਾ ਹੈ। ਸਮਾਜਿਕ ਦਬਾਵਾਂ ਕਾਰਨ ਕੰਜਰੀ ਤੇ ਉਸ ਦੇ ਮੁਜਰੇ ਦਾ ਮਹੱਤਵ ਘਟਦਾ ਗਿਆ ਅਤੇ ਉਸ ਦੀ ਥਾਂ ਸੁਧਾਰਕ ਵਿਸ਼ਿਆਂ ਵਾਲੇ ਕਥਾ-ਪ੍ਰਸੰਗਾਂ ਤੇ ਪਟੜੀਆਂ ਨੇ ਲੈ ਲਈ। ਮਨੁੱਖ ਦੀਆਂ ਅਮੋੜ ਕਾਮਨਾਵਾਂ ਦੀ ਪੂਰਤੀ ਕਾਰਨ ਕੰਜਰੀ ਲੋਕ-ਨਾਟ ਪਰੰਪਰਾ ਵਿਚੋਂ ਪੂਰੀ ਤਰ੍ਹਾਂ ਖਾਰਜ ਨਹੀਂ ਹੋਈ, ਉਸ ਦੀ ਥਾਂ ਜ਼ਨਾਨਾ ਭੇਸ ਵਿਚ ਕੱਚੀ ਉਮਰ ਦੇ ਖ਼ੂਬਸੂਰਤ ਮੁੰਡਿਆਂ (ਨਚਾਰਾਂ) ਦੇ ਨਾਚ ਨੇ ਲੈ ਲਈ। ਸੋ ਲੋਕ-ਨਾਟਕ ਨਕਲ ਦੀ ਪੇਸ਼ਕਾਰੀ ਲਈ ਸੰਵਾਦ, ਸੰਗੀਤ ਤੇ ਨ੍ਰਿਤ ਦਾ ਅਪਣਾ-ਅਪਣਾ ਮਹੱਤਵ ਹੈ। ਸਮੇਂ ਤੇ ਸਮਾਜਿਕ ਵਿਵਸਥਾ ਅਨੁਸਾਰ ਇਨ੍ਹਾਂ ਦਾ ਅਨੁਪਾਤ ਤੇ ਮਹੱਤਵ ਵਧਦਾ-ਘਟਦਾ ਰਿਹਾ ਹੈ।

ਨਕਲ ਅਜਿਹਾ ਵਿਅੰਗਾਤਮਕ ਲੋਕ-ਨਾਟਕ ਹੈ, ਜਿਸ ਵਿਚ ਵਾਰਤਾਲਾਪ, ਸੰਗੀਤ, ਨਾਚ ਤੇ ਅਦਾਕਾਰੀ ਦਾ ਉਚਿਤ ਸੁਮੇਲ ਹੁੰਦਾ ਹੈ। ਨਕਲ ਦੇ ਕਥਾਨਕ ਦਾ ਆਧਾਰ ਕਟਾਖਸ਼ਮਈ ਵਾਰਤਾਲਾਪ ਹੈ। ਕਥਾਨਕ ਦੇ ਆਕਾਰ ਦੇ ਆਧਾਰ ਉੱਤੇ ਨਕਲਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ : ਟਿੱਚਰ ਅਤੇ ਪਟੜੀਆਂ

ਜਿਸ ਨਕਲ ਵਿਚ ਇਕੋ ਝਾਕੀ ਰਾਹੀਂ ਵਾਰਤਾਲਾਪ ਦੇ ਜ਼ਰੀਏ ਹਾਸਰਸੀ ਸਿਖਰ ਦੀ ਉਸਾਰੀ ਕੀਤੀ ਜਾਵੇ ਉਸ ਨੂੰ ਟਿੱਚਰ ਕਹਿੰਦੇ ਹਨ। ਟਿੱਚਰ ਦੀ ਪੇਸ਼ਕਾਰੀ ਦਾ ਸਮਾਂ ਭਾਵੇਂ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ, ਪਰ ਇਸ ਦਾ ਆਕਾਰ ਤੇ ਕੈਨਵਸ ਛੋਟਾ ਤੇ ਇਕਹਿਰਾ ਹੁੰਦਾ ਹੈ। ਗੁੱਝੇ, ਤਿੱਖੇ ਤੇ ਦੁਅਰਥੇ ਵਾਰਤਾਲਾਪ ਰਾਹੀਂ ਕਿਸੇ ਅਣਕਿਆਸੀ ਸਥਿਤੀ ਨੂੰ ਇਕ ਦਮ ਸਾਹਮਣੇ ਲਿਆਂਦਾ ਜਾਂਦਾ ਹੈ। ਸ਼ਬਦਾਂ ਦੇ ਚਮਤਕਾਰ ਨਾਲ ਮਖੌਲੀਆ ਪਾਤਰ (ਬਿਗਲਾ) ਸਥਿਤੀ ਵਿਚ ਵਿਸਫੋਟ ਪੈਦਾ ਕਰਦਾ ਹੈ। ਟਿੱਚਰਾਂ ਦੋ ਪਾਤਰਾਂ ਦੇ ਨਾਟਕੀ ਵਾਰਤਾਲਾਪ ਹਨ। ਟਿੱਚਰਾਂ ਦੀ ਉਸਾਰੀ ਨਕਾਲ ਟੋਲੀ ਵਿਚਲੇ ਦੋ ਅਦਾਕਾਰ ਕਰਦੇ ਹਨ, ਜਿਨ੍ਹਾਂ ਨੂੰ ਰੰਗਾ ਤੇ ਬਿਗਲਾ ਕਿਹਾ ਜਾਂਦਾ ਹੈ। ਰੰਗਾ ਨਕਲੀਆਂ ਦੀ ਟੋਲੀ ਦਾ ਬਹੁਤ ਤਜਰਬੇਕਾਰ ਅਦਾਕਾਰ ਹੁੰਦਾ ਹੈ। ਜੋ ਅਕਸਰ ਨਕਲ ਟੋਲੀ ਦਾ ਮੁਖੀ ਜਾਂ ਉਸਤਾਦ ਹੁੰਦਾ ਹੈ। ਰੰਗਾ ਚੁਸਤ ਵਾਰਤਾਲਾਪ ਰਾਹੀਂ ਰੰਗ ਬੰਨ੍ਹਦਾ ਹੈ। ਭਾਵ ਕਿਸੇ ਦਿਲਚਸਪ ਸਥਿਤੀ ਨੂੰ ਉਸਾਰਦਾ ਹੈ। ਬਿਗਲਾ ਅਪਣੀਆਂ ਊਟ-ਪਟਾਂਗ, ਯਭਲੀਆਂ ਤੇ ਗੁੱਝੀਆਂ ਗੱਲਾਂ ਰਾਹੀਂ ਸਥਿਤੀ ਵਿਚ ਵਿਗਾੜ ਪਾਉਂਦਾ ਹੈ। ਉਹ ਅਪਣੀ ਬੇਤੁਕੀ ਵਾਰਤਾਲਾਪ ਤੇ ਭੌਂਡੀਆਂ ਸਰੀਰਕ ਹਰਕਤਾਂ ਰਾਹੀਂ ਸਥਿਤੀ ਦੇ ਅਰਥਾਂ ਨੂੰ ਉਲਟਾ ਦਿੰਦਾ ਹੈ, ਜਿਸ ਨਾਲ ਦਰਸ਼ਕਾਂ ਵਿਚ ਹਾਸੜ ਪੈਂਦੀ ਹੈ। ਟਿੱਚਰ ਉਸਾਰਨ ਦੀ ਕਲਾ ਬਹੁਤ ਸੌਖੀ ਹੈ, ਇਸ ਲਈ ਨਾ ਵਿਸ਼ੇਸ਼ ਮੰਚ-ਸਮੱਗਰੀ ਦੀ ਜ਼ਰੂਰਤ ਹੈ, ਨਾ ਵੇਸ-ਭੂਸ਼ਾ ਤੇ ਮੇਕ-ਅੱਪ ਦੀ, ਨਾ ਵਿਸ਼ੇਸ਼ ਮੰਚ ਦੀ। ਦੋ ਪਾਤਰ ਇਕ ਚਮੋਟੇ ਦੀ ਮਦਦ ਨਾਲ ਮੰਜੇ ਕੁ ਜਿੰਨੀ ਥਾਂ ਉੱਪਰ ਪੇਸ਼ਕਾਰੀ ਕਰ ਸਕਦੇ ਹਨ। ਇਸ ਤੇਜ਼ ਗਤੀ ਵਾਲੇ ਸਮਾਜਿਕ ਜੀਵਨ ਵਿਚ ਟਿੱਚਰਾਂ ਦਾ ਮਹੱਤਵ ਵਧੇਰੇ ਹੈ। ਹੁਣ ਵਿਆਹ-ਸ਼ਾਦੀਆਂ ਤੇ ਖੁਸ਼ੀ ਦੇ ਮੌਕੇ ਥੋੜ੍ਹੇ ਸਮੇਂ ਵਿਚ ਭੁਗਤਾਏ ਜਾਂਦੇ ਹਨ। ਅਕਸਰ ਵਿਆਹਾਂ ਵਿਚ ਦੋ ਚਾਰ ਘੰਟੇ ਦਾ ਹੀ ਸਮਾਂ ਮਿਲਦਾ ਹੈ, ਇਸ ਲਈ ਅੱਜ ਕੱਲ੍ਹ ਮਰਾਸੀ, ਡੂਮ, ਭੰਡ ਤੇ ਹੋਰ ਕਈ ਨੀਵੀਆਂ ਜਾਤੀਆਂ ਦੇ ਗੈਰ ਪੇਸ਼ੇਵਰ ਕਿਸਮ ਦੇ ਲੋਕ ਟਿੱਚਰਾਂ ਖੇਡਣ ਲੱਗ ਪਏ ਹਨ। ਟਿੱਚਰ ਦਾ ਆਧਾਰ ਭੰਡਾਂ ਦੀ ਹਾਜ਼ਰ-ਜੁਆਈ ਦੀ ਕਲਾ ਹੈ। ਟਿੱਚਰਾਂ ਮੌਖਿਕ ਪਰੰਪਰਾ ਦੇ ਰੂਪ ਵਿਚ ਪੀੜ੍ਹੀ-ਦਰ-ਪੀੜ੍ਹੀ ਵੀ ਪ੍ਰਾਪਤ ਹੁੰਦੀਆਂ ਹਨ ਅਤੇ ਮੌਕੇ ਅਨੁਸਾਰ ਤੁਰਤ-ਫੁਰਤ ਘੜੀਆਂ ਵੀ ਜਾਂਦੀਆਂ ਹਨ। ਪੇਸ਼ਕਾਰ ਮੌਕੇ ਦੇ ਨਿਭਾਅ ਅਨੁਸਾਰ ਪੁਰਾਣੀਆਂ ਟਿੱਚਰਾਂ ਨੂੰ ਸੋਧਦੇ ਅਤੇ ਨਵੀਆਂ ਦੀ ਘਾੜਤ ਵੀ ਕਰਦੇ ਰਹਿੰਦੇ ਹਨ।

ਮੌਖਿਕ ਪਰੰਪਰਾ ਹੋਣ ਕਾਰਨ ਨਕਲਾਂ ਦਾ ਕੋਈ ਵੀ ਪ੍ਰਮਾਣਿਕ ਪਾਠ ਨਹੀਂ ਹੁੰਦਾ। ਨਿਰੰਤਰ ਅਭਿਆਸ ਤੇ ਪੇਸ਼ਕਾਰੀ ਨਾਲ ਜਿਹੜੀਆਂ ਨਕਲਾਂ ਟਕਸਾਲੀ ਰੂਪ ਵਿਚ ਸਰਵ-ਪ੍ਰਵਾਨ ਹੋ ਜਾਂਦੀਆਂ ਹਨ, ਭੰਡ ਉਨ੍ਹਾਂ ਨੂੰ 'ਪਟੜੀ' ਕਹਿੰਦੇ ਹਨ। ਪੇਸ਼ਕਾਰਾਂ ਦੀ ਗਿਣਤੀ ਤੇ ਕਥਾਨਕ ਦੇ ਆਕਾਰ ਅਨੁਸਾਰ ਪਟੜੀਆਂ ਨੂੰ ਦੋ ਉਪ-ਵਰਗਾਂ ਵਿਚ ਵੰਡਿਆ ਜਾ ਸਕਦਾ ਹੈ :-

ਦੋ-ਹੱਥੀ ਪਟੜੀਆਂ ਅਤੇ ਬਹੁ-ਹੱਥੀਂ ਪਟੜੀਆਂ।

ਦੋ-ਹੱਥੀ ਪਟੜੀਆਂ ਨੂੰ ਨਕਾਲ ਟੋਲੀ ਦੇ ਦੋ ਕਲਾਕਾਰ-ਰੰਗਾ ਤੇ ਬਿਗਲਾ ਖੇਡਦੇ ਹਨ। ਵੱਖ-ਵੱਖ ਪਾਤਰਾਂ ਦੀ ਭੂਮਿਕਾ ਨੂੰ ਇਹ ਦੋ ਕਲਾਕਾਰ ਕੇਵਲ ਚਿੰਨ੍ਹਾਤਮਕ ਸੰਕੇਤਾਂ ਤੇ ਵਾਰਤਾਲਾਪ ਰਾਹੀਂ ਨਿਭਾਉਂਦੇ ਹਨ। ਅਜਿਹੀ ਪਟੜੀ ਦੀ ਪੇਸ਼ਕਾਰੀ ਸਮੇਂ ਕੇਵਲ ਦੋ ਕਲਾਕਾਰ ਹੀ ਅਖਾੜੇ ਜਾਂ ਪਿੜ ਵਿਚ ਰਹਿੰਦੇ ਹਨ, ਨਾ ਉਹ ਪਾਤਰਾਂ ਮੁਤਾਬਿਕ ਭੇਸ ਬਦਲਦੇ ਹਨ, ਨਾ ਕੋਈ ਵਿਸ਼ੇਸ਼ ਸਮੱਗਰੀ ਦੀ ਵਰਤੋਂ ਕਰਦੇ ਹਨ। ਨਕਲੀਏ ਦੋ-ਹੱਥੀ ਪਟੜੀਆਂ ਨੂੰ ਲੰਬੇ ਕਥਾਨਕਾਂ ਵਾਲੇ ਡਰਾਮਿਆਂ ਦੇ ਦੌਰਾਨ ਪ੍ਰਸੰਗ ਮੁਤਾਬਿਕ ਖੇਡਦੇ ਹਨ, ਇਨ੍ਹਾਂ ਪਟੜੀਆਂ ਨੂੰ ਇਸ ਤਰ੍ਹਾਂ ਵਿਉਂਤਿਆਂ ਜਾਂਦਾ ਹੈ ਕਿ ਡਰਾਮਿਆਂ ਦੀ ਨਿਰੰਤਰਤਾ ਭੰਗ ਨਾ ਹੋਵੇ ਅਤੇ ਦਰਸ਼ਕ ਕੁਝ ਸਮੇਂ ਲਈ ਸੁਸਤਾ ਵੀ ਲੈਣ। ਚੰਗੇ ਤੇ ਕਸਬੀ ਨੱਕਾਲ ਦੋ-ਹੱਥੀ ਪਟੜੀਆਂ ਨੂੰ ਡਰਾਮੇ ਦੇ ਆਦਿ ਤੇ ਅੰਤ ਨਾਲ ਪ੍ਰਸੰਗਕ ਰੂਪ ਵਿਚ ਜੋੜ ਕੇ ਵੀ ਖੇਡਦੇ ਹਨ।

ਬਹੁ-ਹੱਥੀ ਪਟੜੀਆਂ ਦੀ ਪੇਸ਼ਕਾਰੀ ਵਿਚ ਨਕਲੀਆਂ ਦੀ ਪੂਰੀ ਟੋਲੀ ਸ਼ਾਮਲ ਹੁੰਦੀ ਹੈ। ਇਨ੍ਹਾਂ ਵਿਚ ਲੋੜ ਮੁਤਾਬਿਕ ਦੋ ਜਾਂ ਦੋ ਤੋਂ ਵੱਧ ਰੰਗੇ ਤੇ ਬਿਗਲੇ ਬਣਦੇ ਹਨ। ਵੱਖ ਵੱਖ ਪਾਤਰਾਂ ਦੀ ਭੂਮਿਕਾ ਵੱਖ ਵੱਖ ਅਦਾਕਾਰ ਨਿਭਾਉਂਦੇ ਹਨ। ਬਹੁ-ਹੱਥੀ ਪਟੜੀਆਂ ਦਾ ਕਥਾਨਕ ਪੂਰੇ ਨਾਟਕ ਵਰਗਾ ਹੁੰਦਾ ਹੈ। ਬਹੁ-ਹੱਥੀ ਪਟੜੀਆਂ ਦੀ ਪੇਸ਼ਕਾਰੀ ਲਈ ਖੁੱਲ੍ਹੇ ਪਿੜ ਜਾਂ ਮੰਚ ਦੀ ਲੋੜ ਪੈਂਦੀ ਹੈ। ਜ਼ਰੂਰਤ ਮੁਤਾਬਕ ਜ਼ਨਾਨਾ ਰੋਲ ਇਸਤਰੀ ਲਿਬਾਸ ਵਾਲੇ ਮੁੱਛ-ਫੁੱਟ ਕਲਾਕਾਰ ਜਾਂ ਨਚਾਰ ਨਿਭਾਉਂਦੇ ਹਨ। ਲੰਬੇ ਕਥਾਨਕ ਕਾਰਨ ਬਹੁ-ਹੱਥੀ ਪਟੜੀਆਂ ਦੀ ਖੇਡ ਦਾ ਸਮਾਂ ਘੰਟਿਆਂ ਬੱਧੀ ਵੀ ਹੋ ਸਕਦਾ ਹੈ। ਟਿੱਚਰ ਤੋਂ ਉਲਟ ਪਟੜੀਆਂ ਵਿਚ ਕਈ ਕਈ ਹਾਸਰਸੀ ਸਿਖ਼ਰਾਂ ਪੈਦਾ ਹੁੰਦੀਆਂ ਹਨ। ਬੇਤੁਕੀ, ਯਭਲੀ ਜਾਂ ਊਟ-ਪਟਾਂਗ ਗੱਲ ਕਰਨ ਜਾਂ ਅਸ਼ਲੀਲ ਹਰਕਤਾਂ ਕਾਰਨ ਬਿਗਲੇ ਨੂੰ ਵਾਰ-ਵਾਰ ਚਮੋਟਿਆਂ ਦੀ ਮਾਰ ਪੈਂਦੀ ਹੈ। ਟਿੱਚਰਾਂ ਦੇ ਮੁਕਾਬਲੇ ਪਟੜੀਆਂ ਦੀ ਪੇਸ਼ਕਾਰੀ ਲਈ ਵਧੇਰੇ ਤਜਰਬੇਕਾਰ ਤੇ ਪ੍ਰਤਿਭਾਸ਼ਾਲੀ ਅਦਾਕਾਰਾਂ ਦੀ ਲੋੜ ਹੁੰਦੀ ਹੈ। ਆਮ ਤੌਰ 'ਤੇ ਨਕਾਲ ਟੋਲੀ ਦੇ ਮੁਖੀ ਜਾਂ ਉਸਤਾਦ ਨੂੰ ਸਾਰੀਆਂ ਪਟੜੀਆਂ ਜ਼ੁਬਾਨੀ ਯਾਦ ਹੁੰਦੀਆਂ ਹਨ। ਬਾਕੀ ਕਲਾਕਾਰ ਲੋੜ ਮੁਤਾਬਿਕ ਅਪਣੀ--ਅਪਣੀ ਭੂਮਿਕਾ ਨਿਭਾਉਂਦੇ ਹਨ।

ਨਕਲੀਆਂ ਦੁਆਰਾ ਟਿੱਚਰਾਂ ਤੇ ਪਟੜੀਆਂ ਦੇ ਨਾਲ-ਨਾਲ ਲੋਕ ਪ੍ਰਚਲਿਤ ਗਾਥਾਵਾਂ, ਇਤਿਹਾਸਕ ਤੇ ਮਿਥਿਹਾਸਕ ਮਹੱਤਵ ਵਾਲੇ ਪ੍ਰਸੰਗਾਂ ਤੇ ਲੋਕ-ਕਹਾਣੀਆਂ ਉੱਤੇ ਅਧਾਰਿਤ ਲੰਬੇ ਡਰਾਮੇ ਵੀ ਖੇਡੇ ਜਾਂਦੇ ਹਨ। ਜੋ ਕਈ ਕਈ ਦਿਨ ਵੀ ਚੱਲਦੇ ਹਨ। ਡਰਾਮਿਆਂ ਦੇ ਦੌਰਾਨ ਪਟੜੀਆਂ ਖੇਡੀਆਂ ਜਾਂਦੀਆਂ ਹਨ, ਗਾਣੇ, ਦੋ-ਗਾਣੇ, ਲੋਕ-ਗੀਤ, ਕਵਾਲੀਆਂ, ਭਜਨ ਆਦਿ ਗਾਏ ਜਾਂਦੇ ਹਨ ਅਤੇ ਉਨ੍ਹਾਂ ਦੇ ਨਾਲ ਨਾਲ ਢੁਕਵੇਂ ਨਾਚਾਂ ਰਾਹੀਂ ਵੱਖ ਵੱਖ ਮਨੁੱਖੀ ਭਾਵਨਾਵਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ।

ਸਮਾਜਿਕ ਜੀਵਨ ਦਾ ਕੋਈ ਵੀ ਪੱਖ ਨਕਾਲਾਂ ਦੇ ਵਿਅੰਗ-ਬਾਣਾਂ ਦੀ ਮਾਰ ਤੋਂ ਨਹੀਂ ਬਚਦਾ। ਵੱਖ ਵੱਖ ਜਾਤਾਂ, ਕਿੱਤਿਆਂ, ਧਰਮਾਂ, ਫਿਰਕਿਆਂ ਤੇ ਮਨੁੱਖੀ ਪ੍ਰਵਿਰਤੀਆਂ ਦਾ ਮੌਜੂ ਉਡਾਉਣ ਵਾਲੀਆਂ ਨਕਲਾਂ ਮਿਲਦੀਆਂ ਹਨ। ਨਕਾਲ ਜਿੱਥੇ ਉੱਚ ਸ਼੍ਰੇਣੀਆਂ ਦੇ ਅਪਣੇ ਸਰਪ੍ਰਸਤਾਂ ਨੂੰ ਖੁਸ਼ ਕਰਨ ਲਈ ਨੀਵੀਆਂ ਜਾਤਾਂ ਦੇ ਕਿੱਤਿਆਂ ਦਾ ਮਖੌਲ ਉਡਾਉਂਦੇ ਹਨ ਤਾਂ ਮੌਕਾ ਮਿਲਣ 'ਤੇ ਅਪਣੇ ਸਰਪ੍ਰਸਤਾਂ ਨੂੰ ਵੀ ਨਹੀਂ ਬਖਸ਼ਦੇ। ਭਾਵੇਂ ਹਰ ਜਾਤੀ, ਕਿੱਤੇ, ਧਰਮ/ਫਿਰਕੇ ਤੇ ਮਨੁੱਖੀ ਪ੍ਰਵਿਰਤੀਆਂ ਬਾਰੇ ਅਨੇਕਾਂ ਨਕਲਾਂ ਜਾਂ ਪਟੜੀਆਂ ਮਿਲਦੀਆਂ ਹਨ। ਪਰ ਨਕਾਲਾਂ ਦੇ ਵਿਅੰਗ ਦਾ ਨਿਸ਼ਾਨਾ ਵਧੇਰੇ ਕਰਕੇ ਨਿਮਨ ਜਾਤੀਆਂ ਹੀ ਬਣਦੀਆਂ ਹਨ। ਜਿਵੇਂ ਤੇਲੀ, ਜੁਲਾਹਾ, ਸੁਨਿਆਰਾ, ਬਾਤੀ, ਤਰਖਾਣ, ਲੁਹਾਰ, ਬਰਵਾਲਾ, ਨਾਈ, ਝਿਊਰ, ਆਦਿਧਰਮੀ ਤੇ ਮੀਰਾਸੀ ਆਦਿ ਜਾਤੀਆਂ ਦੀਆਂ ਜਾਤੀਗਤ ਵਿਸ਼ੇਸ਼ਤਾਵਾਂ ਦਾ ਮੌਜੂ ਉਡਾਇਆ ਜਾਂਦਾ ਹੈ। ਸਮਾਜਿਕ ਦਰਜੇਬੰਦੀ ਵਿਚ ਉਚੇਚਾ ਸਥਾਨ ਰੱਖਣ ਵਾਲੀਆਂ ਜਾਤਾਂ ਜਿਵੇਂ ਜੱਟ, ਬ੍ਰਾਹਮਣ ਆਦਿ ਨੂੰ ਵੀ ਭਾਵੇਂ ਨਹੀਂ ਬਖਸ਼ਿਆ ਜਾਂਦਾ, ਪਰ ਇਨ੍ਹਾਂ ਜਾਤੀਆਂ ਬਾਰੇ ਨਕਾਲਾਂ ਦੀ ਸੁਰ ਮੁਕਾਬਲਤਨ ਨਰਮ ਜਾਂ ਅਪਮਾਨਜਨਕ ਨਹੀਂ ਹੁੰਦੀ। ਲੋਕ-ਨਾਟਕ ਵਿਚ ਜਾਤੀਆਂ-ਗੋਤਾਂ, ਧਰਮਾਂ ਤੇ ਫਿਰਕਿਆਂ ਵਿਚ ਵੰਡੇ ਸਮਾਜ ਦੀ ਪਾਖੰਡੀ ਮਾਨਸਿਕਤਾ ਦਾ ਭਰਵਾਂ ਪ੍ਰਗਟਾਵਾ ਵੀ ਮਿਲਦਾ ਹੈ ਅਤੇ ਸਮਾਜਿਕ ਦਰਜੇਬੰਦੀ ਵਾਲੇ ਢਾਂਚੇ ਦਾ ਕਟਾਖਸ਼ੀ ਚਿਤਰਣ ਵੀ। ਨਕਲ ਦੀ ਵਿਧਾ ਸਾਡੇ ਆਰਥਿਕ ਸਮਾਜਿਕ ਵਿਤਕਰਿਆਂ ਵਾਲੇ ਅਨਿਆਂਇਸ਼ੀਲ ਤੇ ਦਮਨਕਾਰੀ ਸਮਾਜਿਕ ਢਾਂਚੇ ਦਾ ਪ੍ਰਤੀਨਿਧ ਰੂਪ ਹੈ। ਰੰਗਾ ਤੇ ਬਿਗਲਾ ਦਮਨਸ਼ੀਲ ਸਮਾਜਿਕ ਵਿਵਸਥਾ ਦੇ ਪ੍ਰਤੀਨਿਧ ਨਮੂਨੇ ਹਨ। ਅਨਿਆਂਇਕਾਰੀ ਸਮਾਜਿਕ ਵਿਵਸਥਾ ਮਨੁੱਖ ਨੂੰ ਸੱਚ ਬੋਲਣ ਤੇ ਵਿਦਰੋਹ ਕਰਨ ਲਈ ਉਕਸਾਉਂਦੀ ਵੀ ਹੈ ਅਤੇ ਦਮਨ ਦਾ ਭਾਗੀਦਾਰ ਵੀ ਬਣਾਉਂਦੀ ਹੈ। ਸਥਿਤੀਆਂ ਦਾ ਹੰਭਾਇਆ ਬੰਦਾ ਕੌੜਾ ਸੱਚ ਬੋਲਦਾ ਹੈ ਅਤੇ ਬਿਗਲੇ ਵਾਂਗ ਛਿੱਤਰ ਖਾਂਦਾ ਹੈ। ਨਕਲ ਦੀ ਪੇਸ਼ਕਾਰੀ ਸਮੇਂ ਬਿਗਲਾ ਅਕਸਰ ਨੰਗੇ ਧੜ ਰਹਿੰਦਾ ਹੈ। ਸਧਾਰਨ ਨਜ਼ਰੇ ਜਾਪਦਾ ਹੈ ਕਿ ਹਸਾਉਣਾ ਰੂਪ ਬਣਾਉਣ ਲਈ ਅਜਿਹਾ ਕਰਦਾ ਹੈ ਅਤੇ ਦੂਜਾ ਜਦੋਂ ਉਸ ਦੇ ਨੰਗੇ ਧੜ ਉੱਪਰ ਚਪੋਟਾ ਵਜਦਾ ਹੈ ਤਾਂ ਉਸ ਦੇ ਖੜਾਕ ਨਾਲ ਦਰਸ਼ਕਾਂ ਵਿਚ ਹਾਸਾ ਪੈਂਦਾ ਹੈ। ਪਰ ਬਿਗਲੇ ਦੀ ਇਸ ਸਥਿਤੀ ਦੇ ਚਿਹਨਕੀ ਅਰਥ ਵੀ ਹਨ। ਬਿਗਲਾ ਉਸ ਸਧਾਰਨ ਜਨਤਾ ਦਾ ਪ੍ਰਤੀਨਿਧ ਹੈ, ਜਿਸ ਨੂੰ ਡਾਢਿਆਂ ਨੇ ਲੁੱਟ-ਪੁੱਟ ਵੀ ਲਿਆ ਹੈ ਅਤੇ ਬੋਲਣ ਵੀ ਨਹੀਂ ਦਿੰਦੇ।

ਨਕਲਾਂ ਨੂੰ ਅਕਸਰ ਫੂਹੜ ਤੇ ਗਵਾਰੂ ਕਲਾ ਕਹਿ ਕੇ ਛੁਟਿਆਇਆ ਜਾਂਦਾ ਹੈ। ਮਨੁੱਖੀ ਭਾਵਨਾਵਾਂ ਦੀ ਅਣਘੜ, ਨਿਸ਼ੰਗ ਤੇ ਖੁੱਲ੍ਹੀ (ਅਸ਼ਲੀਲ) ਪੇਸ਼ਕਾਰੀ ਹੋਣ ਕਰਕੇ ਕੁਝ ਲੋਕ ਨਕਲਾਂ ਨੂੰ ਕਲਾ ਮੰਨਣ ਲਈ ਤਿਆਰ ਨਹੀਂ। ਹਕੀਕਤ ਇਹ ਹੈ ਕਿ ਨਾਚਾਰ ਤੇ ਗਵੱਈਏ ਬਣਨ ਲਈ ਨਕਲੀਆਂ ਨੂੰ ਵੀ ਕਰੜਾ ਅਭਿਆਸ ਤੇ ਸਾਧਨਾ ਕਰਨੀ ਪੈਂਦੀ ਹੈ। ਨਕਾਲਾਂ ਵਿਚ ਉਸਤਾਦੀ-ਸ਼ਾਗਿਰਦੀ ਦਾ ਬਕਾਇਦਾ ਇਕ ਸਿਲਸਿਲਾ ਚਲਦਾ ਹੈ। ਨਕਾਲ ਟੋਲੀ ਵਿਚ ਸ਼ਾਮਿਲ ਹੋਣ ਸਮੇਂ ਬਕਾਇਦਾ ਇਕ ਰਸਮ ਕੀਤੀ ਜਾਂਦੀ ਹੈ, ਉਸਤਾਦ ਨੂੰ ਪੱਗ, ਗੁੜ ਜਾਂ ਹੋਰ ਕਿਸੇ ਤਰ੍ਹਾਂ ਨਜ਼ਰਾਨੇ ਭੇਟ ਕਰਕੇ ਹੀ ਨਕਾਲ ਟੂੱਲ ਵਿਚ ਦਾਖ਼ਲਾ ਮਿਲਦਾ ਹੈ। ਨਕਾਲ ਘਰਾਣਿਆਂ ਦੇ ਬੱਚੇ ਬਚਪਨ ਤੋਂ ਹੀ ਨਾਲ ਬੈਠ ਕੇ ਸਿਖਲਾਈ ਪ੍ਰਾਪਤ ਕਰਨ ਲੱਗਦੇ ਹਨ। ਉਸਤਾਦਾਂ ਦੇ ਚੰਡੇ ਹੋਣ ਕਾਰਨ ਨਾਚਾਰ ਸੂਖ਼ਮ ਸਰੀਰਕ ਅਦਾਵਾਂ ਦੇ ਮਾਹਰ ਹੁੰਦੇ ਹਨ। ਨਕਾਲ ਟੋਲੀ ਦੇ ਗਾਇਕ ਵੀ ਬੜੀ ਕਸਬੀ ਮੁਹਾਰਤ ਵਾਲੇ ਕਲਾਕਾਰ ਹੁੰਦੇ ਹਨ। ਉਹ ਲੋਕ-ਸ਼ੈਲੀ ਦੇ ਨਾਲ ਨਾਲ ਸ਼ਾਸਤਰੀ ਸੰਗੀਤ ਦੇ ਵੀ ਮਾਹਰ ਹੁੰਦੇ ਹਨ। ਪੰਜਾਬ ਵਿਚ ਨਕਲਾਂ ਦੇ ਕੁਝ ਪ੍ਰਸਿੱਧ ਘਰਾਣੇ ਹਨ, ਜਿਨ੍ਹਾਂ ਦੀਆਂ ਅਪਣੀਆਂ ਗਾਇਣ ਤੇ ਨਾਚ-ਸ਼ੈਲੀਆਂ ਹਨ। ਲੋੜ ਪੈਣ ਉੱਤੇ ਹਰ ਕਲਾਕਾਰ ਗਾ ਤੇ ਨੱਚ ਲੈਂਦਾ ਹੈ। ਕਈ ਮਸਖਰੇ ਕਲਾਕਾਰ (ਬਿਗਲੇ) ਵੀ ਸੁਰ-ਸੰਗੀਤ ਤੇ ਨਾਚ ਮੁਦਰਾਵਾਂ ਦੇ ਮਾਹਿਰ ਹੁੰਦੇ ਹਨ। ਨਕਲੀਏ ਬੜੀਆਂ ਬੁਲੰਦ ਆਵਾਜ਼ਾਂ ਵਾਲੇ ਲੋਕ-ਗਾਇਕ ਹੁੰਦੇ ਹਨ। ਉਹ ਮਾਇਕ ਦੀ ਵਰਤੋਂ ਨਹੀਂ ਕਰਦੇ। ਲੋਕਾਂ ਦੇ ਇਕੱਠ ਮੁਤਾਬਿਕ ਗਾਉਣ ਵੇਲੇ ਅਪਣਾ ਸੁਰ ਉੱਚਾ-ਨੀਵਾਂ ਕਰ ਲੈਂਦੇ ਹਨ। ਗੱਲ ਦਰਸ਼ਕਾਂ/ਸਰੋਤਿਆਂ ਤੱਕ ਠੀਕ ਤਰ੍ਹਾਂ ਪਹੁੰਚ ਜਾਵੇ, ਇਸ ਲਈ ਮੁੱਖ ਗਾਇਕਾਂ ਦੇ ਪਿੱਛੇ ਪਿੱਛੇ ਪਾਛੂ ਗਾਉਂਦੇ ਹਨ। ਲੋੜ ਪੈਣ 'ਤੇ ਸਾਜ਼ੀ ਵੀ ਗਾਇਕਾਂ ਦਾ ਸਾਥ ਦਿੰਦੇ ਹਨ।

ਨਕਲਾਂ ਦੀ ਪੇਸ਼ਕਾਰੀ ਸਮੇਂ ਜਦੋਂ ਲੋਕ ਨਕਾਲਾਂ ਦੇ ਚਾਰੇ ਪਾਸੇ ਗੋਲ-ਦਾਇਰੇ ਵਿਚ ਬੈਠਦੇ ਹਨ ਤਾਂ ਅਜਿਹੇ ਮੰਚ ਨੂੰ ਘੱਗਰੀ-ਪਿੜ ਕਿਹਾ ਜਾਂਦਾ ਹੈ। ਨਕਲਾਂ ਖੇਡਣ ਸਮੇਂ ਰੌਸ਼ਨੀ ਦਾ ਕੋਈ ਉਚੇਚਾ ਪ੍ਰਬੰਧ ਨਹੀਂ ਹੁੰਦਾ। ਪੁਰਾਣੇ ਸਮੇਂ ਵਿਚ ਮਿਸ਼ਾਲਾਂ ਫੜ ਕੇ ਪਿੰਡ ਦੇ ਗਭਰੂ ਨਾਚਾਰਾਂ ਤੇ ਗਵੱਈਆ ਦੇ ਅੱਗੇ ਅੱਗੇ ਘੁੰਮਦੇ ਸਨ। ਗੈਸਾਂ (ਤੇਲ ਦੀ ਥਾਂ ਗੈਸ ਵਾਲੇ ਲੈਂਪ) ਨਾਲ ਵੀ ਨਕਲਾਂ ਦੇ ਅਖਾੜੇ ਵਿਚ ਚਾਨਣ ਕੀਤਾ ਜਾਂਦਾ ਹੈ। ਹੁਣ ਬਿਜਲੀ ਦੇ ਬਲਬਾਂ ਦੀ ਵਰਤੋਂ ਵੀ ਹੋ ਰਹੀ ਹੈ।

ਜਦੋਂ ਨਕਾਲ ਟੋਲੀ ਕਿਸੇ ਕੰਧ ਜਾਂ ਵੱਡੇ ਦਰੱਖਤ ਦੀ ਓਟ ਵਿਚ ਬੈਠ ਜਾਂਦੀ ਹੈ ਅਤੇ ਤਿੰਨ ਪਾਸੇ ਲੋਕ ਬੈਠਦੇ ਹਨ ਤਾਂ ਅਜਿਹੇ ਮੰਚ ਨੂੰ ਤੀਰ-ਕਮਾਣੀ ਪਿੜ ਕਿਹਾ ਜਾਂਦਾ ਹੈ। ਇਹ ਮੰਚ ਨਕਾਲਾਂ ਲਈ ਵਧੇਰੇ ਸੁਰੱਖਿਅਤ ਹੁੰਦਾ ਹੈ, ਕਿਉਂਕਿ ਇਕ ਤਾਂ ਨਕਾਲਾਂ ਦੇ ਸਮਾਨ ਦੀ ਚੋਰੀ ਦਾ ਡਰ ਨਹੀਂ ਰਹਿੰਦਾ, ਦੂਜੇ ਪੇਸ਼ਕਾਰੀ ਵਿਚ ਵਿਘਨ ਨਹੀਂ ਪੈਂਦਾ। ਕਈ ਵਾਰ ਪਿੰਡ ਦੇ ਕਿਸੇ ਸੁੱਕੇ ਟੋਭੇ ਜਾਂ ਤਲਾਬ ਆਦਿ ਨੂੰ ਨਕਲ ਦੇ ਪਿੜ ਵਜੋਂ ਵਰਤ ਲਿਆ ਜਾਂਦਾ ਹੈ, ਅਜਿਹੇ ਪਿੜ ਨੂੰ 'ਟੋਭਾ-ਪਿੜ' ਕਿਹਾ ਜਾਂਦਾ ਹੈ। ਲੋਕ ਅਪਣੀ ਸਹੂਲਤ ਮੁਤਾਬਿਕ ਉੱਚੀਆਂ ਥਾਵਾਂ ਮੱਲ ਲੈਂਦੇ ਹਨ।

ਨਕਾਲ ਅਪਣਾ ਅਖਾੜਾ ਸ਼ੁਰੂ ਕਰਨ ਤੋਂ ਪਹਿਲੇ ਅਪਣੇ ਅਪਣੇ ਅਕੀਦੇ ਮੁਤਾਬਕ ਧਾਰਮਿਕ ਰਸਮ ਅਦਾ ਕਰਦੇ ਹਨ। ਨਕਾਲ ਟੋਲੀ ਦਾ ਮੁਖੀ ਚਮੋਟਾ ਚੁੱਕਣ ਤੋਂ ਪਹਿਲਾਂ ਚਮੋਟੇ ਦੀ 'ਆਇਤ' ਪੜ੍ਹਦਾ ਹੈ। ਇਸਲਾਮੀ ਪਿਛੋਕੜ ਵਾਲੇ ਨਕਾਲ 'ਆਇਤ' ਪੜ੍ਹਦੇ ਹਨ। ਨਕਲ ਦੇ ਇਸਲਾਮੀ ਪਰੰਪਰਾ ਤੋਂ ਆਈ ਹੋਣ ਕਾਰਨ ਬਹੁਤੇ ਨਕਾਲ ਅਖਾੜੇ ਦਾ ਆਰੰਭ ਨਬੀ ਦਾ ਸਿਹਰਾ ਗਾ ਕੇ ਕਰਦੇ ਹਨ। ਹਿੰਦੂ ਸਿੱਖ ਪਿਛੋਕੜ ਵਾਲੇ ਨਕਾਲ ਚਮੋਟੇ ਦੀ ਅਇਤ ਦੀ ਥਾਂ ਕਿਸੇ ਦੇਵੀ ਦੇਵਤੇ ਜਾਂ ਪੀਰ ਫਕੀਰ ਦੀ ਅਰਾਧਨਾ ਕਰਕੇ ਹਨ। ਅਖਾੜੇ ਦਾ ਅੰਤ ਵੀ ਦਰਸ਼ਕਾਂ ਪ੍ਰਤੀ ਸ਼ੁਕਰਾਨੇ ਤੇ ਨਗਰ-ਖੇੜੇ ਦੀ ਮੰਗਲ ਕਾਮਨਾ ਨਾਲ ਕੀਤਾ ਜਾਂਦਾ ਹੈ।

ਪੰਜਾਬ ਦੇ ਪੇਸ਼ਾਵਰ ਨਕਾਲ ਜੋ ਬਹੁਤੇ ਮੁਸਲਮਾਨ ਮੀਰਾਸੀ ਸਨ, ਦੇਸ਼-ਵੰਡ ਸਮੇਂ ਪਾਕਿਸਤਾਨ ਚਲੇ ਗਏ। ਕੁਝ ਗਿਣੇ ਚੁਣੇ ਨਕਲ ਘਰਾਣੇ ਜੋ ਇਧਰਲੇ ਪੰਜਾਬ ਵਿਚ ਬਚੇ ਹਨ, ਉਹ ਵੀ ਨਕਲਾਂ ਦੀ ਥਾਂ ਹੁਣ ਹੋਰ ਧੰਦਿਆਂ ਵੱਲ ਰੁਚਿਤ ਹੋ ਰਹੇ ਹਨ। ਇਕ ਤਾਂ ਇਹ ਕਲਾ ਹੁਣ ਆਰਥਿਕ ਤੌਰ 'ਤੇ ਕਲਾਕਾਰਾਂ ਲਈ ਲਾਹੇਵੰਦਾ ਪੇਸ਼ਾ ਨਹੀਂ ਰਹੀ। ਦੂਸਰਾ ਟੀ ਵੀ ਤੇ ਸਿਨੇਮਾ ਜਿਹੇ ਵਿਕਸਤ ਕਲਾ ਮਾਧਿਅਮਾਂ ਅੱਗੇ ਹੁਣ ਪਰੰਪਰਕ ਕਲਾ ਟਿਕ ਨਹੀਂ ਸਕਦੀ। ਅੱਜ ਕੱਲ੍ਹ ਬਾਲਮੀਕੀ ਤੇ ਰਮਦਾਸੀਏ ਆਦਿ ਜਾਤੀਆਂ ਦੇ ਲੋਕ ਵੀ ਨਕਲਾਂ ਖੇਡਣ ਲੱਗ ਪਏ ਹਨ, ਪਰ ਸਰਪ੍ਰਸਤਾਂ ਦੀ ਘਾਟ ਅਤੇ ਇੱਜ਼ਤਦਾਰ ਪੇਸ਼ਾ ਨਾ ਸਵੀਕਾਰੇ ਜਾਣ ਕਾਰਨ ਹੁਣ ਇਸ ਕਲਾ ਪ੍ਰਤੀ ਲੋਕ-ਕਲਾਕਾਰਾਂ ਦੀ ਦਿਲਚਸਪੀ ਘੱਟ ਰਹੀ ਹੈ।

*"We Had Dinner along with my friends family, it was really nice, pure Indian taste...... I will recommend this to any-one who like REAL Indian food."*

"Service was prompt friendly. Food was hot and tasty. Loved it!"

**"quite authentic Indian Food"**







# NIRVANA

**Take-Out/Delivery/Catering Big & Small Function/Private Banquet Room**

Lunch Buffet 7 Days A Week
11.30-2.30

Mondays
South Indian Delights 5-10
All you can eat South Indian Specialties

Tuesdays
Kabab Khazana 5-10
All you can eat Kababs with Naan
or Roomali Roti
Chi. Tikka/Haryali Tikka/Malai Tikka/Resmbi
Kabab/seek Kabab/Veg. Kabab

Wednesday
Lounge Night Belly Dancing 8-10
All Beer

Dinner Buffet
Friday, Saturday

Thursday
Punjab Di Yaad
Makki de Roti Sarson Da Saag
with Salty Lassi

Friday
Bhangra Night 10-2
No Cover Charge 18+
Sunday
Indo Chinese Night 5-0
All You Can Eat
Chilli Chiken/Veg or
Chiken Fried Rice/Veg. or Chiken
Mein/Manchorian

**1009-5075 FALCONRIDGE BL.VD.NE CALGARY, AB. T3J SK9**
**EMAIL: info@nirvanacalgary.com Phone (403) 590-9797 Fax. (403) 590-9798**

# ਗੁੱਸਾ ਨਹੀਂ, ਪਿਆਰ ਨਾਲ ਬਣੂੰਗੀ ਗੱਲ

**ਜੇਕਰ ਬੱਚਿਆਂ ਦੀਆਂ ਹਰਕਤਾਂ ਕਾਰਨ ਤੁਹਾਨੂੰ ਵਾਰ-ਵਾਰ ਗੁੱਸਾ ਆ ਰਿਹਾ ਹੈ, ਤਾਂ ਜ਼ਰੂਰੀ ਹੈ ਕਿ ਤੁਸੀਂ ਅਪਣੇ ਪਾਲਣ-ਪੋਸ਼ਣ ਦੇ ਤਰੀਕਿਆਂ ਵਿਚ ਥੋੜ੍ਹਾ ਫੇਰ ਬਦਲ ਕਰੋ**



ਮਾਂ ਤੂੰ ਹਰੇਕ ਗੱਲ 'ਤੇ ਮੈਨੂੰ ਕਿਉਂ ਮਾਰਦੀ ਏਂ, ਹਰ ਵੇਲੇ ਮੇਰੇ 'ਤੇ ਹਰਖ਼ੀ ਰਹਿੰਦੀ ਏਂ...? ਸ਼ਾਇਦ ਇਹ ਵਾਕ ਤੁਸੀਂ ਵੀ ਕਦੀ ਅਪਣੇ ਬੱਚੇ ਦੇ ਮੂੰਹੋਂ ਸੁਣਿਆ ਹੋਵੇ। ਸਾਰੇ ਮਾਪਿਆਂ ਨੂੰ ਇਕ ਅਜਿਹੇ ਦੌਰ ਵਿਚੋਂ ਗੁਜ਼ਰਨਾ ਪੈਂਦਾ ਹੈ ਜਦੋਂ ਉਹਨਾਂ ਨੂੰ ਇਹ ਸਮਝ ਨਹੀਂ ਆਉਂਦਾ ਕਿ ਉਹ ਬੱਚੇ ਦੀ ਮਨਮਾਨੀ ਅਤੇ ਅਪਣੇ ਗੁੱਸੇ ਦੇ ਵਿਚ ਕਿਸ ਤਰ੍ਹਾਂ ਸੰਤੁਲਨ ਬਣਾਈ ਰੱਖਣ। ਤੁਸੀਂ ਅਪਣੇ ਲਾਡਲੇ ਬੱਚੇ ਨੂੰ ਮਾਰਨਾ ਵੀ ਨਹੀਂ ਚਾਹੁੰਦੇ ਤੇ ਅਪਣੇ ਗੁੱਸੇ ਉਪਰ ਕੰਟਰੋਲ ਵੀ ਨਹੀਂ ਰੱਖ ਸਕਦੇ। ਪਰ ਇਸ ਸਮੱਸਿਆ ਦਾ ਹੱਲ ਕੀ ਹੈ? ਬੱਚਿਆਂ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਨਾ ਚਾਹੀਦਾ ਹੈ। ਜਿਸ ਨਾਲ ਉਹ ਤੁਹਾਡੀ ਗੱਲ ਵੀ ਮੰਨਣ ਤੇ ਤੁਹਾਨੂੰ ਗੁੱਸਾ ਵੀ ਨਾ ਆਵੇ। ਆਓ ਜਾਣੀਏ-

- ਇਕ ਗੱਲ ਚੇਤੇ ਰੱਖੋ, ਚੰਗਾ ਤੇ ਬੁਰਾ ਵਿਹਾਰ ਬੱਚਾ ਤੁਹਾਡੇ ਤੋਂ ਹੀ ਸਿੱਖਦਾ ਹੈ। ਇਸ ਲਈ ਉਸਨੂੰ ਘਰ ਵਿਚ ਚੰਗਾ ਮਾਹੌਲ ਦੇਣਾ ਜ਼ਰੂਰੀ ਹੈ। ਤੁਹਾਡੀਆਂ ਜ਼ਰੂਰੀ ਗੱਲਾਂ ਬੱਚਿਆਂ ਤੱਕ ਨਹੀਂ ਪਹੁੰਚਣੀਆਂ ਚਾਹੀਦੀਆਂ। ਜੇਕਰ ਤੁਸੀਂ ਪਤੀ-ਪਤਨੀ ਆਪਸ ਵਿਚ ਝਗੜਾ ਕਰਦੇ ਹੋ ਤਾਂ ਇਸਦਾ ਸਿੱਧਾ ਅਸਰ ਤੁਹਾਡੇ ਬੱਚੇ ਉਪਰ ਪੈਂਦਾ ਹੈ। ਹੋ ਸਕਦਾ ਹੈ ਕਿ ਉਹ ਉਲਟਾਂ ਤੁਹਾਨੂੰ ਹੀ ਜਵਾਬ ਦੇਣ ਲੱਗ ਜਾਵੇ। ਇਹ ਸੰਭਵ ਹੋ ਸਕਦਾ ਹੈ ਕਿ ਉਸ ਨੂੰ ਵੀ ਤੁਹਾਡੀ ਤਰ੍ਹਾਂ ਹਰੇਕ ਗੱਲ ਉਪਰ ਗੁੱਸਾ ਆਉਣ ਲੱਗ ਜਾਵੇ।

- ਜੇਕਰ ਬੱਚਾ ਕੋਈ ਗ਼ਲਤੀ ਕਰਦਾ ਹੈ ਤਾਂ ਪਹਿਲਾਂ ਉਸਨੂੰ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ। ਪਰ ਜੇਕਰ ਤੁਸੀਂ ਉਸ ਉਪਰ ਲੋੜ ਤੋਂ ਜ਼ਿਆਦਾ ਸਖ਼ਤੀ ਵਰਤੀ ਤਾਂ ਉਸਦਾ ਉਲਟਾ ਅਸਰ ਵੀ ਤੁਹਾਨੂੰ ਵੇਖਣ ਨੂੰ ਮਿਲ ਸਕਦਾ ਹੈ। ਹੋ ਸਕਦਾ ਹੈ ਕਿ ਤੁਹਾਡੀ ਝਿੜਕ ਤੋਂ ਬਚਣ ਦਾ ਮਾਰਾ ਤੁਹਾਡੇ ਕੋਲੋਂ ਅਪਣੀਆਂ ਕੁਝ ਗੱਲਾਂ ਦਾ ਲੁਕੋ ਰੱਖਣ ਲੱਗ ਪਵੇ। ਮੰਨ ਲਓ ਕਿ ਤੁਹਾਡਾ ਬੱਚਾ ਕਿਸੇ ਪ੍ਰੀਖਿਆ ਵਿਚੋਂ ਫੇਲ ਹੋ ਗਿਆ ਤੇ ਤੁਸੀਂ ਉਸਦੀ ਕੁੱਟਮਾਰ ਕਰ ਦਿੱਤੀ। ਪਰ ਕੀ ਉਹ ਇਸ ਸਜ਼ਾ ਨਾਲ ਅੱਗੇ ਤੋਂ ਸੁਧਰ ਜਾਵੇਗਾ? ਬਿਲਕੁਲ ਨਹੀਂ। ਹੋ ਸਕਦਾ ਹੈ ਕਿ ਉਹ ਅਗਲੀ ਵਾਰ ਨਤੀਜਾ ਆਉਣ ਉੱਤੇ ਤੁਹਾਨੂੰ ਰਿਪੋਰਟ ਕਾਰਡ ਵੀ ਨਾ ਦਿਖਾਵੇ। ਭਾਵ ਉਹ ਕਿਸੇ ਵੀ ਸਜ਼ਾ ਤੋਂ ਬਚਣ ਲਈ ਉਹ ਤੁਹਾਡੇ ਅੱਗੇ ਝੂਠ ਬੋਲੇਗਾ। ਇਹੋ-ਜਿਹੀਆਂ ਪਰਸਥਿਤੀਆਂ ਵਿਚ ਤੁਸੀਂ ਕੀ ਕਰੋਗੇ? ਅਜਿਹੀ ਸਥਿਤੀ ਵਿਚ ਹੀ ਉਸਦੇ ਵਿਹਾਰ ਦੇ ਬਾਰੇ ਥੋੜ੍ਹਾ ਜਿਹਾ ਸੋਚਣ ਦੀ ਤੇ ਸਮਝਣ ਦੀ ਲੋੜ ਹੈ। ਬੱਚਿਆਂ ਉਪਰ ਸਖ਼ਤੀ ਜ਼ਰੂਰੀ ਹੈ, ਪਰ ਉਸਦੀ ਵੀ ਇਕ ਸੀਮਾ ਹੋਣੀ ਚਾਹੀਦੀ ਹੈ। ਸਖ਼ਤੀ ਬੱਚਿਆਂ ਦੇ ਸਾਕਾਰਤਮਕ ਵਿਕਾਸ ਲਈ ਹੋਣੀ ਚਾਹੀਦੀ ਹੈ ਨਾ ਕਿ ਡਰ ਨੂੰ ਵਧਾਉਣ ਲਈ।

- ਜੇਕਰ ਤੁਸੀਂ ਦਫ਼ਤਰ ਜਾਂ ਅਪਣੀਆਂ ਅਨੇਕ ਨਿੱਜੀ ਸਮੱਸਿਆਵਾਂ ਕਾਰਨ ਪਰੇਸ਼ਾਨ ਹੋ ਕੇ ਗੁੱਸੇ ਵਿਚ ਹੋ ਤਾਂ ਉਸ ਗੁੱਸੇ ਨੂੰ ਅਪਣੇ ਹੋਰ ਰਿਸ਼ਤਿਆਂ ਉਪਰ ਬਿਲਕੁਲ ਵੀ ਭਾਰੂ ਨਾ ਹੋਣ ਦਿਓ। ਬੱਚਿਆਂ ਦੇ ਮਾਮਲੇ ਵਿਚ ਤਾਂ ਇਸ ਗੱਲ ਦਾ ਖ਼ਾਸ ਧਿਆਨ ਰੱਖੋ। ਜੇਕਰ ਤੁਸੀਂ ਅਪਣਾ ਬਾਹਰ ਦਾ ਜਾਂ ਕਿਸੇ ਹੋਰ ਪ੍ਰਕਾਰ ਦਾ ਗੁੱਸਾ ਅਪਣੇ ਬੱਚੇ ਉਪਰ ਕੱਢੋਂਗੇ ਤਾਂ ਇਸ ਦਾ ਸਿੱਧਾ ਅਸਰ ਉਸਦੇ ਸੁਭਾਅ 'ਤੇ ਪਵੇਗਾ ਤੇ ਹੋ ਸਕਦਾ ਹੈ ਉਹ ਚਿੜਚਿੜਾ ਹੋ ਜਾਵੇ। ਹੋ ਸਕਦਾ ਹੈ ਬੱਚਾ ਵੀ ਗੱਲ-ਗੱਲ ਉੱਤੇ ਗੁੱਸਾ ਕਰਨ ਲੱਗ ਜਾਵੇ ਤੇ ਤੁਹਾਡੀਆਂ ਗੱਲਾਂ ਨੂੰ ਅਣਸੁਣੀਆਂ ਹੀ ਕਰ ਛੱਡੇ। ਇਸ ਲਈ ਠੀਕ ਇਹੀ ਹੋਵੇਗਾ ਕਿ ਤੁਸੀਂ ਅਪਣੇ ਗੁੱਸੇ ਨੂੰ ਅਪਣੇ ਤੱਕ ਹੀ ਸੀਮਤ ਰੱਖੋ। ਲੋੜ ਪਵੇ ਤਾਂ ਕਿਸੇ ਨਾਲ ਗੱਲਬਾਤ ਕਰਕੇ ਅਪਣੀ ਸਮੱਸਿਆ ਸਾਂਝੀ ਕਰ ਲਵੋ। ਇਸ ਨਾਲ ਮਨ ਦਾ ਬੋਝ ਵੀ ਹਲਕਾ ਜਾਵੇਗਾ ਤੇ ਤੁਸੀਂ ਅਪਣੇ ਆਪ ਨੂੰ ਹੌਲ਼ਾ-ਹੌਲ਼ਾ ਜਿਹਾ ਮਹਿਸੂਸ ਕਰੋ। ਜੇਕਰ ਤੁਹਾਡੀ ਅਪਣੇ ਪਤੀ ਨਾਲ ਕਿਸੇ ਗੱਲ ਨੂੰ ਲੈ ਕੇ ਨਾਰਾਜ਼ਗੀ ਹੈ ਤਾਂ ਆਪਸ ਵਿਚ ਝਗੜਾ ਕਰਨ ਦੀ ਵਜਾਏ, ਉਸ ਵਕਤ ਸ਼ਾਂਤ ਰਹਿਣ ਦੀ ਕੋਸ਼ਿਸ਼ ਕਰੋ। ਪਰੰਤੂ ਅਪਣੀਆਂ ਆਪਸੀ ਪਰੇਸ਼ਾਨੀਆਂ ਦਾ ਅਸਰ ਅਪਣੇ ਬੱਚੇ ਉਪਰ ਬਿਲਕੁਲ ਵੀ ਨਾ ਪੈਣ ਦਿਓ।

- ਮਾਪੇ ਚਾਹੁੰਦੇ ਹਨ ਕਿ ਉਹਨਾਂ ਦਾ ਅਪਣੇ ਬੱਚਿਆਂ ਦੇ ਨਾਲ ਪਿਆਰ ਦਾ ਰਿਸ਼ਤਾ ਬਣਿਆ ਰਹੇ। ਇਹੀ ਵਜ੍ਹਾ ਹੈ ਕਿ ਉਹ ਉਹਨਾਂ ਨਾਲ ਦੋਸਤਾਂ ਵਰਗਾ ਵਿਹਾਰ ਕਰਦੇ ਹਨ। ਪਰ ਅਪਣੇ ਇਸ ਵਿਹਾਰ ਵਿਚ ਸੰਤੁਲਨ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਕਈ ਵਾਰੀ ਬੱਚੇ ਤੁਹਾਡੇ ਇਸ ਵਿਹਾਰ ਦਾ ਗ਼ਲਤ ਫ਼ਾਇਦਾ ਉਠਾ ਕੇ ਤੁਹਾਨੂੰ ਉਲਟ ਜੁਆਬ ਵੀ ਦੇਣ ਲੱਗ ਪੈਂਦੇ ਹਨ। ਤੁਹਾਡੀ ਕਿਸੇ ਵੀ ਗੱਲ ਨੂੰ ਉਹ ਮੰਨਣ ਲਈ ਤਿਆਰ ਹੀ ਨਹੀਂ ਹੁੰਦੇ। ਇਸ ਤਰ੍ਹਾਂ ਬਾਅਦ ਵਿਚ ਚੀਕਣ-ਚਿਲਾਉਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਦੀ ਸਥਿਤੀ ਵਿਚ ਤੁਸੀਂ ਵੀ ਅਪਣੇ ਗੁੱਸੇ ਉਪਰ ਕੰਟਰੋਲ ਨਹੀਂ ਕਰ ਪਾਉਂਦੇ ਹੋ, ਬੱਚੇ ਉਪਰ ਤੁਹਾਡਾ ਹੱਥ ਮੱਲੋ-ਮੱਲੀ ਉੱਠ ਹੀ ਜਾਂਦਾ ਹੈ। ਪਰੰਤੂ ਜ਼ਰਾ ਗੌਰ ਕਰੋ। ਕਿਉਂਕਿ ਅਜਿਹੀ ਸਥਿਤੀ ਤੁਹਾਡੇ ਕਾਰਨ ਹੀ ਪੈਦਾ ਹੋਈ ਹੈ। ਇਹ ਨਾ ਭੁੱਲੋ ਕਿ ਤੁਸੀਂ ਉਸਦੇ ਮਾਤਾ-ਪਿਤਾ ਹੋ, ਕੋਈ ਹਮਉਮਰ ਨਹੀਂ। ਤੁਹਾਡਾ ਬੱਚਾ ਅੱਗੇ ਤੋਂ ਅਜਿਹੀ ਗ਼ਲਤੀ ਨਾ ਕਰੇ, ਤਾਂ ਇਸ ਲਈ ਕੁਝ ਨਿਯਮ ਬਣਾਓ। ਤਾਂ ਕਿ ਤੁਹਾਨੂੰ ਅਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੋ ਸਕੇ। ਇਸ ਲਈ ਇਕ ਟਾਈਮਟੇਬਲ (ਸਮਾਂ ਸੂਚੀ) ਬਣਾ ਲਓ। ਪੜ੍ਹਨ ਦਾ, ਘਰ ਵਿਚ ਛੋਟੇ-ਮੋਟੇ ਕੰਮ ਕਰਨ, ਖ਼ਾਲੀ ਬੋਤਲਾਂ ਵਿਚ ਪਾਣੀ ਭਰਨ, ਮਸਲਨ ਟੇਬਲ ਸਜਾਉਣ, ਸਫ਼ਾਈ ਆਦਿ ਨਿੱਕੇ-ਮੋਟੇ ਕੰਮ ਕਰਨ ਦੀ ਜ਼ਿੰਮੇਵਾਰੀ ਹੁਣ ਬੱਚਿਆਂ ਦੇ ਜਿੰਮੇ ਹੈ। ਇਹ ਕੰਮ ਉਹਨਾਂ ਨੂੰ ਕਿਸੇ ਨਿਸ਼ਚਿਤ ਸਮੇਂ ਵਿਚ ਪੂਰੇ ਕਰਨ ਲਈ ਕਹੋ। ਹਾਂ ਚੰਗੇ ਕੰਮ ਲਈ ਉਹਨਾਂ ਨੂੰ ਕੋਈ ਇਨਾਮ ਵੀ ਦਿਓ। ਇਸ ਨਾਲ ਤੁਹਾਡੇ ਬੱਚੇ ਵੀ ਖੁਸ਼ ਤੇ ਤੁਸੀਂ ਵੀ। ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਹੀ ਸੰਤੁਸ਼ਟੀ ਨਹੀਂ ਹੋਵੇਗੀ ਬਲਕਿ ਤੁਹਾਡੇ ਬੱਚਿਆਂ ਵਿਚ ਵੀ ਸਾਕਾਰਤਮਕ ਬਦਲਾਅ ਆਉਣਗੇ।

- ਜੇਕਰ ਬੱਚਾ ਕੋਈ ਗ਼ਲਤ ਗੱਲ ਕਰਦਾ ਹੈ ਤਾਂ ਉਸਨੂੰ ਤੁਰੰਤ ਰੋਕ ਦਿਓ ਤੇ ਉਸ ਨੂੰ ਗ਼ਲਤ ਚੀਜ਼ ਦਾ ਅਹਿਸਾਸ ਕਰਵਾਓ।

- ਬੱਚਿਆਂ ਨੂੰ ਉਹਨਾਂ ਦੇ ਹੱਕ ਅਨੁਸਾਰ ਪੂਰਾ ਟਾਈਮ ਦਿਓ। ਤੁਸੀਂ ਭਾਵੇਂ ਉਹਨਾਂ ਨਾਲ ਦਸ ਮਿੰਟ ਲਈ ਹੀ ਰਹੋ ਪਰ ਉਹਨਾਂ ਨੂੰ ਅਪਣੇ ਹੋਣ ਦਾ ਅਹਿਸਾਸ ਕਰਵਾਓ। ਉਹਨਾਂ ਦੀਆਂ ਗੱਲਾਂ ਨੂੰ ਸੁਣੋ ਤੇ ਸਮਝੋ।

### ਧਿਆਨ ਰੱਖਣਯੋਗ ਕੁਝ ਜ਼ਰੂਰੀ ਗੱਲਾਂ-

- ਗੁੱਸੇ ਦਾ ਕਾਰਨ ਜਾਣੋ ਤੇ ਫੇਰ ਉਸਨੂੰ ਦੂਰ ਕਰਨ ਦੀ ਕੋਸ਼ਿਸ਼ ਕਰੋ।
- ਜੇਕਰ ਆਪਸੀ ਰਿਸ਼ਤਿਆਂ ਵਿਚ ਕੋਈ ਉਲਝਣ ਹੈ ਤਾਂ ਉਸ ਨੂੰ ਗੱਲਬਾਤ ਰਾਹੀਂ ਦੂਰ ਕਰੋ। ਜਿੰਨੀ ਗੱਲ ਬਾਤ ਕਰੋਗੇ, ਮਨ ਦਾ ਬੋਝ ਉਨਾਂ ਹੀ ਹ਼ਲਕਾ ਹੋਵੇਗਾ।
- ਗੁੱਸੇ ਵਿਚ ਇੱਕਦਮ ਜ਼ਿਆਦਾ ਘਬਰਾਓ ਨਾ, ਅੱਖਾਂ ਬੰਦ ਕਰਕੇ ਅਪਣੇ ਸੁਭਾਅ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰੋ।
- ਦਫ਼ਤਰ ਜਾਂ ਬਾਹਰਲੀਆਂ ਪਰੇਸ਼ਾਨੀਆਂ ਨੂੰ ਘਰ ਨਾ ਲੈ ਕੇ ਆਓ।

*ਪੇਸ਼ਕਾਰੀ — ਕਿਰਨ ਮਿਸ਼ਰਾ*


# Elite Driving School

**Learn to drive with experienced, caring & friendly instructor**
**Lessons available in English, Hindi, Punjabi & Urdu**

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.





Gurmail Dhaliwal (Garry)
**780-265-6990**



**2019 61st St NW, Edmonton, AB, T6L 1M5**
**Tel: 780-265-6990 Fax: 780-461-6990**
**Email: elitedriving@hotmail.com, www.elitedrivingschoolltd.ca**




In Edmonton August 27, 2010
For more information please call:
Ranjit Deol: 780-965-7390, Navtej: 780-465-6900

ਪੰਜਾਬੀ ਗਾਇਕੀ ਦਾ ਮਾਣ ਪਦਮ ਸ਼੍ਰੀ
ਵਡਾਲੀ ਬ੍ਰਦਰਜ਼ ਅਤੇ ਲਖਵਿੰਦਰ ਵਡਾਲੀ ਦਾ ਸ਼ੋਅ
ਐਡਮਿੰਟਨ ਵਿਖੇ ਸ਼ੁਕਰਵਾਰ ਅਗਸਤ 27, 2010
ਹੋਰ ਜਾਣਕਾਰੀ ਲਈ ਫੋਨ ਕਰੋ:
ਰਣਜੀਤ ਦਿਉਲ; 780-965-7390, ਨਵਤੇਜ: 780-465-6900

ਵਿਸ਼ੇਸ਼ ਟਿੱਪਣੀ

# ਲੀਡਰ ਵੀ ਖੇਡਣ ਸੀਮਤ ਓਵਰ

ਦਾਗ ਦਹਿਲਵੀ ਦੇ ਇਕ ਸ਼ੇਅਰ ਨੂੰ ਥੋੜ੍ਹਾ ਬਦਲ ਦਿੱਤਾ ਜਾਵੇ ਤਾਂ ਕਹਿ ਸਕਦੇ ਹਾਂ ਕਿ

'ਹਜਰਤੇ ਦਾਗ਼ ਜਹਾਂ ਬੈਠ ਗਏ, ਬੈਠ ਗਏ
ਲਾਖ਼ ਧੱਕਾ ਦੀਆ ਨਾ ਉਠੇ, ਏਂਠ ਗਏ!

ਸਰਕਾਰ ਚਾਹੁੰਦੀ ਹੈ ਕਿ ਖੇਡ ਸੰਘਾਂ-ਫੈਡਰੇਸ਼ਨਾਂ 'ਤੇ ਕਾਬਜ਼ ਲੋਕਾਂ ਦਾ ਕਾਰਜਕਾਲ ਸੀਮਤ ਹੋਵੇ ਤਾਂ ਕਿ ਖੇਡ ਦੇ ਖੇਤਰ ਵਿਚ ਜ਼ਿਆਦਾ ਪਾਰਦਰਸ਼ਤਾ ਆਏ ਅਤੇ ਉਨ੍ਹਾਂ ਦਾ ਬੰਦੋਬਸਤ ਵੀ ਪੇਸ਼ੇਵਾਰਾਨਾ ਬਣੇ। ਜ਼ਾਹਰ ਹੈ ਇਸ ਨਾਲ ਉਨ੍ਹਾਂ ਦੀ ਭਰੋਸੇਯੋਗਤਾ ਵਧੇਗੀ ਅਤੇ ਉਲਟ-ਪੁਲਟ ਚੱਲ ਰਹੇ ਖੇਡ ਸੰਘਾਂ ਨਾਲ ਦੇਸ਼ ਵਿਚ ਖੇਡਾਂ ਦਾ ਵੀ ਕੁਝ ਸੁਧਾਰ ਹੋਵੇਗਾ। ਪਰ ਸੁਹਿਰਦ, ਸਮਝਦਾਰ ਅਤੇ ਇਕ ਹੱਦ ਤੱਕ ਹਿੰਮਤੀ ਇਸ ਪਹਿਲ 'ਤੇ ਉਹ ਸਾਰੇ ਲੋਕ ਔਖੋ ਹੋ ਗਏ ਅਤੇ ਜਿਵੇਂ ਕਿ ਚਲਣ ਹੈ ਸਿੱਧੀ ਆਜ਼ਾਦੀ ਅਤੇ ਗਲਤ ਵਿਹਾਰ ਵਰਗੀਆਂ ਟਿੱਪਣੀਆਂ ਕਰਨ ਲੱਗੇ। ਸਰਕਾਰੀ ਫੈਸਲੇ ਨਾਲ ਜਿਨ੍ਹਾਂ ਦੀ



ਮਲਕੀਅਤ 'ਤੇ ਸੰਕਟ ਆ ਪਿਆ ਹੈ ਉਨ੍ਹਾਂ ਵਿਚੋਂ ਕਿਸੇ ਨੇ ਕੋਈ ਸਹੀ ਅਤੇ ਸਮਝਦਾਰੀ ਵਾਲੀ ਪ੍ਰਤੀਕਿਰਿਆ ਨਹੀਂ ਦਿੱਤੀ, ਜੋ ਨਾ ਸਿਰਫ਼ ਉਨ੍ਹਾਂ ਦੇ ਲਗਾਤਾਰ ਅਤੇ ਕਈ ਸਾਲਾਂ ਤੱਕ ਬਣੇ ਰਹਿਣ ਦੀ ਉਪਯੋਗਤਾ ਸਿੱਧ ਕਰਦੀ ਜਾਂ ਸਰਕਾਰੀ ਫੈਸਲੇ ਦੀ ਨਿਰਸ਼ੁੰਕਤਾ ਤੇ ਦੁਰਵਰਤੋਂ ਦੱਸਦੀ ਹੈ।

ਇਹਨਾਂ ਪ੍ਰਤੀਕਿਰਿਆਵਾਂ ਨਾਲ ਸਰਕਾਰੀ ਫੈਸਲੇ ਦਾ ਇਕਤਰਫ਼ਾ ਅਤੇ ਮੂਰਖਤਾਪੂਰਨ ਹੋਣਾ ਵੀ ਸਿੱਧ ਨਹੀਂ ਹੋਇਆ ਹੈ। ਜਿਵੇਂ ਕਿ ਤਿੰਨ ਦਹਾਕਿਆਂ ਤੋਂ ਜ਼ਿਆਦਾ ਸਮੇਂ ਤੋਂ ਤੀਰਅੰਦਾਜ਼ੀ ਸੰਘ ਦੇ ਮੁਖੀ ਵਰਿੰਦਰ ਕੁਮਾਰ ਮਲਹੋਤਰਾ ਨੇ ਦੋਸ਼ ਲਾਇਆ ਹੈ। ਉਲਟਾ ਅਜਿਹੇ ਸਾਰੇ ਸਜੱਣਾਂ ਦੀ ਸਰਕਾਰ ਦੇ ਖਿਲਾਫ ਤੀਰਅੰਦਾਜ਼ੀ ਆਪਣੇ ਨਿਸ਼ਾਨੇ ਤੋਂ ਖੁੰਝਦੀ ਦਿਖਾਈ ਦੇ ਰਹੀ ਹੈ ਅਤੇ ਉਹ ਇਹ ਵੀ ਸਾਫ ਅਹਿਸਾਸ ਦੇ ਰਹੀ ਹੈ ਕਿ ਜਿਵੇਂ ਕਿਸੇ ਦੀ ਹਕੂਮਤ ਖੋਹੀ ਜਾ ਰਹੀ ਹੈ। ਇਸ ਫੈਸਲੇ 'ਤੇ ਏਨੀ ਹਾਏਤੋਬਾ ਦਾ ਕਾਰਨ ਵੀ ਸਾਫ ਹੈ। ਸਾਡੇ ਖੇਡ ਸੰਘਾਂ ਵਿਚ ਪਲਾਥੀ ਮਾਰੀ ਬੈਠੇ ਲੋਕਾਂ ਵਿਚ ਸਿਆਸਤਦਾਨ ਵੱਡੀ ਗਿਣਤੀ ਵਿਚ ਹਨ। ਭਾਵੇਂ ਸੁਰੇਸ਼ ਕਲਮਾਡੀ ਹੋਣ ਜਾਂ ਦਿਗਵਿਜੈ ਸਿੰਘ, ਸੁਖਦੇਵ ਸਿੰਘ ਢੀਂਡਸਾ ਜਾਂ ਅਭੈ ਚੌਟਾਲਾ। ਇਹ ਵੀ ਇਕ ਸਾਫ-ਸਪਸ਼ੱਟ ਤੱਥ ਹੈ ਕਿ ਇਨ੍ਹਾਂ ਦਾ ਕੰਮਕਾਜ ਬੇਹੱਦ ਲਚਰ ਰਿਹਾ ਹੈ। ਕੇ.ਪੀ.ਐਸ. ਗਿੱਲ ਆਗੂ ਨਹੀਂ ਸਨ ਪਰ ਤਾਨਾਸ਼ਾਹੀ ਵਿਚ ਕਈ ਦਰਜੇ ਅੱਗੇ ਸਨ। ਉਨ੍ਹਾਂ ਨੇ ਹਾਕੀ ਦਾ ਕੀ ਹਸ਼ਰ ਕੀਤਾ? ਆਪਣੀ ਵਜ਼ਨਦਾਰ ਗਵਰਨਿੰਗ ਬਾਡੀ ਦੇ ਬਾਵਜੂਦ ਲਲਿਤ ਮੋਦੀ ਕਿਵੇਂ ਬੇਲਗਾਮ ਰਹੇ! ਫੇਰ ਇਹ ਸੰਘ ਕੇਂਦਰੀ ਮਦਦ ਦੇ ਕਦਮ-ਕਦਮ 'ਤੇ ਮੋਹਤਾਜ ਰਹਿੰਦੇ ਹਨ। ਇਸ ਲਈ ਇਹ ਕਹਿਣਾ ਸੀਨਾਜ਼ੋਰੀ ਹੀ ਹੈ ਕਿ ਸਰਕਾਰ ਦਖਲਅੰਦਾਜ਼ੀ ਨਹੀਂ ਕਰ ਸਕਦੀ। ਇਹ ਠੀਕ ਹੈ ਕਿ ਦੁਨੀਆ



ਭਰ ਦੇ ਖੇਡ ਫੈਡਰੇਸ਼ਨਾਂ ਦੀ ਇਕੋ ਇਕ ਸੰਸਥਾ ਕੌਮਾਂਤਰੀ ਓਲੰਪਿਕ ਸੰਘ ਸਮੇਤ ਹੋਰਨਾਂ ਕੌਮਾਂਤਰੀ ਸੰਘਾਂ ਨੂੰ ਸਰਕਾਰੀ ਦਖ਼ਲਅੰਦਾਜ਼ੀ ਨਾਗਵਾਰ ਹੈ, ਪਰ ਖੁਦ ਇਨ੍ਹਾਂ ਸੰਘਾਂ ਵਿਚ ਉਸ ਦੇ ਅਹੁਦੇਦਾਰਾਂ ਦੇ ਕਾਰਜਕਾਲ ਦੀ ਮਿਆਦ ਤੈਅ ਹੈ। ਇਸ ਲਈ ਸਰਕਾਰ ਚਾਹੁੰਦੀ ਹੈ ਕਿ ਭਾਰਤੀ ਓਲੰਪਿਕ ਸੰਘ ਹੋਣ ਜਾਂ ਹੋਰ ਕੋਈ ਸੰਘ, ਕੋਈ ਵਿਅਕਤੀ ਬਾਰ੍ਹਾਂ ਸਾਲ ਤੋਂ ਜ਼ਿਆਦਾ ਪ੍ਰਧਾਨ ਨਹੀਂ ਰਹਿ ਸਕਦਾ। ਜਨਰਲ ਸਕੱਤਰ ਅਤੇ ਖਜਾਨਚੀ ਵੀ ਦੋ-ਦੋ ਕਾਰਜਕਾਲ (8 ਸਾਲ) ਲਈ ਹੀ ਚੁਣੇ ਜਾ ਸਕਦੇ ਹਨ। ਸਰਕਾਰ ਚਾਹੁੰਦੀ ਹੈ ਕਿ ਸੱਤਰ ਸਾਲ ਦੀ ਉਮਰ ਵਿਚ ਸੇਵਾਮੁਕਤ ਹੋ ਜਾਣਾ ਚਾਹੀਦਾ ਹੈ। ਇਸ 'ਤੇ ਖੇਡ ਸੰਘਾਂ ਦੇ ਜਾਗੀਰਦਾਰ ਮਨੋਹਰ ਸਿੰਘ ਗਿੱਲ ਨੂੰ ਹੀ ਪਹਿਲਾਂ ਹਟਣ ਦੀ ਸਲਾਹ ਦੇ ਰਹੇ ਹਨ। ਇਨ੍ਹਾਂ ਆਗੂਆਂ ਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਗਿੱਲ ਤੋਂ ਅਸਤੀਫਾ ਮੰਗ ਕੇ ਉਹ ਆਪਣੇ ਲਈ ਦੋਹਰੀ ਮੁਸੀਬਤ ਮੁੱਲ ਲੈ ਰਹੇ ਹਨ। ਖੇਡਾਂ 'ਤੇ ਸਿਆਸਤ 35 ਸਾਲਾਂ ਤੋਂ ਭਾਰੀ ਪੈ ਰਹੀ ਹੈ। ਸਰਕਾਰ ਨੇ 1975 ਵਿਚ ਹੀ ਖੇਡ ਸੰਘਾਂ ਦੇ ਅਹੁਦੇਦਾਰਾਂ ਦੇ ਕਾਰਜਕਾਲ ਲਈ ਇਕ ਨਿਯਮ ਬਣਾਇਆ ਸੀ, ਜਿਸ ਦਾ ਪਾਲਣ ਹੀ ਨਹੀਂ ਹੋਇਆ। 2002 ਵਿਚ ਐਨ.ਡੀ.ਏ. ਸਰਕਾਰ ਨੇ ਉਸ ਨੂੰ ਵਾਪਸ ਲੈ ਲਿਆ। ਸਰਕਾਰ ਦਾ ਇਹ ਫੈਸਲਾ ਦਰਅਸਲ ਉਸ ਪਟੀਸ਼ਨ ਦੇ ਸਿਲਸਿਲੇ ਵਿਚ ਵੀ ਹੈ ਜੋ ਦਿੱਲੀ ਹਾਈ ਕੋਰਟ ਵਿਚ ਵਿਚਾਰ ਅਧੀਨ ਹੈ। ਇਸ ਵਿਚ ਖੇਡ ਸੰਘਾਂ ਦੀ ਇਸ ਸਥਿਤੀ 'ਤੇ ਚਿੰਤਾ ਪ੍ਰਗਟਾਈ ਗਈ ਹੈ। ਅਦਾਲਤ ਨੇ ਸਰਕਾਰ ਤੋਂ ਉਸ ਦੀ ਰਾਏ ਪੁੱਛੀ ਸੀ ਤਾਂ ਪੰਜ ਮਈ ਦੀ ਸੁਣਵਾਈ ਤੋਂ ਪਹਿਲਾਂ ਸਰਕਾਰ ਨੇ ਆਪਣੀ ਇਛਾ ਪ੍ਰਗਟਾ ਦਿੱਤੀ ਸੀ। ਵੈਸੇ ਵੀ ਲੋਕ ਪ੍ਰਿਯ ਸੀਮਤ ਓਵਰ ਵਾਲੀ ਕ੍ਰਿਕਟ ਦੇ ਜ਼ਮਾਨੇ ਵਿਚ ਲੋਕ ਪ੍ਰਿਯ (?) ਆਗੂਆਂ ਦਾ ਕਾਰਜਕਾਲ ਵੀ ਸੀਮਤ ਕਿਉਂ ਨਹੀਂ ਹੋਣਾ ਚਾਹੀਦਾ!

**ਖੇਡ ਡੈਸਕ ਤੋਂ**

ਪਰਗਟ ਦਾ ਸਵਾਲ

## ਕਿੱਥੇ ਹੈ ਹਾਕੀ ਦੀ ਸੁਤੰਤਰਤਾ?

ਨਵੀਂ ਦਿੱਲੀ, ਖੇਡ ਸੰਗਠਨਾਂ ਦੇ ਅਧਿਕਾਰੀਆਂ ਦੇ ਕਾਰਜਕਾਲ ਸੀਮਤ ਕਰਨ ਸਬੰਧੀ ਖੇਡ ਮੰਤਰਾਲੇ ਦੇ ਨਵੇਂ ਦਿਸ਼ਾ ਨਿਰਦੇਸ਼ਾਂ ਕਾਰਨ ਉਠੇ ਵਿਵਾਦਾਂ ਦੇ ਚੱਲਦਿਆਂ ਸਾਬਕਾ ਹਾਕੀ ਕਪਤਾਨ ਪਰਗਟ ਸਿੰਘ ਨੇ ਕਿਹਾ ਕਿ ਭਾਰਤੀ ਉਲੰਪਿਕ ਸੰਘ (ਆਈ.ਓ.ਏ.) ਦੇ ਮੁਖੀ ਸੁਰੇਸ਼ ਕਲਮਾਡੀ ਲਈ ਆਜ਼ਾਦੀ ਦਾ ਮਤਲਬ ਸਿਰਫ਼ ਆਪਣੀ ਅਤੇ ਆਪਣੇ ਅਹੁਦੇਦਾਰਾਂ ਦੀ ਸੁਵਿਧਾ ਹੈ।



ਪਰਗਟ ਨੇ ਨਾਲ ਹੀ ਪੁੱਛਿਆ ਕਿ ਜੇਕਰ ਅਜਿਹਾ ਨਹੀਂ ਹੈ ਤਾਂ ਕਲਮਾਡੀ ਦੱਸਣ ਕਿ ਹਾਕੀ ਇੰਡੀਆ ਦੀ ਸੁਤੰਤਰਤਾ ਪ੍ਰਤੀ ਉਨ੍ਹਾਂ ਦਾ ਰਵੱਈਆ ਅਭਿੱਜ ਕਿਉਂ ਹੈ? ਉਨ੍ਹਾਂ ਕਿਹਾ ਕਿ ਆਈ.ਓ.ਏ. ਜਾਣ ਬੁੱਝ ਕੇ ਹਾਕੀ ਇੰਡੀਆ ਦੀ ਸੁਤੰਤਰਤਾ ਦੇ ਮਾਮਲੇ ਨੂੰ ਲਗਾਤਾਰ ਨਜ਼ਰਅੰਦਾਜ਼ ਕਰ ਰਹੀ ਹੈ ਅਤੇ ਆਪਣੀ ਸੁਵਿਧਾ ਲਈ ਇਸ ਸੰਗਠਨ ਦੀਆਂ ਚੋਣਾਂ ਟਾਲਦੀ ਰਹੀ ਹੈ। ਹਾਕੀ ਪੰਜਾਬ ਦੇ ਜਨਰਲ ਸਕੱਤਰ ਪਰਗਟ ਨੇ ਕਿਹਾ, 'ਖੇਡ ਮੰਤਰਾਲੇ ਦੇ ਨਿਰਦੇਸ਼ਾਂ 'ਤੇ ਕਲਮਾਡੀ ਸੁਤੰਤਰਤਾ ਦੀ ਦੁਹਾਈ ਦੇ ਰਹੇ ਹਨ ਪਰ ਕੀ ਉਨ੍ਹਾਂ ਨੇ ਕਦੇ ਹਾਕੀ ਇੰਡੀਆ ਦੀ ਸੁਤੰਤਰਤਾ ਬਾਰੇ ਸੋਚਿਆ ਵੀ ਹੈ।'

ਹਾਕੀ ਇੰਡੀਆ ਦੇ ਸਕੱਤਰ ਨਰਿੰਦਰ ਬੱਤਰਾ ਦੇ ਰਵੱਈਏ 'ਤੇ ਪਰਗਟ ਨੇ ਕਿਹਾ, 'ਬੱਤਰਾ ਨੇ ਹੀ ਕੇ.ਪੀ.ਐਸ. ਗਿੱਲ ਦੀ ਅਸੀਮਤ ਕਾਰਜਕਾਲ ਕਾਰਨ ਉਨ੍ਹਾਂ ਖਿਲਾਫ਼ ਪਟੀਸ਼ਨ ਦਾਇਰ ਕੀਤੀ ਸੀ ਪਰ ਅੱਜ ਉਹ ਕਲਮਾਡੀ ਦੇ ਪੱਖ ਵਿਚ ਖੜੇ ਹਨ ਕਿਉਂਕਿ ਤਲਵਾਰ ਉਨ੍ਹਾਂ 'ਤੇ ਲਟਕੀ ਹੈ।' ਪਰਗਟ ਨੇ ਕਿਹਾ, 'ਇਸ ਰਵੱਈਏ ਕਾਰਨ ਮੈਂ ਕਹਿੰਦਾ ਹਾਂ ਕਿ ਇਹ ਲੋਕ ਸੁਤੰਤਰਤਾ ਦੀ ਪ੍ਰੀਭਾਸ਼ਾ ਆਪਣੇ ਅਨੁਸਾਰ ਘੜਦੇ ਹਨ।' ਹਾਕੀ ਇੰਡੀਆ ਦੀਆਂ ਚੋਣਾਂ ਲਈ 31 ਮਈ ਦੀ ਮਿਆਦ ਤੈਅ ਕਰਨ ਵਾਲੇ ਕੌਮਾਂਤਰੀ ਹਾਕੀ ਮਹਾਂਸੰਘ (ਐਫ.ਆਈ.ਐਚ.) 'ਤੇ ਵਾਰ ਕਰਦਿਆਂ ਉਨ੍ਹਾਂ ਕਿਹਾ, 'ਐਫ.ਆਈ.ਐਚ. ਨੂੰ ਹੁਣ ਭਾਰਤ ਦੀ ਹਾਕੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਵਿਸ਼ਵ ਕੱਪ ਖਤਮ ਹੋ ਚੁੱਕਾ ਹੈ। ਐਫ.ਆਈ.ਐਚ ਨੇ ਇਸ ਤੋਂ ਪੈਸਾ ਕਮਾ ਲਿਆ ਅਤੇ ਹੁਣ ਉਸ ਨੂੰ ਚੋਣਾਂ ਦੀ ਚਿੰਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਚੋਣਾਂ ਲਈ 31 ਮਈ ਦੀ ਸਮਾਂ ਸੀਮਾ ਹੈ ਪਰ ਲੱਗਦਾ ਨਹੀਂ ਕਿ ਇਸ ਤਾਰੀਕ ਤੱਕ ਚੋਣਾਂ ਹੋ ਸਕਣਗੀਆਂ।

ਤਗ਼ਮੇ ਉੱਤੇ ਹੁਣ ਇੱਕ ਕਰੋੜ

# ਪੰਜਾਬ ਸਰਕਾਰ ਨੇ ਖਿਡਾਰੀਆਂ ਲਈ ਖੋਲ੍ਹੀ ਪੈਸੇ ਦੀ ਪਿਟਾਰੀ

## ਵਿਸ਼ਵ ਕੱਪ, ਏਸ਼ੀਆਈ,ਕੌਮੀ ਤੇ ਹੈਂਡੀਕੈਪ ਖੇਡਾਂ ਅਤੇ ਓਲੰਪਿਕ ਵਿੱਚ ਤਗ਼ਮਾ ਹਾਸਿਲ ਕਰਨ ਵਾਲੇ ਨੂੰ ਸਨਮਾਨ ਦੇ ਨਾਲ ਪੈਸਾ ਵੀ

ਚੰਡੀਗੜ੍ਹ, ਬਿਊਰੋ-

**ਪੰਜਾਬ** ਦੇ ਖੇਡ ਵਿਭਾਗ ਨੇ ਸਾਲ 2009-10 ਦੇ ਦੌਰਾਨ ਹੋਏ ਵਿਸ਼ਵ ਕੱਪ, ਏਸ਼ੀਆਈ, ਰਾਸ਼ਟਰੀ ਅਤੇ ਹੈਂਡੀਕੈਪ ਖੇਡਾਂ ਅਤੇ ਓਲੰਪਿਕ ਖੇਡਾਂ ਵਿੱਚ ਤਗ਼ਮਾ ਜਿੱਤਣ ਵਾਲੇ ਖਿਡਾਰੀਆਂ ਨੂੰ ਨਗਦ ਪੁਰਸਕਾਰ ਦੇਣ ਦਾ ਨਿਰਣਾ ਲਿਆ ਹੈ।

ਇਸਦੇ ਅਨੁਸਾਰ, ਓਲੰਪਿਕ ਵਿੱਚੋਂ ਸੋਨੇ ਦਾ ਤਗ਼ਮਾ ਜਿੱਤਣ ਵਾਲੇ ਨੂੰ ਇੱਕ ਕਰੋੜ, ਚਾਦੀ ਦਾ ਤਗ਼ਮਾ ਜਿੱਤਣ ਵਾਲੇ ਨੂੰ 50 ਲੱਖ ਅਤੇ ਤਾਂਬੇ ਦਾ ਤਗ਼ਮਾ ਜਿੱਤਣ ਵਾਲੇ ਨੂੰ 25 ਲੱਖ ਰੁਪਏ, ਚਾਰ ਸਾਲ ਬਾਅਦ ਹੋਣ ਵਾਲੇ ਵਿਸ਼ਵ ਕੱਪ/ ਚੈਂਪੀਅਨਸ਼ਿਪ ਦੇ ਸੋਨੇ, ਚਾਂਦੀ, ਤਾਂਬੇ ਦੇ ਤਗ਼ਮੇ ਜਿੱਤਣ ਵਾਲੇ ਖਿਡਾਰੀਆਂ ਨੂੰ ਕ੍ਰਮਸਾਰ 21 ਲੱਖ, 11 ਲੱਖ ਅਤੇ 7 ਲੱਖ ਰੁਪਏ ਦਿੱਤੇ ਜਾਣਗੇ। ਏਸ਼ੀਆਈ ਅਤੇ ਰਾਸ਼ਟਰਮੰਡਲ ਖੇਡਾਂ ਦੇ ਸੋਨੇ, ਚਾਂਦੀ ਤੇ ਤਾਂਬੇ ਦੇ ਤਗ਼ਮੇ ਜਿੱਤਣ ਵਾਲੇ ਖਿਡਾਰੀਆਂ ਨੂੰ ਕ੍ਰਮਸਾਰ ਸੱਤ ਲੱਖ, ਪੰਜ ਲੱਖ ਅਤੇ ਤਿੰਨ ਲੱਖ ਰੁਪਏ, ਹਰ ਸਾਲ ਤੇ ਦੋ ਸਾਲ ਵਿੱਚ ਹੋਣ ਵਾਲੇ ਵਿਸ਼ਵ ਕੱਪ, ਏਸ਼ੀਆਈ ਚੈਂਪੀਅਨਸ਼ਿਪ ਦੇ ਵਿਜੇਤਾ ਖਿਡਾਰੀਆਂ ਨੂੰ ਕ੍ਰਮਸਾਰ ਪੰਜ ਲੱਖ, ਤਿੰਨ ਲੱਖ ਅਤੇ ਦੋ ਲੱਖ ਰੁਪਏ, ਰਾਸ਼ਟਰੀ ਖੇਡਾਂ, ਇਫਰੋ-ਏਸ਼ੀਅਨ/ਸੈਫ ਖੇਡਾਂ ਦੇ ਜੇਤੂ ਖਿਡਾਰੀਆਂ ਨੂੰ ਕ੍ਰਮਸਾਰ ਤਿੰਨ ਲੱਖ, ਦੋ ਲੱਖ, ਅਤੇ ਇੱਕ ਲੱਖ, ਹੈਂਡੀਕੈਪ ਖੇਡਾਂ ਦੇ ਕਿਸੇ ਵੀ ਅੰਤਰਰਾਸ਼ਟਰੀ ਈਵੈਂਟ ਦੇ ਜੇਤੂ ਨੂੰ ਪੰਜ ਲੱਖ, ਤਿੰਨ ਲੱਖ ਅਤੇ ਦੋ ਲੱਖ ਰੁਪਏ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜੂਨੀਅਰ ਕੈਟਾਗਿਰੀ ਦੇ ਮੁਕਾਬਲਿਆਂ ਵਿੱਚ ਤਗ਼ਮਾ ਹਾਸਿਲ ਕਰਨ ਵਾਲਿਆਂ ਨੂੰ ਇਸ ਤੋਂ ਅੱਧੀ ਧਨ ਰਾਸ਼ੀ ਮਿਲੂੰਗੀ। ਟੀਮ ਦੇ ਰੂਪ 'ਚ ਖੇਡਣ ਵਾਲੇ ਖਿਡਾਰੀਆਂ ਨੂੰ ਇਸ ਰਾਸ਼ੀ ਦੀ ਵੰਡ ਦੋ ਭਾਗੀਦਾਰਾਂ ਲਈ ਨਕਦ ਪੁਰਸਕਾਰ ਡੇਢ ਗੁਣਾ, ਤਿੰਨ ਤੋਂ ਚਾਰ ਭਾਗੀਦਾਰਾਂ ਨੂੰ ਦੋ ਗੁਣਾ, ਪੰਜ ਤੋਂ ਦਸ ਭਾਗੀ ਦਾਰਾਂ ਦੇ ਲਈ ਪੰਜ ਗੁਣਾ ਰਾਸ਼ੀ ਹੋਵੇਗੀ। ਸਰਕਾਰੀ ਫ਼ੈਸਲੇ ਦੇ ਅਨੁਸਾਰ, ਤੈਰਾਕੀ, ਐਥਲੈਟਿਕਸ, ਤੀਰ ਅੰਦਾਜ਼ੀ, ਬੈਡਮਿੰਟਨ, ਬਾਸਕਟਵਾਲ, ਬੇਸਵਾਲ, ਬਾਈਕਿੰਗ, ਕਨੂਨਿੰਗ ਅਤੇ ਕਾਈਕਿੰਗ, ਸਾਈਕਲਿੰਗ, ਘੋੜ ਸਵਾਰੀ, ਫੈਸਿੰਗ, ਫੁੱਟਬਾਲ, ਜਿਮਨਾਸਟਿਕ ਅਤੇ ਰਿਦਮਿਕ ਜਿਮਨਾਸਟਿਕ, ਹੈਂਡਬਾਲ, ਹਾਕੀ, ਜੂਡੋ, ਮਾਡਰਨ, ਪੈਂਟਥਲੋਨ, ਰੋਇੰਗ, ਸੇਲਿੰਗ, ਸਾੱਫਟਬਾਲ, ਟੇਬਲ ਟੈਨਿਸ, ਤਾਈਕਬਾਂਡੋ, ਟੇਸਿਨ ਟ੍ਰੈਥਲੋਨ, ਵਾਲੀਬਾਲ ਅਤੇ ਬੀਚ ਵਾਲੀਬਾਲ, ਕੁਸ਼ਤੀ (ਫ੍ਰੀ ਸਟਾਇਲ ਅਤੇ ਗਰੀਕੋ ਰੋਮਨ), ਵੇਟ ਲਿਫਟਿੰਗ ਅਤੇ ਕ੍ਰਿਕੇਟ ਦੇ ਜੇਤੂ ਖਿਡਾਰੀ ਨਕਦ ਪੁਰਸਕਾਰ ਦੇ ਹੱਕਦਾਰ ਹੋਣਗੇ।

### ਪੰਜ ਸਾਲ ਤੱਕ ਪੰਜਾਬ ਦੀ ਤਰਫ਼ੋਂ ਖੇਡਣਗੇ

**ਸਰਕਾਰੀ** ਰਿਪੋਰਟਰ ਨੇ ਦੱਸਿਆ ਹੈ ਕਿ ਨਕਦ ਇਨਾਮ ਹਾਸਿਲ ਕਰਨ ਵਾਲੇ ਖਿਡਾਰੀਆਂ ਨੂੰ ਖੇਡ ਵਿਭਾਗ ਨੇ ਨਿਰਦੇਸ਼ਕ ਨੂੰ ਹਲਫ਼ੀਆ ਬਿਆਨ ਦੇਣਾ ਹੋਵੇਗਾ ਕਿ ਉਹ ਅਗਲੇ ਪੰਜ ਸਾਲਾਂ ਤੱਕ ਪੰਜਾਬ ਦੀ ਤਰਫ਼ੋਂ ਖੇਡਣਗੇ।



# ਗਿੱਲ ਦੇ ਖ਼ਿਲਾਫ਼ 20 ਖੇਡ ਮਹਾਂਸੰਘਾਂ ਨੇ ਖੋਲ੍ਹਿਆ ਮੋਰਚਾ

ਨਵੀਂ ਦਿੱਲੀ-ਬਿਊਰੋ-

**ਖੇਡ** ਵਿਭਾਗ ਦੁਆਰਾ ਖੇਡ ਫੈਂਡਰੈਸ਼ਨਾਂ ਦੇ ਅਹੁਦੇਦਾਰਾਂ ਦੇ ਕਾਰਜ ਸਬੰਧੀ ਨਿਯਮਾਂ 'ਤੇ ਵਿਚਾਰ ਕਰਨ ਤੋਂ ਬਾਅਦ ਖੇਡ ਵਿਭਾਗ ਅਤੇ ਖੇਡ ਫੈਂਡਰੇਸ਼ਨਾਂ ਵਿੱਚ ਖਿੱਚੋਤਾਣ ਹੋ ਗਈ ਹੈ।

ਰਾਸ਼ਟਰਮੰਡਲ ਖੇਡਾਂ ਦੇ ਆਯੋਜਨ ਅਹੁਦੇ ਦੇ ਪ੍ਰਮੁੱਖ ਸੁਰੇਸ਼ ਕਲਮਾਡੀ ਦੀ ਅਗਵਾਈ ਹੇਠ ਕਰੀਬ 20 ਖੇਡ ਫੈਂਡਰੇਸ਼ਨਾਂ ਦੇ ਅਧਿਕਾਰੀਆਂ ਨੇ ਖੇਡ ਮੰਤਰੀ ਐਮ.ਐਸ. ਗਿੱਲ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਇਸ ਦੇ ਚੱਲਦਿਆਂ ਐਮ.ਐਸ. ਗਿੱਲ ਨੇ ਕਿਹਾ ਹੈ ਕਿ ਖੇਡ ਪ੍ਰਸ਼ਾਸਕਾਂ ਦੇ ਕੰਮ ਨਾਲ ਸਬੰਧਿਤ ਨਵਾਂ ਨਿਯਮ ਕਿਸੇ ਇੱਕ ਵਿਅਕਤੀ ਨੂੰ ਧਿਆਨ ਵਿੱਚ ਰੱਖ ਕੇ ਨਹੀਂ ਬਣਾਇਆ ਗਿਆ। ਉਹਨਾਂ ਨੇ ਕਲਮਾਡੀ ਦੇ ਬਿਆਨ 'ਤੇ ਕਿਹਾ ਕਿ ਐਲਾਨ ਸਮੇਂ ਦਾ ਰਾਸ਼ਟਰਮੰਡਲ ਖੇਡਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਖੇਡਾਂ ਅਲੱਗ ਹਨ। ਮੈਨੂੰ ਕਿਸੇ ਤੋਂ ਕੋਈ ਸਮੱਸਿਆ ਨਹੀਂ ਹੈ। ਮੈਂ ਤਾਂ ਅਪਣਾ ਕੰਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਗਿੱਲ ਨੇ ਕਿਹਾ ਕਿ ਮੈਨੂੰ ਇਸ ਵਿੱਚ ਕੋਈ ਮੁਸ਼ਕਿਲ ਨਹੀਂ ਹੁੰਦੀ। ਹਰੇਕ ਨੂੰ ਅਧਿਕਾਰ ਹੈ ਕਿ ਉਹ ਸਰਕਾਰ ਜਾਂ ਮੰਤਰੀ ਜਾਂ ਇੱਕ ਵਿਭਾਗ ਦੁਆਰਾ ਕੀਤੇ ਕੰਮ 'ਤੇ ਟਿੱਪਣੀ ਕਰ ਸਕਦਾ ਹੈ।

ਕਾਲਮਾਡੀ ਨੇ ਕਿਹਾ ਕਿ ਫੈਂਡਰੇਸ਼ਨ ਦੇ ਅਧਿਕਾਰੀਆਂ ਨੂੰ ਸਭ ਤੋਂ ਜ਼ਿਆਦਾ ਹੈਰਾਨੀ ਇਸਦੇ ਸਮੇਂ ਨੂੰ ਲੈ ਕੇ ਹੈ। ਉਹਨਾਂ ਨੇ ਕਿਹਾ, 'ਰਾਸ਼ਟਰ ਮੰਡਲ ਖੇਡਾਂ ਕੇਵਲ 150 ਦਿਨ ਦੂਰ ਹਨ ਅਤੇ ਅਜਿਹੇ ਸਮੇਂ ਵਿੱਚ ਖੇਡ ਵਿਭਾਗ ਦੇ ਵਿਹਾਰ ਨਾਲ ਮੈਨੂੰ ਬਹੁਤ ਨਿਰਾਸ਼ਾ ਹੋਈ ਹੈ।' ਕਲਮਾਡੀ ਨੇ ਕਿਹਾ ਕਿ ਸਰਕਾਰ ਦੇ ਇਸ ਕਦਮ ਦਾ ਸਹੀ ਜਵਾਬ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਪਿਛਲੇ ਕਈ ਸਾਲਾਂ ਤੋਂ ਰਾਸ਼ਟਰੀ ਖੇਡ ਫੈਂਡਰੇਸ਼ਨਾਂ ਉਪਰ ਰਾਜ ਕਰਨ ਵਾਲੇ ਰਾਜਨੀਤਕਾਂ ਦੇ ਖ਼ਿਲਾਫ਼ ਸਖ਼ਤ ਰਵੱਈਆ ਅਪਣਾਉਂਦੇ ਹੋਏ ਸਰਕਾਰ ਨੇ ਉਹਨਾਂ ਦੇ ਕਾਰਜਕਾਲ ਸੀਮਤ ਕਰ ਦਿੱਤੇ ਹਨ। ਜਿਸ ਨਾਲ ਭਾਰਤੀ ਓਲੰਪਿਕ ਫੈਂਡਰੇਸ਼ਨ ਦੇ ਮੁਖੀ ਕਲਮਾਡੀ ਅਤੇ ਹੋਰ ਖੇਡ ਅਧਿਕਾਰੀ ਪ੍ਰਭਾਵਿਤ ਹੋਣਗੇ।




ਆਈ. ਪੀ. ਐਲ. (ਇੰਡੀਅਨ ਪੈਸਾ ਲੀਗ) ਦੀ ਦੌੜ ਨੇ ਇੰਡੀਅਨ ਟੀਮ ਨੂੰ 20-ਟਵੰਟੀ ਵਰਲਡ ਕੱਪ ਦੀ ਦੌੜ 'ਚੋਂ ਬਾਹਰ ਕੀਤਾ

# ਅਮਰਿੰਦਰ ਨੂੰ ਮਿਲੇ ਲੋਕ ਹੁੰਗਾਰੇ ਤੋਂ ਅਕਾਲੀ ਫ਼ਿਕਰਮੰਦ

ਚੰਡੀਗੜ੍ਹ

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅੰਮ੍ਰਿਤਸਰ ਫੇਰੀ ਨੇ ਜਿੱਥੇ ਇਸ ਕਾਂਗਰਸੀ ਨੇਤਾ ਦੇ ਸਮਰਥਕਾਂ ਨੂੰ ਹੁਲਾਰਾ ਦਿੱਤਾ ਹੈ, ਉੱਥੇ ਹਾਕਮ ਧਿਰ ਲਈ ਪ੍ਰੇਸ਼ਾਨੀ ਵੀ ਖੜ੍ਹੀ ਕਰ ਦਿੱਤੀ ਹੈ। ਹਾਕਮ ਅਤੇ ਵਿਰੋਧੀ ਧਿਰ ਵਿਚਕਾਰ ਇੱਕ ਨਵੀਂ ਰਾਜਸੀ ਹਲਚਲ ਸ਼ੁਰੂ ਹੋ ਗਈ ਹੈ।

ਪੰਜਾਬ ਵਿਧਾਨ ਸਭਾ ਦੀ ਮੈਂਬਰੀ ਤੋਂ ਬਰਤਰਫ਼ੀ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਇੱਕ ਵਾਰ ਤਾਂ ਰਾਜਸੀ ਮੰਚਾਂ ਤੋਂ ਲਾਂਭੇ ਹੋ ਗਏ ਸਨ ਅਤੇ ਇਹ ਲੱਗਦਾ ਸੀ ਕਿ ਅਗਲੀ ਵਿਧਾਨ ਸਭਾ ਦੀਆਂ ਚੋਣਾਂ ਤੱਕ ਉਹਨਾਂ ਲਈ ਵਿਧਾਨ ਸਭਾ ਦਾ ਦਰਵਾਜ਼ਾ ਬੰਦ ਹੀ ਹੋ ਗਿਆ ਹੈ। ਸੁਪਰੀਮ ਕੋਰਟ ਵਲੋਂ ਉਹਨਾਂ ਦੀ ਬਹਾਲੀ ਦੇ ਫ਼ੈਸਲੇ ਨੇ ਕੈਪਟਨ ਦੇ ਰਾਜਸੀ ਜੀਵਨ ਵਿਚ ਨਵੀਂ ਰੂਹ ਫੂਕ ਦਿੱਤੀ ਹੈ ਅਤੇ ਅਪਣੇ ਹਮਾਇਤੀਆਂ ਨੂੰ ਅਪਣੀ ਸਰਗਰਮੀ ਵਿਖਾਉਣ ਦਾ ਮੌਕਾ ਬਖਸ਼ ਦਿੱਤਾ ਹੈ। ਭਾਵੇਂ ਸਾਬਕਾ ਮੁੱਖ ਮੰਤਰੀ ਨੂੰ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਮਿਲਣੀ ਅਜੇ ਦੂਰ ਦੀ ਗੱਲ ਹੈ, ਪਰ ਉਹਨਾਂ ਦੇ ਹਮਾਇਤੀਆਂ ਦੇ ਹੌਸਲੇ ਬੁਲੰਦ ਹੋ ਗਏ ਹਨ। ਪਾਰਟੀ ਵਰਕਰਾਂ ਦੇ ਹੁਲਾਰੇ ਨਾਲ ਕੈਪਟਨ ਅਮਰਿੰਦਰ ਸਿੰਘ ਨੂੰ ਪਾਰਟੀ ਅੰਦਰਲੀਆਂ ਪ੍ਰੇਸ਼ਾਨੀਆਂ ਅਤੇ ਖਿੱਚੋਤਾਣ 'ਤੇ ਕਾਬੂ ਪਾਉਣ ਵਿੱਚ ਵੀ ਮੱਦਦ ਮਿਲੇਗੀ। ਪੰਜਾਬ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਕਿਹਾ ਕਿ ਉਹ ਕੋਰਟ ਵਲੋਂ ਕੈਪਟਨ ਦੀ ਬਹਾਲੀ ਦੇ ਫ਼ੈਸਲੇ ਦਾ ਸਵਾਗਤ ਕਰਦੇ ਹਨ ਤੇ ਵਿਧਾਨ ਸਭਾ ਵਿੱਚ ਜਿੱਥੇ ਦੂਜੇ ਕਾਂਗਰਸੀ ਮੈਂਬਰ ਬੈਠੇ ਹਨ ਉੱਥੇ ਕੈਪਟਨ ਵੀ ਬੈਠ ਜਾਣਗੇ। ਉਹਨਾਂ ਇਹ ਵੀ ਕਿਹਾ ਕਿ ਜੇ ਕੈਪਟਨ ਅਮਰਿੰਦਰ ਸਿੰਘ ਜਮਹੂਰੀ ਪ੍ਰਬੰਧ ਵਿੱਚ ਪੰਜਾਬ ਦੇ ਵਿਕਾਸ ਲਈ ਉਸਾਰੂ ਭੂਮਿਕਾ ਨਿਭਾਉਣਗੇ ਤਾਂ ਇਹ ਪੰਜਾਬ ਲਈ ਚੰਗਾ ਰੁਝਾਨ ਸਾਬਤ ਹੋਵੇਗਾ। ਸ਼੍ਰੋਮਣੀ ਦਲ਼ ਦੇ ਨਜ਼ਦੀਕੀ ਸੂਤਰਾਂ ਅਨੁਸਾਰ ਜਿੱਥੇ ਪਹਿਲਾਂ ਹਾਕਮ ਧਿਰ ਨੇ ਜਾਣਬੁੱਝ ਕੇ ਕੈਪਟਨ ਅਮਰਿੰਦਰ ਸਿੰਘ ਬਾਰੇ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਅੱਖੋਂ ਪਰੋਖੇ ਕੀਤਾ ਸੀ, ਪਰ ਫੇਰੀ ਨੂੰ ਮਿਲੇ ਹੁੰਗਾਰੇ ਬਾਅਦ ਹਾਕਮ ਧਿਰ ਨੇ ਉਸ ਹੁੰਗਾਰੇ ਨੂੰ ਪੂੰਝਣ ਦਾ ਉਪਰਾਲਾ ਜ਼ਰੂਰ ਕੀਤਾ ਹੈ। ਹਾਕਮ ਧਿਰ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਬਾਰੇ ਟਿੱਪਣੀ ਕਰਕੇ ਉਸਨੂੰ ਲੋਕਾਂ ਵਿੱਚ ਉਭਾਰਨਾ ਨਹੀਂ ਚਾਹੁੰਦੀ ਸੀ। ਇਹ ਵੀ ਕਿਹਾ ਗਿਆ ਸੀ ਕਿ ਕੈਪਟਨ ਤਾਂ ਵਿਧਾਨ ਸਭਾ ਵਿੱਚ ਪਹਿਲਾਂ ਵੀ ਆਉਂਦੇ ਹੀ ਨਹੀਂ ਸਨ ਅਤੇ ਉਹਨਾਂ ਦੀ ਕਾਰਗੁਜ਼ਾਰੀ ਨਾ ਦੇ ਬਰਾਬਰ ਸੀ। ਹੁਣ ਅੰਮ੍ਰਿਤਸਰ ਫੇਰੀ ਬਾਅਦ ਪਹਿਲੀ ਵਾਰ ਹਾਕਮ ਧਿਰ ਦੇ ਤਰਜਮਾਨ ਨੇ ਬਕਾਇਦਾ ਟਿੱਪਣੀ ਕਰਦੇ ਹੋਏ ਕਿਹਾ ਹੈ ਕਿ ਕੈਪਟਨ ਦੀ ਅੰਮ੍ਰਿਤਸਰ ਫੇਰੀ ਨੂੰ ਕੋਈ ਖ਼ਾਸ ਹੁੰਗਾਰਾ ਨਹੀਂ ਮਿਲਿਆ। ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਜੇਕਰ ਸਵਾਗਤ ਲਈ ਏਨੇ ਹਮਾਇਤੀ ਆ ਸਕਦੇ ਹਨ ਤਾਂ ਜਥੇਬੰਦਕ ਤਿਆਰੀ ਨਾਲ ਕੀਤੀ ਰੈਲੀ ਦੇ ਹੁੰਗਾਰੇ ਦਾ ਅੰਦਾਜ਼ਾ ਆਪੇ ਹੀ ਲਾਇਆ ਜਾ ਸਕਦਾ ਹੈ। ਮਾਝੇ ਦੇ ਇੱਕ ਸੀਨੀਅਰ ਆਗੂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਮਿਲੇ ਹੁੰਗਾਰੇ ਨੂੰ ਪ੍ਰਵਾਨ ਕਰਦੇ ਹੋਏ ਕਿਹਾ ਹੈ ਕਿ ਇਸਦਾ ਕਾਰਨ ਇਹ ਵੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਤੋਂ ਇਲਾਵਾ ਮਾਝੇ ਵਿੱਚ ਕਿਸੇ ਹੋਰ ਸੀਨੀਅਰ ਕਾਂਗਰਸੀ ਆਗੂ ਦੀ ਪੁੱਛ ਪ੍ਰਤੀਤ ਹੀ ਨਹੀਂ ਹੁੰਦੀ ਹੈ।

# ਹਰ ਵਰ੍ਹੇ ਕਰੋੜਾਂ ਰੁਪਏ ਨਿਗਲ ਰਹੀ ਹੈ ਐਸ. ਵਾਈ. ਐਲ. ਨਹਿਰ

*ਵੀਹ ਸਾਲ ਤੋਂ ਠਪ ਪਏ ਪ੍ਰਾਜੈਕਟ 'ਤੇ ਮੁਲਾਜ਼ਮਾਂ ਦਾ ਸਾਲਾਨਾ ਖਰਚ ਹੋਇਆ 34 ਕਰੋੜ*

ਚੰਡੀਗੜ੍ਹ

ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦਾ ਵਿਵਾਦ ਪੰਜਾਬ ਅਤੇ ਹਰਿਆਣਾ ਵਿਚਾਲੇ ਅਜਿਹਾ ਫਸਿਆ ਹੈ ਕਿ ਵੀਹ ਸਾਲ ਤੋਂ ਠੱਪ ਪਏ ਇਸ ਪ੍ਰਾਜੈਕਟ 'ਤੇ ਮੁਲਾਜ਼ਮਾਂ ਨੂੰ ਤਨਖਾਹ ਅਤੇ ਹੋਰ ਖਰਚਿਆਂ ਦੇ ਨਾਂ 'ਤੇ ਕਰੋੜਾਂ ਰੁਪਏ ਖਰਚ ਹੋ ਰਹੇ ਹਨ। 5 ਸਾਲ ਪਹਿਲਾਂ ਤੱਕ ਐਸ.ਵਾਈ.ਐਲ. ਵਿਚ ਕੰਮ ਕਰਨ ਵਾਲੇ ਰੈਗੂਲਰ ਅਤੇ ਵਰਕਚਾਰਜ ਕਰਮਚਾਰੀਆਂ 'ਤੇ ਜੋ ਸਾਲਾਨਾ ਖਰਚ 25 ਕਰੋੜ ਰੁਪਏ ਸੀ, ਹੁਣ ਵਧ ਕੇ 34 ਕਰੋੜ ਰੁਪਏ ਦੇ ਕਰੀਬ ਹੋ ਚੁੱਕਾ ਹੈ।

ਸੂਚਨਾ ਅਧਿਕਾਰ ਤਹਿਤ ਲਈ ਗਈ ਜਾਣਕਾਰੀ ਅਨੁਸਾਰ ਐਸ.ਵਾਈ.ਐਲ. ਦੇ ਇਕ ਦਰਜਨ ਦੇ ਕਰੀਬ ਵੱਖ ਵੱਖ ਮੰਡਲਾਂ ਵਿਚ 1088 ਕਰਮਚਾਰੀ ਅਤੇ ਅਧਿਕਾਰੀ ਕੰਮ ਕਰ ਰਹੇ ਹਨ। ਇਸ ਵਿਚ ਵਰਕਚਾਰਜ ਵੀ ਸ਼ਾਮਲ ਹਨ। ਇਨ੍ਹਾਂ ਵਿਚ ਇਕ ਮੁੱਖ ਇੰਜਨੀਅਰ, 5 ਐਸ.ਈ, 19 ਐਕਸੀਅਨ, 19 ਪੀ.ਏ. ਤੇ ਹੋਰ, 11 ਡਿਵੀਜ਼ਨਲ ਹੈੱਡ ਡਰਾਫਟਸਮੈਨ, 6 ਸਹਾਇਕ ਡਰਾਫਟਸਮੈਨ ਅਤੇ 87 ਡਰਾਫਟਸਮੈਨ ਹਨ। ਇਸ ਤੋਂ ਇਲਾਵਾ ਫੀਲਡ ਕਰਮਚਾਰੀ ਹਨ।

ਇਕ ਅੰਦਾਜ਼ੇ ਅਨੁਸਾਰ ਇਸ ਸਮੇਂ ਪ੍ਰਾਜੈਕਟ ਦੀ ਕੁਲ ਲਾਗਤ ਨਾਲੋਂ ਜ਼ਿਆਦਾ ਤਨਖਾਹ ਆਦਿ 'ਤੇ ਖਰਚ ਹੋ ਚੁੱਕਾ ਹੈ। ਸਿੰਜਾਈ ਵਿਭਾਗ ਵੱਲੋਂ ਮੁਹੱਈਆ ਕਰਵਾਈ ਗਈ ਸੂਚਨਾ ਅਨੁਸਾਰ ਕੰਮ ਦੇ ਨਾਂ 'ਤੇ ਹੁਣ ਕਰਮਚਾਰੀਆਂ ਕੋਲ ਤਨਖਾਹ ਦੇ ਬਿਲ ਬਣਾਉਣਾ, ਡਿਜ਼ਾਈਨ ਕੀਤੇ ਗਏ ਕੰਮਾਂ ਦੀ ਡਰਾਇੰਗ ਸੰਭਾਲਨਾ, ਕਿਸਾਨਾਂ ਅਤੇ ਠੇਕੇਦਾਰਾਂ ਵੱਲੋਂ ਕੀਤੇ ਗਏ ਅਦਾਲਤੀ ਕੇਸਾਂ ਦੀ ਪੈਰਵੀ ਕਰਨਾ, ਪ੍ਰਾਜੈਕਟ ਲਈ ਕਰੋੜਾਂ ਰੁਪਏ ਦੀ ਖਰੀਦੀ ਮਸ਼ੀਨਰੀ ਦੀ ਸੰਭਾਲ ਕਰਨਾ ਸ਼ਾਮਲ ਹੈ। ਜ਼ਿਕਰਯੋਗ ਹੈ ਕਿ ਸਾਲ 1986 ਵਿਚ ਸ਼ੁਰੂ ਹੋਏ ਇਸ ਪ੍ਰਾਜੈਕਟ ਵਿਚ ਉਸ ਸਮੇਂ ਵਿਰਾਮ ਲੱਗ ਗਿਆ ਸੀ, ਜਦੋਂ ਅਤਿਵਾਦੀਆਂ ਨੇ ਹਰਿਆਣਾ ਨੂੰ ਪਾਣੀ ਨਾ ਦੇਣ ਦਾ ਵਿਰੋਧ ਕਰਦਿਆਂ ਪ੍ਰਾਜੈਕਟ 'ਤੇ ਲੱਗੇ ਮੁੱਖ ਇੰਜਨੀਅਰ ਸਮੇਤ ਕੁਝ ਲੋਕਾਂ ਦੀ ਹੱਤਿਆ ਕਰ ਦਿੱਤੀ ਸੀ। ਇਸ ਤੋਂ ਬਾਅਦ ਕਰਮਚਾਰੀਆਂ ਨੇ ਜਾਨ ਦਾ ਖ਼ਤਰਾ ਦੱਸਦਿਆਂ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਸੰਤ ਬਾਬਾ ਜਵਾਹਰ ਦਾਸ ਜੀ ਦੀ ਬਰਸੀ ਦੇ ਸਬੰਧ 'ਚ ਗੁਰਦੁਆਰਾ ਮਿਲਵੁਡਜ਼, ਐਡਮਿੰਟਨ ਵਿਖੇ ਨਿਵਾਸੀ ਪਿੰਡ ਸੂਸਾਂ (ਹੁਸ਼ਿਆਰਪੁਰ) ਅਤੇ ਸਮੂਹ ਇਲਾਕਾ ਨਿਵਾਸੀਆਂ ਵਲੋਂ ਸਮੂਹ ਸਾਧ ਸੰਗਤ ਨੂੰ ਸੱਦਾ ਹੈ।

ਆਰੰਭ ਸ੍ਰੀ ਆਖੰਡ ਪਾਠ- 14 ਮਈ, 2010 (ਸ਼ੁੱਕਰਵਾਰ) 8 ਵਜੇ ਸਵੇਰੇ

ਭੋਗ ਸ੍ਰੀ ਆਖੰਡ ਪਾਠ- 16 ਮਈ, 2010 (ਐਤਵਾਰ) 8 ਵਜੇ ਸਵੇਰੇ

ਹੋਰ ਜਾਣਕਾਰੀ ਲਈ ਸੰਪਰਕ ਕਰੋ-

**ਲਾਡੀ ਸੂਸ. 780-297-6105**

**ਅਮਨ ਸੂਸ. 780-906-6497**

## ਪਿੰਗਲਵਾੜਾ, ਅੰਮ੍ਰਿਤਸਰ ਵਾਸਤੇ ਫੰਡ ਰੇਜ਼ਿੰਗ

ਸੁਰਿੰਦਰ ਵੜੈਚ ਵੱਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਨਗਰ ਕੀਰਤਨ ਦੇ ਮੌਕੇ ਮਿਤੀ 23 ਮਈ 2010 ਨੂੰ ਪਿੰਗਲਵਾੜਾ ਅੰਮ੍ਰਿਤਸਰ ਵਾਸਤੇ ਫੰਡ ਰੇਜ਼ ਕੀਤਾ ਜਾ ਰਿਹਾ ਹੈ। ਉਹਨਾਂ ਨੇ ਸਭ ਦਾਨੀ ਸੱਜਣਾਂ ਨੂੰ ਇਸ ਮੌਕੇ ਵੱਧ ਚੜ੍ਹ ਕੇ ਹਿੱਸਾ ਪਾਉਣ ਦੀ ਅਪੀਲ ਕੀਤੀ ਹੈ। ਹੋਰ ਜਾਣਕਾਰੀ ਵਾਸਤੇ ਸੁਰਿੰਦਰ ਵੜੈਚ ਨਾਲ ਫੋਨ ਨੰ. 780-450-2968 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# Classified Plus

*Your guide to every search*

## Commercial Property

**Great $$$ Investment opportunity**

Near Chandigarh (India)
Good Rental Potential
500 Sq. Ft. (2nd Floor) Vacant,
Ready for Possession

For Sale in Shalimar Mega Mall, Sector 5 Panchkula

For Further Details Call
001 780 951 3814

**House For Sale by Owner**

2 Story House with walk out Basement having 3800 Plus Finished Area. Maple Kitchen, Granite Counter Top, Maple Hardwood Flooring, Maple and Metal Railing, 2 Furnaces, Separate entry for Basement and many more.

**Ready for Possession.**

Contact: **780 965 7390** or **780 906 4497**

* * * *

**ਮੋਹਾਲੀ 'ਚ ਪਲਾਟ ਵਿਕਾਊ**

ਗ੍ਰੇਟਰ ਮੋਹਾਲੀ ਸੈਕਟਰ 127 'ਚ 477 ਵਰਗ ਗਜ਼ ਦਾ ਪਲਾਟ ਮਾਲਕ ਵੱਲੋਂ ਵਿਕਾਊ ਹੈ। ਇਹ ਪਲਾਟ ਏਅਰਪੋਰਟ ਰੋਡ ਦੇ ਨਾਲ ਲੱਗਦੇ ਸ਼ਾਨਦਾਰ ਅਤੇ ਪੌਸ਼ ਇਲਾਕੇ ਸਿਵਾਲਿਕ ਸਿਟੀ ਵਿਚ ਹੈ।

**ਸੰਪਰਕ: 011 91 97813 60066**

* * * *

**2 Story House For Sale By Owner In Leduc**

2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. **House backs on to the City Park.** For details call **780 965 0808.**

* Newly Built Bi-Level House with KEYLESS ENTRY for Sale
* Don't Miss this Great opportunity… Must See the House
* Buyers still have time to Choose Carpet Color…Hurry Up

Newly Built Bi-Level House 2405 Sq Ft with Front Exposed Double Door, 4 Bed Rooms with attached Baths on the Main Floor, 3 Kitchens (**Main Kitchen has Granite Counter Tops),** 2 Furnaces, 2 Hot Water Tanks, 2 Laundries (1 Upstairs & 1 in the Basement). Finished/ Heated 2 Car Attached Garage. 700+ sq. ft Finished Concrete drive way for Parking in the Back Alley, Exposed aggregate Drive Way in the Front, **Enjoy Barbecue on the Large Deck.** House has Stucco Exterior.

* Fully Finished 2 Basements having 2 Bedrooms 9' Ceiling and a Washroom each.

**For details/appointments Contact 780 964 7001.**

## Matrimonial

ਕੈਨੇਡਾ ਵਿਚ ਵਰਕ ਪਰਮਿਟ ਤੇ ਆਏ ਹੋਏ ਜੱਟ ਸਿੱਖ ਸੁਹਣੇ-ਸੁਨੱਖੇ ਲੜਕੇ ਉਮਰ 22 ਸਾਲ, ਕੱਦ 5'8" ਲਈ ਲੜਕੀ ਦੀ ਲੋੜ ਹੈ।ਸੰਪਰਕ ਕਰੋ: 780 964 8001

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

ਖ਼ੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੌਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

ਸਮਾਰਟ, ਸਰਸਵਤ ਬ੍ਰਾਹਮਣ, 40 ਸਾਲ (ਦੇਖਣ ਵਿਚ ਛੋਟੇ ਲਗਦੇ), 5'-8" ਗਰੀਸ ਰਿਟਰਨ ਮੋਹਾਲੀ ਅਧਾਰਿਤ ਨਸ਼ਾ ਰਹਿਤ ਲੜਕੇ ਲਈ, ਯੋਗ ਲੜਕੀ ਦੀ ਲੋੜ। ਜਾਤ ਦਾ ਕੋਈ ਬੰਧਨ ਨਹੀਂ। ਸੰਪਰਕ : 97813-60066

ਖ਼ੂਬਸੂਰਤ ਬੀ-ਟੈਕ, ਕੰਪਿਊਟਰ ਸਾਇੰਸ, ਸਾਫਟ ਵੇਅਰ ਇੰਜੀਨੀਅਰ ਰਾਜਪੂਤ, ਚੌਹਾਨ ਕਲੀਨ ਸ਼ੇਵਨ, ਅਗਾਂਹਵਧ ਵਿਚਾਰਾਂ ਵਾਲੇ ਮਿਹਨਤੀ 5'-11" ਲੰਮੇ, 4 ਨਵੰਬਰ 1985 ਨੂੰ ਜਨਮੇ ਲੜਕੇ ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ। ਜਾਤ ਬੰਧਨ ਨਹੀਂ। ਸੰਪਰਕ: 98151-94782, 94633-91876, ਈ-ਮੇਲ : hardev.chauhan@yahoo.co.in


**Blitz Auto Canada**

Full Maintenance Service

Breaks
Muffler
Suspension
Steering
Lube & Oil
Tires
Batteries

WE CARE YOUR CAR BETTER

Contact: Umesh Amin

3207-97 Street, Edmonton, Alberta, T6N 1B7, Canada

Phone: 780 463 2886 Fax: 780 463 6536

E-mail: unamin@gmail.com


## Help Wanted

ਕੈਲਗਰੀ ਸਥਿਤ ਦਫਤਰ ਲਈ ਅੰਗਰੇਜ਼ੀ ਅਤੇ ਪੰਜਾਬੀ ਜਾਨਣ ਵਾਲੇ 'ਟੈਲੀਮਾਰਕੀਟਰ" ਦੀ ਲੋੜ ਹੈ।

ਹੋਰ ਜਾਣਕਾਰੀ ਵਾਸਤੇ ਫੋਨ 403 830 7007 'ਤੇ ਸੰਪਰਕ ਕਰੋ

ਜਾਂ

ਆਪਣੇ ਵੇਰਵੇ 403 717 0667 'ਤੇ ਫੈਕਸ ਕਰੋ।


**City Estates**

**All Types of Property, Plots & Kothis available for Sale & Purchase in Chandigarh/Mohali.**

* Newly Built 10 Marla Triple Story House for Sale in Sector 35-C, Chandigarh.

** 1 Kanal Kothis for Sale in Sector 10, 34 & 35 Chandigarh.

For More Info Contact:

**City Estates**

SCO 123, Phase 7, Mohali (Punjab)

**011 91 98147 11263** or **011 91 98729 73304**

# ਵਿਸ਼ਵੀਕਰਨ ਦੀ ਹਨ੍ਹੇਰੀ 'ਚ ਭਟਕਿਆ ਚੌਥਾ ਥੰਮ

## ਗੁਰਕੀਰਤ

**ਭਾਰਤ** ਵਰਗੇ ਅਲਪ-ਵਿਕਸਤ ਦੇਸ਼ ਦੀ ਆਰਥਿਕਤਾ 'ਚ ਜਦੋਂ 'ਵਿਸ਼ਵੀਕਰਨ' ਜਿਹੇ ਭਾਰੇ ਸ਼ਬਦ ਨੇ ਦਸਖ਼ਤ ਦਿੱਤੀ ਤਾਂ ਦੇਸ਼ ਦੇ ਵੱਡੇ ਹਿੱਸੇ ਨੂੰ ਇਹਨਾਂ ਨੀਤੀਆਂ ਬਾਰੇ ਕੁੱਝ ਵੀ ਪਤਾ ਨਾ ਲੱਗਿਆ। ਪਤਾ ਵੀ ਕਿਵੇਂ ਲੱਗੇ, ਜਿਤਥੇ ਦੇਸ਼ 'ਚ ਲੋਕਤੰਤਰ ਦੇ 60 ਸਾਲਾਂ ਬਾਅਦ 77ਫੀਸਦੀ ਲੋਕ 20 ਰੁਪਏ ਦਿਹਾੜੀ 'ਤੇ ਗੁਜ਼ਾਰਾ ਕਰ ਰਹੇ ਹੋਣ ਉੱਥੇ ਜਨਤਾ ਦੇ ਚੇਤਨ ਸਮਾਜਕ ਵਿਕਾਸ ਲਈ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਵਿਸ਼ਵੀਕਰਨ ਦੇ ਏਸ ਸ਼ਬਦ ਤੇ ਨੀਤੀਆਂ ਦਾ ਦੇਸ਼ ਦੇ ਵੱਡੇ ਹਿੱਸੇ ਨੂੰ ਚਾਹੇ ਪਤਾ ਭਾਵੇਂ ਨਾ ਲੱਗਿਆ ਹੋਵੇ, ਪਰ ਇਹਨਾਂ ਨੀਤੀਆਂ ਤੋਂ ਲਾਹਾ ਲੈਣ ਵਾਲੇ ਦੇਸ਼ ਦੇ ਇੱਕ ਨਿਸ਼ਚਿਤ ਵਰਗ ਨੇ ਨੀਤਆਂ ਦੇ ਪੱਖ 'ਚ ਵੱਡੀ ਪ੍ਰਚਾਰ ਮੁਹਿੰਮ ਵਿੱਢੀ, ਜਿਸਦਾ ਸਾਥ ਲੋਕਤੰਤਰ ਦੇ ਚੌਥੇ ਥੰਮ ਮੀਡੀਆ ਨੇ ਦਿੱਤਾ। ਇਸੇ ਪ੍ਰਚਾਰ ਦਾ ਨਤੀਜਾ ਸੀ ਕਿ ਭਾਰਤ ਦੀ ਮੱਧ ਵਰਗੀ ਜਮਾਤ ਵੀ ਅਖ਼ਬਾਰਾਂ ਤੇ ਖ਼ਬਰੀਆਂ ਚੈਨਲਾਂ ਦੀ ਭਾਸ਼ਾ ਬੋਲਣ ਲੱਗੀ। ਦੇਸ਼ 'ਚ ਨਵ-ਬਸਤੀਵਾਦ ਦੇ ਰੂਪ 'ਚ ਆਈਆਂ ਇਹਨਾਂ ਨੀਤੀਆਂ ਦਾ ਦੇਸ਼ ਦੇ ਵੱਡੇ ਮੀਡੀਆ ਘਰਾਣਿਆਂ ਨੇ ਸਵਾਗਤ ਕਿਉਂ ਕੀਤਾ ਤੇ ਕਿਉਂ ਵਿਸ਼ਵੀਕਰਨ ਪੱਖੀ ਪ੍ਰਚਾਰ ਲਹਿਰ ਚਲਾਈ, ਇਸ ਲਈ ਥੋੜ੍ਹਾ ਵੇਰਵੇ ਤੇ ਵਿਸਥਾਰ 'ਚ ਜਾਣਾ ਪਵੇਗਾ।

1947 ਤੋਂ ਬਾਅਦ ਦੀ ਪੱਤਰਕਾਰੀ ਦੇ ਇਤਿਹਾਸ 'ਚ 1990 ਵਿਆਂ ਦੇ ਦਹਾਕੇ 'ਚ ਪੱਤਰਕਾਰੀ ਦਾ ਚਿਹਰਾ ਅਜਿਹਾ ਬਦਲਣਾ ਸ਼ੁਰੂ ਹੋਇਆ ਕਿ ਪਛਾਨਣਾ ਮੁਸ਼ਕਿਲ ਹੋ ਗਿਆ। ਵਿਸ਼ਵੀਕਰਨ ਦੀ ਪੂੰਜੀ ਨਾਲ ਮੀਡੀਆ ਦੇ ਪਸਾਰਵਾਦ ਨੂੰ ਮੀਡੀਆ ਘਰਾਣਿਆਂ ਨੇ 'ਸੂਚਨਾ ਕ੍ਰਾਂਤੀ' ਦਾ ਨਾਂਅ ਦਿੱਤਾ। ਇਹ ਸੂਚਨਾ ਕ੍ਰਾਂਤੀ ਵਿਸ਼ਵੀਕਰਨ ਦੀ ਪੂੰਜੀ ਨਾਲ ਹੋਈ ਸੀ, ਇਸ ਲਈ ਜ਼ਿਆਦਾਤਰ ਮੀਡੀਆ ਸੰਸਥਾਵਾਂ ਤੋਂ ਲਿਮਟਿਡ ਕਾਰਪੋਰੇਟ ਕੰਪਨੀਆਂ ਬਣੇ ਮੀਡੀਆ ਨੇ ਇਹਨਾਂ ਨੂੰ ਭਾਰਤ ਦੇ ਵਿਕਾਸ ਦੇ ਰੂਪ 'ਚ ਪ੍ਰਚਾਰਨਾ ਸ਼ੁਰੂ ਕਰ ਦਿੱਤਾ। ਇਹਨਾਂ ਨੀਤੀਆਂ ਨਾਲ ਆਏ 'ਸੂਚਨਾ ਇਨਕਲਾਬ' ਨਾਲ 70ਵਿਆਂ ਦੇ ਦਹਾਕੇ ਤੱਕ ਝੋਲਾ ਟਕਾਈ, ਮੋਟੇ ਫਰੇਮ ਦੇ ਸ਼ੀਸ਼ੇ ਦੀ ਐਨਕ ਵਾਲੇ ਪੱਤਰਕਾਰਾਂ ਦੀ ਥਾਂ, ਕੋਟ ਪੈਂਟ ਵਾਲੇ ਹਾਈ ਫਾਈ ਪੱਤਰਕਾਰ ਨਜ਼ਰ ਆਉਣ ਲੱਗੇ। ਪਹਿਰਾਵੇ ਦੇ ਇਹ ਕੀਟਾਣੂ ਜਿਸਮਾਨੀ ਤੌਰ 'ਤੇ ਹੀ ਨਹੀਂ ਬਲਕਿ ਦਿਮਾਗੀ ਤੌਰ 'ਤੇ ਵੀ ਧੁਰ ਅੰਦਰ ਪ੍ਰਵੇਸ਼ ਕਰ ਗਏ। ਹਮੇਸ਼ਾ ਸਮਾਜਕ ਸਰੋਕਾਰ ਨੂੰ ਮੁੱਖ ਰੱਖਣ ਵਾਲੇ ਪੱਤਰਕਾਰਾਂ 'ਤੇ ਪ੍ਰੋਫੈਸ਼ਨਲਿਜ਼ਮ ਏਨਾ ਭਾਰੂ ਹੋ ਗਿਆ ਕਿ ਸਮਾਜਕ ਜ਼ਿੰਮੇਵਾਰੀ ਤੇ ਪ੍ਰਤੀਬੱਧਤਾ ਦੀ ਥਾਂ ਕਾਰਪੋਰੇਟ ਘਰਾਣਿਆਂ ਦੇ ਮਾਲਕਾਂ ਦੀ ਜਵਾਬਦੇਹੀ ਵੱਡੀ ਵੱਡੀ ਗੱਲ ਜਾਪਣ ਲੱਗੀ। ਵਿਦੇਸ਼ੀ ਪੂੰਜੀ ਦੇ ਭਾਰ ਹੇਠ ਦੱਬੇ ਮੀਡੀਆ ਨੇ ਸਮਾਜਕ ਸਰੋਕਾਰ ਨਾਲ ਜੁੜੀਆਂ ਖ਼ਬਰਾਂ ਨੂੰ ਭੁਲਾ ਕੇ ਟੀ.ਆਰ.ਪੀ ਤੇ ਸਰਕੁਲੇਸ਼ਨ ਦੀ ਦੌੜ 'ਚ ਵਿਸ਼ਵੀਕਰਨ ਦੀ ਲੋੜ ਲਈ ਫੈਸ਼ਨਵਾਦ, ਖਪਤਵਾਦ ਤੇ ਸਨਸਨੀ ਨੂੰ ਤਾਂ ਖ਼ੂਬ ਹੁਲਾਰਾ ਦਿੱਤਾ, ਪਰ ਜਨਤਾ ਦੇ ਦੁੱਖਾਂ ਦਰਦਾਂ ਨਾਲ ਜੁੜੀਆਂ ਖ਼ਬਰਾਂ ਦੇ ਆਕਾਸ਼ 'ਚ ਜ਼ਰੂਰ ਹਨ੍ਹੇਰਾ ਲਿਆ ਦਿੱਤਾ।

ਜਿਹੜੀ ਪੱਤਰਕਾਰੀ ਬਸਤੀਵਾਦ ਦੇ ਖਿਲਾਫ਼ ਲੜਦਿਆਂ ਲੰਬੇ ਸੰਘਰਸ਼ਾਂ ਦੇ ਇਤਿਹਾਸ ਚੋਂ ਲੰਘੀ ਸੀ, ਉਸਨੂੰ ਦੇਸ਼ ਦੇ ਪੂੰਜੀਪਤੀ ਘਰਾਣਿਆਂ ਨੇ ਅਪਣੇ ਨਿੱਜੀ ਹਿੱਤਾਂ ਲਈ ਨਵ-ਬਸਤੀਵਾਦ ਦੀ ਗੁਲਾਮੀ ਵੱਲ ਧੱਕ ਦਿੱਤਾ। ਨਵ-ਬਸਤੀਵਾਦੀ ਦੇ ਰੂਪ 'ਚ ਆਈਆਂ ਇਹਨਾਂ ਨੀਤੀਆਂ ਦਾ ਦੇਸ਼ ਦੇ ਕਈ ਸੱਜਿਆਂ-ਖੱਬਿਆਂ ਨੇ ਡਟਕੇ ਵਿਰੋਧ ਕੀਤਾ। ਇਹਨਾਂ ਨੀਤੀਆਂ ਦਾ ਵਿਰੋਧ ਕਰਦੇ ਹੋਏ ਹੀ ਪ੍ਰਸਿੱਧੀ ਅਮਰੀਕੀ ਵਿਦਵਾਨ ਨੌਅਮ ਚੌਮਸਕੀ ਨੇ ਲਿਖਿਆ ਹੈ 'ਮੀਡੀਆ ਦੇ ਵਿਸ਼ਵੀਕਰਨ ਦਾ ਮਤਲਬ ਭੈਅ ਮੁਕਤ ਆਕਾਸ਼ ਤੇ ਵਿਗਿਆਪਨ 'ਚ ਵਾਧਾ ਹੋਵੇਗਾ। ਖ਼ਾਸ ਤੌਰ 'ਤੇ ਵਿਦੇਸ਼ੀ ਮਾਲ ਤੇ ਵਿਗਿਆਪਨ 'ਚ ਵਾਧਾ ਹੋਵੇਗਾ। ਇਹਨਾਂ ਮੀਡੀਆ ਚੈਨਲਾਂ ਰਾਹੀਂ ਉਹਨਾਂ ਦਾ ਹੀ ਦ੍ਰਿਸ਼ਟੀਕੋਣ ਪੈਦਾ ਹੋਵੇਗਾ, ਜਿਹਨਾਂ ਕੋਲ ਕੌਮਾਂਤਰੀ ਮੀਡੀਆ ਨੂੰ ਚਲਾਉਣ ਲਈ ਪੂੰਜੀ ਹੈ। ਸੂਚਨਾਵਾਂ ਵਿੱਚ ਕਮੀ ਆਉਂਦੀ ਜਾਵੇਗੀ ਤੇ ਵਿਆਪਕ ਰੂਪ 'ਚ ਵੇਖਿਆ ਜਾਵੇ ਤਾਂ ਇਹਨਾਂ ਦਾ ਉਦੇਸ਼ ਅਜਿਹੇ ਸਰੋਤੇ ਪੈਦਾ ਕਰਨਾ ਹੋਵੇਗਾ, ਜੋ ਇੱਕ ਦੂਜੇ ਤੋਂ ਅਲੱਗ ਹੋਣੇ ਤੇ ਇਹ ਸਰੋਤੇ ਜ਼ਿਹਨੀ ਤੌਰ 'ਤੇ ਐਨੇ ਵੰਡੇ ਹੋਏ ਹੋਣ ਕਿ ਰਾਜਨੀਤੀ 'ਚ ਕਿਸੇ ਸ਼ਕਤੀ ਨੂੰ ਪ੍ਰੇਸ਼ਾਨ ਨਾ ਕਰ ਸਕਣ'। ਵੇਖਣਾ ਹੋਵੇ ਤਾਂ ਵਿਸ਼ਵੀਕਰਨ ਦੀ ਪੂੰਜੀ ਨਾਲ ਸ਼ੁਰੂ ਹੋਏ ਭਾਰਤੀ ਅਖ਼ਬਾਰ ਤੇ ਚੈਨਲ ਵੀ ਲੱਗਭਗ ਅਜਿਹੀ ਹੀ ਭੂਮਿਕਾ ਨਿਭਾ ਰਹੇ ਨੇ। ਪ੍ਰੋਫੈਸ਼ਨਲਿਜ਼ਮ ਦੇ ਇਸ ਦੌਰ ਨੇ ਅਖ਼ਬਾਰਾਂ ਤੇ ਚੈਨਲਾਂ ਦੇ ਸੰਪਾਦਕਾਂ ਨੂੰ ਮੈਨੇਜਰਾਂ 'ਚ ਤਬਦੀਲ ਕਰ ਦਿੱਤਾ ਹੈ ਤੇ ਖ਼ਬਰ ਹੁਣ ਪ੍ਰੋਡਕਟ ਦੇ ਰੂਪ 'ਚ ਤਬਦੀਲ ਹੋ ਗਈ ਹੈ। ਚੈਨਲ ਤੇ ਅਖ਼ਬਾਰ ਦਾ ਸਾਰਾ ਅਰਥਸ਼ਾਸਤਰ ਇਤਿਹਾਸ ਨਾਲ ਜੁੜਿਆ ਹੋਣ ਦੇ ਕਾਰਨ ਚੈਨਲਾਂ ਤੇ ਅਖ਼ਬਾਰਾਂ 'ਚ ਲੋਕ-ਲੁਭਾਵਨੀਆਂ ਕਹਾਣੀਆਂ, ਭੂਤ ਪ੍ਰੇਤ ਤੇ ਆਧਾਰਿਤ ਸੀਰੀਅਲ, ਅਧ ਨਗਨ ਤਸਵੀਰਾਂ ਆਦਿ ਹੋਰ ਪਤਾ ਨਹੀਂ ਕੀ ਕੀ ਪਰੋਸਿਆ ਜਾਂਦਾ ਹੈ ਤੇ ਬਾਅਦ 'ਚ ਇਸੇ ਨੂੰ ਪ੍ਰੋਫੈਸ਼ਨਲਿਜ਼ਮ ਦਾ ਨਾਂਅ ਦੇ ਕੇ ਕਿਹਾ ਜਾਂਦਾ ਹੈ ਕਿ ਜੋ ਜਨਤਾ ਵੇਖਣਾ ਚਾਹੁੰਦੀ ਹੈ, ਅਸੀਂ ਉਹੀ ਵਿਖਾਉਂਦੇ ਹਾਂ। ਕਈ ਖ਼ਬਰੀ ਚੈਨਲ ਤਾਂ ਜੋਤਿਸ਼ ਜਾਂ ਗ੍ਰਹਿਾਂ ਨਛੱਤਰਾਂ ਨੂੰ ਇਸ ਤਰ੍ਹਾਂ ਵਿਖਾਉਂਦੇ ਹਨ, ਜਿਸ ਤਰ੍ਹਾਂ ਉਹ ਖ਼ਬਰੀਆ ਚੈਨਲ ਨਹੀਂ, ਧਾਰਮਿਕ ਜਾਂ ਅੰਧਵਿਸ਼ਵਾਸੀ ਚੈਨਲ ਹੋਣ। ਨਾਜ਼ੀਵਾਦ ਜਦੋਂ ਸਿਖਰਾਂ 'ਤੇ ਸੀ ਤਾਂ ਹਿਟਲਰ ਦੇ ਮੀਡੀਆ ਪ੍ਰਚਾਰਕ ਗੋਇਬਲਜ਼ ਨੇ ਕਿਹਾ ਸੀ 'ਕਿ ਜੇ ਇੱਕ ਝੂਠ ਨੂੰ ਦੋ ਵਾਰ ਬੋਲ ਦਿੱਤਾ ਜਾਵੇ ਤਾਂ ਇਹ ਸੱਚ ਹੋ ਜਾਂਦਾ ਹੈ'। ਵਿਸ਼ਵੀਕਰਨ ਦੀਆਂ ਨੀਤੀਆਂ ਦੇ ਭਾਰ ਹੇਠ ਦੱਬਿਆ ਮੀਡੀਆ ਵੀ ਅੱਜਕੱਲ੍ਹ ਬਹੁਤੇ ਝੂਠਾਂ ਨੂੰ ਸੱਚ ਬਣਾਉਣ ਦੀ ਕਵਾਇਦ 'ਚ ਜੁਟਿਆ ਹੋਇਆ ਹੈ। ਦੇਸ਼ ਦੀ ਅਸਲ ਤਸਵੀਰ ਦੇ, ਪੁੱਠੇ ਪਾਸੇ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ ਜਾ ਰਿਹਾ ਹੈ। ਸ਼ੇਅਰ ਬਜ਼ਾਰ ਦਾ ਸੂਚਕ ਅੰਕ ਹੋਵੇ ਜਾਂ ਫਿਰ ਸਾਮਰਾਜੀ ਮੰਡੀ ਦੀ ਲੋੜ ਲਈ ਆਈ 'ਹਰੀ ਕ੍ਰਾਂਤੀ' ਹੋਵੇ, ਸਭ ਚੀਜ਼ਾਂ ਨੂੰ ਪੂਰੇ ਭਾਰਤ ਦੇ ਵਿਕਾਸ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਸ਼ੇਅਰ ਬਾਜ਼ਾਰ ਜਦੋਂ 20,000 ਦਾ ਅੰਕੜਾ ਪਾਰ ਕਰਦਾ ਹੈ ਤਾਂ ਮੀਡੀਆ ਇਸ ਨੂੰ ਲੋਕਤੰਤਰ ਦਾ ਪੰਜਵਾਂ ਥੰਮ ਬਣਾਕੇ ਪ੍ਰਚਾਰਦਾ ਹੈ, ਜਦੋਂ ਕਿ ਚੈਨਲ ਉਸੇ ਬਾਜ਼ਾਰ ਦੀ ਗੱਲ ਕਰ ਰਹੇ ਹੁੰਦੇ ਨੇ, ਜੋ ਕਦੇ ਕ੍ਰਿਕਟ ਦੇ ਮੈਚ ਤੇ ਕਦੇ ਚੋਣਾਂ ਦੀ ਜਿੱਤ ਹਾਰ ਕਾਰਨ ਪ੍ਰਭਾਵਿਤ ਹੋ ਜਾਂਦਾ ਹੈ ਤੇ ਜਿਸਨੂੰ ਵਿਦੇਸ਼ੀ ਨਿਵੇਸ਼ਕ ਏਜੰਸੀਆਂ ਨਿਰਧਾਰਿਤ ਕਰਦੀਆਂ ਹਨ। ਦੇਸ਼ ਦੇ ਕਿਸੇ ਅਦਾਕਾਰ ਨੂੰ 'ਸਦੀ ਦਾ ਨਾਇਕ' ਬਣਾਕੇ ਤੇ ਕ੍ਰਿਕਟ ਦੇ ਵਿਸ਼ਵ ਕੱਪ ਨੂੰ ਵਿਸ਼ਵ ਯੁੱਧ ਦਾ ਨਾਂ ਦੇਣਾ ਵੀ ਝੂਠ ਨੂੰ ਸੱਚ ਬਣਾਉਣ ਵਾਲੀ ਗੱਲ ਹੈ। ਕ੍ਰਿਕਟ ਨੂੰ 24 ਘੰਟਿਆਂ 'ਚੋਂ 16-16 ਘੰਟੇ ਵਿਖਾ ਕੇ ਕਰੋੜਾਂ ਦਰਸ਼ਕਾਂ ਨੂੰ ਕ੍ਰਿਕਟ ਦੇ ਰਾਸ਼ਟਰਵਾਦ ਨਾਲ ਜੋੜਦੇ ਹੋਏ ਚੈਨਲ ਇਸ਼ਤਿਹਾਰਬਾਜ਼ੀ ਵਿਖਾਕੇ ਬਹੁਰਾਸ਼ਟਰੀ ਕੰਪਨੀਆਂ ਲਈ ਉਪਭੋਗਤਾ ਬਣਾਕੇ ਚੰਗਾ ਬਜ਼ਾਰ ਪੈਦਾ ਕਰਨ ਲਈ ਲੱਗੇ ਹੋਏ ਹਨ। ਆਲੋਚਨਾ ਦੇ ਹੁਣ ਨਵੇਂ ਸਟੈਂਡਰਡ ਬਣ ਗਏ ਹਨ, ਮੀਡੀਆ ਰਾਖੀ ਮੀਕਾ, ਸ਼ਿਲਪਾ ਸ਼ੈਟੀ ਆਦਿ ਹਾਸੋਹੀਣੀ ਮੁੱਦਿਆਂ ਦੀ ਆਲੋਚਨਾ ਕਰਦਾ ਨਜ਼ਰ ਆਉਂਦਾ ਹੈ। ਸਮਾਜ 'ਚ ਵਾਪਰਦੀਆਂ ਜਮਾਤੀ ਘਟਨਾਵਾਂ ਦੀਆਂ ਸੂਚਨਾਵਾਂ ਨੂੰ ਦਬਾਕੇ ਮੀਡੀਆ ਵਿਅਕਤੀਗਤ ਘਟਨਾਵਾਂ ਨੂੰ ਹਮੇਸ਼ਾ ਉਭਾਰਕੇ ਪੇਸ਼ ਕਰਦਾ ਹੈ। ਜਿਵੇਂ ਇੱਕ ਪ੍ਰਿੰਸ ਦੇ ਖੱਡੇ 'ਚ ਡਿੱਗਣ ਦੀ ਘਟਨਾ ਨੂੰ ਮੀਡੀਆ ਵੱਡੇ ਪੱਧਰ 'ਤੇ ਪੇਸ਼ ਕਰਦਾ ਹੈ ਪਰ ਦੇਸ਼ ਦੀਆਂ ਸੜਕਾਂ 'ਤੇ ਫਿਰਦੇ ਹਜ਼ਾਰਾਂ ਭੁੱਖੇ ਨੰਗਿਆਂ ਬੱਚਿਆਂ ਦੀ ਖ਼ਬਰ ਚੈਨਲ ਕਦੇ ਪੇਸ਼ ਨਹੀਂ ਕਰਨਗੇ। ਇਸੇ ਤਰ੍ਹਾਂ ਮੀਡੀਆ ਦਲਿਤਾਂ, ਆਦਿਵਾਸੀਆਂ, ਕਿਸਾਨਾਂ ਅਤੇ ਘੱਟ ਗਿਣਤੀਆਂ ਦੇ ਸੰਘਰਸ਼ਾਂ ਨੂੰ ਪੇਸ਼ ਨਹੀਂ ਕਰਦਾ। ਜਿਹੜੀਆਂ ਖ਼ਬਰਾਂ ਜਮਾਤੀ ਸੰਘਰਸ਼ਾਂ ਨੂੰ ਜਨਮ ਦਿੰਦੀਆਂ ਨੇ, ਕਿਉਂਕਿ ਮੀਡੀਏ ਦੀ ਰਾਜਨੀਤਕ ਆਰਥਿਕਤਾ ਉਸਨੂੰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੰਦੀ। ਮੀਡੀਆ ਨੂੰ ਵੱਡੇ ਰੂਪ 'ਚ ਇਸ਼ਤਿਹਾਰ ਬਹੁ ਰਾਸ਼ਟਰੀ ਕੰਪਨੀਆਂ ਹੀ ਦਿੰਦੀਆਂ ਹਨ, ਇਸ ਲਈ ਮੀਡੀਆ ਕੰਪਨੀਆਂ ਦੇ ਆਰਥਿਕ ਅਤੇ ਰਾਜਨੀਤਕ ਹਿੱਤ ਪੂਰਨੇ ਅਪਣੀ ਜ਼ਿੰਮੇਵਾਰੀ ਸਮਝਦਾ ਹੈ। ਖ਼ਬਰੀ ਚੈਨਲਾਂ ਕੋਲ ਅੱਜਕਲ੍ਹ ਹਰ ਖੇਤਰ ਲਈ ਵਿਸ਼ੇਸ਼ ਬੀਟ ਦੇ ਪੱਤਰਕਾਰ ਨੇ, ਪਰ ਦੇਸ਼ ਦੇ ਵੱਡੇ ਹਿੱਸੇ ਮਜ਼ਦੂਰ ਕਿਸਾਨਾਂ ਲਈ ਕੋਈ ਵੀ ਲੇਬਰ ਜਾਂ ਐਗਰੀਕਲਚਰ ਬੀਟ ਨਹੀਂ ਹੈ। ਦੇਸ਼ ਦੇ 75ਫੀਸਦੀ ਹਿੱਸੇ ਨੂੰ ਛੱਡ ਕੇ 25ਫੀਸਦੀ ਹਿੱਸੇ ਨੂੰ ਕਵਰ ਕਰਨ ਦਾ ਵੀ ਇਹੀ ਕਾਰਨ ਹੈ, ਕਿਉਂਕਿ 25 ਫੀਸਦੀ ਲੋਕਾਂ ਦੇ ਹਿਤ ਸਿੱਧੇ ਤੌਰ 'ਤੇ ਬਹੁ ਰਾਸ਼ਟਰੀ ਕੰਪਨੀਆਂ ਦੇ ਬਜ਼ਾਰ ਨਾਲ ਜੁੜੇ ਹੋਏ ਹਨ। ਇਸੇ ਲਈ ਚੈਨਲ ਅਜਿਹੇ ਪ੍ਰੋਗਰਾਮ ਪੇਸ਼ ਕਰਦੇ ਹਨ, ਜਿਹਨਾਂ ਨਾਲ 'ਖਾਓ ਪੀਓ ਐਸ਼ ਕਰੋ' ਦੇ ਸੱਭਿਆਚਾਰ ਨੂੰ ਪ੍ਰਫੁੱਲਤ ਕੀਤਾ ਜਾ ਸਕੇ। ਹੁਣ ਚੈਨਲ ਇੱਕ ਨਾਗਰਿਕ ਨੂੰ ਉਪਭੋਗਤਾ 'ਚ ਤਬਦੀਲ ਕਰਨ 'ਚ ਲੱਗੇ ਹੋਏ ਹਨ। ਗੰਭੀਰਤਾ ਨਾਂ ਦੀ ਚੀਜ਼ ਚੈਨਲਾਂ ਤੋਂ ਖ਼ਤਮ ਹੋ ਗਈ ਹੈ। ਇਸੇ ਨੂੰ ਬਿਆਨ ਕਰਦੇ ਮਸ਼ਹੂਰ ਮੀਡੀਆ ਆਲੋਚਕ ਬੇਨ ਬੈਕੇਡੀਅਨ ਕਹਿੰਦੇ ਨੇ 'ਕਿ ਗੰਭੀਰ ਖ਼ਬਰਾਂ ਤੇ ਪ੍ਰੋਗਰਾਮ ਪਾਠਕਾਂ ਤੇ ਦਰਸ਼ਕਾਂ ਨੂੰ ਯਾਦ ਦਿਵਾਉਂਦੇ ਕਿ ਨਵੇਂ ਪਾਉਡਰ, ਸਾਬਣ ਜਾਂ ਨਵੇਂ ਮੋਬਾਇਲ ਨਾਲ ਦੁਨੀਆ ਮੁੱਠੀ 'ਚ ਨਹੀਂ ਕੀਤੀ ਜਾ ਸਕਦੀ, ਭਾਵ ਸਾਡੀਆਂ ਆਰਥਕ, ਸਮਾਜਕ ਤੇ ਰਾਜਨੀਤਕ ਸਮੱਸਿਆਵਾਂ ਦੇ ਹੱਲ ਨਹੀਂ ਹੋ ਸਕਦੇ, ਪਰ ਮੀਡੀਆ ਦਾ ਪੂਰਾ ਅਰਥਸ਼ਾਸਤਰ ਇਹੀ ਸਾਬਣਾਂ, ਟੂਥਪੇਸਟਾਂ ਤੇ ਮੋਬਾਇਲਾਂ 'ਤੇ ਟਿਕਿਆ ਹੋਇਆ ਹੈ।

ਜਿਸ ਤਰ੍ਹਾਂ ਵੱਡੀ ਮੱਛੀ, ਛੋਟੀ ਮੱਛੀ ਨੂੰ ਖਾਂਦੀ ਹੈ, ਉਸੇ ਤਰ੍ਹਾਂ ਵਿਸ਼ਵੀਕਰਨ ਦੇ ਦੌਰ 'ਚ ਵੱਡੀਆਂ ਮੀਡੀਆ ਕੰਪਨੀਆਂ ਛੋਟੀਆਂ ਨੂੰ ਖਾ ਕੇ ਏਕਾਧਿਕਾਰ ਕਾਇਮ ਕਰ ਰਹੀਆਂ ਹਨ। ਇਸ ਨਾਲ ਸੂਚਨਾ ਦੇ ਮਰਨ ਦਾ ਖ਼ਤਰਾ ਜ਼ਿਆਦਾ ਪੈਦਾ ਹੋਇਆ ਹੈ। ਅੰਤਰਰਾਸ਼ਟਰੀ ਮੀਡੀਆ 'ਤੇ ਨਜ਼ਰ ਮਾਰੀਏ ਤਾਂ ਨਜ਼ਰ ਆਉਂਦਾ ਹੈ ਤਾਂ ਪੂਰੀ ਦੁਨੀਆ ਦਾ ਧੁਰਾ ਕਹਾਉਂਦੇ ਮੇਰੀਕਾ 'ਚ 1983 'ਚ ਮੀਡੀਆ ਦੇ ਲੱਗਭਗ ਹਰ ਸਾਧਨ 'ਤੇ 50 ਕਾਰਪੋਰੇਸ਼ਨਾਂ ਦਾ ਕਬਜ਼ਾ ਸੀ, 1987 'ਚ 29, 1990 'ਚ 23 ਤੇ 1997 ਤੱਕ ਆਉਂਦਿਆ 10 ਹੀ ਕਾਰਪੋਰੇਸ਼ਨਾਂ ਪੂਰੇ ਮੀਡੀਆ ਢਾਂਚੇ 'ਤੇ ਕਾਬਜ਼ ਸੀ। ਮੌਜੂਦਾ ਸਮੇਂ ਨਿਊਜ਼ ਕਾਰਪੋਰੇਸ਼ਨ, ਟਾਇਮ ਵਾਰਨਰ, ਏ, ਓ.ਐਲ ਡਿਜ਼ਨੀ, ਬਟੇਲਸਮੈਨ, ਵਾਅਕਾਮ ਤੇ ਟੀ.ਐਸ.ਆਈ, ਅਜਿਹੀਆਂ 6 ਕੰਪਨੀਆਂ ਨੇ, ਜੋ ਅਮਰੀਕਾ ਦੇ ਰੇਡੀਓ, ਟੀ.ਵੀ. ਤੇ ਅਖ਼ਬਾਰਾਂ ਨੂੰ ਕੰਟਰੋਲ ਕਰਦੀਆਂ ਨੇ। ਇਹਨਾਂ 'ਚੋਂ 'ਨਿਊਜ਼ ਕਾਰਪੋਰੇਸ਼ਨ' ਦਾ ਸਟਾਰ ਗਰੁੱਪ ਤੇ ਟਾਇਮ ਵਾਰਨਰ ਦਾ ਸੀ.ਐਨ.ਐਨ. ਭਾਰਤੀ ਮੀਡੀਏ 'ਤੇ ਅਪਣੀ ਪੈਂਠ ਲਗਾਤਾਰ ਵਧਾ ਰਹੇ ਹਨ। ਇਸੇ ਤਰ੍ਹਾਂ ਭਾਰਤੀ ਮੀਡੀਆ ਦੇ ਇਸ਼ਤਿਹਾਰ ਨਾਲ ਸੰਬੰਧਿਤ ਬਿਜ਼ਨਸ 'ਤੇ ਵੀ ਚੋਟੀ ਦੀਆਂ 5 ਕੰਪਨੀਆਂ ਦਾ ਕਬਜ਼ਾ ਹੈ, ਜਿਹਨਾਂ ਸਾਰੀਆਂ ਨੂੰ ਵਿਦੇਸ਼ੀ ਕੰਪਨੀਆਂ ਕੰਟਰੋਲ ਕਰਦੀਆਂ ਹਨ। ਏਕਾਧਿਕਾਰ ਅਤੇ ਸ਼ਕਤੀ ਜਦੋਂ ਵੀ ਵੱਧਦੀ ਹੈ ਤਾਂ ਇਸਦੇ ਗੰਭੀਰ ਸਿੱਟੇ ਸਮਾਜ ਨੂੰ ਭੁਗਤਣੇ ਪੈਂਦੇ ਹਨ। ਖ਼ਾਸ ਕਰ ਭਾਰਤ ਵਰਗੇ ਦੇਸ਼ 'ਚ ਜਿੱਥੇ ਦੇਸੀ ਪੂੰਜੀ ਨਹੀਂ, ਬਲਕਿ ਵਿਦੇਸ਼ੀ ਪੂੰਜੀ ਅਪਣਾ ਏਕਾਧਿਕਾਰ ਕਾਇਮ ਕਰ ਰਹੀ ਹੈ। ਹਾਲਤ ਤਾਂ ਇਹ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵਲੋਂ ਖ਼ਬਰ ਏਜੰਸੀ ਪੀ.ਟੀ.ਆਈ. ਦਾ ਏਕਾਧਿਕਾਰ ਤੋੜਨ ਲਈ ਨਵੀਂ ਇਜ਼ਾਦ ਕੀਤੀ ਗਈ ਏਜੰਸੀ ਯੂ.ਐਨ.ਆਈ. ਨੂੰ ਕਬਜ਼ੇ 'ਚ ਲੈਣ ਲਈ ਮੀਡੀਆ ਸੰਸਥਾਵਾਂ ਵਲੋਂ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ। ਇਸ ਲਈ ਸਾਰੇ ਵਰਤਾਰੇ ਨੂੰ ਸਮਝਦੇ ਹੋਏ ਪੱਤਰਕਾਰ ਭਾਈਚਾਰੇ ਨੂੰ ਇਸ ਵਿਸ਼ੇ 'ਤੇ ਗੰਭੀਰਤਾ ਨਾਲ ਸੋਚਣ ਦੀ ਜ਼ਰੂਰਤ ਹੈ।

### ਦੇਸੀ ਬਾਂਦਰੀ ਦੀਆਂ ਵਲੈਤੀ ਚੀਕਾਂ, ਨਾ ਘਰ ਦੀ ਰਹਿਣੀ ਨਾ ਵਲਾਇਤ ਦੀ।




ਨਵ-ਬਸਤੀਵਾਦੀ ਦੇ ਰੂਪ 'ਚ ਆਈਆਂ ਇਹਨਾਂ ਨੀਤੀਆਂ ਦਾ ਦੇਸ਼ ਦੇ ਕਈ ਸੱਜਿਆਂ-ਖੱਬਿਆਂ ਨੇ ਡਟਕੇ ਵਿਰੋਧ ਕੀਤਾ। ਇਹਨਾਂ ਨੀਤੀਆਂ ਦਾ ਵਿਰੋਧ ਕਰਦੇ ਹੋਏ ਹੀ ਪ੍ਰਸਿੱਧੀ ਅਮਰੀਕੀ ਵਿਦਵਾਨ ਨੌਅਮ ਚੌਮਸਕੀ ਨੇ ਲਿਖਿਆ ਹੈ 'ਮੀਡੀਆ ਦੇ ਵਿਸ਼ਵੀਕਰਨ ਦਾ ਮਤਲਬ ਭੈਅ ਮੁਕਤ ਆਕਾਸ਼ ਤੇ ਵਿਗਿਆਪਨ 'ਚ ਵਾਧਾ ਹੋਵੇਗਾ। ਖ਼ਾਸ ਤੌਰ 'ਤੇ ਵਿਦੇਸ਼ੀ ਮਾਲ ਤੇ ਵਿਗਿਆਪਨ 'ਚ ਵਾਧਾ ਹੋਵੇਗਾ। ਇਹਨਾਂ ਮੀਡੀਆ ਚੈਨਲਾਂ ਰਾਹੀਂ ਉਹਨਾਂ ਦਾ ਹੀ ਦ੍ਰਿਸ਼ਟੀਕੋਣ ਪੈਦਾ ਹੋਵੇਗਾ, ਜਿਹਨਾਂ ਕੋਲ ਕੌਮਾਂਤਰੀ ਮੀਡੀਆ ਨੂੰ ਚਲਾਉਣ ਲਈ ਪੂੰਜੀ ਹੈ।

## ਸ਼ਰਮਨਾਕ

# ਭਾਰਤ ਦਾ ਕੋਈ ਵੀ ਸ਼ਹਿਰ ਸਾਫ਼ ਨਹੀਂ

ਨਵੀਂ ਦਿੱਲੀ

ਸਰਕਾਰ ਦੇ ਤਮਾਮ ਦਾਅਵਿਆਂ, ਕੋਸ਼ਿਸ਼ਾਂ ਅਤੇ ਯੋਜਨਾਵਾਂ ਨੂੰ ਸਰਕਾਰ ਦੀ ਰਿਪੋਰਟ ਮੂੰਹ ਚਿੜਾ ਰਹੀ ਹੈ। ਹਾਲ ਇਹ ਹੈ ਕਿ ਦੇਸ਼ ਦਾ ਸਭ ਤੋਂ ਯੋਜਨਾਬੱਧ ਸ਼ਹਿਰ ਮੰਨਿਆ ਜਾਣ ਵਾਲਾ ਚੰਡੀਗੜ੍ਹ ਵੀ ਸਾਫ਼-ਸੁਥਰਾ ਸ਼ਹਿਰ ਨਹੀਂ ਹੈ। ਸਾਫ ਦੇ ਮਾਪਦੰਡ 'ਤੇ ਉਸ ਨੂੰ ਨੀਲਾ ਰੰਗ ਦਿੱਤਾ ਗਿਆ ਹੈ। ਭਾਵ ਇਹ ਸੁਧਰ ਤਾਂ ਰਿਹਾ ਹੈ ਪਰ ਫਿਲਹਾਲ ਬਿਮਾਰ ਹੈ। ਉਸ ਤੋਂ ਵੀ ਜ਼ਿਆਦਾ ਅਫਸੋਸਨਾਕ ਇਹ ਹੈ ਕਿ ਨੀਲੇ ਸ਼ਹਿਰਾਂ ਵਿਚ ਚੰਡੀਗੜ੍ਹ ਦੇ ਨਾਲ ਸਿਰਫ ਮੈਸੂਰ, ਸੂਰਤ ਅਤੇ ਐਨ.ਡੀ.ਐਮ.ਸੀ. ਨੂੰ ਸ਼ਾਮਲ ਕੀਤਾ ਗਿਆ ਹੈ। ਬਾਕੀ ਦੇ ਸ਼ਹਿਰ ਜਾਂ ਤਾਂ ਕਾਲੇ, ਭਾਵ ਬਿਮਾਰ ਹਨ ਜਾਂ ਫੇਰ (ਲਾਲ) ਭਾਵ ਖ਼ਤਰੇ ਦੇ ਨਿਸ਼ਾਨ 'ਤੇ ਖੜੇ ਹਨ। ਦਿੱਲੀ ਕੈਂਟ ਦੇ ਇਲਾਕੇ ਨੂੰ ਵੀ ਕਾਲਾ ਰੰਗ ਦਿੱਤਾ ਗਿਆ ਹੈ।

ਸ਼ਹਿਰੀ ਵਿਕਾਸ ਮੰਤਰ ਜੈ ਪਾਲ ਰੈਡੀ ਨੇ 423 ਸ਼ਹਿਰਾਂ ਦੀ ਰੇਟਿੰਗ ਜਾਰੀ ਕੀਤੀ। ਸਥਿਤੀ ਹੈਰਾਨ ਕਰਨ ਵਾਲੀ ਹੈ। ਸਫਾਈ ਦੇ ਜੋ ਮਾਪਦੰਡ ਤੈਅ ਕੀਤੇ ਗਏ ਸਨ ਉਸ 'ਤੇ ਦੇਸ਼ ਦਾ ਕੋਈ ਵੀ ਸ਼ਹਿਰ ਖਰਾ ਨਹੀਂ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਵੀ ਪਿੱਛੇ ਖੜੀ ਹੈ।

ਗੌਰਤਲਬ ਹੈ ਕਿ ਪਿਛਲੇ ਕੁਝ ਮਹੀਨਿਆਂ ਵਿਚ ਚੁਣੀਆਂ ਹੋਈਆਂ ਤਿੰਨ ਏਜੰਸੀਆਂ ਨੇ ਇਨ੍ਹਾਂ ਸ਼ਹਿਰਾਂ ਦਾ ਸਰਵੇਖਣ ਕੀਤਾ ਸੀ। ਸੂਬਾ ਸਰਕਾਰਾਂ ਨਾਲ ਵੀ ਮਸ਼ਵਰਾ ਕੀਤਾ ਗਿਆ ਸੀ। ਜੋ ਅੰਕੜੇ ਹਨ, ਉਸ ਅਨੁਸਾਰ ਇਕ ਲੱਖ ਤੋਂ ਵੱਧ ਆਬਾਦੀ ਵਾਲੇ 423 ਸ਼ਹਿਰਾਂ ਵਿਚ ਅੱਧੇ ਸ਼ਹਿਰਾਂ ਨੂੰ ਲਾਲ ਰੰਗ ਦਿਖਾ ਦਿੱਤਾ ਗਿਆ ਹੈ। ਭਾਵ ਇਹ ਸਫਾਈ ਦੇ ਮਾਪੇ ਖ਼ਤਰੇ ਦੇ ਨਿਸ਼ਾਨ 'ਤੇ ਹੈ। ਸੈਲਾਨੀਆਂ ਦਾ ਕੇਂਦਰ ਸ਼ਿਮਲਾ ਹੋਵੇ ਜਾਂ ਗਵਾਲੀਅਰ, ਮਥੁਰਾ ਹੋਵੇ ਜਾਂ ਵਾਰਾਣਸੀ, ਹਜ਼ਾਰੀਬਾਗ, ਅਜਮੇਰ, ਫਰੀਦਾਬਾਦ, ਜਲਪਾਈਗੁੜੀ, ਰਾਇਪੁਰ ਸਮੇਤ 200 ਤੋਂ ਜ਼ਿਆਦਾ ਸ਼ਹਿਰਾਂ ਦੀ ਸਥਿਤੀ ਚਿੰਤਾਜਨਕ ਮੰਨੀ ਗਈ ਹੈ।

ਕਾਲਾ ਰੰਗ ਹਾਸਲ ਕਰਨ ਵਾਲੇ ਸ਼ਹਿਰਾਂ ਵਿਚ ਦਿੱਲੀ ਕੈਂਟ, ਦਿੱਲੀ ਨਗਰ ਨਿਗਮ ਤੋਂ ਥੋੜ੍ਹਾ ਸਾਫ ਹੈ। ਕੈਂਟ ਨੂੰ 61 ਅੰਕ ਮਿਲੇ ਹਨ ਅਤੇ ਇਹ ਪੰਜਵੇਂ ਸਥਾਨ 'ਤੇ ਹੈ ਅਤੇ ਸਫਾਈ ਦੇ ਮਾਮਲੇ ਵਿਚ ਇਹ ਦੇਸ਼ ਵਿਚ 168ਵੇਂ ਸਥਾਨ 'ਤੇ ਹੈ। ਝਾਰਖੰਡ ਦਾ ਜਮਸ਼ੇਦਪੁਰ 7ਵੇਂ ਸਥਾਨ 'ਤੇ ਹੈ ਤਾਂ ਕਾਨਪੁਰ 10ਵੇਂ ਸਥਾਨ 'ਤੇ। ਉਸ ਤੋਂ ਬਾਅਦ ਨਵੀਂ ਮੁੰਬਈ, ਬੰਗਲੌਰ ਅਤੇ ਚੇਨਈ ਦਾ ਸਥਾਨ ਆਉਂਦਾ ਹੈ। ਲਖਨਊ, ਪਟਨਾ, ਰਾਂਚੀ, ਕੋਲਕਾਤਾ, ਇੰਦੌਰ, ਗਜ਼ਿਆਬਾਦ, ਹੈਦਰਾਬਾਦ, ਬੋਕਾਰੋ ਵਰਗੇ ਸਾਰੇ ਸ਼ਹਿਰ ਇਸੇ ਸ਼੍ਰੇਣੀ ਵਿਚ ਆਉਂਦੇ ਹਨ ਜਿਸ ਨੂੰ 34 ਤੋਂ 66 ਅੰਕ ਦਿੱਤੇ ਗਏ ਹਨ। ਕਾਲਾ ਰੰਗ ਹਾਸਲ ਕਰਨ ਵਾਲੇ ਸ਼ਹਿਰਾਂ ਵਿਚ ਸਭ ਤੋਂ ਹੇਠਾਂ ਛਤੀਸਗੜ੍ਹ ਦਾ ਬਿਲਾਸਪੁਰ ਹੈ ਜਿਸ ਨੂੰ 33.60 ਅੰਕ ਮਿਲੇ ਹਨ।

ਜ਼ਿਕਰਯੋਗ ਹੈ ਕਿ ਸ਼ਹਿਰੀ ਮੰਤਰਾਲੇ ਨੇ ਇਸ ਦੀ ਯੋਜਨਾ ਦੋ ਸਾਲ ਪਹਿਲਾਂ ਬਣਾਈ ਸੀ। ਤਿੰਨ ਬਿੰਦੂਆਂ 'ਤੇ ਅੰਕਾਂ ਦਾ ਨਿਰਧਾਰਨ ਤੈਅ ਕੀਤਾ ਗਿਆ ਸੀ। ਆਊਟਪੁਟ ਲਈ 50 ਅੰਕ ਰੱਖੇ ਗਏ ਸਨ। ਇਸ ਤਹਿਤ ਕਈ ਹੋਰਨਾਂ ਚੀਜ਼ਾਂ ਨਾਲ ਇਹ ਦੇਖਿਆ ਜਾਣਾ ਸੀ ਕਿ ਸ਼ਹਿਰਾਂ ਵਿਚ ਖੁੱਲ੍ਹੇ ਵਿਚ ਲੈਟਰੀਨ ਜਾਇਆ ਜਾਂਦਾ ਹੈ ਜਾਂ ਨਹੀਂ। ਦੂਸਰਾ ਆਧਾਰ ਪ੍ਰਕਿਰਿਆ ਨਾਲ ਜੁੜਿਆ ਸੀ ਅਤੇ ਉਸ ਲਈ 30 ਅੰਕ ਰੱਖੇ ਗਏ ਸਨ। ਇਸ ਤਹਿਤ ਇਹ ਮਾਪਿਆ ਜਾਣਾ ਸੀ ਕਿ ਪ੍ਰਸ਼ਾਸਨ ਸੁਧਾਰ ਲਈ ਕੀ ਕਦਮ ਚੁੱਕ ਰਿਹਾ ਹੈ?

NEW WAY Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ



Moga Painting Company
Serving Since 1985
Experts in Interior & Exterior Paint
Residential & Commercial Jobs
Experts in Colour Matching
Guaranteed Work
Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
SURJIT
For FREE Estimates Call 780-934-3535



RESIDENTIAL | COMMERCIAL | INVESTMENT PROPERTIES
HomeLife Higher Standards
Harinder Hundal M.Sc. Eco. M.B.A.
Sales Representative
Cell: 647-818-6880
Bus: 905-672-1234
Fax: 905-672-0672
hpshundal@gmail.com
HomeLife/United Realty Inc. Brokerage
Independently Owned & Operated
50 Sunnyvale Gate, Unit # 7, Brampton, ON L6S 0C4
Higher Standards Agents... Higher Results



Mulaquat PRODUCTIONS
TV Program Mulaqat
Aired on VISION TV (Channel 60)
3.00 p.m. to 3.30 p.m. (Every Saturday)
Charanjit Brar
Producer & Host
647-300-8436



DRIVE IT. LOVE IT. SUZUKI EVENT
MILLWOODS SUZUKI
SUZUKI MILLWOODS
0% FINANCING FOR 72 MONTHS!
Test Drive Any New Suzuki for a Chance to Win a Free Vehicle for Life. LIMITED TIME ONLY. A FREE CAR FOR A YEAR FOR YOUR LIFETIME IS ONLY A TEST DRIVE AWAY*



STANDARD WITH: A/C, KEYLESS ENTRY & POWER PKG.
ALL WHEEL DRIVE
2010 SX4 HATCHBACK
$1,000* Customer Cash Incentive and 0% Purchase Financing* for 72 months means you OWN it for $92* Bi-weekly payments for 72 months
$4,275 Down payment includes freight and fees. Customer cash incentive applied.



STANDARD WITH: 4WD, A/C, KEYLESS START & POWER PKG.
4 WHEEL DRIVE
2010 GRAND VITARA JX 4WD
$1,000* Customer Cash Incentive and 0% Purchase Financing* for 72 months means you OWN it for $152* Bi-weekly payments for 72 months
$5,400 Down payment includes freight and fees. Customer cash incentive applied.



STANDARD WITH: A/C, KEYLESS ENTRY & POWER PKG.
2010 SX4 SEDAN
$2,500* Customer Cash Incentive and 0% Purchase Financing* for 72 months means you OWN it for $83* Bi-weekly payments for 72 months
$4,161 Down payment includes freight and fees. Customer cash incentive applied.

TEST DRIVE A Kizashi TODAY!
Every new Suzuki comes with a 5-year 100,000 kilometre powertrain limited warranty.
CONSUMERS SHOULD READ THE FOLLOWING: Vehicles may not be exactly as shown. Limited time offers are subject to change without notice. For all offers, duties on new tires (where applicable), $72 PPSA (where applicable), applicable taxes, license, insurance and registration are extra. MSRP of a new 2010 SX4 HB with manual transmission (Model H3NB1H0), 2010 Grand Vitara JX with automatic transmission (Model L2NB5T0), and 2010 SX4 Sedan with manual transmission (Model S3LB1J0) is $19,609/$30,109/$19,609 (includes $1,395/$1,595/$1,395 destination and delivery, $399 administration fee, $20 tire recycling tax and $100 AC tax). Certain conditions apply. Dealers may sell for less. MSRP of models shown: 2010 SX4 HB JLX with CVT (Model H3NB720), 2010 Grand Vitara JX with automatic transmission (Model L2NB5T0), and 2010 SX4 Sedan Sport with manual transmission (Model S3LB1K0) is 26,609/$30,109/$21,609 (includes $1,395/$1,595/$1,395 destination and delivery, $399 Administration fee, $20 tire recycling tax and $100 air tax.) *Limited time finance offers available to qualified retail customers on approved credit. Special bi-weekly purchase finance offer is available for a 72/72/72 month term or for a total of 156/156/156 bi-weekly payments. The bi-weekly payment at 0%/0%/0% purchase financing APR is $92/$152/$83 with $4,275/$5,400/$4,161 down payment. Cost of borrowing is $0/$0/$0 for a total obligation of $18,627/$29,112/$17,109 (includes $1,395/$1,595/$1,395 destination and delivery, $399 administration fee, $20 tire recycling tax and $100 AC tax.) Other charges may be required at time of purchase. Customer Cash Incentive of $1,000/$1,000/$2,500 included when purchase financing a 2010 SX4 HB with manual transmission (Model H3NB1H0), 2010 Grand Vitara JX with automatic transmission (Model L2NB5T0), and 2010 SX4 Sedan with manual transmission (Model S3LB1J0). Dealer participation required. Information shown is based on latest available information at time of print. See dealer for conditions and details. Offers end June 7, 2010.
#1 SUZUKI DEALER IN ALBERTA
100 YEARS of INNOVATION SUZUKI Way of Life!

INTRODUCING THE NEW 2011 Kizashi
THE POWER OF CONTROL
What is Speed Without Agility?
Torque without Grip?
Driving without Precision?
Loaded with luxury features and Intelligent All Wheel Drive!
North America's Best Value in a Midsize I-AWD Sedan.



SHOP 24/7 @ MILLWOODS SUZUKI.COM
OPEN SUNDAY 12PM - 4PM
3403-93 ST. ON THE AUTO ROW
1-888-478-6391
BEST SERVICE! BEST PRICES! BEST SELECTION!
Alberta Motor Vehicle Industry Council



Jessy S. Prihar
Dealer Principal



Mr. Greg Harrison
Sales Manager



# Supreme Pizza

## Punjabi Pizza

Menisa Plaza (on Millwood Road) 1079 Knottwood Road East NW Edmonton

(780) 485-1213 or (780) 485-1231

**Chicken Wings Hot, Honey Garlic**

1 Large Pizza with 4 Toppings, 2 Can Coke & 24 Wings

**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

**ਸੁਪਰੀਮ ਪੀਜ਼ਾ**

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

**ਪੰਜਾਬੀ ਸਟਾਈਲ ਪੀਜ਼ਾ**



**Delivery Hours**

Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

**Try Us Tonight For Best Deal In Town**

**3 For 1**

Any 3 Toppings
12" Medium - 14" Large

**Buy 1 Get 1 Free**

**List of Toppings**

Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ
ਸਵਾਦੀ ਪੀਜ਼ਾ ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

2 Large Fully Loaded Pizza for $25. 1 Large Pizza 5 Toppings for $14.

2 Medium Pizza Fully Loaded for $22. 1 Medium Pizza 5 Toppings for $13.

**Call at: 780 485 1213**

# BRIDGEPORT
## HOMES LTD.

**WE ASSURE BEATING MARKET PRICE**

$ 539,999 for 2 story, 2800 sq. ft. in Wildwood Crescent (with all upgrades).



Lots available for bi-Level homes in Silverberry Area



For more information call: **Dolly Chauhan @ 780-935-7718**